ਕੀ ਅਸੀਂ ਨਿਆਰੇ ਖ਼ਾਲਸਾ ਹਾਂ ?



ਪ੍ਰੋ. ਗੁਰਬਚਨ ਸਿੰਘ

ਕੀ ਅਸੀਂ ਨਿਆਰੇ ਖ਼ਾਲਸਾ ਹਾਂ ?

ਕੀ ਅਸੀਂ ਨਿਆਰੇ ਖ਼ਾਲਸਾ ਹਾਂ ?

ਪ੍ਰੋ. ਗੁਰਬਚਨ ਸਿੰਘ

ਸਾਤਵਿਕ
ਪੁਸਤਕਾਂ

KI ASIN NIARE KHALSA HAAN ?

[Essays on Sikh Philosophy, Ethos and Practices]

by

GURBACHAN SINGH
144, Phase 1, Dugri Road, Ludhiana
Tele : 91-161-2496635
M : 98761-00444

ISBN 81-87526-20-3

ਪਹਿਲੀ ਵਾਰ ਅਪ੍ਰੈਲ 2007
ਦੂਸਰੀ ਵਾਰ ਮਈ 2009
ਤੀਸਰੀ ਵਾਰ ਫ਼ਰਵਰੀ 2012

ਮੁੱਲ : 120-00 ਰੁਪਏ

ਡਿਸਟ੍ਰੀਬਿਊਟਰਜ਼ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਪ੍ਰਕਾਸ਼ਕ :

ਸਾਤਵਿਕ ਮੀਡੀਆ ਪ੍ਰਾ: ਲਿਮਟਿਡ

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

ਕੀ ਅਸੀਂ ਨਿਆਰੇ ਖ਼ਾਲਸਾ ਹਾਂ ?



ਪ੍ਰੋ. ਗੁਰਬਚਨ ਸਿੰਘ

ਮੁਖਬੰਧ

ਵੱਖ-ਵੱਖ ਬੋਲੀਆਂ, ਰੰਗਾਂ, ਨਸਲਾਂ-ਜਾਤਾਂ ਦੇ ਲੋਕਾਂ ਨੇ ਇਸ ਧਰਤੀ 'ਤੇ ਮਾਲਕੀ ਸਿੱਧ ਕਰਨ ਲਈ, ਆਪਣੇ ਆਪਣੇ ਮੁਲਕਾਂ ਦੀਆਂ ਹੱਦਾਂ ਤਾਂ ਵੰਡ ਲਈਆਂ, ਪਰ ਸਾਂਝੇ ਸੂਰਜ ਦੀਆਂ ਕਿਰਨਾਂ ਤੇ ਹਵਾ ਨੂੰ ਉਹ ਕਦੇ ਵੀ ਨਾ ਵੰਡ ਸਕੇ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸੂਰਜ ਦੀਆਂ ਕਿਰਨਾਂ ਤੇ ਹਵਾ ਵਾਂਗ ਸਭ ਲਈ ਸਾਂਝੀ ਹੈ ਤੇ ਇਸ ਦੀਆਂ ਵੰਡੀਆਂ ਨਹੀਂ ਪੈ ਸਕਦੀਆਂ; ਕਿਉਂਕਿ ਇਹ ਦੁਨੀਆ ਦਾ ਅਜਿਹਾ ਗ੍ਰੰਥ ਹੈ ਜੋ ਸਰਬ-ਸਾਂਝਾ; ਸਰਬ-ਦੇਸੀ ਤੇ ਸਰਬ-ਕਾਲੀ ਹੈ। ਇਸ ਦਾ ਪਵਿੱਤਰ ਉਪਦੇਸ਼ ਸਮੁੱਚੀ ਮਾਨਵਤਾ ਨੂੰ ਬਸੰਤ ਰੁੱਤ ਦੀ ਤਾਜ਼ਗੀ ਤੇ ਸੱਜਰੀ ਪ੍ਰਭਾਤ ਵਾਂਗ ਸਦਾ ਖੇੜਾ ਪ੍ਰਦਾਨ ਕਰਦਾ ਹੈ। ਇਸ ਦੇ ਪਵਿੱਤਰ ਉਪਦੇਸ਼ਾਂ 'ਤੇ ਚੱਲਦਿਆਂ ਹੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਤੱਤੀ ਤਵੀ, ਉਬਲਦੀ ਦੇਗ, ਤੱਤਾ ਰੇਤਾ ਤੇ ਰਾਵੀ ਦੇ ਠੰਢੇ ਪਾਣੀ ਨਾਲ ਖਹਿ ਕੇ ਲੰਘਦਿਆਂ ਸ਼ਹੀਦੀਆਂ ਦਾ ਰਸਤਾ ਮੋਕਲ਼ਾ ਕਰ ਦਿੱਤਾ।

ਜਿਥੇ ਸਾਡੇ ਪਾਸ ਪਵਿੱਤਰ ਗੁਰਬਾਣੀ ਦਾ ਬ੍ਰਹਮ ਗਿਆਨ ਹੈ, ਉਥੇ ਸਾਡੇ ਪਾਸ ਵੱਖ-ਵੱਖ ਲੇਖਕਾਂ ਦੁਆਰਾ ਲਿਖਿਆ ਹੋਇਆ ਗੁਰ-ਇਤਿਹਾਸ ਵੀ ਹੈ; ਪਰ ਜ਼ਮੀਨੀ ਹਕੀਕਤ ਇਹ ਹੈ ਕਿ ਸਾਡੇ ਜੀਵਨ ਦੀ ਸ਼ੈਲੀ ਇਹਨਾਂ ਦੋਨੋਂ ਤੋਂ ਵੱਖਰੀ ਹੈ। ਚਾਹੀਦਾ ਤਾਂ ਇਹ ਸੀ ਕਿ ਗੁਰ-ਇਤਿਹਾਸ ਗੁਰਬਾਣੀ ਅਨੁਸਾਰ ਹੁੰਦਾ ਤੇ ਫਿਰ ਇਸ ਟਕਸਾਲ ਵਿਚ ਸਾਡਾ ਜੀਵਨ ਘੜਦਾ। ਗੁਰਬਾਣੀ ਦਾ ਅਗੰਮੀ ਬ੍ਰਹਮ ਗਿਆਨ ਜ਼ਮੀਨ ਉੱਤੇ ਰਹਿ ਰਹੇ ਮਨੁੱਖਾਂ ਲਈ ਬਿਨਾਂ ਵਿਤਕਰਿਆਂ ਦੇ ਸਭ ਲਈ ਸਾਂਝਾ ਹੈ, ਪਰ ਇਤਿਹਾਸ ਕਰਾਮਾਤਾਂ ਦੀਆਂ ਸਾਖੀਆਂ ਨਾਲ ਭਰਿਆ ਪਿਆ ਹੈ। ਹੁਣ ਸਮੇਂ ਦੀ ਮੰਗ ਇਹ ਹੈ ਕਿ ਗੁਰੂ ਨਾਨਕ ਸਾਹਿਬ ਜੀ ਵੱਲੋਂ ਚਲਾਏ ਨਿਰਮਲ ਪੰਥ ਵਿਚ ਨਿਆਰੇਪਨ ਨੂੰ ਕਿਵੇਂ ਕਾਇਮ ਰੱਖਿਆ ਜਾਏ ? ਇਸ ਲੋੜ ਨੂੰ ਮਹਿਸੂਸ ਕਰਦਿਆਂ ਪ੍ਰੋਫ਼ੈਸਰ ਗੁਰਬਚਨ ਸਿੰਘ ਜੀ ਨੇ *ਕੀ ਅਸੀਂ ਨਿਆਰੇ ਖ਼ਾਲਸੇ ਹਾਂ ?* ਪੁਸਤਕ ਅੰਦਰ ਗੁਰਬਾਣੀ ਸ਼ਬਦਾਂ ਦੀ ਵਿਚਾਰ ਨਾਲ ਗੁਰਮਤਿ ਦੀਆਂ ਬਰੀਕੀਆਂ ਨੂੰ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ।

ਭਾਈ ਸਾਹਿਬ ਜੀ ਨੇ ਇਸ ਪੁਸਤਕ ਵਿਚ ਅਨੰਦ ਕਾਰਜ ਦੀ ਪਵਿੱਤਰ

ਮਰਯਾਦਾ ਸੰਬੰਧੀ, ਗੁਰਬਾਣੀ ਵਿਚਾਰਾਂ ਰਾਹੀਂ ਸਾਨੂੰ ਕੀ ਸਿੱਖਿਆ ਮਿਲਦੀ ਹੈ, ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ ਤੇ ਨਾਲ ਇਹ ਵੀ ਦੱਸਿਆ ਹੈ ਕਿ ਪੰਥ ਪਰਵਾਨਿਤ ਰਹਿਤ-ਮਰਯਾਦਾ ਨੂੰ ਅਪਣਾਇਆਂ ਹੀ ਸਾਡਾ ਨਿਆਰਾਪਨ ਕਾਇਮ ਰਹਿ ਸਕਦਾ ਹੈ। 'ਰੱਬ ਜੀ ਪਾਏ' ਸਿਰਲੇਖ ਹੇਠ ਇਸ ਧਰਤੀ ਉੱਤੇ ਰਹਿੰਦਿਆਂ ਹੀ ਅਸੀਂ ਕਿਵੇਂ ਰੱਬ ਜੀ ਨੂੰ ਪ੍ਰਾਪਤ ਕਰ ਸਕਦੇ ਹਾਂ, ਤੇ ਜੇ ਰੱਬ ਜੀ ਮਿਲ ਜਾਣ ਤਾਂ ਉਸ ਮਨੁੱਖ ਦੀਆਂ ਕੀ ਨਿਸ਼ਾਨੀਆਂ ਹੁੰਦੀਆਂ ਹਨ, ਬਾਰੇ ਚਾਨਣਾ ਪਾਇਆ ਹੈ। ਇੰਜ ਹੀ 'ਸੂਰਜ ਕਿਰਣਿ ਮਿਲੇ' ਸ਼ਬਦ ਵਿੱਚੋਂ ਹੰਕਾਰ ਨੂੰ ਮਾਰਨ ਦੀ ਜੁਗਤੀ ਦਾ ਪ੍ਰਗਟਾਅ ਹੁੰਦਾ ਹੈ ਨਾ ਕਿ ਮਰ ਚੁੱਕੇ ਆਦਮੀ ਪ੍ਰਤੀ ਇਸ ਸ਼ਬਦ ਦਾ ਉਚਾਰਨ ਕੀਤਾ ਹੈ।

ਪੰਥ ਦਾ ਦਰਦ ਮਹਿਸੂਸ ਕਰਦਿਆਂ ਭਾਈ ਸਾਹਿਬ ਜੀ ਨੇ ਦੱਸਿਆ ਹੈ ਕਿ ਸ਼ਤਾਬਦੀਆਂ 'ਤੇ ਬੇ-ਓੜਕ ਖ਼ਰਚੇ ਪੈਸੇ ਨਾਲ ਆਮ ਸਿੱਖ ਨੂੰ ਇਸ ਦਾ ਕੋਈ ਵੀ ਲਾਭ ਨਹੀਂ ਹੈ, ਕਿਉਂਕਿ ਅਜੇ ਵੀ ਸਾਧਾਰਨ ਸਿੱਖ ਤਾਂ ਉਸੇ ਹੀ ਕਰਮ-ਕਾਂਡ ਦੀ ਦਲਦਲ ਵਿਚ ਫਸਿਆ ਪਿਆ ਹੈ ਜਿਥੋਂ ਗੁਰੂ ਨਾਨਕ ਸਾਹਿਬ ਜੀ ਨੇ ਇਸ ਨੂੰ ਉਠਾਇਆ ਸੀ। ਜਿਥੇ ਗੁਰੂ ਅਰਜਨ ਪਾਤਿਸ਼ਾਹ ਜੀ ਦੀ ਚੌਥੀ ਸ਼ਤਾਬਦੀ ਬੜੀ ਧੂਮਧਾਮ ਨਾਲ ਮਨਾਈ ਗਈ ਹੈ, ਉਸ ਦੇ ਨਜ਼ਦੀਕ ਹੀ ਤਾਂ ਸ਼ੇਖ਼ ਪਤੇ ਦੀ ਮਜਾਰ 'ਤੇ ਭੋਲੇ ਸਿੱਖ ਖੀਰਾਂ ਚੜ੍ਹਾ ਕੇ ਲਵੇਰੀਆਂ ਮੱਝਾਂ ਦੀ ਮੰਗ ਕਰ ਰਹੇ ਹਨ ਤਾਂ ਫਿਰ ਵਾਕਿਆ ਹੀ ਨਿਆਰੇ ਕਿਵੇਂ ਹੋਏ, ਜ਼ਰਾ ਠਰ੍ਹੰਮੇ ਨਾਲ ਵਿਚਾਰਨ ਵਾਲੀ ਗੱਲ ਹੈ।

'ਗੁਰਦੁਆਰੇ' ਦਾ ਅਰਥ ਹੈ ਉਹ ਰਸਤਾ ਜਿਸ ਰਾਹੀਂ ਸਿੱਖ ਨੇ ਲੰਘ ਕੇ ਜੀਵਨ-ਜਾਚ ਸਿੱਖਣੀ ਸੀ, ਪਰ ਵਾਕਿਆ ਹੀ ਅੱਜ ਅਸੀਂ ਤਾਂ 'ਗੁਰਦੁਆਰੇ' ਸ਼ਬਦ ਦੀ ਥਾਂ 'ਤੇ 'ਗੁਰੂ-ਘਰ' ਸ਼ਬਦ ਵਰਤ ਕੇ ਪੱਕੇ ਤੌਰ 'ਤੇ ਜਾ ਕੇ ਬੈਠ ਗਏ ਹਾਂ ਤੇ ਕਬਜ਼ਾ ਛੱਡਣ ਲਈ ਤਿਆਰ ਹੀ ਨਹੀਂ ਹਾਂ। ਨਿੱਤ ਨਵੀਂ ਨਵੀਂ ਸ਼ਬਦਾਵਲੀ ਦੁਆਰਾ ਸੰਗਤ ਨੂੰ ਨਿਆਰੇਪਨ ਦੇ ਬੁਨਿਆਦੀ ਨੁਕਤਿਆਂ ਤੋਂ ਦੂਰ ਕੀਤਾ ਜਾ ਰਿਹਾ ਹੈ। ਗੁਰਬਾਣੀ, ਅੰਦਰਲੇ ਰੋਗਾਂ ਨੂੰ ਦੂਰ ਕਰਨ ਦਾ ਸੁਨੇਹਾ ਦੇ ਰਹੀ ਹੈ, ਪਰ ਸਿੱਖ ਬਾਹਰਲੇ ਤਲ 'ਤੇ ਬੈਠਾ ਹੈ।

ਕਈ ਵਾਰ ਮੱਘਦੇ ਕੋਲਿਆਂ ਦਾ ਸਫ਼ਰ ਤਹਿ ਕਰ ਕੇ ਸੋਨੇ ਨੂੰ ਚਮਕ ਦਿਖਾਉਣ ਦਾ ਮੌਕਾ ਮਿਲਦਾ ਹੈ, ਪਰ ਜੇ ਨਿਰਮਲ ਪੰਥ ਦਾ ਸਫ਼ਰ ਦੇਖਿਆ ਜਾਏ ਤਾਂ ਇਸ ਨੂੰ ਵੀ ਬਿਖਮ ਰਸਤਿਆਂ ਦੇ ਵਿਚ ਦੀ ਲੰਘਣਾ ਪਿਆ ਹੈ ਤਾਂ ਜਾ ਕੇ ਕਿਤੇ ਇਹ ਨਿਆਰਾ ਖ਼ਾਲਸਾ ਅਖਵਾਉਣ ਦਾ ਹੱਕਦਾਰ ਹੋਇਆ ਹੈ। ਕਈ ਵਾਰ ਇਸ ਦੀ ਹੋਂਦ ਨੂੰ ਖ਼ਤਰਾ ਮਹਿਸੂਸ ਹੋਇਆ, ਪਰ ਹਰ ਵਾਰ ਇਹ ਕੁੰਦਨ ਬਣ ਕੇ ਨਿਕਲਿਆ। ਸੰਨ 1881 ਦੀ ਮਰਦਮ-ਸ਼ੁਮਾਰੀ ਵੱਲ ਝਾਤ ਮਾਰੀ ਜਾਏ ਤਾਂ ਇਕ ਕਰੋੜ ਤੋਂ ਇਸ ਦੀ ਗਿਣਤੀ ਕੇਵਲ ਪੰਦਰਾਂ ਕੁ

ਲੱਖ ਹੀ ਰਹਿ ਗਈ ਸੀ। ਨਿਆਰੇ ਖ਼ਾਲਸੇ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ 'ਸਿੰਘ ਸਭਾ ਲਹਿਰ' ਹੋਂਦ ਵਿਚ ਆਈ। ਬੜੀਆਂ ਘਾਲਣਾਂ ਘਾਲ ਕੇ ਪੰਥ ਪਰਵਾਨਿਤ ਰਹਿਤ-ਮਰਯਾਦਾ ਬਣਾਈ ਗਈ। ਅੱਜ ਫਿਰ ਉਸ ਤਰ੍ਹਾਂ ਦੀ ਇਕ ਲਹਿਰ ਪੈਦਾ ਕਰਨ ਦੀ ਲੋੜ ਹੈ ਤਾਂ ਕਿ ਨਿਰਮਲ ਪੰਥ ਦਾ ਨਿਆਰਾਪਨ ਕਾਇਮ ਰਹਿ ਸਕੇ।

ਪ੍ਰੋ਼ਫ਼ੈਸਰ ਗੁਰਬਚਨ ਸਿੰਘ ਜੀ ਨੇ ਬਹੁਤ ਪਿਆਰਾ ਉਪਰਾਲਾ ਕੀਤਾ ਹੈ, ਨਾਲ ਹੀ ਸਿੱਖ ਕੌਮ ਦੇ ਸਾਹਮਣੇ ਇਕ ਸੁਆਲ ਰੱਖਿਆ ਹੈ ਕਿ "ਕੀ ਅਸੀਂ ਨਿਆਰੇ ਖ਼ਾਲਸੇ ਹਾਂ ?" ਹਰ ਡੇਰਾਵਾਦ ਨੇ ਆਪਣੀ ਆਪਣੀ ਮਰਯਾਦਾ ਬਣਾਈ ਹੋਈ ਹੈ, ਪੰਥ ਪਰਵਾਨਿਤ ਰਹਿਤ ਮਰਯਾਦਾ ਨੂੰ ਮੰਨਣ ਲਈ ਤਿਆਰ ਨਹੀਂ ਹੈ ਤੇ ਆਖਦੇ ਹਨ ਕਿ ਅਸੀਂ ਗੁਰਮਤਿ ਦਾ ਹੀ ਪ੍ਰਚਾਰ ਕਰਦੇ ਹਾਂ। ਇਹ ਸੁਆਲ ਸੋਚਣ ਲਈ ਮਜਬੂਰ ਕਰਦਾ ਹੈ। ਮੇਰੀ ਇਹ ਦਿਲੀ ਅਰਦਾਸ ਹੈ ਕਿ ਪ੍ਰੋ਼ਫ਼ੈਸਰ ਸਾਹਿਬ ਨੂੰ ਵਾਹਿਗੁਰੂ ਜੀ ਹੋਰ ਬਲ ਬਖ਼ਸ਼ਿਸ਼ ਕਰਨ ਤਾਂ ਕਿ ਇਹ ਏਸੇ ਤਰ੍ਹਾਂ ਕੌਮ, ਪੰਥ ਦੀ ਸੇਵਾ ਕਰਦੇ ਰਹਿਣ :

ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ॥
ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ॥
ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ॥
ਨਾਉ ਮਿਲੈ ਧੁਰਿ ਲਿਖਿਆ ਜਨ ਨਾਨਕ ਪਾਰਿ ਉਤਾਰਿ॥

(ਸਲੋਕ ਮਹਲਾ ੩, ਪੰਨਾ 1414)

ਗੁਰੂ ਗ੍ਰੰਥ ਤੇ ਪੰਥ ਦਾ ਸੇਵਾਦਾਰ,
ਕੰਵਰ ਮਹਿੰਦਰ ਪ੍ਰਤਾਪ ਸਿੰਘ
ਪ੍ਰਿੰਸੀਪਲ,
29-7-2006 ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ

ਨਿਵੇਕਲਾ ਯਤਨ

ਗਿਆਨੀ ਗੁਰਬਚਨ ਸਿੰਘ ਜੀ ਜੋ ਕਿ ਥਾਈਲੈਂਡ ਵਾਲੇ ਕਰਕੇ ਸਿੱਖ ਜਗਤ ਵਿਚ ਪ੍ਰਸਿੱਧ ਹਨ; ਬੜੇ ਮਿੱਠ-ਬੋਲੜੇ, ਮਿਲਣਸਾਰੀ, ਪੰਥਕ ਕਥਾਕਾਰ, ਸਫਲ ਅਧਿਆਪਕ, ਗੁਰਬਾਣੀ ਦੇ ਚਿੰਤਕ ਅਤੇ ਗੁਰਮਤਿ ਨੂੰ ਸੋਹਣੇ ਢੰਗ ਨਾਲ ਪੇਸ਼ ਕਰਨ ਵਾਲੇ ਲੇਖਕ ਹਨ। ਭਾਈ ਸਾਹਿਬ ਜੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਤੋਂ ਗੁਰਮਤਿ ਦੀ ਸਿੱਖਿਆ ਲੈ ਕੇ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ, ਮਿਲਰ ਗੰਜ, ਲੁਧਿਆਣਾ ਵਿਖੇ ਧਰਮ ਦੀ ਵਿੱਦਿਆ ਦੇਂਦੇ ਹੋਏ, ਸ੍ਰੀ ਗੁਰੂ ਸਿੰਘ ਸਭਾ ਥਾਈਲੈਂਡ ਵਿਚ ਕਈ ਸਾਲ ਮੁੱਖ ਗ੍ਰੰਥੀ ਦੇ ਤੌਰ ’ਤੇ ਸੇਵਾ ਕੀਤੀ। ਨਿਰੋਲ ਗੁਰਮਤਿ ਦਾ ਪ੍ਰਚਾਰ ਅਥਾਹ ਲਗਨ ਤੇ ਸ਼ਰਧਾ ਨਾਲ ਕੀਤਾ; ਜਿਸ ਦੇ ਫਲ ਸਰੂਪ ਅੱਜ ਵੀ ਇਨ੍ਹਾਂ ਨੂੰ ਹਰ ਥਾਂ ’ਤੇ ਸੰਗਤਾਂ ਪ੍ਰੇਮ ਸਤਿਕਾਰ ਨਾਲ ਯਾਦ ਕਰਦੀਆਂ ਹਨ। ਗੁਰਮਤਿ ਦੀਆਂ ਵੀਚਾਰਾਂ ਕਰਨ ਦਾ ਸੁਭਾਗ ਮੈਨੂੰ ਇਹਨਾਂ ਨਾਲ ਕੁਝ ਸਾਲ ਪਹਿਲਾਂ ਹੀ ਪ੍ਰਾਪਤ ਹੋਇਆ ਤੇ ਗੁਰਬਾਣੀ ਦੇ ਡੂੰਘੇ ਅਰਥ-ਭਾਵ ਸਮਝੇ ਹਨ। ਇਨ੍ਹਾਂ ਦਾ ਗੁਰਬਾਣੀ ਵਿਆਖਿਆ, ਸਿੱਖ ਰਹਿਤ ਮਰਯਾਦਾ ਤੇ ਸਿੱਖ ਇਤਿਹਾਸ ਪੇਸ਼ ਕਰਨ ਦਾ ਬਹੁਤ ਹੀ ਨਿਰਾਲਾ ਤੇ ਪ੍ਰਭਾਵਸ਼ਾਲੀ ਢੰਗ ਹੈ।

ਆਪ ਜੀ ਜਦੋਂ ਵੀ ਇੰਗਲੈਂਡ ਆਉਂਦੇ ਹਨ, ਸਿੰਘ ਸਭਾ ਇੰਟਰਨੈਸ਼ਨਲ ਵੱਲੋਂ ਲਗਾਈਆਂ ਜਾਂਦੀਆਂ ਕਲਾਸਾਂ ਪੜ੍ਹਾਉਂਦੇ ਹਨ। ਇਨ੍ਹਾਂ ਦੇ ਭਰਵੇਂ ਉੱਦਮ ਤੇ ਸਹਿਯੋਗ ਸਦਕਾ ਸਿੰਘ ਸਭਾ ਵੱਲੋਂ ਗੁਰਮਤਿ ਦੇ ਕਈ ਸੈਮੀਨਾਰ ਲਗਾਏ ਗਏ ਤੇ ਇਨ੍ਹਾਂ ਸੈਮੀਨਾਰਾਂ ਵਿਚ ਇਹ ਮੁੱਖ ਬੁਲਾਰੇ ਹੁੰਦੇ ਹਨ। ਪੰਜਾਬ ਰੇਡੀਓ ਯੂ.ਕੇ. ਦੇ ਸਮੁੱਚੇ ਪ੍ਰਬੰਧਕਾਂ ਤੇ ਸਰਦਾਰ ਜਸਬੀਰ ਸਿੰਘ ਜੀ ਦੇ ਸਹਿਯੋਗ ਦਾ ਸਦਕਾ ਅਨੇਕਾਂ ਵਾਰ ਰੇਡੀਓ ਤੋਂ ਗੁਰਮਤਿ ਦੀ ਸਾਂਝ ਪਾਉਣ ਦਾ ਸਬੱਬ ਬਣਿਆ ਹੈ। ਜਿਸ ਨੇ ਵੀ ਪੰਜਾਬ ਰੇਡੀਓ ਤੋਂ ਗੁਰਮਤਿ ਦੇ ਖੋਜ ਭਰਪੂਰ ਵੀਚਾਰ ਸੁਣੇ, ਉਸ ਨੇ ਸਾਲਾਹਿਆ ਤੇ ਗੁਰਮਤਿ ਦੀ ਜਾਣਕਾਰੀ ਪ੍ਰਾਪਤ ਕੀਤੀ।

ਇਨ੍ਹਾਂ ਦੀਆਂ ਛਪ ਚੁੱਕੀਆਂ ਦੋ ਪੁਸਤਕਾਂ *ਜੋ ਦਰਿ ਰਹੇ ਸੁ ਉਬਰੇ* ਅਤੇ *ਅਗਿਆਨ ਪੂਜਾ* ਨੂੰ ਪੜ੍ਹਨ ਉਪਰੰਤ ਮੈਂ ਬਹੁਤ ਹੀ ਪ੍ਰਭਾਵਤ ਹੋਇਆ ਹਾਂ। ਸਿੰਘ ਸਭਾ ਇੰਟਰਨੈਸ਼ਨਲ ਯੂ.ਕੇ. ਵੱਲੋਂ ਇਹ ਪੁਸਤਕਾਂ ਮੰਗਵਾ ਕੇ ਬਹੁਤ ਵੱਡੀ

ਗਿਣਤੀ ਵਿਚ ਸੰਗਤਾਂ ਵਿਚ ਵੰਡੀਆਂ ਹਨ। ਇਨ੍ਹਾਂ ਦੀ ਪਹਿਲੀ ਪੁਸਤਕ *ਜੋ ਦਰਿ ਰਹੇ ਸੁ ਉਬਰੇ* ਵਿਚ "ਲੇਲੇ ਕਉ ਚੂਘੇ ਨਿਤ ਭੇਡ" ਤੇ "ਏਕੁ ਸੁਆਨੁ ਦੁਇ ਸੁਆਨੀ ਨਾਲਿ" ਆਦਿ ਡੂੰਘੇ ਸ਼ਬਦਾਂ ਦੀ ਵਿਆਖਿਆ ਬਹੁਤ ਸੁੰਦਰ ਅਤੇ ਆਸਾਨ ਤਰੀਕੇ ਨਾਲ ਕੀਤੀ ਹੈ। ਏਸੇ ਤਰ੍ਹਾਂ ਹੀ ਦੂਸਰੀ ਪੁਸਤਕ *ਅਗਿਆਨ ਪੂਜਾ* ਵਿਚ ਭਾਈ ਸਾਹਿਬ ਜੀ ਨੇ ਬੜੀ ਨਿਡਰਤਾ ਨਾਲ ਸਿੱਖ ਸਮਾਜ ਵਿਚ ਆ ਰਹੇ ਪਤਨ ਅਤੇ ਬਿਪਰਵਾਦੀ ਪ੍ਰਭਾਵਾਂ ਨੂੰ ਬੜੇ ਸੁਲਝੇ ਢੰਗ ਨਾਲ ਉਜਾਗਰ ਕੀਤਾ ਹੈ, ਨਾਲ ਹੀ ਉਸ ਦੇ ਹੱਲ ਵੀ ਦੱਸੇ ਹਨ। ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਅਜੋਕੇ ਸਮੇਂ ਵਿਚ ਸਿੱਖ ਕਿਵੇਂ ਅਗਿਆਨ-ਹੀਣ ਸ਼ਰਧਾ ਵੱਸ ਹੋ ਕੇ ਕਰਮਕਾਂਡਾਂ, ਵਹਿਮਾਂ, ਭਰਮਾਂ ਅਤੇ ਪਾਖੰਡੀਆਂ ਦੇ ਜਾਲ ਵਿਚ ਫਸਦੇ ਜਾ ਰਹੇ ਹਨ। ਮੇਰਾ ਖ਼ਿਆਲ ਹੈ ਜੇ ਕਦੇ ਪੁਸਤਕਾਂ ਆਦਰਨੀਜ ਪ੍ਰਬੰਧਕ ਪੜ੍ਹ ਲੈਣ ਤਾਂ ਸੁਧਾਰ ਹੋਣ ਦੀ ਸੰਭਾਵਨਾ ਹੋ ਸਕਦੀ ਹੈ।

ਪ੍ਰੋ. ਗੁਰਬਚਨ ਸਿੰਘ ਜੀ ਦੀ ਇਹ ਤੀਸਰੀ ਪੁਸਤਕ *ਕੀ ਅਸੀਂ ਨਿਆਰੇ ਖ਼ਾਲਸਾ ਹਾਂ ?* ਵਿਚ ਗੁਰੂ ਜੀ ਨੂੰ ਸਮਰਪਿਤ ਨਿਮਾਣੇ ਅਤੇ ਸੱਚੇ ਸਿੱਖ ਵਜੋਂ ਆਪਣੀ ਵੇਦਨਾ ਪਰਗਟ ਕਰਦਿਆਂ, ਸਿੱਖ ਜਗਤ ਨੂੰ ਸਵਾਲ ਕੀਤੇ ਹਨ ਕਿ ਕੀ ਅਸੀਂ ਵਾਕਿਆ ਹੀ ਨਿਆਰੇ ਖ਼ਾਲਸੇ ਰਹਿ ਗਏ ਹਾਂ ਕਿ ਨਹੀਂ ? ਜੋ ਗੁਰੂ ਸਾਹਿਬ ਜੀ ਨੇ ਖ਼ਾਲਸਾ ਸਾਜਿਆ ਸੀ, ਕੀ ਅਸੀਂ ਮੌਲਿਕ ਰੂਪ ਵਿਚ ਉਹੀ ਹਾਂ ? ਜਾਂ ਕਿ ਭੇਖੀ ਬਣ ਕੇ ਰਹਿ ਗਏ ਹਾਂ। ਗੁਰੂ ਜੀ ਦਾ ਖ਼ਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਜਾਣ ਦੀ ਥਾਂ 'ਤੇ ਭੇਖੀ ਸੰਤਾਂ ਦੇ ਚਰਨੀਂ ਕਿਉਂ ਪੈ ਰਿਹਾ ਹੈ। ਪੰਥ ਪਰਵਾਨਿਤ ਰਹਿਤ ਮਰਯਾਦਾ ਕਿਉਂ ਨਹੀਂ ਲਾਗੂ ਕੀਤੀ ਜਾ ਰਹੀ ? ਅਜੇਹੇ ਸਵਾਲ ਕਰ ਕੇ ਸਾਨੂੰ ਸਾਰਿਆਂ ਨੂੰ ਹਲੂਣਾ ਦੇ ਕੇ ਜਗਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਕਿ ਅਸੀਂ ਆਪਣੇ ਫ਼ਰਜ਼ਾਂ ਨੂੰ ਪਛਾਣਦੇ ਹੋਏ ਆਪਣੇ ਜੀਵਨ ਨੂੰ ਗੁਰਬਾਣੀ ਅਨੁਸਾਰ ਢਾਲ ਕੇ ਜੀਵੀਏ ਤੇ ਇਸ ਧਰਤੀ 'ਤੇ ਹੀ ਬੇਗਮਪੁਰਾ ਸਿਰਜ ਸਕੀਏ !

ਅਸੀਂ ਆਪਣੇ ਯੂ.ਕੇ. ਦੇ ਸੁਹਿਰਦ ਵੀਰਾਂ ਸ੍ਰ. ਅਵਤਾਰ ਸਿੰਘ ਜੀ ਕੌਂਸਲਰ, ਸ੍ਰ. ਨਿਰਮਲਜੀਤ ਸਿੰਘ ਜੀ, ਸ੍ਰ. ਸੁਖਦੇਵ ਸਿੰਘ ਜੀ, ਸ੍ਰ. ਮਨਿੰਦਰਪਾਲ ਸਿੰਘ ਜੀ, ਸ੍ਰ. ਤੇਜਿੰਦਰ ਸਿੰਘ ਜੀ, ਸ੍ਰ. ਤੇਜਿੰਦਰਪਾਲ ਸਿੰਘ ਜੀ, ਸ੍ਰ. ਸਵਰਨਪਾਲ ਸਿੰਘ ਜੀ, ਸ੍ਰ. ਮਨਜੀਤ ਸਿੰਘ ਜੀ ਅਤੇ ਬੀਬੀ ਕਮਲਜੀਤ ਕੌਰ ਜੀ, ਹਰਪਾਲ ਕੌਰ ਜੀ, ਸੁਖਰਾਜ ਕਿਰਨ ਕੌਰ ਜੀ, ਬਲਜਿੰਦਰ ਕੌਰ ਜੀ, ਬਲਵਿੰਦਰ ਕੌਰ ਜੀ ਅਤੇ ਮਨਿੰਦਰ ਕੌਰ ਜੀ ਅਤੇ ਸਹਿਯੋਗੀ ਪਰਿਵਾਰਾਂ ਸਮੇਤ ਅਕਾਲ ਪੁਰਖ ਪਾਸ ਨਿਮਰਤਾ ਸਹਿਤ ਅਰਦਾਸ ਕਰਦੇ ਹਾਂ

ਕਿ ਭਾਈ ਗੁਰਬਚਨ ਸਿੰਘ ਜੀ ਨੂੰ ਦੇਹ ਅਰੋਗਤਾ ਤੇ ਬਲ ਬਖ਼ਸ਼ਿਸ਼ ਕਰਨ ਤਾਂ ਕਿ ਨਿਕਟ ਭਵਿੱਖ ਵਿਚ ਆਪਣੀ ਕਲਮ ਅਤੇ ਗੁਰਮਤਿ ਵਿਚਾਰਾਂ ਦੁਆਰਾ ਸਿੱਖ ਕੌਮ ਦੀ ਸੇਵਾ ਕਰਦੇ ਰਹਿਣ। ਭਾਈ ਸਾਹਿਬ ਜੀ ਨੇ ਇਹ ਪੁਸਤਕ ਲਿਖ ਕੇ ਇਕ ਨਿਵੇਕਲਾ ਯਤਨ ਕੀਤਾ ਹੈ। ਗੁਰੂ ਪਿਆਰਿਆਂ ਪਾਸ ਬੇਨਤੀ ਹੈ ਕਿ ਆਓ, ਵੱਧ ਤੋਂ ਵੱਧ ਇਸ ਪੁਸਤਕ ਨੂੰ ਪੜ੍ਹ ਕੇ ਗੁਰਮਤਿ ਦੀ ਜਾਣਕਾਰੀ ਪ੍ਰਾਪਤ ਕਰੀਏ!

ਗੁਰੂ ਪੰਥ ਦਾ ਦਾਸ

ਸੇਵਾ ਸਿੰਘ

ਜਨਰਲ ਸਕੱਤਰ,

ਸਿੰਘ ਸਭਾ ਇੰਟਰਨੈਸ਼ਨਲ, ਹੰਸਲੋ, ਯੂ.ਕੇ.

ਦੋ ਸ਼ਬਦ

ਮੈਂ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਮਿਲਰ ਗੰਜ, ਲੁਧਿਆਣਾ ਵਿਖੇ ਬਤੌਰ ਅਧਿਆਪਕ 1979 ਵਿਚ ਪੜ੍ਹਾਉਣਾ ਸ਼ੁਰੂ ਕੀਤਾ। ਮੇਰੇ ਤੋਂ ਪਹਿਲਾਂ ਇਸ ਸਕੂਲ ਵਿਚ ਭਾਈ ਗੁਰਬਚਨ ਸਿੰਘ ਜੀ ਬੱਚਿਆਂ ਨੂੰ ਧਾਰਮਿਕ ਅਤੇ ਪੰਜਾਬੀ ਵਿੱਦਿਆ ਪੜ੍ਹਾ ਰਹੇ ਸਨ।

ਸਵੇਰ ਦੀ ਸਭਾ ਵਿਚ ਮੈਂ ਪਹਿਲੀ ਦਫ਼ਾ ਇਹਨਾਂ ਨੂੰ ਗੁਰਮਤਿ ਦੇ ਵਿਸ਼ੇ 'ਤੇ ਲੈਕਚਰ ਦੇਂਦਿਆਂ ਸੁਣਿਆ। ਮੇਰਾ ਮਨ ਗੁਰਮਤਿ ਦੇ ਵਿਚਾਰ ਅਤੇ ਇਹਨਾਂ ਦੀ ਦਿਲੋਂ ਲਗਨ ਦੇਖ ਕੇ ਬਹੁਤ ਪ੍ਰਭਾਵਿਤ ਹੋਇਆ। ਇਹ ਬੱਚਿਆਂ ਵਿਚ ਸਿੱਖੀ ਭਾਵਨਾ ਜਗਾਉਣ ਲਈ ਹਰ ਵੇਲੇ ਤੱਤਪਰ ਰਹਿੰਦੇ ਸਨ। ਇਹਨਾਂ ਨੇ ਦਿਨ ਰਾਤ ਦੇ ਉਪਰਾਲਿਆਂ ਸਦਕਾ, ਬਹੁਤ ਸਾਰੇ ਵਿਦਿਆਰਥੀਆਂ ਨੂੰ ਸਿੱਖੀ ਜੀਵਨ ਵਿਚ ਲਿਆਂਦਾ, ਜੋ ਸਿੱਖੀ ਤੋਂ ਦੂਰ ਚਲੇ ਗਏ ਸਨ। ਬਹੁਤ ਸਾਰੀਆਂ ਐਸੀਆਂ ਘਟਨਾਵਾਂ ਹਨ ਜੋ ਮੇਰੀਆਂ ਅੱਖੀਆਂ ਨੇ ਵੇਖੀਆਂ ਹਨ। ਗੁਰ-ਸ਼ਬਦ ਦੀ ਵਿਚਾਰ, ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਬਾਖ਼ੂਬੀ ਨਾਲ ਪੇਸ਼ ਕਰ ਕੇ, ਸਿੱਖ ਧਰਮ, ਪੰਥ ਤੇ ਕੌਮ ਪ੍ਰਤੀ ਆਪਣੀਆਂ ਭਾਵਨਾਵਾਂ ਨੂੰ ਹਮੇਸ਼ਾ ਪ੍ਰਗਟ ਕਰਦੇ ਰਹਿੰਦੇ ਸਨ। ਨਾਲ ਦੀ ਨਾਲ ਆਪਣੀ ਪੜ੍ਹਾਈ ਵੀ ਇਨ੍ਹਾਂ ਨੇ ਜਾਰੀ ਰੱਖੀ।

ਸਕੂਲ ਦੀ ਸੇਵਾ ਨਿਭਾਉਂਦਿਆਂ ਹੀ ਸ੍ਰੀਮਾਨ ਗਿਆਨੀ ਗੁਰਬਚਨ ਸਿੰਘ ਜੀ ਥਾਈਲੈਂਡ ਚਲੇ ਗਏ, ਜਿਥੇ ਇਹਨਾਂ ਨੇ ਲੰਬਾ ਸਮਾਂ ਮੁਖ-ਗ੍ਰੰਥੀ ਦੀ ਸੇਵਾ ਨਿਭਾਈ ਤੇ ਗੁਰਮਤਿ ਦੀਆਂ ਕਲਾਸਾਂ ਵੀ ਵੱਡੇ ਪੱਧਰ 'ਤੇ ਲਗਾਈਆਂ। ਮੈਂ ਇਹਨਾਂ ਦੇ ਜੀਵਨ ਦੀਆਂ ਦੋ ਗੱਲਾਂ ਨੂੰ ਬਹੁਤ ਨੇੜਿਓਂ ਦੇਖਿਆ ਹੈ। ਇਕ ਤਾਂ ਸਿਧਾਂਤ ਨਾਲ ਸਮਝੌਤਾ ਨਹੀਂ ਕਰਨਾ ਤੇ ਦੂਜਾ ਡਿਊਟੀ ਵਿਚ ਸਮੇਂ ਦੀ ਪਾਬੰਦੀ ਅਤੇ ਈਮਾਨਦਾਰੀ ਨਾਲ ਮਿਹਨਤ ਕਰਨਾ।

ਗੁਰਬਾਣੀ ਸ਼ਬਦ ਦੀ ਵਿਚਾਰ ਸਦਕਾ ਇਹਨਾਂ ਨੂੰ ਕਈ ਮੁਲਕਾਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਸਕੂਲਾਂ, ਕਾਲਜਾਂ ਵਿਚ ਗੁਰਮਤਿ ਸੈਮੀਨਾਰ ਲਗਾ ਕੇ, ਬੱਚਿਆਂ ਨੂੰ ਨਿਆਰੇ ਖ਼ਾਲਸੇ ਦੀਆਂ ਵਡਿਆਈਆਂ ਦੱਸਦੇ ਰਹਿੰਦੇ ਹਨ। ਇਨ੍ਹਾਂ ਦੀਆਂ ਪਹਿਲੀਆਂ ਦੋ ਪੁਸਤਕਾਂ ਮੈਂ ਬਹੁਤ ਹੀ ਧਿਆਨ ਅਤੇ

ਗਹੁ ਨਾਲ ਪੜ੍ਹੀਆਂ ਹਨ। ਇਨ੍ਹਾਂ ਪੁਸਤਕਾਂ ਵਿਚ ਗੁਰਬਾਣੀ ਆਧਾਰਤ ਵੱਖ-ਵੱਖ ਵਿਸ਼ੇ ਲੈ ਕੇ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਇਨ੍ਹਾਂ ਦੀ ਕੀ ਮਹਾਨਤਾ ਹੈ--ਬੜੇ ਹੀ ਵਿਸਥਾਰ ਨਾਲ ਦੱਸਿਆ ਹੈ।

ਕੀ ਅਸੀਂ ਨਿਆਰੇ ਖ਼ਾਲਸੇ ਹਾਂ ? ਪੁਸਤਕ ਦਾ ਖਰੜਾ ਮੈਂ ਸਾਰਾ ਪੜ੍ਹਿਆ ਹੈ। ਮੈਂ ਸੋਚਦਾ ਹਾਂ ਕਿ ਅਜੇਹੀਆਂ ਪੁਸਤਕਾਂ ਦੀ ਅੱਜ ਬਹੁਤ ਜ਼ਰੂਰਤ ਹੈ। ਸਿੱਖ ਧਰਮ ਵਿਚ ਕਈ ਪ੍ਰਕਾਰ ਦੇ ਕਰਮ-ਕਾਂਡ ਆ ਚੁੱਕੇ ਹਨ। ਇਨ੍ਹਾਂ ਸਾਰੇ ਕਰਮ-ਕਾਂਡਾਂ ਵੱਲ ਗਿਆਨੀ ਜੀ ਨੇ ਸਿੱਖ ਕੌਮ ਦਾ ਧਿਆਨ ਦਿਵਾਇਆ ਹੈ। ਮੇਰੀ ਇਹ ਦਿਲੀ ਕਾਮਨਾ ਹੈ ਕਿ ਵਾਹਿਗੁਰੂ ਜੀ ਇਨ੍ਹਾਂ ਨੂੰ ਹੋਰ ਬਲ ਬਖ਼ਸ਼ਿਸ਼ ਕਰਨ ਤੇ ਸਿੱਖ ਕੌਮ, ਗੁਰੂ-ਪੰਥ ਦੀ ਸੇਵਾ ਕਰਦੇ ਰਹਿਣ।

ਰਾਜਾ ਸਿੰਘ
ਪ੍ਰਿੰਸੀਪਲ,
ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ,
ਮਿਲਰ ਗੰਜ, ਲੁਧਿਆਣਾ

31-07-2006

ਮੁੱਢਲੇ ਸ਼ਬਦ

ਤਾਇਆ ਜੀ ਦੀ ਗੁਰਮਤਿ ਭਾਵਨਾ ਨੂੰ ਨਾ ਸਮਝਦਿਆਂ ਹੋਇਆਂ ਵੀ ਮਾਨਾਂਵਾਲੇ ਬਾਬੇ ਦੇ ਵੀਰਵਾਰ ਨੂੰ ਜਾ ਕੇ ਤੇਲ ਚੜ੍ਹਾਉਣਾ ਬਚਪਨ ਵਿਚ ਧਰਮ ਦੀ ਅਥਾਹ ਸ਼ਰਧਾ ਸੀ; ਕਿਉਂਕਿ ਉਥੇ ਲੋਕਾਂ ਵੱਲੋਂ ਚੜ੍ਹਾਏ ਮਿੱਠੇ ਰੋਟ, ਕੜਾਹ ਤੇ ਖੀਰ ਖਾਣ ਨੂੰ ਮਿਲ ਜਾਂਦੀ ਸੀ। ਪਿੰਡਾਂ ਦੇ ਲੋਕ ਕੁਦਰਤ ਦੀ ਕਰੋਪੀ ਤੋਂ ਓਨਾ ਹੀ ਅੱਜ ਡਰਦੇ ਹਨ, ਜਿੰਨਾ ਕਿ ਪੰਜਾਹ ਸਾਲ ਪਹਿਲਾਂ ਡਰਦੇ ਸਨ— ਮਾਲ ਡੰਗਰ ਬਚ ਜਾਏ, ਫ਼ਸਲਾਂ ਸੁੱਖੀ-ਸਾਂਦੀ ਘਰ ਆ ਜਾਣ, ਇਸ ਲਈ ਅਜੇਹੀਆਂ ਥਾਵਾਂ ਦੀ ਬਹੁਤ ਪੂਜਾ ਚਿਰਾਂ ਤੋਂ ਹੁੰਦੀ ਆ ਰਹੀ ਹੈ। ਮੈਂ ਆਪਣੇ ਵੀਰਾਂ ਵਿਚ ਦੇਖਿਆ ਹੈ ਕਿ ਜਿਤਨੀ ਸ਼ਰਧਾ ਇਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਹੈ, ਉਤਨੀ ਹੀ ਪਿੰਡ ਦੀਆਂ ਕਬਰਾਂ ਉੱਤੇ ਇਨ੍ਹਾਂ ਦੀ ਸ਼ਰਧਾ ਪੱਕੇ ਤੌਰ 'ਤੇ ਬਣੀ ਹੋਈ ਹੈ। ਇਹ ਅਥਾਹ ਸ਼ਰਧਾ ਕਲਚਰਲ ਪ੍ਰੋਗਰਾਮ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ। ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਤੇ ਫਿਰ ਸਭਿਆਚਾਰਕ ਪ੍ਰੋਗਰਾਮ ਹੁੰਦੇ ਦੇਖੇ ਜਾ ਸਕਦੇ ਹਨ।

ਪੰਜਾਹ ਸਾਲ ਪਹਿਲਾਂ ਮੈਂ ਆਪਣੇ ਪਿੰਡ ਵਿਚ ਹੀ ਝਾਤੀ ਮਾਰਦਾ ਹਾਂ ਤਾਂ ਕੋਈ ਟਾਂਵਾਂ-ਟਾਂਵਾਂ ਵੀਰ ਕੇਸਾਂ ਦੀ ਬੇ-ਅਦਬੀ ਕਰਦਾ ਨਜ਼ਰ ਆਉਂਦਾ ਸੀ, ਪਰ ਉਹ ਵੀ ਡਰਦਾ ਹੋਇਆ ਮਿਸਤਰੀਆਂ ਦੇ ਬਾਬਾ ਜੀ ਦੀ ਦੁਕਾਨ ਤੋਂ ਅੱਗੋਂ ਦੀ ਨਹੀਂ ਲੰਘਦਾ ਹੁੰਦਾ ਸੀ, ਕਿਉਂਕਿ ਬਾਬਾ ਜੀ ਬਿਨਾਂ ਲਿਹਾਜ਼ ਕੀਤਿਆਂ ਪੂਰੀ ਝਾੜ ਝੰਬ ਕਰ ਦੇਂਦੇ ਸਨ, ਪ੍ਰੰਤੂ ਦਸਤਾਰ ਬੰਨ੍ਹਣੀ ਉਹ ਵੀ ਨਹੀਂ ਭੁੱਲਦਾ ਸੀ। ਅੱਜ ਹਾਲਾਤ ਇਸ ਤੋਂ ਉਲਟ ਹੋਏ ਹੋਏ ਹਨ ਤੇ ਹੁਣ ਟਾਂਵੇਂ-ਟਾਂਵੇਂ ਸਿੱਖੀ ਸਰੂਪ ਵਾਲੇ ਵੀਰ ਦਿੱਸਦੇ ਹਨ। ਪਹਿਲਾਂ ਮੇਰੇ ਪਿੰਡ ਵਿਚ ਇਕ ਗੁਰਦੁਆਰਾ ਹੁੰਦਾ ਸੀ, ਹੁਣ ਦੋ ਗੁਰਦੁਆਰੇ ਹੋ ਗਏ ਹਨ; ਪਹਿਲਾਂ ਇਕ ਕਬਰ ਹੁੰਦੀ ਸੀ ਤੇ ਹੁਣ ਉਹ ਵੀ ਦੋ ਕਬਰਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਪਹਿਲਾਂ ਮਾਨਾਂਵਾਲੇ ਪਿੱਪਲ ਦੇ ਥੱਲੇ ਇਕ ਕੱਚਾ ਖੁੱਡਾ ਬਣਿਆ ਹੁੰਦਾ ਸੀ, ਜਿਥੇ ਦੀਵੇ ਜਗਾਏ ਜਾਂਦੇ ਸੀ; ਸੁਣਿਆ ਹੈ ਹੁਣ ਉਥੇ ਵੀ ਇਕ ਗੁਰਦੁਆਰਾ ਉਸਾਰ ਲਿਆ ਗਿਆ ਹੈ। ਸ਼ਹਿਰਾਂ ਦੀ ਤਰਜ਼ 'ਤੇ ਨਗਰ ਕੀਰਤਨ ਤੇ ਪ੍ਰਭਾਤ ਫੇਰੀਆਂ ਵੀ ਨਿਕਲਣ ਲੱਗ ਪਈਆਂ ਹਨ। ਜ਼ਮੀਨੀ ਹਕੀਕਤ ਨੂੰ ਮੰਨ ਕੇ

ਚੱਲਣਾ ਚਾਹੀਦਾ ਹੈ ਕਿ ਪਤਿਤਪੁਣਾ, ਜ਼ਰਦਾ, ਤੰਮਾਕੂ ਤੇ ਹੋਰ ਕਈ ਪ੍ਰਕਾਰ ਦੇ ਨਸ਼ਿਆਂ ਨੇ ਵੀ ਨੌਜਵਾਨੀ ਵਿਚ ਆਪਣੇ ਪੂਰੇ ਪੈਰ ਪਸਾਰ ਲਏ ਹੋਏ ਹਨ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਸਾਡੇ ਨਿਰਮਲ ਪੰਥ ਦਾ ਨਿਆਰਾਪਨ ਕਿਧਰ ਨੂੰ ਜਾ ਰਿਹਾ ਹੈ।

ਉਤਲੇ ਤਲ 'ਤੇ ਬਹੁਤ ਹੀ ਜ਼ੋਰ-ਸ਼ੋਰ ਨਾਲ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ, ਪਰ ਆਮ ਸਿੱਖ ਨੂੰ ਇਸ ਜ਼ੋਰ-ਸ਼ੋਰ ਵਾਲੇ ਪ੍ਰਚਾਰ ਦਾ ਕੋਈ ਵੀ ਲਾਭ ਨਹੀਂ ਹੈ; ਕਿਉਂਕਿ ਆਮ ਸਿੱਖ ਨੂੰ ਤਾਂ ਗੁਰਮਤਿ ਦੇ ਬੁਨਿਆਦੀ ਨੁਕਤਿਆਂ ਦਾ ਵੀ ਨਹੀਂ ਪਤਾ। ਕਹਿਣ ਨੂੰ ਅਸੀਂ ਨਿਆਰੇ ਖ਼ਾਲਸੇ ਹਾਂ, ਪਰ ਜੀਵਨ-ਜਾਚ ਸਾਡੀ ਵੱਖ-ਵੱਖ ਡੇਰਿਆਂ, ਸਾਧਾਂ ਸੰਤਾਂ ਤੇ ਵੱਖ-ਵੱਖ ਧਰਮਾਂ ਦੀ ਬਣ ਕੇ ਰਹਿ ਗਈ ਹੈ। ਜੇ ਗੁਰਮਤਿ ਦੀ ਗੱਲ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਧੱਕੜ ਚੌਧਰੀ ਸ਼ਰਧਾ ਦੇ ਨਾਂ 'ਤੇ ਉਸੇ ਵੇਲੇ ਹੀ ਚੁੱਪ ਕਰਾ ਦੇਂਦੇ ਹਨ ਕਿ ਸਾਨੂੰ ਕਿਸੇ ਦੀ ਸ਼ਰਧਾ ਨਹੀਂ ਤੋੜਨੀ ਚਾਹੀਦੀ, ਅਗਲਾ ਜੋ ਮਰਜ਼ੀ ਹੈ ਕਰੇ; ਉਸ ਦਾ ਆਪਣਾ ਜੀਵਨ ਹੈ।

ਗੁਰੂ ਨਾਨਕ ਸਾਹਿਬ ਜੀ ਨੇ "ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ" ਬੜੇ ਹੀ ਗਹੁ ਨਾਲ ਦੇਖਿਆ ਕਿ ਦੁਨੀਆ ਕਰਮ-ਕਾਂਡ ਦੀ ਧਾਰਨੀ ਹੋ ਕੇ ਪੁਜਾਰੀ ਦੀ ਲੁੱਟ ਦਾ ਸ਼ਿਕਾਰ ਹੋ ਰਹੀ ਹੈ, ਰਾਜਨੀਤਿਕ ਲੋਕ ਆਪਣੇ ਫ਼ਰਜ਼ ਦੀ ਪਹਿਚਾਣ ਭੁੱਲ ਗਏ ਹਨ, ਮਾਤਾਵਾਂ ਤੇ ਭੈਣਾਂ ਨੂੰ ਸਮਾਜ ਪੂਰਾ ਸਤਿਕਾਰ ਨਹੀਂ ਦੇ ਰਿਹਾ, ਸ਼ਰਮ ਤੇ ਧਰਮ ਜ਼ਿੰਦਗੀ ਦੀਆਂ ਸਚਾਈਆਂ, ਜਿਸ ਤੋਂ ਮਨੁੱਖ ਨੇ ਪਾਸਾ ਵੱਟ ਲਿਆ ਹੋਇਆ ਸੀ, ਤੇਲ ਮੁੱਕੇ ਦੀਵੇ ਵਾਂਗ ਮੱਧਮ ਹੋ ਗਈਆਂ ਸਨ; ਉਸ ਸਮੇਂ ਗੁਰੂ ਸਾਹਿਬ ਜੀ ਨੇ ਇਕ ਨਿਰਮਲ ਪੰਥ ਚਲਾਇਆ, ਜੋ ਨਿਆਰੇ ਖ਼ਾਲਸੇ ਦੇ ਰੂਪ ਵਿਚ ਪ੍ਰਗਟ ਹੋਇਆ।

ਨਿਰਮਲ ਪੰਥ ਤੋਂ ਨਿਆਰੇ ਖ਼ਾਲਸੇ ਦਾ ਇਕ ਲੰਬਾ ਸਫ਼ਰ ਹੈ ਤੇ ਇਸ ਸਫ਼ਰ ਦਾ ਆਧਾਰ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਉੱਚਾ ਫ਼ਲਸਫ਼ਾ ਹੈ, ਜੋ ਗੁਰੂ ਸਾਹਿਬਾਨ, ਭੱਟਾਂ, ਭਗਤਾਂ ਤੇ ਸਿੱਖਾਂ ਦਾ ਧੁਰੋਂ ਆਇਆ ਆਤਮਿਕ ਬ੍ਰਹਮ ਗਿਆਨ ਹੈ ਅਤੇ ਜ਼ਮੀਨੀ ਤਲ 'ਤੇ ਰਹਿ ਰਹੇ ਲੋਕਾਂ ਲਈ ਜੀਵਨ-ਜਾਚ ਦਾ ਅਮੁੱਲ ਕੀਮਤੀ ਖ਼ਜ਼ਾਨਾ ਹੈ। ਇਸ ਦੇ ਫ਼ਲਸਫ਼ੇ ਨੂੰ ਸਦੀਵ ਕਾਲ ਲਈ ਕਾਇਮ ਕਰਨ ਲਈ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਤੱਤੀ ਤਵੀ, ਉਬਲਦੀ ਦੇਗ, ਸੜਦੀ ਰੇਤ ਤੇ ਰਾਵੀ ਦੇ ਠੰਡੇ ਪਾਣੀ ਨਾਲ ਤੁਰਨ ਦੀ ਜਾਚ ਸਿਖਾਈ ਹੈ ਤੇ ਹੁਣੇ ਹੀ ਉਨ੍ਹਾਂ ਦੀ ਚੌਥੀ ਸ਼ਤਾਬਦੀ ਨੂੰ ਸਾਰੇ ਸਿੱਖ ਜਗਤ ਨੇ ਰਲ ਕੇ ਮਨਾਇਆ ਹੈ। *ਕੀ ਅਸੀਂ ਨਿਆਰੇ ਖ਼ਾਲਸਾ ਹਾਂ ?* ਪੁਸਤਕ ਅੰਦਰ ਕੁਝ ਵੱਖ-ਵੱਖ ਵਿਸ਼ੇ ਲੈ ਕੇ ਗੁਰਬਾਣੀ ਸ਼ਬਦਾਂ 'ਤੇ ਆਧਾਰਤ ਵੀਚਾਰ ਕਰਨ ਦਾ ਯਤਨ ਕੀਤਾ ਗਿਆ ਹੈ।

ਸਿੱਖੀ ਵਿਚ ਅਨੰਦ ਕਾਰਜ ਦੀ ਮਰਯਾਦਾ ਕੀ ਮਹਾਨਤਾ ਰੱਖਦੀ ਹੈ, ਪ੍ਰਿੰਸੀਪਲ ਪ੍ਰੀਤਮ ਸਿੰਘ ਜੀ ਸ਼ਾਹ ਤੇ ਵੀਰ ਗੁਰਦੀਪ ਸਿੰਘ ਜੀ ਨਿੱਝਰ, ਗਿਆਨੀ ਅੰਮ੍ਰਿਤਪਾਲ ਸਿੰਘ ਸੈਲਮੇ ਅਮਰੀਕਾ ਵਾਲਿਆਂ ਨੇ ਕਿਹਾ ਕਿ ਅੱਜ ਦੇ ਬੱਚਿਆਂ ਨੂੰ ਸਮਝਾਉਣ ਲਈ ਜ਼ਰੂਰ ਲਿਖਿਆ ਜਾਏ; ਸੋ ਇਸ ਮਜ਼ਮੂਨ ਵਿਚ ਗੁਰਬਾਣੀ 'ਤੇ ਆਧਾਰਤ ਸੁਭਾਗ ਜੋੜੀਆਂ ਨੂੰ ਕੀ ਉਪਦੇਸ਼ ਮਿਲਦਾ ਹੈ, ਵਿਸਥਾਰ ਨਾਲ ਦੱਸਣ ਦਾ ਯਤਨ ਕੀਤਾ ਗਿਆ ਹੈ।

ਉਹ ਸਾਰੇ ਪ੍ਰਬੰਧਕ ਵੀਰ, ਪ੍ਰਚਾਰਕ, ਗ੍ਰੰਥੀ, ਰਾਗੀ ਸਾਹਿਬਾਨ ਤੇ ਸੰਸਥਾਵਾਂ ਵਧਾਈ ਦੇ ਪਾਤਰ ਹਨ ਜੋ ਜੀਅ-ਜਾਨ ਕਰਕੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਨੂੰ ਮੁੱਖ ਰੱਖ ਕੇ ਸਿੱਖੀ ਦੇ ਮਹਾਨ ਪ੍ਰਚਾਰ ਵਿਚ ਲੱਗੇ ਹੋਏ ਹਨ। 'ਐਸੇ ਸੰਤ ਨ ਮੋ ਕਉ ਭਾਵਹਿ' ਵਿਚ ਦੰਭੀ ਤੇ ਪਾਖੰਡੀਆਂ ਸੰਬੰਧੀ ਗੁਰਬਾਣੀ ਸ਼ਬਦ ਆਧਾਰਤ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ। ਏਸੇ ਤਰ੍ਹਾਂ ਮਾਲਾ ਸੰਬੰਧੀ ਗੁਰਮਤਿ ਦਾ ਕੀ ਨਜ਼ਰੀਆ ਹੈ, ਸੰਗਤ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ, ਕੀ ਅਜੋਕੇ ਯੁੱਗ ਵਿਚ ਗੁਰੂ ਨਾਲੋਂ ਸੰਤ ਦੀ ਜ਼ਿਆਦਾ ਜ਼ਰੂਰਤ ਹੈ ?

ਸ਼ਤਾਬਦੀਆਂ ਦਾ ਲਾਭ ਜਨ-ਸਾਧਾਰਨ ਸਿੱਖ ਪਾਸ ਜਾਣਾ ਚਾਹੀਦਾ ਸੀ ਜੋ ਨਹੀਂ ਜਾ ਸਕਿਆ। ਇਕ ਤਰਲਾ ਲਿਆ ਗਿਆ ਹੈ ਕਿ ਇਨ੍ਹਾਂ ਮਹਾਨ ਸ਼ਤਾਬਦੀਆਂ ਨੂੰ ਵਪਾਰਕ ਤੇ ਰਾਜਨੀਤਿਕ ਰੌਲੇ-ਰੱਪੇ ਵਿਚ ਨਾ ਗਵਾਚਣ ਦਿੱਤਾ ਜਾਏ, ਸਗੋਂ ਇਹ ਸਾਰਥਿਕ ਯਤਨ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਇਕੱਠਾਂ ਵਿਚ ਗੁਰਮਤਿ ਸਿਧਾਂਤ ਦੀ ਗੱਲ ਕੀਤੀ ਜਾਏ, ਜਿਸ ਦਾ ਆਮ ਸਿੱਖ ਨੂੰ ਲਾਭ ਹੋਏ ਤੇ ਸਾਡਾ ਨਿਆਰਾਪਨ ਕਾਇਮ ਰਹਿ ਸਕੇ।

'ਮੁਸਿ ਮੁਸਿ ਰੋਵੈ ਕਬੀਰ ਕੀ ਮਾਈ' ਜਾਂ 'ਜਲ ਕੀ ਮਾਛੁਲੀ ਚਰੈ ਖਜੂਰਿ' ਵਿੱਚੋਂ ਸਾਨੂੰ ਗੁਰਮਤਿ ਦੇ ਕੀ ਨੁਕਤੇ ਮਿਲਦੇ ਹਨ, ਜਿਸ ਅਨੁਸਾਰ ਅਸੀਂ ਆਪਣੇ ਜੀਵਨ ਵਿਚ ਅਨੰਦ ਭਰ ਸਕੀਏ ! ਹਾਂ, ਗੁਰਬਾਣੀ ਵਿਚਾਰ 'ਤੇ ਇਹ ਕੋਈ ਨਿਰਣਾ ਜਾਂ ਅੰਤਲੇ ਵਿਚਾਰ ਨਹੀਂ ਹਨ, ਸਿਰਫ਼ ਇਕ ਜੀਵਨ-ਜਾਚ ਦਾ ਉਪਰਾਲਾ ਹੈ। ਜਿਹੜਾ ਵੀ ਗੁਰਬਾਣੀ ਦੇ ਡੂੰਘੇ ਸਮੁੰਦਰ ਵਿਚ ਤਾਰੀਆਂ ਲਗਾਏਗਾ, ਉਸ ਨੂੰ ਕੀਮਤੀ ਮੋਤੀ ਪ੍ਰਾਪਤ ਹੋਣਗੇ। ਭਾਵੇਂ ਸਮੁੱਚੇ ਪ੍ਰਬੰਧ ਨੂੰ ਬਦਲਿਆ ਤਾਂ ਨਹੀਂ ਜਾ ਸਕਦਾ, ਪਰ ਇਕ ਯਤਨ ਜ਼ਰੂਰ ਹੈ ਕਿ ਇਸ ਨਿਰਮਲ ਪੰਥ ਦਾ ਨਿਆਰਾਪਨ ਜ਼ਰੂਰ ਕਾਇਮ ਰਹਿ ਸਕੇ।

ਸੇਵਾ ਦਾ ਭਾਵ ਕੇਵਲ ਗੁਰਦੁਆਰਿਆਂ ਵਿਚ ਹੀ ਨਹੀਂ ਨਿਬੜ ਜਾਂਦਾ, ਸਗੋਂ ਏਥੋਂ ਤਾਂ ਸ਼ੁਰੂ ਕਰ ਕੇ ਦੁਨੀਆ ਵਿਚ ਜਾਣ ਦਾ ਰੱਖਿਆ ਗਿਆ ਹੈ। ਜਾਤ-ਬਰਾਦਰੀ ਅਤੇ ਨਿਜ ਸੁਆਰਥ ਤੋਂ ਉਪਰ ਉਠ ਕੇ ਮਨੁੱਖਤਾ ਦੀ ਕੀਤੀ ਹੋਈ ਸੇਵਾ ਹੀ ਪ੍ਰਵਾਨ ਹੋ ਸਕਦੀ ਹੈ। ਰੱਬ ਜੀ ਦਾ ਸੁਭਾਅ ਉਸ ਦੇ ਸਦਾਚਾਰਕ

ਗੁਣ ਗੁਰਬਾਣੀ ਸਿਧਾਂਤ ਤੋਂ ਪ੍ਰਗਟ ਹੁੰਦੇ ਹਨ ਤੇ ਉਹ ਸਾਰੇ ਗੁਣ ਭੱਟਾਂ ਨੇ ਗੁਰੂ ਅਰਜਨ ਸਾਹਿਬ ਜੀ ਵਿਚ ਦੇਖੇ। ਉਨ੍ਹਾਂ ਨੇ ਇਨ੍ਹਾਂ ਗੁਣਾਂ ਨੂੰ ਬਰਕਰਾਰ ਰੱਖਣ ਲਈ ਆਪਣੀ ਪਵਿੱਤਰ ਸ਼ਹਾਦਤ ਦਿੱਤੀ। ਭੱਟਾਂ ਕਿਹਾ, 'ਗੁਰੁ ਅਰਜੁਨੁ ਪਰਤਖੵ ਹਰਿ' ਤੁਸੀਂ ਹੀ ਸਾਡੇ ਲਈ ਪਰਮਾਤਮਾ ਦਾ ਰੂਪ ਹੋ।

ਨਿਰਮਲ ਪੰਥ ਤੋਂ ਨਿਆਰੇ ਖ਼ਾਲਸੇ ਦਾ ਸਫ਼ਰ ਬਹੁਤ ਕਮਾਲ ਦਾ ਹੈ, ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦਾ ਪਵਿੱਤਰ ਖ਼ੂਨ, ਦਾਦਾ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਤੇ ਪੰਜਾਂ ਪਿਆਰਿਆਂ ਦੀ ਚੋਣ ਦੁਨੀਆ ਵਿਚ ਵਾਕਿਆ ਹੀ ਨਿਰਮਲ ਅਤੇ ਨਿਆਰੇ ਖ਼ਾਲਸੇ ਦੀ ਮੂੰਹ-ਬੋਲਦੀ ਤਸਵੀਰ ਹੈ। ਜੇ ਅੱਜ ਅਸੀਂ ਨਿਆਰੇਪਨ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਸਮਝ ਕੇ ਦਿਖਾਵੇ ਦੇ ਕਰਮ-ਕਾਂਡਾਂ ਤੋਂ ਬਚਣ ਦੀ ਜ਼ਰੂਰਤ ਹੈ ਤੇ ਧਰਮਸਾਲਾ ਨੂੰ ਗੁਰਦੁਆਰਾ ਹੀ ਰਹਿਣ ਦਿੱਤਾ ਜਾਏ, ਗੁਰੂ-ਘਰ ਵਿਚ ਤਬਦੀਲ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।

ਦੇਸ-ਪ੍ਰਦੇਸ, ਪਿੰਡਾਂ-ਸ਼ਹਿਰਾਂ, ਸਕੂਲਾਂ-ਕਾਲਜਾਂ, ਤੇ ਗਲੀ-ਮੁਹੱਲਿਆਂ ਵਿਚ ਗੁਰੂ-ਸ਼ਬਦ ਦੀਆਂ ਵਿਚਾਰਾਂ ਕਰਨ ਦਾ ਬਹੁਤ ਵਾਰੀ ਮੌਕਾ ਬਣਦਾ ਰਹਿੰਦਾ ਹੈ, ਇਸ ਲਈ ਪਿਆਰੇ ਮਿੱਤਰਾਂ ਦੋਸਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ ਜੋ ਸਾਰੇ ਹੀ ਮਨੋਂ ਪਿਆਰ ਹੀ ਨਹੀਂ ਕਰਦੇ; ਸਗੋਂ ਮਾਣ ਸਤਿਕਾਰ ਦੀਆਂ ਪੰਡਾਂ ਦਿਲ ਦੀਆਂ ਗਹਿਰਾਈਆਂ ਵਿੱਚੋਂ ਖੋਲ੍ਹ ਕੇ ਦੇਂਦੇ ਹਨ। ਭਰਾਵਾਂ ਦਾ ਰਿਣੀ ਹਾਂ, ਜਿਨ੍ਹਾਂ ਨੇ ਹਰ ਪੱਧਰ 'ਤੇ ਉਤਸ਼ਾਹ ਦਿੱਤਾ ਹੈ। ਗੁਰਮਤਿ ਦੀਆਂ ਡੂੰਘੀਆਂ ਰਮਜ਼ਾਂ ਨੂੰ ਸਮਝਾਉਣ ਵਾਲੇ ਪ੍ਰਿੰਸੀਪਲ ਕੰਵਰ ਮਹਿੰਦਰ ਪ੍ਰਤਾਪ ਸਿੰਘ ਜੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਾਲਿਆਂ ਦਾ ਹਾਰਦਿਕ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਵਾਰੀ ਫਿਰ ਪੁਸਤਕ ਸੰਬੰਧੀ ਆਪਣੇ ਕੀਮਤੀ ਸ਼ਬਦ ਲਿਖੇ।

ਗੁਰਮਤਿ ਵਿਚ ਗੜੂੰਦ, ਮਿੱਠੜੇ ਸੁਭਾਅ, ਮਿਲਣਸਾਰੀ ਤੇ ਸਿਰੜੀ ਵੀਰ ਸ੍ਰ. ਗੁਰਸਾਗਰ ਸਿੰਘ ਜੀ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ਵਾਲਿਆਂ ਦਾ ਮੈਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਦੇ ਕੋਲ ਬੈਠਿਆਂ ਗੁਰਮਤਿ ਦੀਆਂ ਬਹੁਤ ਸਾਰੀਆਂ ਬਰੀਕੀਆਂ ਵਿਚ ਉਤਰਨ ਦਾ ਮੌਕਾ ਬਣਦਾ ਹੈ; ਉਨ੍ਹਾਂ ਆਪਣੀ ਪੂਰੀ ਤਵੱਜੋ ਦੇ ਕੇ ਇਸ ਪੁਸਤਕ ਨੂੰ ਸੰਗਤਾਂ ਤਕ ਪਹੁੰਚਾਇਆ।

ਗੁਰੂ ਗ੍ਰੰਥ ਤੇ ਪੰਥ ਦਾ ਦਾਸ
ਗੁਰਬਚਨ ਸਿੰਘ
144, ਫੇਜ਼ ਨੰਬਰ 1,
ਡੁਗਰੀ ਰੋਡ, ਲੁਧਿਆਣਾ
ਟੈਲੀ : 91-161-2496635
ਮੋਬਾਇਲ : 98761-00444

ਅਨੰਦ ਵਿਆਹ

ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤਕ ਦੀਆਂ ਜਿੰਨੀਆਂ ਵੀ ਰਸਮਾਂ ਆਉਂਦੀਆਂ ਹਨ, ਉਨ੍ਹਾਂ ਸਾਰੀਆਂ ਰਸਮਾਂ ਵਿੱਚੋਂ ਅਨੰਦ ਕਾਰਜ ਦੀ ਰਸਮ ਸ਼ਿਰੋਮਣੀ ਮੰਨੀ ਗਈ ਹੈ। ਪ੍ਰਿੰਸੀਪਲ ਹਰਿਭਜਨ ਸਿੰਘ ਜੀ ਲਿਖਦੇ ਹਨ : "ਜਿਸ ਤਰ੍ਹਾਂ ਕੋਈ ਮਾਲਣ ਫੁੱਲਾਂ ਦਾ ਸੁੰਦਰ ਹਾਰ ਗੁੰਦਦੀ ਹੈ ਤੇ ਉਸ ਵਿਚ ਇਕ ਵੱਡਾ ਫੁੱਲ ਲਗਾ ਦੇਂਦੀ ਹੈ ਜਿਸ ਨਾਲ ਉਸ ਹਾਰ ਦੀ ਕੀਮਤ ਵੱਧ ਜਾਂਦੀ ਹੈ, ਉਸ ਨੂੰ ਉਹ ਮੇਰ-ਫੁੱਲ ਆਖਦੀ ਹੈ, ਏਸੇ ਤਰ੍ਹਾਂ ਹੀ ਮਨੁੱਖੀ ਜੀਵਨ ਵਿਚ ਵਿਆਹ ਦੀ ਰਸਮ ਆ ਜਾਣ ਕਰਕੇ ਇਸਦੇ ਜੀਵਨ ਦੀ ਮਹੱਤਤਾ ਵੱਧ ਜਾਂਦੀ ਹੈ। ਅਨੰਦ ਵਿਆਹ ਮਨੁੱਖ ਦੀ ਖ਼ੁਸ਼ੀ ਦਾ ਸਿਖਰ ਮੰਨਿਆ ਗਿਆ ਹੈ।" ਭਾਈ ਕਾਨ੍ਹ ਸਿੰਘ ਜੀ ਨਾਭਾ ਨੇ *ਮਹਾਨ ਕੋਸ਼* ਵਿਚ ਅਨੰਦ ਵਿਵਾਹ ਦੇ ਅਰਥ ਇਸ ਪ੍ਰਕਾਰ ਲਿਖੇ ਹੋਏ ਹਨ :

> ਵਿਵਾਹ. ਸੰ. ਵਿ-ਵਹ, ਲੈਜਾਣ ਦੀ ਕ੍ਰਿਯਾ, ਇਸਤ੍ਰੀ ਨੂੰ ਪਿਤਾ ਦੇ ਘਰੋਂ ਆਪਣੇ ਘਰ ਲੈਜਾਣ ਦੀ ਕ੍ਰਿਯਾ, ਉਦਵਾਹ, ਸ਼ਾਦੀ, ਅਨੰਦ, ਨਿਕਾਹ, ਪਾਣਿਗ੍ਰਹਣ, ਦਾਰਪਰਿਗ੍ਰਹ, ਮਨੁ ਆਦਿ ਰਿਖੀਆਂ ਨੇ ਅੱਠ ਪ੍ਰਕਾਰ ਦਾ ਵਿਵਾਹ ਲਿਖਿਆ ਹੈ :
> ੧. ਬ੍ਰਾਹਮ—ਵਰ ਨੂੰ ਘਰ ਬੁਲਾਕੇ ਭੂਖਣ ਵਸਤ੍ਰ ਸਹਿਤ ਕਨ੍ਯਾ ਦੇਣੀ।
> ੨. ਦੈਵ—ਯਗ੍ਯ ਕਰਾਉਣ ਵਾਲੇ ਰਿਤ੍ਵਿਜ ਨੂੰ ਕਨ੍ਯਾ ਦਾਨ ਕਰਨੀ।
> ੩. ਆਰ੍ਸ਼—ਵਰ ਤੋਂ ਦੋ ਬੈਲ ਲੈ ਕੇ ਉਨ੍ਹਾਂ ਦੇ ਬਦਲੇ ਕਨ੍ਯਾ ਦੇਣੀ।
> ੪. ਪ੍ਰਾਜਾਪਤ੍ਯ—ਲਾੜੀ ਅਤੇ ਲਾੜਾ ਸੰਤਾਨ ਉਤਪਤੀ ਲਈ ਪਰਸਪਰ ਸੰਮਤੀ ਨਾਲ ਜੋ ਸ਼ਾਦੀ ਕਰਨ।
> ੫. ਆਸੁਰ—ਧਨ ਲੈਕੇ ਕਨ੍ਯਾ ਦੇਣੀ।
> ੬. ਗਾਂਧਰਵ—ਸ਼ਾਦੀ ਤੋਂ ਪਹਿਲਾਂ ਵਰ ਅਤੇ ਕਨ੍ਯਾ ਦੀ ਆਪੋਵਿੱਚੀ ਪ੍ਰੀਤਿ ਹੋਣ ਪੁਰ ਵਿਵਾਹ।
> ੭. ਰਾਕਸ—ਜੰਗ ਵਿਚ ਜਿੱਤ ਕੇ ਕਨ੍ਯਾ ਲੈਜਾਣੀ।
> ੮. ਪੈਸ਼ਾਚ—ਜ਼ੁਲਮ ਨਾਲ ਰੋਂਦੀ ਕਨ੍ਯਾ ਖੋਹ ਕੇ ਲੈਜਾਣੀ।

ਕਈ ਰਿਖੀਆਂ ਨੇ ਇਹ ਵੀ ਲਿਖਿਆ ਹੈ ਕਿ ਪਿਤਾ ਦੇ ਪੁੱਤਰ ਨਾ ਹੋਣ ਪਰ ਜਵਾਈ ਨਾਲ ਇਹ ਵਚਨ ਕਰ ਕੇ ਕਿ ਜੋ ਪੁੱਤਰੀ ਦੇ ਬੇਟਾ ਜਨਮੇਗਾ ਉਹ ਮੈਂ ਮੁਤਬੰਨਾ ਕਰਾਂਗਾ।

ਅਨੰਦ ਵਿਆਹ—ਸਿੱਖ ਧਰਮ ਅਨੁਸਾਰ ਵਿਆਹ (ਸ਼ਾਦੀ) ਦਾ ਨਾਉਂ ਭੀ ਅਨੰਦ ਬਾਣੀ ਕਰਕੇ ਹੀ ਹੈ:

ਬਿਨਾ ਅਨੰਦ ਬਿਆਹ ਕੇ ਭੁਰਾਤੇ ਪਰ ਕੀ ਜੋਇ.....
ਮੇਰਾ ਸਿੱਖ ਨਾ ਸੋਇ। *(ਰਤਨਮਾਲ)*

ਵੱਖ-ਵੱਖ ਧਰਮਾਂ ਨੇ ਲੜਕੇ ਲੜਕੀ ਨੂੰ ਸਮਾਜਿਕ ਬੰਧਨ ਵਿਚ ਬੰਨ੍ਹਣ ਲਈ ਆਪੋ-ਆਪਣੇ ਰੀਤੀ-ਰਿਵਾਜ ਬਣਾਏ ਹੋਏ ਹਨ। ਜ਼ਰਾ ਕੁ ਗਹੁ ਕਰਕੇ ਆਂਢ-ਗੁਆਂਢ ਵੱਲ ਦੇਖਿਆ ਜਾਏ ਤਾਂ ਸਾਨੂੰ ਕਈ ਪ੍ਰਕਾਰ ਦੇ ਵਿਆਹ ਦੇਖਣ ਨੂੰ ਮਿਲਦੇ ਹਨ। ਬ੍ਰਾਹਮਣ ਨੇ ਵੇਦਾਂ ਦਾ ਸਹਾਰਾ ਲੈ ਕੇ ਮਨੁੱਖੀ ਜੀਵਨ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੱਤਾ—ਪਹਿਲੇ ਪੱਚੀ ਸਾਲ ਬ੍ਰਹਮਚਰਯ ਅਵਸਥਾ, ਦੂਸਰੇ ਪੱਚੀ ਸਾਲ ਗ੍ਰਿਹਿਸਤ ਆਸ਼ਰਮ, ਤੀਸਰਾ ਵਾਨਪ੍ਰਸਥ ਤੇ ਚੌਥਾ ਸੰਨਿਆਸ ਮੰਨਿਆ ਗਿਆ ਹੈ।

ੳ) ਬ੍ਰਹਮਚਰਯ—ਅਰਥਾਤ ਜਨੇਊ ਧਾਰ ਕੇ ਵੇਦ ਪੜ੍ਹਨ ਵਾਸਤੇ ਗੁਰੂ ਦੇ ਪਾਸ ਪੱਚੀ ਵਰ੍ਹੇ ਦੀ ਉਮਰ ਤੀਕ ਕਾਮਾਦਿਕ ਵਿਕਾਰ ਤਿਆਗ ਕੇ ਰਹਿਣਾ।

ਅ) ਇਸ ਪਿੱਛੋਂ ਗੁਰੂ ਦੱਖਣਾ ਦੇ ਕੇ ਘਰ ਆ ਕੇ ਇਸਤਰੀ ਵਿਆਹ ਕੇ ਗ੍ਰਿਹਸਤ ਜੀਵਨ ਪੰਜਾਹ ਵਰ੍ਹੇ ਤਕ ਗੁਜ਼ਾਰਨਾ।

ੲ) ਇਸ ਪਿੱਛੋਂ ਇਸਤਰੀ ਸਮੇਤ ਅਥਵਾ ਇਕੱਲੇ ਹੀ ਵਾਨਪ੍ਰਸਥ ਕਰਨਾ ਅਰਥਾਤ ਬਨ ਵਿਚ ਰਹਿ ਕੇ ਅਗਨਿਹੋਤਰ ਆਦਿਕ ਕਰਮ ਕਰਦੇ ਹੋਏ ਇਕਾਂਤ ਜੀਵਨ ਬਿਤਾਉਣਾ ਅਤੇ ਇਸ ਦਿਸ਼ਾ ਵਿਚ 75 ਵਰ੍ਹੇ ਤਾਈਂ ਜੀਵਨ ਬਤੀਤ ਕਰਨਾ ਮੰਨਿਆ ਗਿਆ ਹੈ।

ਸ) ਇਸ ਪਿੱਛੋਂ ਸੰਨਿਆਸ ਧਾਰ ਕੇ ਅਗਨਿਹੋਤਰ ਆਦਿ ਸਭ ਕਰਮਾਂ ਦਾ ਤਿਆਗ, ਅਰ ਭਿਖਿਆ ਨਾਲ ਸਰੀਰ ਦਾ ਨਿਰਬਾਹ ਕਰਨਾ। ਗੁਰਬਾਣੀ ਦਾ ਫ਼ੁਰਮਾਨ ਹੈ:

.....ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ ॥
(ਗੋਂਡ ਮਹਲਾ 4, ਪੰਨਾ 861)

ਇਸਲਾਮਿਕ ਧਰਮ ਅਨੁਸਾਰ ਬੱਚੇ ਬੱਚੀ ਦੇ ਸੰਜੋਗ ਦਾ ਨਾਂ ਨਿਕਾਹ ਰੱਖਿਆ ਹੋਇਆ ਹੈ। ਨਿਕਾਹ ਦਾ ਅਰਥ ਹੈ—ਇਸਤਰੀ ਪੁਰਸ਼ ਦਾ ਸੰਗ। ਮੁਸਲਮਾਨੀ ਰੀਤੀ ਅਨੁਸਾਰ ਵਿਆਹ ਅਥਵਾ ਨਿਕਾਹ ਇਕ ਪਾਸਿਉਂ ਦਰਖ਼ਾਸਤ ਅਤੇ ਦੂਜੇ ਪਾਸਿਉਂ ਮਨਜ਼ੂਰੀ ਪੂਰ ਦ੍ਰਿੜ੍ਹ ਹੋ ਜਾਂਦਾ ਹੈ। ਦੋ ਗਵਾਹਾਂ ਦੇ ਸਾਹਮਣੇ, ਜੋ ਬਾਲਿਗ, ਸਮਝ ਵਾਲੇ ਅਤੇ ਮੁਸਲਮਾਨ ਹੋਣ, ਨਿਕਾਹ ਪੱਕਾ ਹੋਣਾ ਚਾਹੀਦਾ ਹੈ। ਇਸ ਰਸਮ ਵਿਚ ਪਤੀ ਵੱਲੋਂ ਆਪਣੀ ਇਸਤਰੀ ਨੂੰ 'ਮਹਰ' (ਇਸਤਰੀਧਨ) ਦੇਣ ਦੀ ਪ੍ਰਤਿਗਿਆ ਕੀਤੀ ਜਾਂਦੀ ਹੈ, ਜਿਸ ਦੀ ਹੱਦ ਲਾੜੀ ਦੇ ਰੂਪ, ਗੁਣ, ਕੁਲ ਅਤੇ ਲਾੜੇ ਦੀ ਹੈਸੀਅਤ ਦਾ ਧਿਆਨ ਰੱਖ ਕੇ ਹੋਇਆ

ਕਰਦੀ ਹੈ। 'ਮਹਰ' ਵੱਧ ਤੋਂ ਵੱਧ ਭਾਵੇਂ ਕਿਤਨਾ ਹੋਵੇ ਪਰ ਦਸ ਦਿਰਹਮ ਤੋਂ ਘੱਟ ਨਹੀਂ ਹੋ ਸਕਦਾ। ਸਮਝੋ, ਬਰਾਦਰੀ ਵਿਚ ਇਕ ਕਿਸਮ ਦਾ ਸੌਦਾ ਤਹਿ ਕੀਤਾ ਜਾਂਦਾ ਹੈ।

ਪੱਛਮੀ ਸਭਿਅਤਾ ਵੱਲ ਵੀ ਇਕ ਸਰਸਰੀ ਨਜ਼ਰ ਮਾਰ ਲਈਏ। ਇਸ ਦੀ ਸਭਿਅਤਾ ਵਿਚ ਆਮ ਕਰਕੇ ਜੀਵਨ ਸਾਥੀ ਦੀ ਚੋਣ ਕੀਤੀ ਜਾਂਦੀ ਹੈ। ਗਾਹੇ-ਬਗਾਹੇ ਇਹ ਚੋਣ ਰੱਦ ਹੁੰਦੀ ਵੀ ਦੇਖੀ ਜਾ ਸਕਦੀ ਹੈ। ਪ੍ਰਿੰਸੀਪਲ ਹਰਿਭਜਨ ਸਿੰਘ ਜੀ ਬੜਾ ਪਿਆਰਾ ਲਿਖਦੇ ਹਨ ਕਿ ਜਰਮਨ ਵਿਚ ਇਕ ਆਦਮੀ ਨੇ ਆਪਣੀ ਜੀਵਨ ਸਾਥਣ ਦੀ ਚੋਣ ਕੀਤੀ ਤੇ ਗਿਰਜਾ ਘਰ ਜਾ ਕੇ ਵਿਆਹ ਦੀਆਂ ਰਸਮਾਂ ਪੱਕੀਆਂ ਕਰ ਲਈਆਂ। ਅਜੇ ਵਿਵਾਹ ਦੀ ਰਸਮ ਨਿਬਾਹ ਕੇ ਬਾਹਰ ਆ ਹੀ ਰਹੇ ਸਨ ਕਿ ਅਚਾਨਕ ਲਾੜੀ ਪਾਸੋਂ ਜ਼ਮੀਨ 'ਤੇ ਰੁਮਾਲ ਡਿੱਗ ਪਿਆ। ਡਿੱਗਿਆ ਹੋਇਆ ਰੁਮਾਲ ਲਾੜੇ ਪਾਸੋਂ ਸਲੀਕੇ ਨਾਲ ਨਹੀਂ ਚੁੱਕਿਆ ਗਿਆ। ਜੀਵਨ ਸਾਥਣ ਨੇ ਇਸਦਾ ਰੋਸ ਮਨਾਇਆ ਤੇ ਕਹਿਣ ਲੱਗੀ—ਭਲਿਆ, ਤੇਰੀ ਮੇਰੀ ਨਹੀਂ ਨਿਭ ਸਕਦੀ ਕਿਉਂਕਿ ਤੈਨੂੰ ਜ਼ਮੀਨ 'ਤੇ ਡਿੱਗੇ ਹੋਏ ਰੁਮਾਲ ਨੂੰ ਚੁੱਕਣ ਦਾ ਬਿਲਕੁਲ ਚੱਜ ਨਹੀਉਂ ਆਇਆ। ਹੁਣੇ ਹੀ ਪਾਦਰੀ ਪਾਸ ਜਾ ਕੇ ਆਪਣਾ ਵਿਆਹ ਕੈਂਸਲ ਕਰਾਇਆ ਜਾਏ, ਤੇਰਾ ਤੇ ਮੇਰਾ ਏਸੇ ਵਿਚ ਹੀ ਭਲਾ ਹੈ।

ਗੁਰੂ ਨਾਨਕ ਸਾਹਿਬ ਜੀ ਦਾ ਯੁੱਗ ਸ਼ੁਰੂ ਹੋਇਆ ਤਾਂ ਓਦੋਂ ਆਮ ਕਰਕੇ ਜੋਗੀ ਲੋਕ ਗ੍ਰਹਿਸਤ ਨੂੰ ਤਿਆਗ ਕੇ ਜੰਗਲਾਂ ਵਿਚ ਜਾ ਕੇ ਤਪੱਸਿਆ ਕਰਨ 'ਤੇ ਜ਼ੋਰ ਦੇ ਰਹੇ ਸਨ। ਸਿੱਖੀ ਵਿਚ ਅੱਜ ਵੀ ਅਜੇਹੇ ਵਿਹਲੜਾਂ ਦੀਆਂ ਭਰਮਾਰਾਂ ਦੇਖਣ ਨੂੰ ਮਿਲ ਜਾਣਗੀਆਂ। ਫ਼ਰਕ ਸਿਰਫ਼ ਸੁਆਹ ਤੇ ਚੋਲ਼ੇ ਦਾ ਹੈ। ਜੋਗੀਆਂ ਨੇ ਕੰਨਾਂ ਵਿਚ ਮੁੰਦਰਾਂ, ਕੇਸਾਂ ਦੀਆਂ ਜੜਾਵਾਂ ਤੇ ਪਿੰਡੇ ਸੁਆਹ ਮਲ ਕੇ ਜੋਗ ਮਤ ਵਾਲਾ ਭੇਖ ਅਪਣਾ ਲਿਆ ਹੋਇਆ ਸੀ। ਪਰ ਉਨ੍ਹਾਂ ਮਖੱਟੂਆਂ ਦੀਆਂ ਅੱਜ ਗੋਲ ਪੱਗਾਂ ਤੇ ਕਢਾਈ ਵਾਲੇ ਲੰਬੇ ਚੋਲ਼ੇ ਪਾਈ ਫਿਰਦੇ ਸਾਧਾਂ ਦੇ ਰੂਪ ਵਿਚ ਹੇੜਾਂ ਦੀਆਂ ਹੇੜਾਂ ਦੇਖੀਆਂ ਜਾ ਸਕਦੀਆਂ ਹਨ, ਜੋ ਗ੍ਰਹਿਸਤ ਨੂੰ ਤਿਆਗ ਕੇ ਮਾਲਾ ਨੂੰ ਘੁਮਾਉਂਦੀਆਂ ਆਮ ਦਿਖਾਈ ਦੇਂਦੀਆਂ ਹਨ। ਇਸ ਭੇਖ ਦੀ ਖੱਲ ਲਾਹੁੰਦਿਆਂ ਗੁਰੂ ਜੀ ਨੇ ਸਪੱਸ਼ਟ ਐਲਾਨ ਕਰ ਦਿੱਤਾ ਕਿ ਅਜੇਹੇ ਕੰਮ-ਚੋਰ ਭੇਖੀਆਂ ਨੂੰ ਕਦੇ ਵੀ ਮੂੰਹ ਨਹੀਂ ਲਾਉਣਾ। ਸਤਿਗੁਰੂ ਜੀ ਦਾ ਬਹੁਤ ਹੀ ਪਿਆਰਾ ਵਾਕ ਹੈ :

ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥ *(ਸਲੋਕ ਮ: ੧, ਪੰਨਾ 1245)*

ਸੰਸਾਰ ਨੂੰ ਮਨੁੱਖੀ ਜ਼ਿੰਦਗੀ ਦੀ ਮਹਾਨਤਾ ਦੱਸਦਿਆਂ ਹੋਇਆਂ ਗੁਰੂ ਜੀ ਨੇ ਕਰਤਾਰਪੁਰ ਟਿਕਾਅ ਕੀਤਾ। ਉਦਾਸੀਆਂ ਵਾਲਾ ਪਹਿਰਾਵਾ ਉਤਾਰ ਕੇ ਆਮ ਸੰਸਾਰੀਆਂ ਵਾਲੇ ਕੱਪੜੇ ਪਹਿਨ ਲਏ। ਫੱਗਣ ਦੇ ਮਹੀਨੇ ਅੱਚਲ ਵਟਾਲੇ ਸ਼ਿਵਰਾਤਰੀ ਦਾ ਬਹੁਤ ਭਾਰੀ ਮੇਲਾ ਲੱਗਦਾ ਸੀ। ਜੋਗੀ ਅਕਸਰ ਅਜੇਹੇ ਮੌਕਿਆਂ 'ਤੇ ਮਦਾਰੀਆਂ ਵਾਂਗ ਜਾਦੂ ਕਰ ਕੇ ਭੋਲੇ ਲੋਕਾਂ ਨੂੰ ਆਪਣੇ ਪਿੱਛੇ ਲਗਾ ਕੇ ਆਪਣੀ ਲੁੱਟ ਦਾ ਸ਼ਿਕਾਰ ਬਣਾਉਂਦੇ ਸਨ। ਮੇਲੇ ਵਿਚ ਗੁਰੂ ਨਾਨਕ ਜੀ ਦਾ ਆਉਣਾ ਸੁਣ ਕੇ ਜੋਗੀਆਂ ਵਿਚ ਘਬਰਾਹਟ ਪੈਦਾ ਹੋ ਗਈ। ਜੋਗੀਆਂ ਨੇ ਮਿਲਦਿਆਂ ਹੀ ਪਹਿਲਾ ਸੁਆਲ ਇਹ ਕੀਤਾ ਕਿ ਤੁਸਾਂ ਨੇ ਫ਼ਕੀਰੀ ਲਿਬਾਸ ਛੱਡ ਕੇ ਗ੍ਰਿਹਸਤੀ ਲਿਬਾਸ ਕਿਉਂ ਧਾਰਨ ਕੀਤਾ ਏ ? ਗ੍ਰਿਹਸਤੀਆਂ ਨੂੰ ਤਾਂ ਰੱਬ ਦੀ ਪ੍ਰਾਪਤੀ ਹੀ ਨਹੀਂ ਹੋ ਸਕਦੀ। ਇਸ ਸੰਬਾਦ ਨੂੰ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਅੰਕਤ ਕੀਤਾ ਹੈ :

ਭੇਖੁ ਉਤਾਰਿ ਉਦਾਸਿ ਦਾ ਵਤਿ ਕਿਉਂ ਸੰਸਾਰੀ ਰੀਤਿ ਚਲਾਈ ॥
ਨਾਨਕ ਆਖੇ ਭੰਗਰਨਾਥ ਤੇਰੀ ਮਾਉ ਕੁਚਜੀ ਆਹੀ ॥
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ ॥
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰ ਉਨਕੇ ਘਰਿ ਮੰਗਣਿ ਜਾਈ ॥
ਬਿਨ ਦਿਤੇ ਕਛੁ ਹਥਿ ਨ ਆਈ ॥ *(ਵਾਰ ੧, ਪਉੜੀ ੪੦)*

ਸਿੱਖੀ ਵਿਚ ਰੱਬ ਨੂੰ ਪਾਉਣ ਲਈ ਗ੍ਰਿਹਸਤ ਤਿਆਗਣ ਦੀ ਲੋੜ ਨਹੀਂ, ਸਗੋਂ ਇਸ ਮਾਰਗ ਨੂੰ ਸਮਝ ਕੇ ਅਨੰਦ ਭਰਨ ਲਈ ਆਖਿਆ ਗਿਆ ਹੈ। ਜਿਸ ਤਰ੍ਹਾਂ ਆਮ ਸਰੋਵਰਾਂ, ਨਦੀਆਂ, ਨਾਲਿਆਂ ਨਾਲੋਂ ਸਮੁੰਦਰ, ਪਰਬਤਾਂ ਵਿੱਚੋਂ ਸੁਮੇਰ ਪਰਬਤ ਵੱਡਾ ਹੈ। ਸਾਰਿਆਂ ਦਰੱਖ਼ਤਾਂ ਨਾਲੋਂ ਚੰਦਨ ਦੀ ਸੁਗੰਧੀ ਤੇ ਧਾਤਾਂ ਵਿੱਚੋਂ ਸੋਨੇ ਦੀ ਧਾਤ ਵਧੀਆ ਮੰਨੀ ਗਈ ਹੈ। ਪੰਛੀਆਂ ਵਿੱਚੋਂ ਹੰਸ, ਜਾਨਵਰਾਂ ਵਿੱਚੋਂ ਸ਼ੇਰ, ਰਾਗਾਂ 'ਚੋਂ ਸਿਰੀ ਰਾਗ ਤੇ ਪੱਥਰਾਂ ਵਿੱਚੋਂ ਪਾਰਸ ਵਧੀਆ ਮੰਨੇ ਗਏ ਹਨ, ਉਸ ਤਰ੍ਹਾਂ ਗੁਰੂ ਦਾ ਗਿਆਨ ਤੇ ਉਸ ਨੂੰ ਧਿਆਨ ਨਾਲ ਅਪਣਾਉਣਾ ਸ੍ਰੇਸ਼ਟ ਮੰਨਦਿਆਂ ਸਾਰਿਆਂ ਧਰਮਾਂ ਵਿੱਚੋਂ ਗ੍ਰਿਹਸਤ ਪ੍ਰਧਾਨ ਮੰਨਿਆ ਗਿਆ ਹੈ :

ਜੈਸੇ ਸਰ ਸਰਿਤਾ ਮੈ ਸਕਲ ਮੈ ਸਮੁਦ੍ਰ ਬਡੋ,
ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ ॥
ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ,
ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ ॥
ਪੰਛੀਅਨ ਮੈ ਹੰਸੁ, ਮ੍ਰਿਗ ਰਾਜਨ ਮੈ ਸਾਰਦੂਲ,
ਰਾਗਨ ਮੈ ਸਿਰੀ ਰਾਗੁ, ਪਾਰਸ ਪਖਾਨ ਹੈ ॥

ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ,
ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ ॥੩੭੬॥ *(ਕਬਿੱਤ)*

ਸਿਖੀ ਨੇ ਜ਼ਿੰਦਗੀ ਵਿਚ ਮੁਕੰਮਲ ਪੂਰਨਤਾ ਲਈ ਗ੍ਰਹਿਸਤ ਨੂੰ ਪਹਿਲ ਦਿੱਤੀ ਹੈ। ਸਰੀਰ ਦੀਆਂ ਅੰਦਰਲੀਆਂ ਤੇ ਕੁਝ ਬਾਹਰਲੀਆਂ ਲੋੜਾਂ ਹਨ ਤੇ ਇਨ੍ਹਾਂ ਦੀ ਪੂਰਤੀ ਕਰਦਿਆਂ ਹੀ ਸੰਸਾਰ ਦੀ ਰਚਨਾ ਹੁੰਦੀ ਹੈ। ਗ੍ਰਹਿਸਤ ਦਾ ਦੂਜਾ ਨਾਂ ਸੰਜਮ-ਮਰਯਾਦਾ ਹੈ ਜੋ ਸਮਾਜ ਵਿਚ ਬਲਾਤਕਾਰ ਵਰਗੀਆਂ ਕਲੰਕਤ ਘਟਨਾਵਾਂ ਤੋਂ ਬਚਾਉਂਦਾ ਹੀ ਨਹੀਂ, ਸਗੋਂ ਇਹ ਵਿਧਵਾ ਦੇ ਪੁਨਰ ਵਿਆਹ 'ਤੇ ਜ਼ੋਰ ਦੇਂਦਿਆਂ ਬਾਲ ਵਿਆਹ 'ਤੇ ਰੋਕ ਲਗਾਉਂਦਾ ਹੈ। ਗ੍ਰਹਿਸਤ ਇਕ ਰੱਬੀ ਨਿਯਮਾਵਲੀ ਦਾ ਨਾਂ ਹੈ, ਜਿਸ ਨੂੰ ਸਮਝਿਆਂ ਜੀਵਨ ਵਿਚ ਸਾਂਵਾਂ-ਪਨ ਆਉਂਦਾ ਹੈ।

ਰਹਿਤ-ਮਰਯਾਦਾ ਵਿਚ ਇਕ ਨੁਕਤਾ ਦਿੱਤਾ ਗਿਆ ਹੈ, ਕਿ "ਅਨੰਦ ਤੋਂ ਪਹਿਲੋਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।" ਦੋ ਪਰਿਵਾਰਾਂ ਦਾ ਆਪਸ ਵਿਚ ਮੇਲ-ਜੋਲ ਹੁੰਦਾ ਹੈ ਤਾਂ ਉਥੇ ਕੁਝ ਲੈਣ-ਦੇਣ ਵੀ ਹੁੰਦਾ ਹੈ। ਜਿਸ ਤਰ੍ਹਾਂ ਪਹਿਲਾਂ ਦੱਸਿਆ ਗਿਆ ਹੈ ਕਿ ਵਿਆਹ ਸਰੀਰ ਦੇ ਤਲ ਅਤੇ ਆਤਮਾ ਦੇ ਤਲ 'ਤੇ ਹੁੰਦਾ ਹੈ। ਵਿਆਹ, ਭਾਵ ਦੋ ਸਰੀਰਾਂ ਦਾ ਮੇਲ ਤੇ ਆਤਮਾਵਾਂ ਦੇ ਮੇਲ ਨੂੰ ਆਖਿਆ ਗਿਆ ਹੈ। ਸਮਾਜ ਵਿਚ ਕੁੜਮਾਈ ਦੀ ਰਸਮ ਵੇਲੇ ਕੁਝ ਲੈਣ-ਦੇਣ ਕੀਤਾ ਜਾਂਦਾ ਹੈ। ਲਿਹਾਜ਼ਾ ਅੰਤਰ-ਆਤਮਾਵਾਂ ਦੇ ਮਿਲਾਪ ਲਈ ਵੀ ਕੁਝ ਲੈਣ-ਦੇਣ ਕਰਨ ਲਈ ਕਿਹਾ ਗਿਆ ਹੈ। ਲੜਕੀ ਅਤੇ ਲੜਕੇ ਦੇ ਆਪਸੀ ਮਿਲਾਪ ਤੋਂ ਪਹਿਲਾਂ ਪਰਿਵਾਰਾਂ ਦਾ ਮਿਲਣਾ ਜ਼ਰੂਰੀ ਕਰਾਰ ਕੀਤਾ ਗਿਆ ਹੈ। ਜੇ ਪਰਿਵਾਰਾਂ ਦੀ ਆਪਸੀ ਗੰਢ ਪੀਡੀ ਬੱਝ ਜਾਏ ਤਾਂ ਬੱਚਿਆਂ ਦੇ ਜੀਵਨ ਵਿਚ ਖੇੜਾ ਝਲਕਾਂ ਮਾਰਦਾ ਦਿਖਾਈ ਦੇਵੇਗਾ। ਕੁੜਮਾਈ ਦੀ ਰਸਮ ਵੇਲੇ ਸਦ-ਗੁਣਾਂ ਦੇ ਲੈਣ-ਦੇਣ ਦੀ ਪ੍ਰਕ੍ਰਿਆ ਨੂੰ ਪਰਪੱਕ ਕਰਦਿਆਂ, ਸਤੁ, ਸੰਤੋਖ ਵਰਗੇ ਦੈਵੀ ਨਿਯਮਾਂ ਨੂੰ ਵਰਤਣ ਦੀ ਖੁੱਲ੍ਹ ਮਿਲਦੀ ਹੈ। ਜਿਥੇ ਇਨ੍ਹਾਂ ਗੁਣਾਂ ਦਾ ਆਪਸੀ ਲੈਣ-ਦੇਣ ਕਰਨਾ ਬਣਦਾ ਹੈ, ਉਥੇ ਫਿਰ ਪਿਆਰ ਦਾ ਬੂਟਾ ਜਨਮ ਲਏਗਾ। ਕੁੜਮਾਈ ਦੀ ਰਸਮ ਨਿਬਾਹੁੰਦਿਆਂ ਸਿਰਫ਼ ਪਰਿਵਾਰਾਂ ਤੀਕ ਸੀਮਤ ਹੀ ਨਹੀਂ ਰੱਖਿਆ ਗਿਆ, ਸਗੋਂ ਇਹ ਲੈਣ-ਦੇਣ ਕਰਨ ਲਈ ਭਲੇ ਪੁਰਸ਼ਾਂ ਦਾ ਇਕੱਠ ਕਰਕੇ ਉਸ ਵਿਚ ਰਸਮ ਅਦਾ ਕਰਨ ਲਈ ਕਿਹਾ ਗਿਆ ਹੈ। ਗੁਰਬਾਣੀ ਗਾਉਂਦਿਆਂ ਵਿਚਾਰਦਿਆਂ ਮਨਾਂ ਵਿਚ ਆਏ ਭਰਮ ਤੇ ਪਾਖੰਡ ਹੀ ਦੂਰ ਨਹੀਂ ਹੁੰਦੇ, ਸਗੋਂ ਕ੍ਰੋਧ, ਮੋਹ, ਮਮਤਾ

ਤੇ ਨਿਜ ਸੁਆਰਥ ਵਰਗੀਆਂ ਕਮਜ਼ੋਰੀਆਂ ਆਪਣੇ ਆਪ ਹੀ ਕਿਨਾਰਾ ਕਰ ਲੈਂਦੀਆਂ ਹਨ। ਹਉਮੈ ਵਰਗੀ ਭਿਆਨਕ ਬਿਮਾਰੀ ਦਾ ਦਰਦ ਦੂਰ ਹੁੰਦਿਆਂ ਸਰੀਰਕ ਅਰੋਗਤਾ ਆਉਂਦੀ ਹੈ, ਭਾਵ ਗਿਆਨ-ਇੰਦ੍ਰੇ ਸਮਝਦਾਰ ਨੂੰਹ ਪੁੱਤ ਵਾਂਗ ਰੱਬੀ ਨਿਯਮਾਵਲੀ 'ਤੇ ਤੁਰਨ ਦੇ ਆਦੀ ਹੋ ਜਾਂਦੇ ਹਨ। ਗੁਰਪਰਸਾਦੀ ਭਾਵ ਗੁਰੂ ਦੇ ਗਿਆਨ ਵਿੱਚੋਂ ਇਨ੍ਹਾਂ ਗੁਣਾਂ ਦੀ ਡੂੰਘੀ ਪਹਿਚਾਣ ਹੁੰਦੀ ਹੈ ਤੇ ਏਹੀ ਰੱਬੀ ਮਿਲਾਪ ਮਿੱਥਿਆ ਗਿਆ ਹੈ :

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥
ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥
ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥੨॥

(ਰਾਗ ਸੂਹੀ ਮਹਲਾ ੪, ਛੰਤੁ ਘਰੁ ੧, ਪੰਨਾ 773)

ਸਿੱਖ ਰਹਿਤ ਮਰਯਾਦਾ ਦੇ ਪੰਨਾ 26 'ਤੇ (ਙ) ਭਾਗ ਵਿਚ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੋਇਆ ਹੈ ਕਿ ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ, ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਬਿਠਾਏ ਜਾਣ। ਸੰਗਤ ਦੀ ਆਗਿਆ ਲੈ ਕੇ ਅਨੰਦ ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ, ਲੜਕੀ ਤੇ ਉਹਨਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰ ਕੇ ਅਨੰਦ ਦੇ ਅਰੰਭ ਦਾ ਅਰਦਾਸਾ ਸੋਧੇ, ਮੁਖਵਾਕ ਦੇ ਉਪਰੰਤ, ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਏਥੇ ਇਕ ਆਮ ਉਕਾਈ ਕੀਤੀ ਜਾਂਦੀ ਹੈ ਕਿ ਸਿਰਫ਼ ਲੜਕੀ ਨੂੰ ਹੀ ਸੰਬੋਧਨ ਕਰ ਕੇ ਉਪਦੇਸ਼ ਦਿੱਤਾ ਜਾਂਦਾ ਹੈ, ਜਦ ਕਿ ਗੁਰਬਾਣੀ ਦਾ ਉਪਦੇਸ਼ ਬਣ ਰਹੀ ਸੁਭਾਗ ਜੋੜੀ ਲਈ ਸਾਂਝਾ ਹੈ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ ਪਤਨੀ ਦੇ ਸੰਬੰਧ ਨੂੰ ਜੀਵ ਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉੱਤੇ ਢਾਲਣ ਦੀ ਵਿਧੀ ਦੱਸੇ। ਦੋ ਸਰੀਰਾਂ ਨੇ ਇਕ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਹੈ ਤੇ ਇਸ ਸ਼ੁਰੂਆਤ ਨੂੰ ਸਫਲਤਾ ਵਿਚ ਬਦਲਣ ਲਈ ਸੂਹੀ ਰਾਗ ਵਿਚ ਉਚਾਰਣ ਕੀਤੀਆਂ ਚਾਰ ਲਾਵਾਂ ਦੇ ਰੱਬੀ ਉਪਦੇਸ਼ ਨੂੰ ਗਹਿਰੀ ਸੂਝ ਨਾਲ ਸਮਝਣ ਦੀ ਜ਼ਰੂਰਤ ਹੈ। ਕੇਵਲ ਏਨਾ ਹੀ ਨਹੀਂ ਕਿ ਚਾਰ ਲਾਵਾਂ ਤਰਤੀਬ ਨਾਲ ਪੜ੍ਹ ਲਈਆਂ, ਇਹਨਾਂ ਦਾ ਮੁੜ ਕੀਰਤਨ ਕਰ ਲਿਆ ਅਤੇ ਅਨੰਦ ਕਾਰਜ ਸੰਪੂਰਨ ਹੋ ਗਿਆ। ਆਪਣੀ ਵਾਹਵਾ-ਵਾਹਵਾ ਸੱਦੇ ਹੋਏ ਲੋਕਾਂ ਪਾਸੋਂ ਕਰਵਾ ਲਈ,

ਪ੍ਰਸ਼ਾਦੇ ਛਕੇ, ਸੂਟਾਂ ਦੀ ਪ੍ਰਦਰਸ਼ਨੀ ਕੀਤੀ ਤੇ ਘਰਾਂ ਨੂੰ ਮੁੜ ਆਏ। ਅਜੇਹੇ ਮੌਕਿਆਂ ਨੂੰ ਗੁਰਬਾਨੀ ਦੀ ਮਹਾਨਤਾ ਤੇ ਇਸ ਦੇ ਉਪਦੇਸ਼ ਨੂੰ ਸਮਝਣ-ਸਮਝਾਉਣ ਦਾ ਯੋਗ ਪ੍ਰਬੰਧ ਹੋਣਾ ਚਾਹੀਦਾ ਹੈ। ਚਾਰ ਲਾਵਾਂ ਵਿੱਚੋਂ ਪਹਿਲੀ ਲਾਂਵ ਦਾ ਪਾਠ ਇਸ ਪ੍ਰਕਾਰ ਹੈ:

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥

(ਪੰਨਾ 773)

ਲਾਵ ਦਾ ਅਰਥ ਹੈ: ਤੋੜਨ ਦੀ ਕ੍ਰਿਆ—ਵਿਆਹ ਸਮੇਂ ਪਰਿਕਰਮਾ (ਫੇਰਾ) ਜਿਸ ਦੁਆਰਾ ਪਿਤਾ ਦੇ ਘਰ ਨਾਲੋਂ ਸੰਬੰਧ ਤੋੜ ਕੇ, ਪਤੀ ਨਾਲ ਜੋੜਿਆ ਜਾਂਦਾ ਹੈ। ਪਰਵਿਰਤੀ ਦਾ ਅਰਥ ਹੈ—ਮਨ ਦੀ ਵਿਹਾਰ ਵੱਲ ਲਗਨ ਤੇ ਪਰਵਿਰਤੀ ਕਰਮ—ਪਰਮਾਤਮਾ ਦਾ ਨਾਮ ਜਪਣ ਦੇ ਆਹਰ ਵਿਚ ਰੁੱਝਣ ਦਾ ਕੰਮ। ਪਰਵਿਰਤੀ ਕਰਮ ਗ੍ਰਿਹਸਤ ਤੇ ਧਰਮ ਨੂੰ ਇਕੱਠਿਆਂ ਕੀਤਾ ਗਿਆ ਹੈ। ਦ੍ਰਿੜਾਇਆ—ਗੁਰੂ ਨੇ ਨਿਸ਼ਚੇ ਕਰਾਇਆ ਹੈ। ਦ੍ਰਿੜਹੁ—ਪੱਕਾ ਕਰੋ ਹਿਰਦੇ ਵਿਚ। ਤਜਾਇਆ—ਚਲੇ ਜਾਂਦੇ ਹਨ।

ਹੇ ਰਾਮ ਜੀ! ਮੈਂ ਤੈਥੋਂ ਸਦਕੇ ਹਾਂ। (ਤੇਰੀ ਮਿਹਰ ਨਾਲ ਗੁਰੂ ਨੇ ਸਿੱਖ ਨੂੰ) ਪਰਮਾਤਮਾ ਦੇ ਨਾਮ ਜਪਣ ਦੇ ਆਹਰ ਵਿਚ ਰੁੱਝਣ ਦਾ ਕੰਮ ਪੱਕਾ ਕਰਾਇਆ ਹੈ। ਤਾਕੀਦ ਕੀਤੀ ਹੈ ਕਿ ਪਰਮਾਤਮਾ ਨਾਲ ਜੀਵ-ਰੂਪੀ-ਇਸਤਰੀ ਦੀ ਇਹ ਪਹਿਲੀ ਲਾਂਵ ਹੈ। ਸੰਸਾਰ ਵੱਲੋਂ ਤੋੜ ਕੇ ਨਿਰੰਕਾਰ ਵੱਲ ਨੂੰ ਮੁੜਨ ਦਾ ਸਾਰਥਿਕ ਯਤਨ ਹੈ। ਸੰਸਾਰ ਤਿਆਗਣ ਨੂੰ ਨਹੀਂ ਕਿਹਾ, ਸਗੋਂ ਸਮਝਣ ਨੂੰ ਕਿਹਾ ਗਿਆ ਹੈ। ਪਰਵਿਰਤੀ ਕਰਮ—ਨਾਮ ਸਿਮਰਨ ਭਾਵ ਆਤਮਿਕ ਸੂਝ ਵੱਲ ਨੂੰ ਮੁੜਨ ਦਾ ਪ੍ਰੇਰਨਾ ਸਰੋਤ ਹੈ। ਪਹਿਲੀ ਲਾਂਵ ਵਿਚ ਪੂਰੇ ਸਤਿਗੁਰੂ ਨੂੰ ਆਰਾਧਨ ਲਈ ਆਖਿਆ ਗਿਆ ਹੈ। ਬਾਰ-ਬਾਰ ਸਤਿਗੁਰੂ ਜੀ ਦੇ ਉਪਦੇਸ਼ ਨੂੰ ਧਿਆਨ ਨਾਲ ਵਿਚਾਰ ਕੇ ਅਮਲ ਕਰਨ ਲਈ ਕਿਹਾ ਗਿਆ ਹੈ:

ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥

ਪਾਪ ਦੀ ਸਤਹ ਬਾਹਰੋਂ ਦਿਖਾਈ ਨਹੀਂ ਦੇਂਦੀ, ਅੰਦਰਲੀ ਮਲੀਨ ਸੋਚ ਦਾ ਨਾਂ ਹੀ ਪਾਪ ਹੈ। ਸਤਿਗੁਰ ਦਾ ਆਰਾਧਨਾ ਪੁੰਨਿਆ ਦੀ ਰਾਤ ਦਾ ਚਿੱਟਾ ਚਾਨਣ ਹੈ ਤੇ ਕਿਲਵਿਖ ਮੱਸਿਆ ਦੀ ਕਾਲੀ ਬੋਲ਼ੀ ਅੰਧੇਰੀ ਰਾਤ ਵਾਂਗ ਹੈ।

ਲਾਂਵ ਤੋੜਨ ਦੀ ਕਿਰਿਆ ਹੈ। ਸਤਿਗੁਰੂ ਦਾ ਆਰਾਧਨਾ, ਸਤਿਗੁਰੂ ਦੇ ਗਿਆਨ ਨੂੰ ਲੈ ਕੇ ਹਰ ਰੋਜ਼ ਇਸ ਦਾ ਅਭਿਆਸ ਕਰਨਾ ਹੀ ਅਸਲ ਵਿਚ ਆਰਾਧਨਾ ਹੈ। ਲੱਗਦੇ-ਚਾਰੇ ਕੋਈ ਵੀ ਮਨੁੱਖ ਆਪਣੀ ਚੀਜ਼ ਗੁਆਉਣੀ ਨਹੀਂ ਚਾਹੁੰਦਾ, ਪਰ ਗੁਰੂ ਜੀ ਪਾਪ ਨੂੰ ਗਵਾਉਣ ਵਾਸਤੇ ਆਖ ਰਹੇ ਹਨ, ਕਿਉਂਕਿ ਆਦਮੀ ਦੇ ਮਨ ਅੰਦਰ ਕਰਮ ਕਰਨ ਤੋਂ ਪਹਿਲਾਂ ਸੋਚ ਹੀ ਜਨਮ ਲੈਂਦੀ ਹੈ। ਜੇ ਸੋਚ ਹੀ ਮਲੀਨ ਹੋਵੇ ਤਾਂ ਕਰਮ ਆਪਣੇ ਆਪ ਹੀ ਭੈੜਾ ਹੋਏਗਾ। ਇਸ ਲਈ ਸੋਚ ਨੂੰ ਪਵਿੱਤਰ ਰੱਖਣ ਲਈ ਤੇ ਮਲੀਨਤਾ ਤੋਂ ਬਚਾ ਕੇ ਰੱਖਣ ਲਈ ਗੁਰੂ ਦੇ ਉਪਦੇਸ਼ ਨੂੰ ਅਪਣਾਉਣਾ ਜ਼ਰੂਰੀ ਹੈ।

ਇਥੇ ਇਕ ਘਟਨਾ ਵੀ ਸਾਂਝੀ ਕਰਨੀ ਹੈ ਭਾਵੇਂ ਅਜਿਹੀਆਂ ਘਟਨਾਵਾਂ ਨਾ ਵੀ ਵਾਪਰੀਆਂ ਹੋਵਣ ਪਰ ਫਿਰ ਵੀ ਉਨ੍ਹਾਂ ਵਿੱਚੋਂ ਤੱਤ ਗਿਆਨ ਦੀ ਝਲਕ ਮਿਲ ਜਾਂਦੀ ਹੈ। ਕਹਿੰਦੇ ਹਨ, ਦੋ ਦੋਸਤ ਇਕ ਨਦੀ ਨੂੰ ਪਾਰ ਕਰਨ ਲੱਗੇ ਤਾਂ ਅਚਾਨਕ ਇਕ ਬੀਬੀ ਆ ਗਈ। ਉਸ ਨੇ ਇਕ ਵੀਰ ਨੂੰ ਤਰਲਾ ਮਾਰਿਆ ਕਿ ਮੈਨੂੰ ਵੀ ਆਪਣੇ ਆਸਰੇ ਨਾਲ ਇਹ ਨਦੀ ਪਾਰ ਕਰਾ ਦਿਉ। ਦੋਨਾਂ ਵਿੱਚੋਂ ਇਕ ਜਣੇ ਨੇ ਉਸ ਬੀਬੀ ਦਾ ਹੱਥ ਫੜਿਆ ਤੇ ਉਸ ਨੂੰ ਨਦੀ ਪਾਰ ਕਰਾ ਦਿੱਤੀ। ਦੋਨੋਂ ਦੋਸਤ ਆਪਣੀ ਮੰਜ਼ਲ 'ਤੇ ਪਹੁੰਚ ਗਏ ਤੇ ਆਪਸ ਵਿਚ ਗੱਲਾਂ ਬਾਤਾਂ ਦਾ ਦੌਰ ਸ਼ੁਰੂ ਹੋਇਆ। ਹੱਥ ਫੜ ਕੇ ਨਦੀ ਪਾਰ ਕਰਾਉਣ ਵਾਲੇ ਵੀਰ ਨੂੰ ਉਸ ਦਾ ਦੋਸਤ ਪੁੱਛਦਾ ਹੈ—"ਸੁਣਾ, ਫਿਰ ਤੈਨੂੰ ਉਸ ਬੀਬੀ ਨੇ ਫਿਰ ਵੀ ਕਦੀ ਮਿਲਣ ਲਈ ਕਿਹਾ ਹੈ ਕਿ ਨਹੀਂ ?" ਹੱਥ ਫੜਨ ਵਾਲਾ ਕਹਿੰਦਾ ਹੈ—"ਕਿਹੜੀ ਬੀਬੀ ?" ਤਾਂ ਉਸ ਦਾ ਦੋਸਤ ਕਹਿੰਦਾ ਹੈ—"ਉਹੀ ਜਿਸਦਾ ਤੂੰ ਹੱਥ ਫੜ ਕੇ ਨਦੀ ਪਾਰ ਕਰਾ ਕੇ ਆਇਆ ਏਂ।" ਉਸ ਦੇ ਦੋਸਤ ਨੇ ਉੱਤਰ ਦਿੱਤਾ, "ਭਲਿਆ, ਮੈਂ ਉਸ ਬੀਬੀ ਦਾ ਹੱਥ ਫੜ ਕੇ ਨਦੀ ਜ਼ਰੂਰ ਪਾਰ ਕਰਾਈ ਸੀ, ਪਰ ਮੈਂ ਉਸ ਨੂੰ ਉਥੇ ਹੀ ਛੱਡ ਆਇਆਂ, ਦੁਖ ਇਸ ਗੱਲ ਦਾ ਹੀ ਹੈ ਕਿ ਤੂੰ ਉਸ ਨੂੰ ਅਜੇ ਵੀ ਚੁੱਕੀ ਫਿਰਦਾ ਏਂ।" ਗੱਲ ਕੀ, ਮਨ ਵਿਚ ਹਰ ਵੇਲੇ ਮਲੀਨ ਸੋਚਾਂ ਦਾ ਰਹਿਣਾ ਹੀ ਪਾਪ ਹੈ। ਪਹਿਲੀ ਲਾਂਵ ਵਿਚ 'ਪਾਪ' ਸ਼ਬਦ ਦੋ ਵਾਰ ਆਇਆ ਹੈ ਜੋ ਸਫਲ ਜੀਵਨ ਲਈ ਵੱਡੀ ਰੁਕਾਵਟ ਮੰਨਿਆ ਗਿਆ ਹੈ।

ਪਹਿਲੀ ਤੁਕ ਵਿਚ 'ਪਰਵਿਰਤੀ' ਸ਼ਬਦ ਆਇਆ ਹੈ, ਜਿਸ ਦਾ ਅੱਖਰੀ ਅਰਥ ਮਨ ਨੂੰ ਵਿਹਾਰ ਵੱਲ ਮੋੜਨ ਦਾ ਹੈ। ਗੁਰੂ ਜੀ ਨੇ 'ਪਰਵਿਰਤੀ' ਸ਼ਬਦ ਦੇ ਨਾਲ 'ਕਰਮ' ਸ਼ਬਦ ਦੀ ਵਰਤੋਂ ਕਰ ਕੇ ਇਸ ਸ਼ਬਦ ਦਾ ਭਾਵ-ਅਰਥ ਹੀ ਤਬਦੀਲ ਕਰ ਦਿੱਤਾ ਹੈ, ਕਿ ਸੰਸਾਰ ਵਿਚ ਰਹਿੰਦਿਆਂ ਹੀ ਨਿਰਵਿਰਤ ਹੋਣਾ ਹੈ। ਆਮ ਹਾਲਤਾਂ ਵਿਚ ਮਨੁੱਖ ਦੋ ਕਿਸਮ ਦੇ ਮਿਲਦੇ ਹਨ। ਇਕ ਉਹ ਮਨੁੱਖ ਹੈ ਜੋ ਸੰਸਾਰ ਦੇ ਮੋਹ ਵਿਚ ਲਿਬੜ ਕੇ ਰਹਿ ਗਿਆ ਹੈ ਤੇ ਦੂਜਾ ਇਸ ਤੋਂ

ਉਲਟ ਦਿਸ਼ਾ ਵੱਲ ਨੂੰ ਚਲਾ ਗਿਆ ਹੈ। ਦੋਹਾਂ ਦਾ ਸੰਤੁਲਿਤ ਜੀਵਨ ਨਾ ਰਿਹਾ, ਕਈ ਕਿਸਮ ਦੇ ਵਿਗਾੜ ਪੈਦਾ ਹੋ ਗਏ। ਸਿੱਖ ਪੰਥ ਵਿਚ ਵੀ ਅਜੇਹੇ ਵਿਹਲੜ ਪੁਰਸ਼ਾਂ ਦੀਆਂ ਭਰਮਾਰਾਂ ਦੇਖਣ ਨੂੰ ਮਿਲ ਜਾਂਦੀਆਂ ਹਨ। ਵਿਆਹ ਨਾ ਕਰਾਉਣ ਵਾਲੇ ਪਾਖੰਡੀ ਵਿਹਲੜਾਂ ਦੀਆਂ ਧਾੜਾਂ ਆਮ ਡੇਰਿਆਂ ਦੇ ਰੂਪ ਵਿਚ ਦੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਦੇ ਚਿੱਠੇ ਅਕਸਰ ਅਖ਼ਬਾਰਾਂ ਵਿਚ ਛਪਦੇ ਹੀ ਰਹਿੰਦੇ ਹਨ। ਸਤਿਗੁਰਾਂ ਨੇ ਪਹਿਲੀ ਤੁਕ ਵਿਚ ਪਰਮਾਤਮਾ ਦੇ ਬਖ਼ਸ਼ੇ ਉੱਦਮ ਦੀ ਗੱਲ ਕਰਦਿਆਂ ਸਤਿਗੁਰੂ ਦੇ ਗਿਆਨ ਨੂੰ ਦ੍ਰਿੜ੍ਹ ਕਰਨ ਲਈ ਕਿਹਾ ਹੈ :

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥

ਹੇ ਮੇਰੇ ਰਾਮ ਜੀਉ, ਮੈਂ ਤੇਰੇ ਤੋਂ ਸਦਕੇ ਜਾਂਦਾ ਹਾਂ ਕਿ ਮੈਨੂੰ ਸਤਿਗੁਰੂ ਨੇ ਆਪਣਾ ਉਪਦੇਸ਼ ਦੇ ਕੇ ਪਰਵਿਰਤੀ ਕਰਮ ਦੀਆਂ ਬਰੀਕੀਆਂ ਸਮਝਾ ਦਿੱਤੀਆਂ ਹਨ। 'ਦ੍ਰਿੜਾਇਆ' ਸ਼ਬਦ ਸਤਿਗੁਰੂ ਦੇ ਗਿਆਨ ਦਾ ਪ੍ਰਤੀਕ ਹੈ। ਅਸਲ ਵਿਆਹ ਤਾਂ ਜੀਵ ਆਤਮਾ ਦਾ ਪਰਮਾਤਮਾ ਨਾਲ ਹੋਣਾ ਹੈ। ਪਰਮਾਤਮਾ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ, ਇਸ ਲਈ ਸਤਿਗੁਰੂ ਦੇ ਸਦੀਵ-ਕਾਲ ਗਿਆਨ ਵਿੱਚੋਂ ਸਦ-ਗੁਣਾਂ ਦਾ ਪ੍ਰਗਟ ਹੋਣਾ ਤੇ ਇਨ੍ਹਾਂ ਨੂੰ ਅਪਣਾਉਣਾ ਹੀ ਰੱਬੀ ਮਿਲਾਪ ਹੈ। ਇਹੀ ਪਰਵਿਰਤੀ ਕਰਮ ਦੀ ਵਿਸ਼ੇਸ਼ ਖ਼ੂਬੀ ਹੈ। ਸਫਲ ਜੀਵਨ ਲਈ ਪਹਿਲੀ ਲਾਂਵ ਰਾਹੀਂ ਮਨ ਵਿਚ ਆਈ ਮਲੀਨ ਸੋਚ ਜਿਸ ਨੂੰ ਪਾਪ ਦਾ ਨਾਂ ਦਿੱਤਾ ਹੈ, ਇਸ ਨੂੰ ਤਿਆਗਣ ਦਾ ਵਲ ਗੁਰੂ ਪਾਸੋਂ ਸਿੱਖਣ ਲਈ ਕਿਹਾ ਹੈ।

ਗੁਰਬਾਣੀ-ਉਪਦੇਸ਼ ਸਮੁੱਚੀ ਮਨੁੱਖਤਾ ਲਈ ਜੀਵਨ-ਜਾਚ ਦੀ ਥੰਮ੍ਹੀ ਅਥਵਾ ਸੂਝ ਦਾ ਪ੍ਰਤੀਕ ਹੈ। ਵੇਦਾਂ ਦੇ ਗਿਆਨ ਦਾ ਵਖਰੇਵਾਂ, ਸਨਾਤਨੀ ਕਰਮ-ਕਾਂਡ, ਅਗਨੀ ਪੂਜਾ ਤੇ ਅਖੌਤੀ ਬ੍ਰਹਮਾ ਦੇ ਗਿਆਨ ਨੂੰ ਰੱਦ ਕਰਦਿਆਂ, ਗਿਆਨ ਰੂਪੀ ਧਰਮ ਨੂੰ ਦ੍ਰਿੜ੍ਹ ਕਰਨ ਲਈ ਆਖਦਾ ਹੈ। ਅੰਦਰਲੇ ਪਾਪਾਂ ਨੂੰ ਸਮਝ ਕੇ ਇਨ੍ਹਾਂ ਤੋਂ ਬਚਣ ਦਾ ਸਮਾਧਾਨ ਦੱਸਦਾ ਹੈ :

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥

ਸਿੱਖ ਲਈ ਗੁਰਬਾਣੀ ਗਿਆਨ ਹੀ ਬ੍ਰਹਮਾ ਤੇ ਵੇਦ ਹੈ। ਇਸ ਰੱਬੀ ਗਿਆਨ ਦੇ ਗੁਣਾਂ ਦਾ ਹਰ ਰੋਜ਼ ਅਭਿਆਸ ਕਰਨਾ ਹੈ। ਉਂਝ ਮਨੁੱਖ ਦੀ ਇਹ ਫ਼ਿਤਰਤ ਹੈ ਕਿ ਹਰ ਵੇਲੇ ਘਟੀਆ ਖ਼ਿਆਲਾਂ ਨੂੰ ਚਿਤਵਦਾ ਰਹਿੰਦਾ ਹੈ, ਜੋ ਭਿਆਨਕ ਪਾਪਾਂ ਨੂੰ ਜਨਮ ਦੇਂਦੇ ਹਨ। ਇਸ ਤੁਕ ਵਿਚ ਧਰਮ ਨੂੰ ਦ੍ਰਿੜ੍ਹ ਕਰਨ ਦਾ ਸੱਦਾ ਦਿੱਤਾ ਗਿਆ ਹੈ। ਧਰਮ ਦ੍ਰਿੜ੍ਹ ਕਰਨ ਦਾ ਅਰਥ ਹੈ, ਆਪਣੇ ਫ਼ਰਜ਼ ਦੀ ਪਹਿਚਾਣ ਕਰਨੀ ਜੋ ਗੁਰੂ ਦੇ ਉਪਦੇਸ਼ ਵਿੱਚੋਂ ਨਿਕਲਦੀ ਹੈ। ਇਸ ਆਤਮ

ਚਿੰਤਨ ਨੂੰ ਸਿਮਰਨ ਦਾ ਦਰਜਾ ਵੀ ਦਿੱਤਾ ਗਿਆ ਹੈ। ਧਰਮ ਦ੍ਰਿੜ ਕਰਨਾ ਗ੍ਰਿਹਸਤ ਦੀਆਂ ਬਰੀਕ ਜ਼ਿੰਮੇਵਾਰੀਆਂ ਨੂੰ ਸਮਝ ਕੇ ਸਦਾਚਾਰਕ ਗੁਣਾਂ ਦਾ ਹਰ ਰੋਜ਼ ਅਭਿਆਸ ਕਰਨਾ ਇਹ ਪਰਵਿਰਤੀ ਕਰਮ ਹੈ। ਤੀਜੀ ਤੁਕ ਵਿਚ ਫਿਰ ਧਰਮ ਨੂੰ ਦ੍ਰਿੜ ਕਰਨ ਤੇ ਨਾਮ ਸਿਮਰਨ ਲਈ ਕਿਹਾ ਗਿਆ ਹੈ। ਜੋ ਲੋਕ ਗ੍ਰਿਹਸਤ ਨੂੰ ਛੱਡ ਕੇ ਬਿਹੰਗਮ ਬਣ ਗਏ, ਉਹ ਮਨੁੱਖਤਾ ਦੇ ਫ਼ਰਜ਼ ਤੋਂ ਮੂੰਹ ਮੋੜ ਗਏ :

ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥

ਧਰਮ ਨੂੰ ਪੱਕਾ ਕਰਨਾ, ਨਾਮ ਧਿਆਉਣ ਵਿੱਚੋਂ ਜਨਮ ਲੈਂਦਾ ਹੈ। ਇਹ ਦੋਨੋਂ ਗੱਲਾਂ ਸਤਿਗੁਰੂ ਦੇ ਉਪਦੇਸ਼ ਵਿੱਚੋਂ ਨਿਕਲਦੀਆਂ ਹਨ। 'ਸਿਮ੍ਰਿਤਿ ਨਾਮੁ ਦ੍ਰਿੜਾਇਆ' ਕੋਈ ਤੋਤਾ ਰਟਨ ਨਹੀਂ ਹੈ ਬਲਕਿ ਗੁਰੂ ਗਿਆਨ ਨੂੰ ਨਿੱਤ ਵਰਤੋਂ ਵਿਚ ਲਿਆ ਕੇ ਇਸਦਾ ਅਭਿਆਸ ਕਰਨਾ ਹੈ ਤੇ ਇਸ ਨੂੰ ਆਤਮਿਕ ਕਮਾਈ ਕਿਹਾ ਗਿਆ ਹੈ। ਚੌਥੀ ਤੁਕ ਵਿੱਚੋਂ ਸਾਰੀਆਂ ਗੱਲਾਂ ਦਾ ਉੱਤਰ ਮਿਲ ਜਾਂਦਾ ਹੈ। 'ਸਤਿਗੁਰੁ ਗੁਰੁ ਪੂਰਾ ਆਰਾਧਹੁ' ਤਾਂ ਕਿ ਹਿਰਦੇ ਵਿਚ ਆਏ ਹੋਏ ਮਲੀਨ ਪਾਪ ਭਾਵ ਘਟੀਆ ਸੋਚਾਂ ਤੋਂ ਛੁਟਕਾਰਾ ਮਿਲ ਸਕੇ, ਜੋ ਕਿ ਕਿਲਵਿਖ ਕੱਟਣ ਦਾ ਸਿੱਧ-ਪੱਧਰਾ ਰਸਤਾ ਹੈ :

ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥

ਹਰ ਮਨੁੱਖ ਆਪਣੇ ਜੀਵਨ ਵਿਚ ਸਦਾਕਾਲ ਲਈ ਸੁੱਖ ਚਾਹੁੰਦਾ ਹੈ, ਪਰ ਇਹ ਸੁਖ ਬਾਜ਼ਾਰ ਵਿੱਚੋਂ ਮੁੱਲ ਨਹੀਂ ਮਿਲਦਾ। ਪਰਿਵਾਰਕ ਅਨੰਦ ਤੇ ਆਤਮਿਕ ਸੁੱਖ ਦੀ ਪਰਾਪਤੀ ਗੁਰੂ ਜੀ ਦੇ ਸੁਝਾਏ ਹੋਏ ਮਾਰਗ ਵਿੱਚੋਂ ਹੀ ਮਿਲ ਸਕਦੀ ਹੈ। ਆਮ ਅਖ਼ਬਾਰਾਂ ਵਿਚ ਪੜ੍ਹਨ ਸੁਣਨ ਨੂੰ ਮਿਲਦਾ ਹੈ ਕਿ ਸਾਡੇ ਜੋਤਿਸ਼, ਟੇਵੇ ਤੇ ਦੱਸੇ ਹੋਏ ਉਪਾਵਾਂ ਦੁਆਰਾ ਸੁੱਖ ਮਿਲ ਸਕਦਾ ਹੈ। ਲੋਕ ਸੌਖੇ ਸੁਖ ਦੀ ਭਾਲ ਲਈ ਇਨ੍ਹਾਂ ਦੇ ਪਿੱਛੇ ਤੁਰ ਪੈਂਦੇ ਹਨ ਕਿਉਂਕਿ ਗ੍ਰਿਹਸਤੀ ਦੀ ਜ਼ਿੰਦਗੀ ਵਿਚ ਕਈ ਉਤਰਾਅ-ਚੜ੍ਹਾਅ ਆਉਣ ਕਾਰਨ ਘਬਰਾਹਟ ਪੈਦਾ ਹੋ ਜਾਂਦੀ ਹੈ। ਪਰ ਲਾਵਾਂ ਦੇ ਇਸ ਪਾਠ ਦੁਆਰਾ ਗ੍ਰਿਹਸਤੀ ਦੀ ਆਤਮਿਕ ਤੌਰ 'ਤੇ ਸੁਖ ਸਹਿਜ ਵਾਲੀ ਅਵਸਥਾ ਹਮੇਸ਼ਾ ਲਈ ਬਣਾਉਣ ਦਾ ਯਤਨ ਕੀਤਾ ਗਿਆ ਹੈ। ਅਜੇਹਾ ਤਾਂ ਹੀ ਹੋ ਸਕਦਾ ਹੈ ਜੇ ਇਸ ਨੂੰ ਸਤਿਗੁਰੂ ਦੇ ਉਪਦੇਸ਼ ਗਿਆਨ ਮਨ ਨੂੰ ਮਿੱਠੇ ਲੱਗਣ ਲੱਗ ਪੈਣ :

ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥

ਸਤਿਗੁਰੂ ਦੇ ਮਾਰਗ 'ਤੇ ਚੱਲਣ ਦਾ ਅਭਿਆਸ ਕਰਨਾ ਹੀ ਵੱਡਿਆਂ ਭਾਗਾਂ ਦੀ ਗੱਲ ਹੈ। ਬਣ ਰਹੀ ਜੋੜੀ ਜਾਂ ਬਣ ਰਹੇ ਨਵੇਂ ਰਿਸ਼ਤੇਦਾਰਾਂ ਵਿੱਚੋਂ

ਬਾਹਲਾਪਨ ਦੂਰ ਹੋ ਜਾਏ, ਤਹੱਮਲ ਨਾਲ ਇਕ ਦੂਜੇ ਦੀ ਗੱਲ ਸੁਣਨ ਦੇ ਆਦੀ ਹੋ ਜਾਣ ਤਾਂ ਸਹਿਜ ਅਵਸਥਾ ਬਣ ਸਕਦੀ ਹੈ। ਜਦੋਂ ਅਸੀਂ ਇਕ ਦੂਜੇ ਨੂੰ ਮਿਲਦੇ ਹਾਂ ਤਾਂ ਰਾਜ਼ੀ ਖ਼ੁਸ਼ੀ ਪੁੱਛਣ 'ਤੇ ਪਤਾ ਲੱਗਦਾ ਹੈ ਕਿ ਅਸੀਂ ਬਿਲਕੁਲ ਚੜ੍ਹਦੀ ਕਲਾ ਤੇ ਅਨੰਦ ਵਿਚ ਵਿਚਰ ਰਹੇ ਹਾਂ। ਦਸਾਂ ਕੁ ਮਿੰਟਾਂ ਬਾਅਦ ਉਹੀ ਆਦਮੀ ਘਰੇਲੂ ਮਜਬੂਰੀਆਂ ਕਰਕੇ ਰੋਂਦਾ ਹੋਇਆ ਦਿੱਸਦਾ ਹੁੰਦਾ ਹੈ। ਕਹਿਣ ਮਾਤਰ ਅਸੀਂ ਅਨੰਦ ਤੇ ਸਹਿਜ ਅਵਸਥਾ ਵਿਚ ਹਾਂ, ਉਂਞ ਅਜੇਹੇ ਗੁਣ ਬਾਲਿਆਂ ਵੀ ਨਹੀਂ ਮਿਲਦੇ। ਸਹਿਜ ਅਵਸਥਾ ਦਾ ਅਭਿਆਸ ਕੀਤਿਆਂ ਜਦੋਂ ਮਨ ਕਰਕੇ ਨਾਮ ਮਿੱਠਾ ਲੱਗਣ ਲੱਗ ਪਿਆ ਤਾਂ ਆਤਮਿਕ ਸੁਖ ਦੀ ਪ੍ਰਾਪਤੀ ਦਾ ਜਨਮ ਹੁੰਦਾ ਹੈ, ਪਰ ਨਾਮ ਮਿਲਣਾ ਹੈ ਗੁਰਬਾਣੀ ਦੇ ਉਪਦੇਸ਼ ਵਿੱਚੋਂ, ਜਿਥੋਂ ਸਹਿਜ ਤੇ ਅਨੰਦ ਝਲਕਾਂ ਮਾਰਦੇ ਦਿੱਸਦੇ ਹਨ। ਇਸ ਦਾ ਦੂਜਾ ਨਾਮ ਧੀਰਜ ਵੀ ਰੱਖਿਆ ਗਿਆ ਹੈ। ਪਹਿਲੀ ਲਾਂਵ ਦੁਆਰਾ ਜੀਵ-ਆਤਮਾ ਦਾ ਪਰਮਾਤਮਾ ਨਾਲ ਵਿਆਹ ਦਾ ਮੁੱਢ ਬੱਝਦਾ ਹੈ, ਵਿਆਹ ਦਾ ਅਰਥ ਹੀ ਰੱਬੀ ਗੁਣਾਂ ਦਾ ਮਿਲਾਪ ਹੈ:

ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥

ਵਿਆਹ ਪਰਿਵਾਰਾਂ ਦੇ ਮਿਲਾਪ ਦੀ ਇਕ ਪ੍ਰਕ੍ਰਿਆ ਹੈ, ਜਿਸ ਰਾਹੀਂ ਨਵ-ਵਿਆਹੀ ਸੁਭਾਗ ਜੋੜੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਸਰੀਰਕ ਮਿਲਾਪ ਤੋਂ ਸੰਤਾਨ ਦੀ ਉਤਪਤੀ ਹੈ ਤੇ ਸਰੀਰਾਂ ਵਿਚ ਬੈਠੀ ਆਤਮਾ ਵਿਚ ਚੰਗੇ ਗੁਣ ਆ ਜਾਣ ਨਾਲ ਹੀ ਪਰਮਾਤਮਾ ਦੇ ਮਿਲਣ ਦੀ ਸੰਭਾਵਨਾ ਪ੍ਰਗਟ ਕੀਤੀ ਗਈ ਹੈ। ਅਸਲ ਵਿਚ ਸਦ-ਗੁਣਾਂ ਦੀ ਸਾਂਝ ਹੀ ਆਤਮਿਕ ਸਾਂਝ ਹੈ। ਵਧੀਆ ਮਕਾਨ ਬਣਾਉਣ ਸਮੇਂ ਹਮੇਸ਼ਾ ਹੀ ਮਜ਼ਬੂਤ ਨੀਂਹ ਦੀ ਸਿਰਜਣਾ ਕੀਤੀ ਜਾਂਦੀ ਹੈ। ਨੀਹਾਂ ਭਰਨ ਸਮੇਂ ਕਚਿਆਈ ਰਹਿ ਜਾਏ ਤਾਂ ਬਣਿਆ ਹੋਇਆ ਸੁੰਦਰ ਮਕਾਨ ਕਦੇ ਵੀ ਡਿੱਗ ਸਕਦਾ ਹੈ। ਦੋ ਆਤਮਾ ਦੇ ਮਿਲਾਪ ਲਈ ਪਹਿਲੀ ਲਾਂਵ ਵਿਚ ਉਹ ਆਧਾਰ ਪੇਸ਼ ਕੀਤਾ ਗਿਆ ਹੈ ਜਿਸ ਰਾਹੀਂ ਲੰਮੇਰੇ ਸੁਖ ਦੀ ਜਾਚਨਾ ਕੀਤੀ ਗਈ ਹੈ।

1. ਨਾਮ ਧਿਆਉਣ ਦੀ ਜੁਗਤੀ 'ਤੇ ਜ਼ੋਰ ਦੇਂਦਿਆਂ, ਸਤਿਗੁਰੂ ਜੀ ਦੇ ਆਰਾਧਨ ਦਾ ਲਕਸ਼ ਰੱਖਿਆ ਗਿਆ ਹੈ, ਜਿਸ ਨਾਲ ਇਨ੍ਹਾਂ ਦੋਹਾਂ ਗੱਲਾਂ ਵਿੱਚੋਂ ਗੁਰਬਾਣੀ ਵਿਚਾਰਨ ਦਾ ਸਿਧਾਂਤ ਪ੍ਰਗਟ ਹੁੰਦਾ ਹੈ।
2. ਮਨ ਦੇ ਮਲੀਨ ਸੰਕਲਪ, ਜਿਸ ਨੂੰ ਪਾਪ ਕਿਹਾ ਹੈ, ਗੁਰਬਾਣੀ ਵਿਚਾਰ ਦੁਆਰਾ ਉਹ ਮਿਟਣੇ ਸ਼ੁਰੂ ਹੋ ਜਾਂਦੇ ਹਨ। ਘਰੇਲੂ ਕਲੇਸ਼ ਤੋਂ ਬਚਿਆ ਜਾ ਸਕਦਾ ਹੈ ਤੇ ਨਿਰੋਈ ਸੋਚ ਜਨਮ ਲੈਂਦੀ ਹੈ।
3. ਗੁਰਬਾਣੀ ਗਿਆਨ ਤੇ ਇਸ ਦੀਆਂ ਸਦਾਚਾਰਕ ਕੀਮਤਾਂ ਦੀ ਸੇਧ ਵਿਚ

ਤੁਰਨ ਦਾ ਯਤਨ ਕਰਨਾ ਹੀ ਸਿੱਖ ਲਈ ਬ੍ਰਹਮ ਗਿਆਨ ਤੇ ਵੇਦਾਂ ਦਾ ਪਾਠ ਹੈ।

4. ਧਰਮ ਨੂੰ ਦ੍ਰਿੜ੍ਹ ਕਰਨ ਲਈ ਪ੍ਰੇਰਤ ਕੀਤਾ ਗਿਆ ਹੈ, ਜ਼ਿੰਮੇਵਾਰੀਆਂ ਤੇ ਫ਼ਰਜ਼ਾਂ ਪ੍ਰਤੀ ਹਰ ਵੇਲੇ ਸੁਚੇਤ ਰਹਿਣ ਦਾ ਅਭਿਆਸ ਕਰਦੇ ਰਹਿਣਾ।
5. ਸਹਿਜ ਅਵਸਥਾ ਤੇ ਆਤਮਿਕ ਸੁਖ ਵਰਗੇ ਗ੍ਰਹਿਸਤ ਦੇ ਬੂਟੇ ਨੂੰ ਮਿੱਠੜੇ ਫਲ ਲੱਗਦੇ ਹਨ।

ਸਿਆਣਿਆਂ ਦਾ ਵਿਚਾਰ ਹੈ ਕਿ ਜੇ ਪਹਿਲਾ ਕਦਮ ਠੀਕ ਚੁੱਕਿਆ ਜਾਏ ਤਾਂ ਬਾਕੀ ਦੇ ਕਦਮ ਆਪਣੇ ਆਪ ਹੀ ਠੀਕ ਚੱਲਣ ਦੇ ਯੋਗ ਹੋ ਜਾਂਦੇ ਹਨ। ਜ਼ਿੰਦਗੀ ਵਿਚ ਸਾਂਝੀ ਪਰਵਾਜ਼ ਭਰਨ ਲਈ ਪਹਿਲਾ ਕਦਮ ਗੁਰੂ ਜੀ ਦੇ ਸਦੀਵ ਕਾਲ ਉਪਦੇਸ਼ ਨੂੰ ਵਰਤੋਂ ਵਿਚ ਲਿਆ ਕੇ ਮਨ ਦੇ ਘਟੀਆ ਕਿਸਮ ਦੇ ਉਪਜ ਰਹੇ ਵਿਚਾਰਾਂ ਤੋਂ ਛੁਟਕਾਰਾ ਪਾਉਣਾ ਹੈ। ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਹੈ।

ਮਨੁੱਖੀ ਮਨ ਦੀ ਸੋਚ ਵਿਚ ਦੋ ਵਿਰੋਧ ਆਤਮਿਕ ਭਾਵ ਆਸਾ, ਤ੍ਰਿਸ਼ਨਾ, ਈਰਖਾ, ਦਵੈਸ਼-ਭਾਵਨਾ, ਕਾਮਿਕ ਰੁਚੀਆਂ ਤੇ ਹਲੀਮੀ, ਨਿਮਰਤਾ, ਮਿਠਾਸ, ਪਿਆਰ, ਸੰਤੋਖ, ਸੇਵਾ ਤੇ ਸਦ-ਭਾਵਨਾ ਹਰ ਵੇਲੇ ਮੌਜੂਦ ਹਨ। ਜਿਹੋ ਜਿਹੀ ਸੰਗਤ ਮਿਲ ਗਈ, ਉਹੋ ਜਿਹੀ ਮਤ ਪ੍ਰਗਟ ਹੋ ਜਾਂਦੀ ਹੈ। ਸਤਿਗੁਰ ਮਾੜੀ ਮਤ ਤੋਂ ਬਚਾ ਕੇ ਚੰਗੀ ਮਤ ਪ੍ਰਗਟ ਕਰ ਦੇਂਦਾ ਹੈ ਜੋ ਪਰਮਾਤਮਾ ਦੇ ਮਿਲਾਪ ਦਾ ਸਥਾਨ ਹੁੰਦਾ ਹੈ। ਪਹਿਲੀ ਲਾਂਵ ਵਿਚ ਗੁਰੂ ਗਿਆਨ ਰਾਹੀਂ ਜੋ ਪ੍ਰਾਪਤੀ ਹੁੰਦੀ ਹੈ, ਉਸਦਾ ਵਿਸਥਾਰ ਦੂਸਰੀ ਲਾਂਵ ਵਿਚ ਦ੍ਰਿੜ੍ਹ ਕਰਾਇਆ ਗਿਆ ਹੈ :

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥ *(ਪੰਨਾ 774)*

ਗੁਰਬਾਣੀ, ਬ੍ਰਹਮ ਦਾ ਗਿਆਨ ਭਾਵ ਰੱਬੀ ਗੁਣਾਂ ਦਾ ਗੂਹਜ ਭਰਿਆ ਖ਼ਜ਼ਾਨਾ ਹੈ। ਪਹਿਲੀ ਲਾਂਵ ਵਿਚ ਸਤਿਗੁਰੂ ਦੇ ਗਿਆਨ ਨੂੰ ਬਾਰ-ਬਾਰ ਪੱਕਾ ਕਰਨ ਲਈ ਕਿਹਾ ਗਿਆ ਹੈ। ਇਸ ਗਿਆਨ ਰਾਹੀਂ ਔਗੁਣਾਂ ਦੀ ਕਮੀਨੀ ਕਰਤੂਤ ਤੇ ਆਤਮਿਕ ਗੁਣਾਂ ਦੀ ਸੂਝ ਦਾ ਵਿਸਥਾਰ ਮਿਲਦਾ ਹੈ। ਆਤਮਿਕ ਗੁਣਾਂ ਦਾ ਹਿਰਦੇ ਵਿਚ ਵੱਸ ਜਾਣਾ ਹੀ ਪੁਰਖ ਦੇ ਮਿਲਾਪ ਦੀ ਅਵਸਥਾ ਹੈ :

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥

ਗੁਰੂ ਅਮਰਦਾਸ ਜੀ ਦਾ ਬੜਾ ਪਿਆਰਾ ਵਾਕ ਹੈ—ਸਤਿਗੁਰੂ ਜੀ ਦੇ ਮਿਲਣ ਨਾਲ ਉਲਟ ਦਿਸ਼ਾ ਵੱਲ ਜਾ ਰਹੀ ਮਤ ਸਿਧ-ਪੱਧਰੇ ਰਸਤੇ ’ਤੇ ਆ ਜਾਂਦੀ ਹੈ:

ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥
ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥
ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ ॥

(ਸਲੋਕ ਮਹਲਾ ੩, ਪੰਨਾ 1414)

ਗੁਰਬਾਣੀ ਅਮਰ ਗਿਆਨ ਮਨੁੱਖ ਦੀ ਸੁਰਤ ਨੂੰ ਕਾਮ, ਕ੍ਰੋਧ ਤੇ ਵਿਕਾਰਾਂ ਵੱਲੋਂ ਮੋੜ ਕੇ ਆਤਮਿਕ ਅਡੋਲਤਾ, ਸਹਿਜ ਅਵਸਥਾ ਤੇ ਪ੍ਰਭੂ-ਪ੍ਰੀਤੀ ਦੇ ਪਿਆਰ ਨਾਲ ਭਰ ਦੇਂਦਾ ਹੈ। ਮਨ ਵਿਚ ਸਹਿਮ-ਸੰਸੇ, ਵਹਿਮ ਭਰੇ ਡਰ ਤੇ ਹਉਮੈ ਰੂਪੀ ਮੈਲ ਦੀਆਂ ਬਰੀਕ ਤਹਿਆਂ ਉਤਾਰ ਕੇ ਆਤਮਿਕ ਸੂਝ ਦਾ ਰੱਬੀ ਗਿਆਨ ਦਿੱਤਾ ਹੈ। ਹਉਮੈ ਐਸਾ ਭਿਆਨਕ ਰੋਗ ਹੈ ਜੋ ਪਰਿਵਾਰਕ ਦੂਰੀਆਂ ਨੂੰ ਜਨਮ ਦੇਂਦਾ ਹੈ। ਸੰਸਾਰਿਕ ਸੁੱਖਾਂ ਦੀ ਖ਼ਾਤਰ ਬਹੁਤ ਦਫ਼ਾ ਮਨੁੱਖ ਸੁੱਖਣਾ ਸੁੱਖ ਲੈਂਦਾ ਹੈ ਜਿਸ ਦੀ ਗੁਰਮਤਿ ਵਿਚ ਕੋਈ ਵਿਵਸਥਾ ਨਹੀਂ ਹੈ। ਸੁੱਖਣਾ ਦੀ ਪੂਰਤੀ ਦਾ ਡਰ, ਬਾਬਿਆਂ ਦਾ ਸਰਾਪ ਹਰ ਵੇਲੇ ਇਸ ਨੂੰ ਚੂੰਡਦੇ ਰਹਿੰਦੇ ਹਨ। ਸਤਿਗੁਰੂ ਜੀ ਦੇ ਉਪਦੇਸ਼ ਦੁਆਰਾ ਕਈ ਪ੍ਰਕਾਰ ਦੇ ਪਾਲੇ ਹੋਏ ਭਰਮ, ਵਹਿਮ ਦੂਰ ਹੁੰਦੇ ਹਨ ਤੇ ਹਉਮੈ ਦੇ ਦੀਰਘ ਰੋਗ ਤੋਂ ਛੁਟਕਾਰਾ ਮਿਲਦਾ ਹੈ:

ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥

ਗੁਰੂ ਗਿਆਨ ਦੁਨੀਆ ਦੇ ਬੇਲੋੜੇ ਡਰਾਂ ਤੋਂ ਮੁਕਤ ਕਰ ਕੇ ਨਿਡਰ ਬਣਾਉਂਦਾ ਹੈ। ਹਰ ਪ੍ਰਕਾਰ ਦੀ ਹਉਮੈ ਤੋਂ ਛੁਟਕਾਰਾ ਦਿਵਾਉਂਦਾ ਹੈ। ਗੁਰੂ ਅਮਰਦਾਸ ਜੀ ਨੇ ਆਪਣੀ ਬੱਚੀ ਬੀਬੀ ਭਾਨੀ ਨੂੰ ਵਿਆਹ ਸਮੇਂ ਉਪਦੇਸ਼ ਦੇਂਦਿਆਂ ਕਿਹਾ ਸੀ—ਪੁੱਤਰੀ ਸਹੁਰੇ ਘਰ ਜਾ ਕੇ ਪੇਕਾ ਮਾਣ ਨਹੀਂ ਜਤਾਉਣਾ। ਨਵੇਂ ਬਣੇ ਰਿਸ਼ਤਿਆਂ ਵਿਚ ਹਉਮੈ ਦੀ ਦਰਾੜ ਆ ਜਾਣ ਨਾਲ ਤਿੜਕਦਿਆਂ ਚਿਰ ਨਹੀਂ ਲੱਗਦਾ। ਹਉਮੈ ਇਤਨੀ ਬਰੀਕ ਹੈ ਕਿ ਸ਼ੁਰੂ ਹੀ ਧਰਮ ਦੀ ਦੁਨੀਆ ਤੋਂ ਹੁੰਦੀ ਹੈ—ਮੈਂ ਸਵੇਰੇ ਉੱਠਦਾ ਹਾਂ, ਨਾਮ ਜਪਦਾ ਹਾਂ, ਸਾਰਾ ਘਰ ਦਾ ਦਾਰੋ-ਮਦਾਰ ਮੇਰੇ ਹੀ ਸਿਰ ’ਤੇ ਖੜਾ ਹੈ, ਮੈਂ ਕਮਾਈ ਕਰਦਾ ਮਰ ਗਿਆ, ਹੁਣ ਮੇਰੀ ਗੱਲ ਸੁਣਦਾ ਹੀ ਕੋਈ ਨਹੀਂ। ਪਰਿਵਾਰਾਂ ਵਿਚ ਅਸਲ ਫ਼ਸਾਦ ਦੀ ਜੜ੍ਹ ਹਉਮੈ ਹੀ ਹੈ। ਹਉਮੈ ਦੀ ਮੈਲ ਲੱਥਣ ਨਾਲ ਪਵਿੱਤਰ ਡਰ ਪੈਦਾ ਹੁੰਦਾ ਹੈ, ਜੋ ਆਪਸੀ ਅਦਬ-ਸਤਿਕਾਰ ਨੂੰ ਜਨਮ ਦੇਂਦਾ ਹੈ। ‘ਨਿਰਮਲੁ ਭਉ’—ਸਤਿਕਾਰ ਤੇ ਅਦਬ ਦੀ ਭਾਵਨਾ ਨੂੰ ਪ੍ਰਗਟ ਕਰਦਾ ਹੈ। ਇਕ ਦੂਸਰੇ ਦਾ ਅਦਬ-ਸਤਿਕਾਰ ਕਰਨਾ ਰੱਬੀ ਗੁਣ ਹੈ ਤੇ ਇਸ ਗੁਣ ਦਾ ਅਭਿਆਸ ਕਰਨ ਨੂੰ ਹੀ ਗੁਣ ਗਾਉਣਾ, ਨਾਮ ਸਿਮਰਨਾ ਆਖਿਆ ਗਿਆ ਹੈ:

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥

ਆਦਰ-ਸਤਿਕਾਰ ਦਾ ਗੁਣ ਅਪਨਾਇਆਂ ਪਰਾਏ ਵੀ ਆਪਣੇ ਹੋ ਜਾਂਦੇ ਹਨ। ਦੁਸ਼ਮਣੀਆਂ, ਦਿਲਾਂ ਦੀਆਂ ਦੂਰੀਆਂ ਖ਼ਤਮ ਹੋ ਜਾਂਦੀਆਂ ਹਨ। ਲੜਕੀ ਅਤੇ ਲੜਕਾ ਇਕ ਦੂਜੇ ਦੇ ਰਿਸ਼ਤੇਦਾਰਾਂ ਪ੍ਰਤੀ ਪਿਆਰ ਦੀ ਭਾਵਨਾ ਰੱਖਣ ਲੱਗ ਪੈਂਦੇ ਹਨ। ਸਾਰਿਆਂ ਵਿਚ ਇਕ ਜੋਤ ਭਾਵ ਜ਼ਿੰਦਗੀ ਜਿਊਣ ਦਾ ਹੱਕ ਸਮਝ ਵਿਚ ਆ ਜਾਂਦਾ ਹੈ:

ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥

ਸੌੜੀ ਸੋਚ ਤੇ ਹਉਮੈ ਦੀ ਗੂੜ੍ਹੀ ਪਰਤ ਚੜ੍ਹੀ ਹੋਣ ਕਰਕੇ ਅਸੀਂ ਨਿੱਕੀ-ਨਿੱਕੀ ਗੱਲ 'ਤੇ ਹਰੇਕ ਨਾਲ ਝਗੜੇ ਮੁੱਲ ਲੈਣ ਲਈ ਤਿਆਰ ਬੈਠੇ ਹੁੰਦੇ ਹਾਂ। ਦੂਸਰੀ ਲਾਂਵ ਵਿਚ 'ਸਰਬ ਰਹਿਆ ਭਰਪੂਰੇ' ਸਾਂਝੀਵਾਲਤਾ ਦਾ ਸੰਦੇਸ਼ ਖਿੜੇ ਹੋਏ ਫੁੱਲ ਦੀ ਸੱਜਰੀ ਮਹਿਕ ਵਰਗਾ ਹੈ। ਉੱਚੀ ਕੁਲ, ਜਾਤ ਅਭਿਮਾਨ, ਅਖੌਤੀ ਅਮੀਰੀ ਦੇ ਵਿਤਕਰਿਆਂ ਨੂੰ ਮਨੁੱਖਤਾ ਦੇ ਤਲ 'ਤੇ ਖ਼ਤਮ ਕਰਦਿਆਂ ਆਤਮ ਰਾਮ ਦਾ ਪਸਾਰਾ ਦਿੱਸਦਾ ਹੈ। ਸਾਰੇ ਸੰਸਾਰ ਵਿਚ ਉਸ ਦਾ ਹੀ ਖਿਲਾਰਿਆ ਹੋਇਆ ਖਿਲਾਰਾ ਦਿੱਸਦਾ ਹੈ। ਇਸ ਪਾਵਨ ਪਵਿੱਤਰ ਤੁਕ ਵਿੱਚੋਂ ਆਪਾ-ਭਾਵ ਖ਼ਤਮ ਕਰ ਕੇ ਇਕ ਦੂਜੇ ਦੇ ਭੈਣ-ਭਰਾਵਾਂ, ਸਾਕ-ਸੰਬੰਧੀਆਂ ਤੇ ਆਂਢ-ਗੁਆਂਢ ਵਿੱਚੋਂ ਆਪਣਿਆਂ ਦਾ ਝੌਲਾ ਦਿੱਸਣਾ ਚਾਹੀਦਾ ਹੈ। ਕਬੀਰ ਜੀ ਦਾ ਬਹੁਤ ਪਿਆਰਾ ਵਾਕ ਹੈ:

ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥
ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥੪॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1364)

ਇਸ ਸਲੋਕ ਵਿਚ ਅੰਦਰਲੇ ਅਤੇ ਬਾਹਰਲੇ ਜੀਵਨ ਦਾ ਅਲੰਕਾਰਕ ਢੰਗ ਨਾਲ ਚਿਤਰਨ ਚਿਤਰਿਆ ਗਿਆ ਹੈ। ਜਿਸ ਤਰ੍ਹਾਂ ਕਿਸੇ ਮਨੁੱਖ ਨੇ ਸੋਨੇ ਦੇ ਵਾਲ਼ੇ ਬਣਾ ਕੇ ਉਪਰ ਬਹੁਤ ਕੀਮਤੀ ਲਾਲ ਲਗਾ ਲਏ ਹੋਣ ਪਰ ਮਨ ਵਿੱਚੋਂ ਰੱਬੀ ਗੁਣ ਲੱਭਦਿਆਂ ਵੀ ਨਾ ਲੱਭਣ, ਅਜਿਹੇ ਮਨੁੱਖ ਉਸ ਸੜੇ ਹੋਏ ਕਾਨੇ ਵਰਗੇ ਹਨ ਜੋ ਦੇਖਣ ਨੂੰ ਬਾਹਰੋਂ ਖ਼ੂਬਸੂਰਤ ਲੱਗਦੇ ਹਨ ਲੇਕਿਨ ਅੰਦਰੋਂ ਸੜੇ ਹੋਏ ਹੁੰਦੇ ਹਨ। ਬਾਹਰਲਾ ਪਹਿਰਾਵਾ ਧਰਮੀ ਮਨੁੱਖਾਂ ਵਰਗਾ ਬਣਾਇਆ ਹੋਵੇ ਪਰ ਅੰਦਰੋਂ ਖ਼੍ਰਿਝਿਆ ਪਿਆ ਹੋਵੇ। ਇਸ ਲਾਂਵ ਵਿਚ ਸਤਿਗੁਰ ਦੇ ਉਪਦੇਸ਼ ਨੂੰ ਲੈ ਕੇ ਅਦਬ-ਸਤਿਕਾਰ ਦੀ ਭਾਵਨਾ ਨੂੰ ਪ੍ਰਗਟ ਕਰਦਿਆਂ, ਵਿਤਕਰਿਆਂ ਨੂੰ ਖ਼ਤਮ ਕਰਨਾ ਹੈ:

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥

ਜਿਥੇ 'ਅੰਤਰਿ ਬਾਹਰਿ' ਹਰ ਥਾਂ 'ਤੇ ਉਸ ਦੇ ਨੂਰ ਨੂੰ ਸਮਝਣਾ ਹੈ, ਉਥੇ ਮਨ, ਬਚ, ਕਰਮ ਕਰਕੇ ਵੀ ਇਕਸਾਰਤਾ ਲਿਆਉਣੀ ਹੈ। ਐਸਾ ਨਹੀਂ ਹੋਣਾ ਚਾਹੀਦਾ ਕਿ ਮਨ ਵਿਚ ਭਾਵਨਾ ਕੁਝ ਹੋਰ ਚੱਲਦੀ ਹੋਵੇ ਤੇ ਜ਼ਬਾਨ ਉੱਤੇ ਬੋਲ ਕੁਝ ਹੋਰ ਚੱਲਦੇ ਹੋਣ। ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮੇ' ਵਿਚ ਔਰੰਗਜ਼ੇਬ ਨੂੰ ਲਿਖਦਿਆਂ ਕਿਹਾ ਹੈ ਕਿ ਦੁਨੀਆ 'ਤੇ ਉਹ ਇਨਸਾਨ ਅਧੂਰਾ ਹੈ ਜਿਸਦੇ ਮਨ ਵਿਚ ਕੁਝ ਹੋਰ ਚੱਲਦਾ ਹੈ ਤੇ ਜ਼ਬਾਨ ਉੱਤੇ ਕੁਝ ਹੋਰ ਚੱਲਦਾ ਹੈ। ਜ਼ਫ਼ਰਨਾਮੇ ਦੀ ਲਿਖਤ ਹੈ:

ਹਮੂ ਮਰਦ ਬਾਇਦ ਨਾ ਸੁਖਨਵਰ॥
ਨਾ ਸਿਕਮੇ ਦਿਗਰ ਦਰ ਦਹਾਨੇ ਦਿਗਰ॥ *(ਜ਼ਫ਼ਰਨਾਮਾ)*

ਮੰਗਲ ਗਾਏ—ਖੁਸ਼ੀ ਦੇ ਗੀਤ ਉਹ ਹੀ ਗਾ ਸਕਦਾ ਹੈ ਜੋ ਅੰਦਰੋਂ ਇਕ ਹੋ ਜਾਏ। ਇਹ ਤਦ ਹੀ ਪ੍ਰਵਾਨ ਚੜ੍ਹ ਸਕਦਾ ਹੈ, ਜੇ ਗਿਆਨ ਗੁਰੂ ਦੀ ਸ਼ਰਣ ਵਿਚ ਹਉਮੈ ਦੇ ਦੀਰਘ ਰੋਗ ਦੀ ਸਮੱਸਿਆ ਨੂੰ ਸਮਝਿਆ ਜਾਏ। ਗ੍ਰਹਿਸਤ ਦੀ ਦੂਜੀ ਪਉੜੀ 'ਅਨਹਦ ਸਬਦ' ਨਾਲ ਸਮਾਪਤ ਹੁੰਦੀ ਹੈ:

ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥

ਅਨਹਦ ਸਬਦ—ਇਕ-ਰਸ ਦੇ ਵਾਜੇ ਵੱਜਣ ਲੱਗ ਪੈਣੇ ਜੋ ਸ਼ਬਦ ਗਿਆਨ ਤੋਂ ਹੈ ਪਰ ਕਈਆਂ ਨੇ ਕੰਨਾਂ ਵਿਚ ਸਾਂ ਸਾਂ ਜਾਂ ਟੀਂ ਟੀਂ ਹੋਣ ਨੂੰ ਅਨਹਦ ਵੱਜਣਾ ਦੱਸਿਆ ਹੋਇਆ ਹੈ। ਜਦੋਂ ਗਿਆਨ ਗੁਰੂ ਦੀ ਸਮਝ ਆ ਗਈ, ਉਦੋਂ ਮੇਰ-ਤੇਰ, ਦਵੈਸ਼ ਭਾਵਨਾ ਤੇ ਹਉਮੈ ਦੀਆਂ ਦੀਵਾਰਾਂ ਆਪਣੇ ਆਪ ਹੀ ਢਹਿ ਜਾਣਗੀਆਂ। ਸਤਾਰ ਦੀਆਂ ਤਾਰਾਂ ਕੱਸੀਆਂ ਹੋਣਗੀਆਂ, ਨਗ਼ਮਾ ਤਦ ਵੀ ਨਹੀਂ ਵੱਜ ਸਕਦਾ; ਜੇਕਰ ਢਿੱਲੀਆਂ ਹੋਣਗੀਆਂ, ਨਗ਼ਮਾ ਤਦ ਵੀ ਨਹੀਂ ਨਿਕਲ ਸਕਦਾ। ਹਾਂ, ਜੇ ਤਾਰਾਂ ਵਿਚ ਲਚਕ ਹੋਵੇਗੀ ਤਦ ਹੀ ਸੁੰਦਰ ਨਗ਼ਮਾ ਨਿਕਲ ਸਕਦਾ ਹੈ। ਗ੍ਰਹਿਸਤੀ ਦੀ ਜ਼ਿੰਦਗੀ ਵਿਚ ਨਾ ਤਾਂ ਸਖ਼ਤਾਈ ਚੱਲ ਸਕਦੀ ਹੈ ਤੇ ਨਾ ਹੀ ਬਹੁਤ ਢਿੱਲੇ ਰਹਿਆਂ ਘਰ ਦੀਆਂ ਕਦਰਾਂ-ਕੀਮਤਾਂ ਕਾਇਮ ਰਹਿ ਸਕਦੀਆਂ ਹਨ। ਜੋਗੀਆਂ ਦੇ ਖ਼ਿਆਲ ਅਨੁਸਾਰ ਨਸ਼ਿਆਂ ਦੀ ਭਰਪੂਰ ਵਰਤੋਂ ਕਰ ਕੇ ਬੇਹੋਸ਼ੀ ਦੀ ਹਾਲਤ ਵਿਚ ਪਏ ਮਨੁੱਖ ਦੇ ਅਨਹਦ ਸ਼ਬਦ ਆਪਣੇ ਆਪ ਹੀ ਵੱਜਣ ਲੱਗ ਪੈਂਦੇ ਹਨ। ਗੁਰਮਤਿ ਵਿਚ ਗੁਰੂ ਗਿਆਨ ਦੀ ਰੌਸ਼ਨੀ ਵਿਚ ਤੁਰਨ ਦਾ ਨਾਂ ਹੀ ਅਨਹਦ ਸ਼ਬਦ ਹੈ।

1. ਦੂਸਰੀ ਲਾਂਵ ਵਿਚ ਸਤਿਗੁਰ ਦੇ ਦੱਸੇ ਰਸਤੇ ਨੂੰ ਅਖ਼ਤਿਆਰ ਕੀਤਿਆਂ ਰੱਬ ਜੀ ਦੀ ਪ੍ਰਾਪਤੀ ਹੁੰਦੀ ਹੈ।
2. ਚਿੰਤਾਵਾਂ, ਵਹਿਮ, ਭਰਮ ਤੇ ਹਉਮੈ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

3. ਪਵਿੱਤਰ ਡਰ, ਭਾਵ ਅਦਬ-ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ।
4. ਜੇਠ, ਦੇਵਰ, ਨਨਾਣ, ਸੱਸ, ਸਹੁਰਾ, ਸਾਕ-ਸੰਬੰਧੀਆਂ ਤੇ ਆਂਢ-ਗੁਆਂਢ ਵਿਚ ਰੱਬ ਦੀ ਜੋਤ ਦਿੱਸਦੀ ਹੈ।
5. ਅੰਦਰੋਂ-ਬਾਹਰੋਂ ਸੁਭਾਅ ਇੱਕੋ ਜਿਹਾ ਹੋ ਜਾਂਦਾ ਹੈ। ਹਰ ਵੇਲੇ ਇਕ-ਰਸ ਦੇ ਵਾਜੇ ਵੱਜਣ ਲੱਗ ਜਾਂਦੇ ਹਨ, ਜਿਸ ਨੂੰ ਆਤਮਿਕ ਖ਼ੁਸ਼ੀ ਦੇ ਗੀਤ ਆਖਿਆ ਹੈ।

ਆਦਮੀ ਨੂੰ ਪਿਆਸ ਲੱਗਦੀ ਹੈ, ਉਹ ਪਾਣੀ ਪੀ ਕੇ ਆਪਣੀ ਪਿਆਸ ਨੂੰ ਮਿਟਾ ਲੈਂਦਾ ਹੈ। ਸਿਆਲ ਦੇ ਦਿਨਾਂ ਵਿਚ ਇਕ ਵਾਰ ਪਾਣੀ ਪੀਤਿਆਂ ਕਈ ਦਫ਼ਾ ਸਾਰਾ ਸਾਰਾ ਦਿਨ ਪਿਆਸ ਲੱਗਦੀ ਹੀ ਨਹੀਂ। ਇਸ ਦਾ ਅਰਥ ਇਹ ਹੋਇਆ ਕਿ ਇਕ ਵਾਰ ਪਾਣੀ ਪੀਤਿਆਂ ਤਾਂ ਇਕ ਵਾਰ ਪਿਆਸ ਮਿੱਟ ਜਾਂਦੀ ਹੈ, ਪਰ ਧਰਮ ਦੀ ਦੁਨੀਆ ਵਿਚ ਅਜਿਹਾ ਨਹੀਂ ਹੈ। ਜੇ ਇਕ ਵਾਰ ਗਿਆਨ ਗੁਰੂ ਦੀ ਪਿਆਸ ਲੱਗ ਜਾਏ ਤਾਂ ਇਹ ਪਿਆਸ ਮਿਟਦੀ ਨਹੀਂ, ਸਗੋਂ ਵੱਧਦੀ ਹੈ। ਇਸ ਆਤਮਿਕ ਭੁੱਖ ਦਾ ਉਤਪੰਨ ਹੋਣਾ, ਬੈਰਾਗ ਅਖਵਾਉਂਦਾ ਹੈ। ਗੁਰਵਾਕ ਹੈ :

ਰਮਣੰ ਕੇਵਲੰ ਕਰਿਤਨੰ, ਸੁਧਰਮੰ ਦੇਹ ਧਾਰਣਹ ॥
ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਰਤੇ ॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1356)

ਤੀਸਰੀ ਲਾਂਵ ਵਿਚ ਬੈਰਾਗ ਦੀ ਅਵਸਥਾ ਰੱਖੀ ਗਈ ਹੈ, ਜਿਸ ਨੂੰ ਤਾਂਘ ਤੇ ਮਿਲਾਪ ਵੀ ਕਿਹਾ ਗਿਆ ਹੈ। ਜਿਵੇਂ-ਜਿਵੇਂ ਗੁਰੂ ਗਿਆਨ ਦੀ ਲੋਅ ਵਿਚ ਤੁਰਨ ਦੀ ਆਦਤ ਬਣਦੀ ਜਾਂਦੀ ਹੈ, ਇਹ ਤਾਂਘ ਹੋਰ ਵੱਧਦੀ ਜਾਂਦੀ ਹੈ। ਇਸ ਪਉੜੀ ਦਾ ਪੂਰਾ ਪਾਠ ਇਸ ਤਰ੍ਹਾਂ ਹੈ :

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥

(ਪੰਨਾ 774)

ਜਿਤਨਾ ਚਿਰ ਮਨੁੱਖ ਨੂੰ ਕਿਸੇ ਕੰਮ ਦਾ ਸ਼ੌਕ ਨਾ ਹੋਵੇ, ਉਤਨਾ ਚਿਰ ਕੰਮ ਸਿੱਖਿਆ ਨਹੀਂ ਜਾ ਸਕਦਾ। ਤੀਸਰੀ ਲਾਂਵ ਵਿਚ ਤਾਂਘ ਉਤਪੰਨ ਹੋਣ ਦੀ ਵਿਚਾਰ-ਚਰਚਾ ਕੀਤੀ ਗਈ ਹੈ। ਪਹਿਲੀ ਲਾਂਵ ਵਿਚ ਫ਼ਰਜ਼ ਦੀ

ਪਹਿਚਾਣ ਕਰਨੀ ਹੈ ਤੇ ਦੂਸਰੀ ਲਾਂਵ ਵਿਚ ਚੰਗੇ ਗੁਣਾਂ ਦਾ ਉਤਪੰਨ ਹੋਣਾ, ਜੋ ਪਰਮਾਤਮਾ ਦੇ ਮਿਲਾਪ ਦੀ ਨਿਸ਼ਾਨੀ ਹੈ। ਤੀਸਰੀ ਲਾਂਵ ਦਾ ਪਹਿਲੀ ਤੁਕ ਵਿਚ ਚਾਉ ਤੇ ਬੈਰਾਗ ਪੈਦਾ ਹੋਣ ਦੀ ਅਵਸਥਾ ਦਾ ਜ਼ਿਕਰ ਕੀਤਾ ਗਿਆ ਹੈ:

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥

ਬੈਰਾਗ ਦਾ ਅੱਖਰੀ ਅਰਥ ਹੈ, ਪਦਾਰਥਾਂ ਵਿਚ ਮੋਹ ਦਾ ਨਾ ਹੋਣਾ ਅਥਵਾ ਲੋਕ-ਪ੍ਰਲੋਕ ਦੇ ਵਿਸ਼ਿਆਂ ਵਿਚ ਪ੍ਰੀਤ ਦਾ ਨਾ ਹੋਣਾ। ਵਿਦਵਾਨਾਂ ਨੇ ਬੈਰਾਗ ਚਾਰ ਪ੍ਰਕਾਰ ਦੇ ਮੰਨੇ ਹੋਏ ਹਨ:

1. ਯਤਮਾਨ—ਸੰਸਾਰ ਨੂੰ ਦੁੱਖ ਰੂਪ ਜਾਣ ਕੇ ਸਾਧ-ਸੇਵਾ ਦੁਆਰਾ ਪਰਮਾਰਥ ਦੀ ਪ੍ਰਾਪਤੀ ਕਰਨੀ।
2. ਯਤਿਰਕ—ਵਿਚਾਰ ਨਾਲ ਹਾਨੀਕਾਰਕ ਪਦਾਰਥਾਂ ਦਾ ਤਿਆਗ ਕਰਕੇ ਲਾਭਦਾਇਕ ਗੁਣਾਂ ਦਾ ਗ੍ਰਹਿਣ ਕਰਨਾ।
3. ਏਕੇਂਦ੍ਰਿਯ—ਇੰਦ੍ਰੀਆਂ ਦੇ ਭੋਗਾਂ ਤੋਂ ਗਿਲਾਨੀ ਕਰਕੇ ਮਨ ਵਿਚ ਸਾਰੀਆਂ ਇੰਦ੍ਰੀਆਂ ਲੈਯ ਵਿਚ ਕਰਨਾ।
4. ਵਸ਼ਿਕਾਰ—ਮਨ ਅਜਿਹਾ ਕਾਬੂ ਕਰਨਾ ਕਿ ਪਦਾਰਥਾਂ ਵੱਲ ਜਾਣ ਦਾ ਕਦੇ ਸੰਕਲਪ ਨਾ ਫੁਰੇ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਇਸ ਪਰਥਾਏ ਇਕ ਪਿਆਰਾ ਵਾਕ ਹੈ:

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥

(ਸਲੋਕ ਮਹਲਾ ੯, ਪੰਨਾ 1427)

ਹੇ ਨਾਨਕ, ਆਖ! ਜਿਸ ਮਨੁੱਖ ਨੇ ਕਾਮ, ਕ੍ਰੋਧ, ਅਹੰਕਾਰ, ਲੋਭ, ਮੋਹ, ਈਰਖਾ, ਨਿੰਦਿਆ ਆਦਿਕ ਅਨੇਕਾਂ ਰੂਪਾਂ ਵਾਲੀ ਬਿਖ ਅਥਵਾ ਮਾਇਆ ਤਿਆਗ ਦਿੱਤੀ, ਅਸਲ ਉਸਦਾ ਬੈਰਾਗ ਧਾਰਨ ਕੀਤਾ ਸਮਝੋ। ਹੇ ਮਨ, ਉਸ ਮਨੁੱਖ ਦੇ ਮੱਥੇ ਦਾ ਚੰਗਾ ਭਾਗ ਜਾਗਿਆ ਸਮਝ। ਮੱਥੇ ਦੇ ਭਾਗ ਦਾ ਜਾਗਣਾ ਦਿਮਾਗ਼ੀ ਤੌਰ 'ਤੇ ਸੂਝ ਦਾ ਪੈਦਾ ਹੋ ਜਾਣਾ ਤੇ ਬਿਖ ਵਰਗੇ ਪਦਾਰਥਾਂ ਦੀ ਸਮਝ ਆ ਜਾਣੀ। ਇਸ ਸਮਝ ਦਾ ਹਰ ਵੇਲੇ ਅਭਿਆਸ ਕਰਨ ਦਾ ਚਾਉ ਉਤਪੰਨ ਹੁੰਦਾ ਰਹਿਣਾ, ਤੀਸਰੀ ਲਾਂਵ ਦੇ ਦੱਸੇ ਹੋਏ ਬੈਰਾਗ ਦਾ ਆਰੰਭ ਹੈ। ਰਾਜਾ ਭਰਥਰੀ ਨੇ ਘਰਵਾਲੀ ਦੀ ਬੇ-ਵਫ਼ਾਈ ਕਰਕੇ ਜੋਗੀ ਬਣ ਕੇ, ਨਾਸ਼ਵਾਨ ਸੰਸਾਰ ਦਾ ਤਿਆਗ ਕਰ ਦਿੱਤਾ, ਪਰ ਅਜੇ ਮਨ ਵਿਚ ਮੁਕੰਮਲ ਬੈਰਾਗ ਨਹੀਂ ਆਇਆ। ਕਹਿੰਦੇ ਨੇ ਰਾਤ ਦੀ ਚਾਨਣੀ ਵਿਚ ਰਾਜਾ ਭਰਥਰੀ ਤੁਰਿਆ ਜਾ

ਰਿਹਾ ਹੈ ਕਿ ਅਚਾਨਕ ਇਕ ਗੂੜ੍ਹੇ ਲਾਲ ਰੰਗ ਦਾ ਕੁਝ ਦਿਖਾਈ ਦਿੱਤਾ। ਤਿਆਗੀ ਰਾਜੇ-ਜੋਗੀ ਨੇ ਉਸ ਨੂੰ ਕੀਮਤੀ ਲਾਲ ਸਮਝ ਕੇ ਹੱਥ ਪਾਇਆ ਤਾਂ ਹੱਥ ਪੀਕ ਨਾਲ ਭਰ ਗਿਆ, ਕਿਉਂਕਿ ਉਹ ਕਿਸੇ ਨੇ ਪਾਨ ਖਾ ਕੇ ਥੁੱਕਿਆ ਹੋਇਆ ਸੀ। ਭਰਥਰੀ ਨੂੰ ਹੁਣ ਅਸਲ ਵਿਚ ਬੈਰਾਗ ਆਇਆ ਤੇ ਕਹਿੰਦੈ ਲਾਹਨਤ ਹੈ ਭਰਥਰੀਆ ਤੇਰੇ ਵੈਰਾਗ ਦੇ, ਘਰ-ਬਾਰ ਛੱਡਿਆ, ਰਾਜ-ਭਾਗ ਛੱਡਿਆ ਤੇ ਮਰ ਗਿਉਂ ਥੁੱਕ 'ਤੇ, ਫਿਰ ਉਸ ਨੂੰ ਐਸਾ ਬੈਰਾਗ ਆਇਆ ਤੇ ਉਸ ਨੇ *ਵੈਰਾਗ ਸ਼ੱਤਕ* ਨਾਂ ਦਾ ਗ੍ਰੰਥ ਲਿਖਿਆ। ਗੁਰਬਾਣੀ ਤਾਂ ਸਿੱਖ ਨੂੰ ਗ੍ਰਿਹਸਤ ਦੀਆਂ ਜ਼ਿੰਮੇਵਾਰੀਆਂ ਨਿਭਾਹੁੰਦਿਆਂ ਹੀ ਬੈਰਾਗ ਵਿਚ ਰਹਿਣ ਦੀ ਤਾਕੀਦ ਕਰਦੀ ਹੈ।

ਇਸ ਵਿਚਾਰ ਦਾ ਭਾਵ-ਅਰਥ ਲੈਂਦਿਆਂ ਸੰਸਾਰ ਦੇ ਬਿਖ ਪਦਾਰਥਾਂ ਨੂੰ ਸਮਝਦਿਆਂ ਆਤਮਿਕ ਗੁਣਾਂ ਨੂੰ ਹਰ ਵੇਲੇ ਪ੍ਰਾਪਤ ਕਰਨ ਦਾ ਲਗਾਉ ਬਣਿਆ ਰਹਿਣਾ ਹੀ ਬੈਰਾਗੀ ਅਵਸਥਾ ਹੈ। ਬੰਦੇ ਦਾ ਪਿਆਰ ਨੈਣ ਨਕਸ਼ਾਂ ਜਾਂ ਸਰੀਰ ਦੇ ਬਾਹਰਲੇ ਚਿੱਟੇ ਤਲ ਨਾਲ ਬਣਿਆ ਹੁੰਦਾ ਹੈ। ਅਜੇਹੇ ਨੈਣ-ਨਕਸ਼ਾਂ ਦੀ ਪ੍ਰਾਪਤੀ ਨੂੰ ਕਈ ਬੈਰਾਗ ਸਮਝੀ ਬੈਠੇ ਹਨ। ਕਹਿੰਦੇ ਹਨ ਕਿ ਇਕ ਨੌਜਵਾਨ ਲੜਕੇ ਨੇ ਇਕ ਨੌਜਵਾਨ ਲੜਕੀ ਨਾਲ ਪਿਆਰ ਪਾ ਲਿਆ। ਲੜਕਾ ਜਦੋਂ ਵੀ ਲੜਕੀ ਨੂੰ ਮਿਲਦਾ ਹੈ ਤਾਂ ਇੱਕੋ ਹੀ ਗੱਲ ਆਖਦਾ ਹੈ ਕਿ ਮੈਨੂੰ ਤੇਰੀਆਂ ਅੱਖਾਂ ਬਹੁਤ ਪਿਆਰੀਆਂ ਲੱਗਦੀਆਂ ਹਨ। ਲੜਕੀ ਸੋਚਦੀ ਹੈ ਕਿ ਇਸ ਭਲੇ ਲੋਕ ਨੂੰ ਮੇਰੇ ਗੁਣਾਂ ਨਾਲ ਕੋਈ ਸਰੋਕਾਰ ਨਹੀਂ ਹੈ ਤੇ ਨਾ ਹੀ ਮੇਰੇ ਅੰਦਰਲੇ ਪਿਆਰ ਦੀ ਚੀਸ ਦਾ ਇਸ ਨੂੰ ਅਹਿਸਾਸ ਹੈ। ਇਹ ਤਾਂ ਬਾਹਰਲੀ ਖ਼ੂਬਸੂਰਤੀ 'ਤੇ ਅਟਕਿਆ ਹੋਇਆ ਭਟਕਿਆ ਮਨੁੱਖ ਹੈ, ਇਸ ਨੂੰ ਜ਼ਿੰਦਗੀ ਦੇ ਅਸਲੀ ਬੈਰਾਗ ਦੀ ਕੀਮਤ ਦਾ ਕੋਈ ਮੁੱਲ ਨਹੀਂ ਹੈ। ਇਕ ਦਿਨ ਹੋਟਲ ਵਿਚ ਬੈਠਿਆਂ ਵੀ ਏਹੀ ਗੱਲ ਦੁਹਰਾਈ ਕਿ ਮੈਨੂੰ ਤੇਰੀਆਂ ਅੱਖਾਂ ਬਹੁਤ ਸੁੰਦਰ ਲੱਗਦੀਆਂ ਹਨ। ਵਿਚਾਰੀ ਲੜਕੀ ਨੇ ਅੱਕ ਕੇ ਦੁਖੀ ਹੁੰਦਿਆਂ ਆਪਣੀ ਨਕਲੀ ਪੱਥਰ ਦੀ ਅੱਖ ਕੱਢ ਕੇ ਸਾਹਮਣੇ ਪਈ ਪਲੇਟ ਵਿਚ ਰੱਖ ਦਿੱਤੀ ਤੇ ਕਿਹਾ ਮੇਰੀ ਅੱਖ ਨਾਲ ਤੁਹਾਨੂੰ ਬਹੁਤ ਪਿਆਰ ਹੈ, ਇਹ ਅੱਖ ਤੁਸੀਂ ਰੱਖ ਲਉ। ਲੜਕੀ ਨੇ ਕਿਹਾ ਕਿ ਮੈਂ ਤਾਂ ਸੋਚਿਆ ਸੀ ਕਿ ਸਾਡੀ ਆਪਣੀ ਤਾਂਘ ਗੁਣਾਂ ਦੀ ਹੋਏਗੀ ਪਰ ਤੁਹਾਡੀ ਤਾਂਘ ਤਾਂ ਸਰੀਰ ਦੇ ਤਲ ਤਕ ਸੀਮਤ ਹੈ। ਇਸ ਪਿਆਰ ਦਾ ਨਾਂ ਬੈਰਾਗ ਨਹੀਂ ਹੈ। ਜੇ ਭਲੇ ਲੋਕਾਂ ਦੀ ਸੰਗਤ ਵਿੱਚੋਂ ਸਦ-ਗੁਣ ਗ੍ਰਹਿਣ ਕਰਨ ਦਾ ਯਤਨ ਕਰੇ ਤਾਂ ਚੰਗੇ ਭਾਗ ਹੋ ਸਕਦੇ ਹਨ। ਇਸ ਪਉੜੀ ਦੀ ਦੂਸਰੀ ਤੁਕ ਵਿਚ ਇਸ ਗੱਲ ਨੂੰ ਹੋਰ ਖੋਲ੍ਹਿਆ ਗਿਆ ਹੈ :

ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥

'ਸੰਤ ਜਨਾ ਹਰਿ ਮੇਲੁ' ਦਾ ਅਰਥ ਚੋਲ਼ਿਆਂ ਵਾਲੇ ਬਾਬਿਆਂ ਦੀ ਸ਼ਖ਼ਸੀ ਪੂਜਾ ਨਹੀਂ, ਬਲਕਿ ਗੁਰੂ-ਗਿਆਨ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਭਲੇ ਪੁਰਸ਼ਾਂ ਦਾ ਸਤਸੰਗ ਹੈ। ਆਮ ਇਕ ਗੱਲ ਕਹੀ ਜਾਂਦੀ ਹੈ ਕਿ ਸਾਡੇ ਵੱਡੇ ਭਾਗ ਹੋਣਗੇ ਤਾਂ ਹੀ ਗੁਰੂ ਦੀ ਗੱਲ ਨੂੰ ਸੁਣਿਆ ਜਾ ਸਕਦਾ ਹੈ, ਪਰ ਸਾਡੇ ਵੱਡੇ ਭਾਗ ਤਦ ਹੀ ਬਣ ਸਕਦੇ ਹਨ, ਜੇ ਗਿਆਨ ਗੁਰੂ ਨੂੰ ਅਮਲ ਵਿਚ ਲਿਆਂਦਾ ਜਾਏ। ਇਸ ਤੁਕ ਵਿਚ ਭਲੇ ਪੁਰਸ਼ਾਂ ਦੀ ਸੰਗਤ ਵਿੱਚੋਂ ਕੁਝ ਹਾਸਲ ਕਰਕੇ ਵਡਭਾਗੀ ਬਣਨ ਲਈ ਕਿਹਾ ਹੈ। ਇਸ ਦੀ ਪ੍ਰੋੜ੍ਹਤਾ ਅਗਲੀ ਤੁਕ ਵਿਚ ਪੁਰਜ਼ੋਰ ਸ਼ਬਦਾਂ ਵਿਚ ਕੀਤੀ ਗਈ ਹੈ:

ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥

ਮਨ ਦੀ ਪਵਿੱਤਰਤਾ, ਪ੍ਰਭੂ ਗੁਣ ਗਾਉਣੇ ਤੇ ਜ਼ਬਾਨ ਦੀ ਬੋਲੀ ਇਕ-ਸੁਰ ਹੋ ਜਾਂਦੇ ਹਨ। 'ਨਿਰਮਲੁ ਹਰਿ ਪਾਇਆ' ਜੀਵਨ ਵਿਚ ਸਾਫ਼ਗੋਈ ਦੀ ਝਲਕ ਦਿਖਾਈ ਦੇਂਦੀ ਹੈ। 'ਹਰਿ ਗੁਣ ਗਾਇਆ' ਹਰ ਵੇਲੇ ਰੱਬੀ ਨਿਯਮਾਵਲੀ ਵਿਚ ਰਹਿਣ ਦੇ ਯਤਨ ਦਾ ਨਾਂ ਹੈ। ਇਨ੍ਹਾਂ ਦੋਹਾਂ ਗੁਣਾਂ ਦਾ ਪ੍ਰਗਟਾਵਾ ਸਾਡੀ ਬੋਲੀ ਤੋਂ ਹੋਣਾ ਹੈ। ਜ਼ਬਾਨ ਦੇ ਵਿਗਾੜ ਨਾਲ ਹੀ ਘਰਾਂ ਵਿਚ ਕਲੇਸ਼ ਜਨਮ ਲੈਂਦੇ ਹਨ। ਕਹਿੰਦੇ ਹਨ ਕਿ ਇਕ ਆਦਮੀ ਪਾਸ ਕੁਝ ਚਾਵਲ ਸਨ, ਪਰ ਚਾਵਲ ਰਿੰਨ੍ਹਣ ਲਈ ਉਸ ਪਾਸ ਕੋਈ ਜਗ੍ਹਾ ਨਹੀਂ ਸੀ। ਤੁਰਦਿਆਂ ਤੁਰਦਿਆਂ ਇਕ ਮਾਤਾ ਜੀ ਮਿਲ ਗਏ। ਮਨ ਵਿਚ ਤਰਸ ਕਰਕੇ ਉਸ ਆਦਮੀ ਨੂੰ ਆਪਣੇ ਘਰ ਲੈ ਆਂਦਾ। ਮਾਤਾ ਨੇ ਚਾਵਲ ਰਿੰਨ੍ਹਣੇ ਸ਼ੁਰੂ ਕਰ ਦਿੱਤੇ। ਗੱਲਾਂ ਕਰਦਿਆਂ ਕਰਦਿਆਂ ਚਾਵਲਾਂ ਵਾਲਾ ਆਦਮੀ ਬੋਲਿਆ, "ਮਾਤਾ ਜੀ, ਤੁਹਾਡੇ ਘਰ ਦਾ ਦਰਵਾਜ਼ਾ ਬਹੁਤ ਛੋਟਾ ਹੈ।" ਮਾਤਾ ਜੀ ਕਹਿੰਦੇ, "ਚੱਲ ਪੁੱਤ ਗੁਜ਼ਾਰਾ ਹੋਈ ਹੀ ਜਾਂਦਾ ਹੈ।" ਚਾਵਲਾਂ ਵਾਲਾ ਆਦਮੀ ਫਿਰ ਬੋਲਿਆ, "ਮਾਤਾ, ਮੈਨੂੰ ਇਹ ਸੋਚ ਵੱਢ-ਵੱਢ ਖਾਈ ਜਾ ਰਹੀ ਹੈ ਕਿ ਜੇ ਤੇਰੀ ਮੱਝ ਮਰ ਜਾਏ ਤਾਂ ਇਸ ਨੂੰ ਬਾਹਰ ਕਿਵੇਂ ਲਿਜਾਇਆ ਜਾ ਸਕਦਾ ਹੈ, ਕਿਉਂਕਿ ਇਹ ਦਰਵਾਜ਼ਾ ਬਹੁਤ ਹੀ ਛੋਟਾ ਹੈ।" ਮਾਤਾ ਜੀ ਦੇ ਮਨ ਵਿਚ ਕੁਦਰਤੀ ਗ਼ੁਸਾ ਆਇਆ ਤੇ ਕਹਿਣ ਲੱਗੀ, "ਪੁੱਤ ਝੋਲੀ ਜ਼ਰਾ ਉਰੇ ਕਰ।" ਤੇ ਉਬਲ ਰਹੇ ਚਾਵਲ ਉਸ ਦੀ ਝੋਲੀ ਵਿਚ ਪਾ ਦਿੱਤੇ। ਗਰਮ ਚਾਵਲਾਂ ਦੀ ਪਿੱਛ ਵੱਗਦੀ ਜਾ ਰਹੀ ਹੈ। ਕਿਸੇ ਨੇ ਪੁੱਛਿਆ ਕਿ ਇਹ ਕੀ ਵਗ ਰਿਹਾ ਈ, ਅੱਗੋਂ ਲੱਜਿਆ ਦਾ ਮਾਰਿਆ ਹੋਇਆ ਦੱਸਦਾ ਹੈ ਕਿ ਇਹ ਕੁਵੇਲੇ ਦਿੱਤੀ ਨੇਕ ਸਲਾਹ ਦਾ ਰਸ ਵੱਗਦਾ ਜਾ ਰਿਹਾ ਹੈ, ਭਾਵ ਮੇਰੀ ਆਪਣੀ ਜ਼ਬਾਨ ਦਾ ਰਸ ਚੋ ਰਿਹਾ ਹੈ। ਨਿਰਮਲਤਾ, ਪਵਿੱਤਰਤਾ, ਗੁਣ ਗਾਉਣੇ ਤੇ ਜ਼ਬਾਨ ਦੀ ਮਿਠਾਸ ਦਾ ਇਕ ਹੋ ਜਾਣਾ 'ਮੁਖਿ ਬੋਲੀ ਹਰਿ ਬਾਣੀ' ਦਾ ਪਿਆਰਾ ਗੁਲਦਸਤਾ ਹੈ। ਅਜੇਹੇ ਮਨੁੱਖ ਚੰਗੀ ਸੰਗਤ ਦੀ ਹਮੇਸ਼ਾ ਹੀ ਚਾਹਨਾ ਰੱਖਦੇ ਹਨ:

ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥

ਪਰਮਾਤਮਾ ਦੀ 'ਅਕਥ ਕਹਾਣੀ' ਬਿਆਨ ਨਹੀਂ ਕੀਤੀ ਜਾ ਸਕਦੀ, ਪਰ ਜਦੋਂ ਅਸੀਂ ਰੱਬੀ ਗਿਆਨ ਤੇ ਉਸਦੀ ਨਿਯਮਾਵਲੀ ਨੂੰ ਸਮਝਣਾ ਹੈ ਤਾਂ ਭਲੇ ਗੁਰਮੁਖਾਂ ਦੀ ਸੰਗਤ ਦੇ ਘੜੇ ਹੋਏ ਵਿਧਾਨ ਨੂੰ ਲਾਗੂ ਕਰਨਾ ਪਵੇਗਾ। ਆਮ ਕਰਕੇ ਇਹੀ ਕਿਹਾ ਜਾਂਦਾ ਹੈ ਕਿ ਸਾਡੇ ਵੱਡੇ ਭਾਗ ਹੋਣਗੇ ਤਦ ਹੀ ਅਸੀਂ ਸੰਗਤ ਵਿਚ ਆਵਾਂਗੇ। ਅਸਲ ਵਿਚ ਤਾਂ ਗਿਆਨ ਗੁਰੂ ਦੀ ਨੀਤੀ ਨੂੰ ਅਪਨਾਇਆਂ ਹੀ ਵੱਡੇ ਭਾਗ ਬਣ ਸਕਦੇ ਹਨ। ਅਸੀਂ ਕਿਤਨੇ ਕੁ ਗੁਣਾਂ ਨੂੰ ਗ੍ਰਹਿਣ ਕਰ ਲਿਆ ਹੈ, ਇਹ ਬਿਆਨ ਨਹੀਂ ਕੀਤਾ ਜਾ ਸਕਦਾ ਜੋ ਅਕੱਥ ਕਹਾਣੀ ਹੈ। ਇਸ ਰਸਤੇ 'ਤੇ ਚੱਲਣ ਵਾਲਾ ਹੀ ਵਡਭਾਗੀ ਹੋ ਸਕਦਾ ਹੈ। ਕਿਸੇ ਸ਼ਰਾਬੀ ਆਦਮੀ ਨੂੰ ਇਹ ਕਿਹਾ ਜਾਏ ਕਿ ਭਈ ਤੂੰ ਨਸ਼ੇ ਦਾ ਤਿਆਗ ਕਰ ਦੇਹ, ਅੱਗੋਂ ਉਹ ਉਸੇ ਵੇਲੇ ਉੱਤਰ ਦਏਗਾ ਕਿ ਗੁਰੂ ਜੀ ਦੀ ਜਦੋਂ ਕਿਰਪਾ ਹੋਏਗੀ ਉਦੋਂ ਛੱਡ ਦਿਆਂਗੇ। ਇਸਦਾ ਸਾਫ਼ ਉੱਤਰ ਹੈ ਕਿ ਕੀ ਸ਼ਰਾਬ ਪੀਣ ਦੀ ਤੇਰੇ 'ਤੇ ਗੁਰੂ ਜੀ ਦੀ ਫੁੱਲ ਕਿਰਪਾ ਹੈ ? ਬੇ-ਸਮਝੀ ਦੇ ਆਲਮ ਵਿਚ ਫਿਰ ਰਹੇ ਮਨੁੱਖ ਨੂੰ ਨਿਯਮ-ਬੱਧ ਕੀਤਾ ਹੈ। ਜ਼ਿੰਦਗੀ ਵਿਚ ਜਦੋਂ ਸਮਝ ਦਾ ਦੀਵਾ ਜਗਦਾ ਹੈ ਤਾਂ ਹੀ ਵਡਭਾਗੀ ਬਣ ਸਕੀਦਾ ਹੈ। ਸਮਝ ਦਾ ਦੀਵਾ ਬੁਝਦਾ ਨਹੀਂ ਹੈ ਤੇ ਆਤਮਿਕ ਗੁਣਾਂ ਦੀ ਰੌਅ ਚੱਲ ਪੈਂਦੀ ਹੈ। ਅਗਲੀ ਤੁਕ ਵਿਚ ਹੋਰ ਵਿਸਥਾਰ ਨਾਲ ਬਿਆਨ ਕੀਤਾ ਹੈ :

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥

ਵਿਕਸਤ ਮੁਲਕਾਂ ਦੀ ਤਰੱਕੀ ਦਾ ਇੱਕੋ ਇਕ ਰਾਜ਼ ਹੈ—ਮੁਲਕ ਨੂੰ ਨਿਯਮ-ਬੱਧ ਕਰਨਾ। ਜਦੋਂ ਨਿਯਮ ਲਾਗੂ ਹੋ ਜਾਣ ਤਾਂ ਲੋਕ ਉਸ ਸਾਂਚੇ ਵਿਚ ਢਲ ਜਾਂਦੇ ਹਨ। ਵਿਕਸਤ ਮੁਲਕਾਂ ਵਿਚ ਰੇਲਵੇ ਦਾ ਫਾਟਕ ਬੰਦ ਕਰਨ ਲਈ ਕੋਈ ਆਦਮੀ ਨਹੀਂ ਹੁੰਦਾ। ਇਲੈਕਟ੍ਰੌਨਿਕ ਸਿਸਟਮ ਦੁਆਰਾ ਰੇਲ-ਗੱਡੀ ਆਉਣ 'ਤੇ ਫਾਟਕ ਆਪਣੇ ਆਪ ਹੀ ਬੰਦ ਹੁੰਦਾ ਤੇ ਖੁੱਲ੍ਹਦਾ ਰਹਿੰਦਾ ਹੈ। ਕਦੇ ਕੋਈ ਐਕਸੀਡੈਂਟ ਨਹੀਂ ਹੋਇਆ ਕਿਉਂਕਿ ਇਹ ਇਕ ਸਿਸਟਮ ਦੀ ਰੌਅ ਚੱਲ ਰਹੀ ਹੈ। ਜੋ ਸਿਸਟਮ ਨੂੰ ਤੋੜਦਾ ਹੈ ਉਸ ਨੂੰ ਤੁਰੰਤ ਜੁਰਮਾਨੇ ਦੀ ਟਿਕਟ ਦਿੱਤੀ ਜਾਂਦੀ ਹੈ। ਪਰ ਇਸ ਦੇ ਉਲਟ ਸਾਡੇ ਆਪਣੇ ਮੁਲਕ ਅੰਦਰ ਫਾਟਕ 'ਤੇ ਕਰਮਚਾਰੀ ਦੇ ਹੁੰਦਿਆਂ ਹੋਇਆਂ ਵੀ ਐਕਸੀਡੈਂਟ ਹੁੰਦੇ ਹੀ ਰਹਿੰਦੇ ਹਨ, ਕਿਉਂਕਿ ਸਿਸਟਮ ਦੀ ਰੌਅ ਇਕਸਾਰ ਨਹੀਂ ਚੱਲਦੀ। ਇਸ ਤੁਕ ਵਿਚ 'ਹਰਿ ਜਪੀਐ ਮਸਤਕਿ ਭਾਗੁ' ਮਸਤਕ ਵਿਚ ਦਿਮਾਗ਼ ਹੈ, ਜੋ ਸੰਕਲਪਾਂ-ਵਿਕਲਪਾਂ ਦਾ ਘਰ ਹੈ। ਇਸ ਵਿਚ 'ਹਰਿ ਜਪੀਐ' ਦੀ ਰੌਅ ਚਲਾਉਣੀ ਹੈ। ਰੱਬੀ ਗੁਣਾਂ ਨੂੰ ਹਰ ਵੇਲੇ ਆਪਣੀ ਯਾਦ ਦਾ ਹਿੱਸਾ ਬਣਾਉਣਾ ਹੈ। 'ਧੁਨਿ ਉਪਜੀ' ਦਾ

ਅਰਥ ਇਹ ਨਹੀਂ ਹੈ ਕਿ ਕੰਨਾਂ ਵਿਚ ਕੋਈ ਖ਼ਾਸ ਕਿਸਮ ਦੀਆਂ ਟੱਲੀਆਂ ਜਾਂ ਘੰਟੀਆਂ ਵੱਜਣੀਆਂ ਸ਼ੁਰੂ ਹੋ ਜਾਣਗੀਆਂ ਤੇ ਉਸ ਦੀ ਆਵਾਜ਼ ਅਸੀਂ ਸੁਣਨੀ ਹੈ। ਹੁਣ ਦੂਸਰੀ ਪਉੜੀ ਦੇ ਆਦਰਸ਼ ਨੂੰ ਹੀ ਲੈ ਲਈਏ ਜਿਸ ਵਿਚ 'ਨਿਰਮਲ ਭਉ' ਅਦਬ ਤੇ ਸਤਿਕਾਰ ਲਈ ਆਇਆ ਹੈ। ਇਸ ਅਦਬ-ਸਤਿਕਾਰ ਦੀ ਹਰ ਵੇਲੇ ਪ੍ਰੈਕਟਿਸ ਕਰਦੇ ਰਹਿਣਾ ਹੀ 'ਹਰਿ ਧੁਨਿ ਉਪਜੀ' ਹੈ। ਦਿਮਾਗ਼ ਵਿਚ ਅਦਬ-ਸਤਿਕਾਰ ਦੀ ਧੁਨ ਨੂੰ ਹਰ ਵੇਲੇ ਸੁਣਦੇ ਰਹਿਣਾ ਹੀ 'ਮਸਤਕਿ ਭਾਗੁ' ਦੀ ਨਿਸ਼ਾਨੀ ਹੈ। 'ਹਰਿ ਧੁਨ' ਦੀ ਤਾਂਘ ਬਣੀ ਰਹੇ, ਇਸ ਨੂੰ ਬੈਰਾਗ ਕਿਹਾ ਗਿਆ ਹੈ :

ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥

'ਹਰਿ ਉਪਜੈ ਮਨਿ ਬੈਰਾਗੁ' ਦੀ ਅਵਸਥਾ ਪੈਦਾ ਹੋ ਜਾਂਦੀ ਹੈ। ਕਣਕ ਦੀ ਬਿਜਾਈ ਵਾਸਤੇ ਕਿਰਸਾਨ ਆਪਣੇ ਖੇਤ ਨੂੰ ਤਿਆਰ ਕਰਦਾ ਹੈ। ਫਿਰ ਉਸ ਵਿਚ ਕਣਕ ਦੀ ਫ਼ਸਲ ਬੀਜਦਾ ਹੈ। ਕੁਝ ਦਿਨਾਂ ਉਪਰੰਤ ਕਣਕ ਦੀ ਫ਼ਸਲ ਉੱਗਣ ਲੱਗ ਪੈਂਦੀ ਹੈ। ਇੰਝ ਹੀ ਕੋਈ ਫ਼ੈਕਟਰੀ ਵਾਲਾ ਬਾਹਰੋਂ ਕੱਚਾ ਮੈਟੀਰੀਅਲ ਲਿਆ ਕੇ ਆਪਣੀ ਫ਼ੈਕਟਰੀ ਰਾਹੀਂ ਮਾਲ ਤਿਆਰ ਕਰ ਕੇ ਬਾਜ਼ਾਰ ਵਿਚ ਵੇਚਦਾ ਹੈ। ਜੇਕਰ ਮਾਲ ਦੀ ਉਪਜ ਸਹੀ ਹੋਏਗੀ ਤਾਂ ਉਸ ਨੂੰ ਰੇਟ ਵੀ ਸਹੀ ਮਿਲ ਸਕਦਾ ਹੈ। ਏਸ ਤਰ੍ਹਾਂ ਅਸੀਂ ਆਪਣੇ ਮਨ ਦੀ ਪੈਲੀ ਤਿਆਰ ਕਰ ਕੇ ਇਸ ਵਿੱਚੋਂ ਵੀ ਸਦ-ਗੁਣਾਂ ਦੀ ਭਰਪੂਰ ਫ਼ਸਲ ਲੈਣੀ ਹੈ। ਕਿਰਸਾਨ ਦੇ ਮਨ ਵਿਚ ਇਕ ਤਾਂਘ ਹੁੰਦੀ ਹੈ ਕਿ ਮੇਰੀ ਫ਼ਸਲ ਬੀਜਣ ਦਾ ਸਮਾਂ ਨਾ ਲੰਘ ਜਾਏ, ਵੱਤਰ ਨਾ ਖੁੰਝ ਜਾਏ, ਜੇ ਸਮਾਂ ਲੰਘ ਗਿਆ ਤਾਂ ਫ਼ਸਲ ਦੀ ਉਪਜ ਨਹੀਂ ਹੋ ਸਕਦੀ। ਸੁਭਾਗ ਜੋੜੀ ਨੇ ਆਪਣੇ ਧਰਮ ਦੀ ਪਹਿਚਾਣ ਕਰ ਕੇ ਸਤਿਗੁਰੂ ਦੇ ਗਿਆਨ ਰਾਹੀਂ ਅਦਬ-ਸਤਿਕਾਰ ਦੀ ਭਰਪੂਰ ਫ਼ਸਲ ਲੈਣ ਦਾ ਯਤਨ ਕਰਨਾ ਹੈ। ਅਜਿਹੀ ਲਾਲਸਾ ਹਰ ਵੇਲੇ ਬਣੀ ਰਹਿਣ ਨੂੰ ਹੀ ਬੈਰਾਗ ਆਖਿਆ ਗਿਆ ਹੈ। ਬੇਲੋੜਾ ਰੋਈ ਜਾਣ ਨੂੰ ਬੈਰਾਗ ਨਹੀਂ ਆਖਿਆ ਗਿਆ, ਸਗੋਂ ਆਪਸੀ ਪਿਆਰ-ਮੁਹੱਬਤ ਤੇ ਮੇਲ-ਮਿਲਾਪ, ਸਤਿਕਾਰ ਦੀ ਭਾਵਨਾ ਦਾ ਨਾਂ ਬੈਰਾਗ ਹੈ :

1. ਚੰਗੇ ਗੁਣਾਂ ਦੀ ਹਰ ਵੇਲੇ ਤਾਂਘ ਬਣੀ ਰਹੇ, ਪਰਮਾਤਮਾ ਦਾ ਮਿਲਾਪ ਤੇ ਬੈਰਾਗ ਦੀ ਨਿਸ਼ਾਨੀ ਹੈ।
2. ਵੱਡੇ ਭਾਗ ਤਦ ਬਣ ਸਕਦੇ ਹਨ, ਜੇ ਗਿਆਨ-ਗੁਰੂ ਦੀ ਸੰਗਤ ਪ੍ਰਾਪਤ ਕੀਤੀ ਜਾਏ।
3. ਸ਼ੁਭ ਬਚਨ ਬੋਲਣ ਦਾ ਅਭਿਆਸ ਕਰਨ ਨੂੰ ਗੁਣ ਗਾਉਣੇ ਕਿਹਾ ਗਿਆ ਹੈ, ਜੋ ਪਵਿੱਤਰਤਾ ਦੀ ਉਘੜਦੀ ਤਸਵੀਰ ਹੈ।

4. ਦਿਮਾਗ਼ ਵਿਚ ਅਨੋਖੀ ਤਬਦੀਲੀ ਆਈ ਜੋ ਔਗੁਣਾਂ ਨੂੰ ਪਿਛਾੜ ਕੇ ਗੁਣਾਂ ਦੀ ਧੁੰਨ ਵਿਚ ਪੱਕੀ ਹੋ ਗਈ।
5. ਕਿਸੇ ਦਾ ਦਿਲ ਨਾ ਦੁਖਾਉਣ ਦੀ ਪ੍ਰਬਲ ਤਾਂਘ ਤੇ ਹਰ ਸਮੇਂ ਇਸ ਅਵਸਥਾ ਨੂੰ ਬਣਾਈ ਰੱਖਣਾ ਤੀਸਰੀ ਲਾਂਵ ਦਾ ਮੁੱਖ ਸੁਨੇਹਾ ਹੈ।

ਸਿਆਣਿਆਂ ਦਾ ਕਥਨ ਹੈ ਕਿ ਕਾਹਲੀ ਅੱਗੇ ਟੋਏ ਹੁੰਦੇ ਹਨ। ਜਲਦਬਾਜ਼ੀ ਕਰਨ ਵਾਲਾ ਸਹੀ ਨਤੀਜੇ ਨਹੀਂ ਪ੍ਰਾਪਤ ਕਰ ਸਕਦਾ, ਪੰਜਾਬੀ ਦਾ ਦੂਸਰਾ ਮੁਹਾਵਰਾ ਹੈ—ਸਹਿਜ ਪੱਕੇ ਸੋ ਮੀਠਾ ਹੋਏ। ਕਾਹਲੀ ਨਾਲ ਕਾਰ ਚਲਾਉਣ ਵਾਲਾ ਅਕਸਰ ਐਕਸੀਡੈਂਟ ਕਰ ਬੈਠਦਾ ਹੈ। ਮਾਲੀ ਬਾਗ਼ ਵਿਚ ਕਈ ਪ੍ਰਕਾਰ ਦੇ ਫਲਦਾਰ ਦਰੱਖ਼ਤ ਲਗਾਉਂਦਾ ਹੈ। ਉਸ ਵਿਚ ਧੀਰਜ, ਹੌਸਲਾ ਤੇ ਸਹਿਜ ਹੁੰਦਾ ਹੈ। ਉਸ ਨੇ ਕਦੀ ਵੀ ਇਹ ਨਹੀਂ ਸੋਚਿਆ ਹੁੰਦਾ ਕਿ ਮੈਂ ਅੱਜ ਫਲਦਾਰ ਬੂਟਾ ਲਗਾਇਆ ਹੈ ਤੇ ਕਲ੍ਹ ਸ਼ਾਮ ਤਕ ਹੀ ਇਸ ਨੂੰ ਫਲ ਲੱਗਿਆ ਹੋਣਾ ਚਾਹੀਦਾ ਹੈ। ਇਕ ਕਿਰਸਾਨ ਨੂੰ ਵੀ ਫ਼ਸਲ ਬੀਜ ਕੇ ਉਸ ਦੇ ਪੱਕਣ ਤਕ ਦੀ ਆਸ ਰੱਖ ਕੇ ਇੰਤਜ਼ਾਰ ਕਰਨਾ ਪੈਂਦਾ ਹੈ। ਚੰਗੇ ਗ੍ਰਿਹਸਤੀ ਬਣਨ ਲਈ ਸਹਿਜ ਦੀ ਪਉੜੀ 'ਤੇ ਚੜ੍ਹਨਾ ਪੈਣਾ ਹੈ, ਜੋ ਚੌਥੀ ਲਾਂਵ ਵਿਚ ਮਿਥਿਆ ਗਿਆ ਹੈ :

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥

(ਪੰਨਾ 774)

ਚਉਥੀ ਲਾਂਵ ਸਹਿਜ ਅਵਸਥਾ ਭਾਵ ਆਤਮਿਕ ਅਡੋਲਤਾ ਦੇ ਸਿਖਰ ਨੂੰ ਛੋਹਦੀ ਹੈ। ਸਕੂਲ ਵਿਚ ਪੜ੍ਹ ਰਹੇ ਵਿਦਿਆਰਥੀ ਹੌਲੀ ਹੌਲੀ ਜਮਾਤਾਂ ਪਾਸ ਕਰਦਿਆਂ ਦਸਵੀਂ ਜਮਾਤ ਪਾਸ ਕਰ ਲੈਂਦੇ ਹਨ। ਕੋਈ ਮੁਸਾਫ਼ਰ ਤੁਰਿਆ ਹੋਇਆ ਆਪਣੀ ਮੰਜ਼ਲ 'ਤੇ ਪਹੁੰਚ ਹੀ ਜਾਂਦਾ ਹੈ ਤੇ ਵਿਆਹ ਵੀ ਇਕ ਮੰਜ਼ਲ ਦੀ ਸ਼ੁਰੂਆਤ ਹੈ। ਵਿਆਹ ਤੋਂ ਪਹਿਲਾਂ ਲੜਕੀ ਅਤੇ ਲੜਕਾ ਦੋ ਵੱਖ-ਵੱਖ ਰੂਪਾਂ ਵਿਚ ਰਹਿੰਦੇ ਹਨ, ਪਰ ਵਿਆਹ ਹੋਣ 'ਤੇ ਇਹ ਸੁਭਾਗ ਜੋੜੀ ਪਤਨੀ ਅਤੇ ਪਤੀ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਇਕ ਜੋਤ ਦੇ ਫ਼ਲਸਫ਼ੇ ਨੂੰ ਅਪਣਾਇਆਂ ਨਵੀਂ ਮੰਜ਼ਲ ਦੀ ਸ਼ੁਰੂਆਤ ਕਰਦੇ ਹਨ। ਸਤਿਗੁਰੂ ਦੇ ਉਪਦੇਸ਼ ਦੁਆਰਾ ਘਟੀਆ ਕਿਸਮ ਦੀ ਸੋਚ ਤੋਂ ਮੁਕਤੀ ਪ੍ਰਾਪਤ ਕਰ ਕੇ ਆਪਣੇ ਫ਼ਰਜ਼

ਪ੍ਰਤੀ ਸੁਚੇਤ ਹੋਣਾ ਹੈ। ਅਦਬ ਤੇ ਸਤਿਕਾਰ ਦੀ ਪਉੜੀ 'ਤੇ ਚੜ੍ਹਦਿਆਂ ਸਾਰਿਆਂ ਨੂੰ ਇਕ ਨਜ਼ਰ ਨਾਲ ਦੇਖਣ ਦੀ ਕੋਸ਼ਿਸ਼ ਕਰਦੇ ਰਹਿਣਾ ਹੈ। ਸੁਭਾਗ ਜੋੜੀ ਨੇ ਸ਼ੁਭ ਗੁਣਾਂ ਦੀ ਤਾਂਘ ਨੂੰ ਬਣਾਈ ਰੱਖਦਿਆਂ ਸਹਿਜ ਦੇ ਮਾਰਗ ਨੂੰ ਤਰਜੀਹ ਦੇਣੀ ਹੈ। ਇਨ੍ਹਾਂ ਤਿੰਨਾਂ ਪਉੜੀਆਂ ਵਿਚ ਆਏ ਵਿਧਾਨ ਦੀ ਪਾਲਣਾ ਕਰਦਿਆਂ, ਪਰਿਵਾਰ ਤੇ ਆਪਣੇ ਨਿੱਤ ਦੇ ਜੀਵਨ ਵਿਚ ਹਉਮੈ ਨੂੰ ਸਮਝਦਿਆਂ ਸਹਿਜ ਦੇ ਕਾਨੂੰਨ ਨੂੰ ਲਾਗੂ ਕਰਨਾ ਹੈ। ਇਸ ਸੁਭਾਅ ਦਾ ਨਾਂ ਹੀ ਪਰਮਾਤਮਾ ਦਾ ਮਿਲਾਪ ਹੈ। ਚਉਥੀ ਲਾਂਵ ਦੀ ਪਹਿਲੀ ਤੁਕ ਵਿਚ ਆਤਮਿਕ ਅਡੋਲਤਾ ਤੇ ਰੱਬੀ ਮਿਲਾਪ ਦੀ ਵਿਵਸਥਾ ਰੱਖੀ ਗਈ ਹੈ। ਗੁਰਵਾਕ ਹੈ:

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥

ਜ਼ਰਾ ਕੁ ਧਿਆਨ ਨਾਲ ਦੇਖੀਏ, ਕਿਰਸਾਨ ਕਦੇ ਵੀ ਆਪਣੇ ਖੇਤ ਵਿਚ ਕਣਕ ਦੇ ਸਿੱਟੇ ਨਹੀਂ ਬੀਜਦਾ। ਪਹਿਲਾਂ ਖੇਤ ਦੀ ਤਿਆਰੀ ਕਰਦਾ ਹੈ, ਫਿਰ ਉਸ ਵਿਚ ਕਣਕ ਦਾ ਬੀਜ ਬੀਜਦਾ ਹੈ। ਨਵੰਬਰ ਵਿਚ ਬੀਜੀ ਹੋਈ ਕਣਕ ਮਾਰਚ ਅਪ੍ਰੈਲ ਨੂੰ ਕਿਤੇ ਜਾ ਕੇ ਤਿਆਰ ਹੁੰਦੀ ਹੈ। ਚਾਰ ਪੰਜ ਮਹੀਨੇ ਦੇ ਉਪਰੰਤ ਜਾ ਕੇ ਬੀਜੀ ਹੋਈ ਕਣਕ ਨੂੰ ਸਿੱਟਾ ਲੱਗਦਾ ਹੈ। ਏਸੇ ਤਰ੍ਹਾਂ ਹੀ ਰੱਬ ਜੀ ਦੇ ਮਿਲਾਪ ਲਈ ਪਹਿਲਾਂ ਮਨ ਰੂਪੀ ਪੈਲੀ ਤਿਆਰ ਕਰਨੀ ਪਏਗੀ, ਫਿਰ ਜਾ ਕੇ ਸਹਿਜ ਦਾ ਸਿੱਟਾ ਲੱਗੇਗਾ, ਜੋ ਆਤਮਿਕ ਅਡੋਲਤਾ ਤੇ ਪਰਮਾਤਮਾ ਦੇ ਮਿਲਾਪ ਦੀ ਨਿਸ਼ਾਨੀ ਹੈ। ਸੁਭਾਗ ਜੋੜੇ ਨੇ ਆਪਸ ਵਿਚ ਮਿਲ ਕੇ ਤੇ ਪਰਿਵਾਰ ਦੇ ਜੀਆਂ ਨੂੰ ਨਾਲ ਲੈ ਕੇ ਸਹਿਜ ਦੀ ਖੇਤੀ ਤਿਆਰ ਕਰਨੀ ਹੈ ਤਾਂ ਕਿ ਆਪਣੇ ਜੀਵਨ ਤੇ ਪਰਿਵਾਰ ਵਿਚ ਅਨੰਦ ਪੈਦਾ ਹੋ ਸਕੇ। ਆਮ ਹਾਲਤਾਂ ਵਿਚ ਮਨੁੱਖ ਦੋਹਰੇ ਜੀਵਨ ਦੇ ਵਿਚ ਵਿਚਰਨ ਦਾ ਯਤਨ ਕਰਦਾ ਰਹਿੰਦਾ ਹੈ। ਮਨ ਵਿਚ ਕੁਝ ਹੋਰ ਭਾਵਨਾ ਹੈ ਪਰ ਜ਼ਬਾਨ 'ਤੇ ਬੋਲ ਕੁਝ ਹੋਰ ਹੀ ਹੁੰਦੇ ਹਨ। ਹੋਰ ਵਿਸਥਾਰ ਅਗਲੀ ਤੁਕ ਵਿਚ ਆਇਆ ਹੈ:

ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥

ਇਸ ਤੁਕ ਵਿਚ ਫਿਰ ਗੁਰੂ ਜੀ ਨੂੰ ਮਿਲਣ ਦਾ ਆਦਰਸ਼ ਰੱਖਿਆ ਗਿਆ ਹੈ। 'ਗੁਰਮੁਖਿ ਮਿਲਿਆ ਸੁਭਾਇ' ਪਿਆਰ ਵਿਚ ਭਿੱਜ ਕੇ ਗੁਰੂ ਨੂੰ ਮਿਲਣਾ ਹੈ, ਤਾਂ ਜੋ ਮਨ ਤੇ ਤਨ ਵਿਚ ਰੱਬੀ ਗੁਣਾਂ ਦੀ ਮਿਠਾਸ ਆ ਜਾਏ। ਪਤੀ ਅਤੇ ਪਤਨੀ ਆਪਸ ਵਿਚ ਕਦੇ ਵੀ ਇਕ ਦੂਸਰੇ ਪਾਸੋਂ ਓਹਲਾ ਨਹੀਂ ਰੱਖਣਗੇ। ਮਨ ਤੇ ਤਨ ਦੀ ਇਕਸਾਰਤਾ ਹੋ ਜਾਏਗੀ। ਪਰਮਾਤਮਾ ਦਾ ਨਾਮ ਮਿੱਠਾ ਲੱਗਣਾ, ਇਹ ਕੋਈ ਖਾਣ ਵਾਲੀ ਵਸਤੂ ਨਹੀਂ ਹੈ, ਸਗੋਂ ਪਿਆਰ ਵਿਚ ਪਰਵਿਰਤ ਹੋਣ ਦੀ ਬਸੰਤ ਰੁੱਤ ਹੈ, ਜੋ ਇਕ ਪ੍ਰਕਾਰ ਦਾ ਅਧਿਆਤਮਿਕ ਨਸ਼ਾ ਹੈ। ਇਹ ਨਸ਼ਾ ਪੀਣ ਦੀ ਜਿਸ ਨੂੰ ਆਦਤ ਪੈ ਜਾਏ ਫਿਰ ਕਦੇ ਛੁੱਟਦੀ ਨਹੀਂ।

'ਮਨਿ ਤਨਿ'—ਮਨ ਦੀ ਢੀਠਤਾਈ, ਚੰਚਲਤਾ ਦਾ ਤਿਆਗ ਕਰਨਾ, ਜੋ ਤਨ ਰਾਹੀਂ ਪ੍ਰਗਟ ਹੁੰਦੀ ਹੈ। ਤਨ ਤੋਂ ਮੁਰਾਦ ਅੱਖਾਂ, ਕੰਨ, ਜ਼ਬਾਨ ਤੇ ਬਾਕੀ ਗਿਆਨ-ਇੰਦਰੇ ਹਨ। ਅੱਖਾਂ ਰਾਹੀਂ ਜਦੋਂ ਬਾਹਰਲੀ ਸੂਰਤ ਨੂੰ ਦੇਖ ਕੇ ਮਨ ਨੂੰ ਸੂਚਿਤ ਕਰਦਾ ਹੈ ਤਾਂ ਮਨ ਫ਼ੈਸਲੇ ਗ਼ਲਤ ਕਰਦਾ ਹੈ। ਪਿਆਰ ਵਿਚ ਗੁਰੂ ਨੂੰ ਮਿਲਿਆਂ ਇਹ ਕੂੜ ਦੀ ਦੁਬਿਧਾ ਖ਼ਤਮ ਹੋ ਜਾਂਦੀ ਹੈ:

ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥

'ਅਨਦਿਨੁ ਹਰਿ ਲਿਵ ਲਾਈ' ਨਿਯਮਬੱਧ ਹੋਣਾ ਜੀਵਨ ਦਾ ਸ਼ੁਰੂ ਹੋਣਾ ਹੈ ਤੇ ਹਰ ਰੋਜ਼ ਆਪਣੀ ਸੁਰਤ ਨੂੰ ਇਸ ਅਭਿਆਸ ਵਿਚ ਪਾਈ ਰੱਖਣਾ 'ਲਿਵ ਲਾਈ' ਹੈ। ਸੰਸਾਰ ਵਿਚ ਨਸ਼ੇ ਕਈ ਪ੍ਰਕਾਰ ਦੇ ਹਨ। ਕਿਸੇ ਨੂੰ ਸ਼ਰਾਬ ਪੀਣ ਦਾ ਨਸ਼ਾ ਤੇ ਕਿਸੇ ਨੂੰ ਅਫ਼ੀਮ ਖਾਣ ਦਾ ਨਸ਼ਾ ਹੈ। ਕਿਸੇ ਨੂੰ ਅਹੁਦੇ ਦਾ ਨਸ਼ਾ ਤੇ ਕਿਸੇ ਨੂੰ ਧਨ ਦਾ ਨਸ਼ਾ ਹੈ। ਇਨ੍ਹਾਂ ਨਸ਼ਿਆਂ ਵਿਚ ਮਨੁੱਖ ਦੀ ਹਰ ਵੇਲੇ ਲਿਵ ਲੱਗੀ ਰਹਿੰਦੀ ਹੈ ਤੇ ਨਸ਼ੇ ਦੀ ਪੂਰਤੀ ਲਈ ਚੋਰੀ ਇਤਿਆਦਿਕ ਵੀ ਕਰ ਲੈਂਦਾ ਹੈ, ਪਰ ਜੇਕਰ ਕਿਸੇ ਨੂੰ ਸੇਵਾ ਕਮਾਉਣ ਦੀ ਲਿਵ ਲੱਗ ਜਾਏ ਤਾਂ ਇਸਨੂੰ ਉੱਚਤਮ ਲਿਵ ਕਿਹਾ ਜਾ ਸਕਦਾ ਹੈ। ਸਾਧਾਰਨ ਬੋਲੀ ਵਿਚ ਚੌਂਕੜੀ ਮਾਰ, ਅੱਖਾਂ ਬੰਦ ਕਰ ਕੇ ਬੈਠ ਜਾਣ ਨੂੰ ਲਿਵ ਲੱਗੀ ਸਮਝਿਆ ਗਿਆ ਹੈ। ਇਸ ਪਾਖੰਡ ਨੂੰ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਜਪੁਜੀ ਦੀ ਪਹਿਲੀ ਪਉੜੀ ਦੀਆਂ ਪਹਿਲੀਆਂ ਤੁਕਾਂ ਵਿਚ ਹੀ ਰੱਦ ਕਰ ਦਿੱਤਾ ਹੈ। "ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥" ਈਮਾਨਦਾਰੀ ਨਾਲ ਮਿਲੀ ਜ਼ਿੰਮੇਵਾਰੀ ਨੂੰ ਨਿਭਾਹੁਣਾ ਅਤੇ ਨੇਕ-ਨੀਅਤ ਨਾਲ ਕੰਮ ਕਰਨਾ ਹੀ ਅਸਲੀ ਲਿਵ ਲੱਗਣੀ ਹੈ। 'ਸੁਭਾਇ'—ਪਿਆਰ ਵਿਚ ਭਿੱਜ ਕੇ ਆਪਣੇ ਫ਼ਰਜ਼ ਨੂੰ ਸਮਝਣਾ, ਜੀਵਨ ਵਿਚ ਕੁਤਾਹੀ ਨਾ ਹੋਣ ਦੇਣਾ ਹੀ ਹਰਿ ਦਾ ਮਿੱਠਾ ਲੱਗਣਾ ਹੈ। ਪਰਿਵਾਰਾਂ ਵਿਚ ਦੁਖਾਂਤ ਤਦ ਵਾਪਰਦੇ ਹਨ, ਜਦੋਂ ਮੂੰਹ ਦੇ ਬੋਲ ਹੋਰ ਹੁੰਦੇ ਨੇ ਤੇ ਕਰਮ ਸਾਡੇ ਹੋਰ ਹੁੰਦੇ ਹਨ। ਏਸੇ ਲਈ ਅਸੀਂ ਬੀਜਦੇ ਕੁਝ ਹੋਰ ਹਾਂ ਤੇ ਵੱਢਦੇ ਕੁਝ ਹੋਰ ਹੁੰਦੇ ਹਾਂ। ਅਗਲੀ ਤੁਕ ਵਿਚ ਮਨ ਇੱਛਤ ਫਲ ਦੀ ਪ੍ਰਾਪਤੀ ਦੀ ਕਾਮਨਾ ਕੀਤੀ ਗਈ ਹੈ:

ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥

ਮਨ ਦੁਆਰਾ ਚਾਹੇ ਹੋਏ ਫਲ ਦੀ ਗੱਲ ਕੀਤੀ ਗਈ ਹੈ। ਕਿਸੇ ਵੀ ਧਾਰਮਿਕ ਅਸਥਾਨ 'ਤੇ ਚਲੇ ਜਾਉ, ਹਰ ਥਾਂ 'ਤੇ ਹੀ ਸ਼ਰਧਾਲੂਆਂ ਦੀਆਂ ਮਨੋ-ਕਾਮਨਾਵਾਂ ਦੀ ਪੂਰਤੀ ਲਈ ਧੜਾ-ਧੜ ਅਰਦਾਸਾਂ ਹੋ ਰਹੀਆਂ ਸੁਣਾਈ ਦੇਣਗੀਆਂ। ਹਰ ਘਰ ਵਿਚ ਕੁਝ ਨਾ ਕੁਝ ਵਾਪਰਦਾ ਹੀ ਰਹਿੰਦਾ ਹੈ। ਉਸ ਵਾਪਰ ਰਹੀ ਘਟਨਾ ਵਿਚ ਅਸੀਂ ਇਕ ਦੂਜੇ ਪ੍ਰਤੀ ਘ੍ਰਿਣਤ ਭਾਵਨਾ ਵਾਲੇ

ਬੋਲ ਵੀ ਬੋਲ ਲੈਂਦੇ ਹਾਂ ਤੇ ਲੜਾਈ ਝਗੜੇ ਵਿਚ ਕਈ ਦਫ਼ਾ ਇਹ ਵੀ ਕਹਿ ਦੇਂਦੇ ਹਾਂ ਕਿ ਹੇ ਪਰਮਾਤਮਾ! ਜੇ ਤੂੰ ਕਿਤੇ ਨੇੜੇ ਤੇੜੇ ਦਿਖਾਈ ਦੇਂਦਾ ਏਂ ਤਾਂ ਮੇਰੀ ਅਰਦਾਸ ਹੈ ਤੇਰੇ ਚਰਨਾਂ ਪਾਸ ਜਾਂ ਮੈਨੂੰ ਇਸ ਘਰ ਵਿੱਚੋਂ ਚੁੱਕ ਲੈ ਜਾਂ ਇਸ ਨੂੰ ਚੁੱਕ ਲੈ। ਮੰਨ ਲਉ! ਜੇ ਰੱਬ ਜੀ ਕਿਤੇ ਨੇੜੇ ਹੀ ਸਾਡੀ ਅਰਦਾਸ ਸੁਣਦੇ ਹੋਣ ਤੇ ਅਜਿਹਾ ਵਾਪਰ ਜਾਏ ਤਾਂ ਕੀ ਘਰ ਦਾ ਮਾਹੌਲ ਠੀਕ ਰਹਿ ਸਕਦਾ ਹੈ ? 'ਮਨ ਚਿੰਦਿਆ ਫਲੁ ਪਾਇਆ'—ਇਸਦਾ ਅਰਥ ਇਹ ਨਹੀਂ ਕਿ ਸਾਡੇ ਕਹਿਣ ਨਾਲ ਗੁਆਂਢੀਆਂ ਦੀ ਮੱਝ ਮਰ ਜਾਏਗੀ ਜਾਂ ਸਾਡੇ ਕਹਿਣ ਨਾਲ ਸਾਡਾ ਕੇਸ ਜਿੱਤਿਆ ਜਾਏਗਾ ਜਾਂ ਸਾਡੇ ਘਰ ਅੱਜ ਸ੍ਰੀ ਅਖੰਡ ਪਾਠ ਦੇ ਭੋਗ ਸਮੇਂ ਪੈ ਰਹੀ ਬਰਸਾਤ ਹੱਟ ਜਾਏਗੀ। ਦਰਅਸਲ ਜੋ ਕਰਮ ਅਸੀਂ ਕਰਾਂਗੇ, ਫਲ ਉਸੇ ਦਾ ਹੀ ਮਿਲਣਾ ਹੈ। ਇਸ ਗੱਲ ਨੂੰ ਸਮਝਣ ਲਈ ਮਿੱਟੀ ਦੇ ਭਾਂਡੇ ਦੀ ਮਿਸਾਲ ਲੈਂਦੇ ਹਾਂ। ਘੁਮਿਆਰ ਪਹਿਲਾਂ ਮਿੱਟੀ ਲਿਆਉਂਦਾ ਹੈ, ਫਿਰ ਉਸ ਨੂੰ ਚੰਗੀ ਤਰ੍ਹਾਂ ਗੁੰਨ੍ਹਦਾ ਹੈ। ਮਿੱਟੀ ਨੂੰ ਚੱਕ 'ਤੇ ਚਾੜ੍ਹ ਕੇ ਵਧੀਆ ਭਾਂਡੇ ਬਣਾ ਲੈਂਦਾ ਹੈ। ਕੀ ਕਦੇ ਘੁਮਿਆਰ ਨੇ ਸੋਚਿਆ ਹੈ ਕਿ ਕਾਸ਼! ਇਹ ਮੇਰਾ ਘੜਾ ਸੋਨੇ ਦਾ ਬਣ ਜਾਂਦਾ। ਨਹੀਂ, ਅਜਿਹਾ ਨਹੀਂ ਹੋ ਸਕਦਾ ਕਿਉਂਕਿ ਮਿੱਟੀ ਨੇ ਮਿੱਟੀ ਹੀ ਰਹਿਣਾ ਹੈ ਤੇ ਇਹ ਮਿੱਟੀ ਦਾ ਭਾਂਡਾ ਹੀ ਤਿਆਰ ਹੋਏਗਾ।

ਮਨ ਚਿੰਦੇ ਫਲ ਦੀ ਗੱਲ ਦਾ ਅਰਥ ਇਹ ਨਹੀਂ ਕਿ ਕਰਮ ਅਸੀਂ ਹੋਰ ਕਰੀਏ, ਫਲ ਕਿਸੇ ਹੋਰ ਦੀ ਆਸ ਰੱਖੀਏ। ਪੇਪਰ ਹਿਸਾਬ ਦਾ ਆਇਆ ਹੈ ਪਰ ਬੱਚੇ ਜੁਆਬ ਕੈਮਿਸਟਰੀ ਦਾ ਦੇਣ ਤਾਂ ਬੱਚੇ ਫ਼ੇਲ੍ਹ ਹੋਣ ਨੂੰ ਆਪ ਆਵਾਜ਼ਾਂ ਮਾਰ ਰਹੇ ਹਨ। ਲਾਵਾਂ ਦੇ ਇਸ ਸਾਰੇ ਪ੍ਰਕਰਣ ਵਿਚ ਸਹਿਜ ਅਵਸਥਾ ਤੇ ਪਰਮਾਤਮਾ ਦੀ ਪ੍ਰਾਪਤੀ ਦਾ ਨਿਸ਼ਾਨਾ ਮਿੱਥਿਆ ਗਿਆ ਹੈ। ਇਸ ਨਿਸ਼ਾਨੇ 'ਤੇ ਪਹੁੰਚਣ ਲਈ ਇਕ ਨਿਯਮਾਵਲੀ ਦੱਸੀ ਗਈ ਹੈ ਜੋ ਤਿੰਨਾਂ ਲਾਵਾਂ ਵਿਚ ਮਾਰਗ-ਦਰਸ਼ਨ ਕਰਦੀ ਹੈ। ਮਨ ਚਿੰਦੇ ਫਲ ਦੁਨਿਆਵੀ ਪਦਾਰਥਾਂ ਦੀ ਹਕੀਕਤ ਨਹੀਂ ਹੈ। ਮਨ ਚਿੰਦੇ ਫਲ ਅਸੀਂ ਆਪਣੀਆਂ ਆਸ਼ਾਵਾਂ ਅਨੁਸਾਰ ਚੱਲਣਾ ਤੇ ਇਸ ਨੂੰ ਢੂੰਡਣ ਦੇ ਹਮੇਸ਼ਾ ਯਤਨ ਵਿਚ ਰਹੇ ਹਾਂ। ਮਿਸਾਲ ਦੇ ਤੌਰ 'ਤੇ, ਲੜਕੀ ਦੇ ਵਿਆਹ 'ਤੇ ਭਰਪੂਰ ਬਰਸਾਤ ਪੈ ਰਹੀ ਹੋਵੇ ਤੇ ਅਸੀਂ ਹੁਣ ਇਹ ਅਰਦਾਸਾਂ ਕਰੀਏ ਕਿ ਰੱਬ ਜੀਉ! ਜਲਦੀ ਤੋਂ ਜਲਦੀ ਵਰਖਾ ਨੂੰ ਰੋਕ ਦਿਉ, ਸਾਡੀ ਲੜਕੀ ਦਾ ਅੱਜ ਵਿਆਹ ਹੈ। ਇਹ ਮਨ ਚਿੰਦਿਆ ਫਲ ਨਹੀਂ ਹੈ। ਸਾਡੀ ਲੜਕੀ ਦੀ ਸ਼ਾਦੀ ਕਿਸੇ ਚੰਗੇ ਖਾਂਦੇ ਪੀਂਦੇ ਘਰ ਹੋ ਜਾਏ ਤੇ ਗੁਆਂਢੀਆਂ ਦੀ ਲੜਕੀ ਦੀ ਸ਼ਾਦੀ ਸਾਡੇ ਨਾਲੋਂ ਛੋਟੇ ਘਰ ਵਿਚ ਹੋਵੇ ਤਾਂ ਸਾਡਾ ਸਮਾਜ ਵਿਚ ਨੱਕ ਰਹਿ ਸਕਦਾ ਹੈ। ਮਨ ਚਿੰਦੇ ਦਾ ਇਕ ਹੋਰ ਪਹਿਲੂ ਵੀ ਹੈ, ਸਾਡਾ ਲੜਕਾ ਤਾਂ ਚੰਗੇ ਨੰਬਰ ਲੈ ਕੇ ਪਾਸ ਹੋਵੇ ਤੇ ਗੁਆਂਢੀਆਂ ਦੇ ਲੜਕੇ ਦੇ ਇਸ ਤੋਂ ਅੱਧੇ ਨੰਬਰ ਹੀ ਆਉਣੇ ਚਾਹੀਦੇ ਹਨ। ਸਾਰੀ ਵਿਚਾਰ

ਦਾ ਨਤੀਜਾ ਇਹ ਹੀ ਨਿਕਲਦਾ ਹੈ ਕਿ ਮਨ ਚਿੰਦੇ ਫਲ ਸ਼ੁਭ ਗੁਣਾਂ ਦੀ ਪ੍ਰਾਪਤੀ ਤੇ ਅਵਗੁਣਾਂ ਤੋਂ ਛੁਟਕਾਰੇ ਦੀ ਅਵਸਥਾ ਰੱਖੀ ਗਈ ਹੈ। ਇਹ ਸ਼ੁਭ ਗੁਣਾਂ ਦੇ ਵਾਧੇ ਵਿਚ ਹਰ ਵੇਲੇ ਤਾਂਘ ਲੱਗੀ ਰਹਿਣਾ ਹੀ ਹਰਿ-ਨਾਮ ਹੈ। ਇਸ ਲਾਂਵ ਦੀ ਅਗਲੀ ਤੁਕ ਵਿਚ ਮਨ ਵਿਚ ਖ਼ੁਸ਼ੀ ਦੇ ਪੈਗ਼ਾਮ ਦੀ ਕਾਮਨਾ ਕੀਤੀ ਗਈ ਹੈ:

ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥

ਬੱਚੀ ਬੱਚੇ ਦੇ ਵਿਆਹ ਦੀ ਤਿਆਰੀ ਪਿਛਲੇ ਲੰਬੇ ਅਰਸੇ ਤੋਂ ਪਰਿਵਾਰਾਂ ਵਿਚ ਹੁੰਦੀ ਦਿਖਾਈ ਦੇਂਦੀ ਹੈ। ਕਈ ਪ੍ਰਕਾਰ ਦਾ ਸਾਮਾਨ ਇਕੱਠਾ ਕਰਦਿਆਂ ਸੱਦੇ-ਪੱਤਰ ਭੇਜੇ ਜਾਂਦੇ ਹਨ। ਜਦ ਆਤਮਾ ਦਾ ਪਰਮਾਤਮਾ ਨਾਲ ਵਿਆਹ ਹੋਣਾ ਹੈ ਤਦ ਵੀ ਸਾਨੂੰ ਕੁਝ ਆਤਮਿਕ ਗੁਣਾਂ ਵਾਲਾ ਹੰਭਲਾ ਮਾਰਨ ਦੀ ਜ਼ਰੂਰਤ ਹੈ। ਦੋ ਆਤਮਾਵਾਂ ਤੇ ਦੋ ਪਰਿਵਾਰਾਂ ਦਾ ਆਪਸ ਵਿਚ ਮਿਲਾਪ ਹੋਣ ਲਈ ਖ਼ਿਆਲਾਂ ਦਾ ਇਕ ਹੋਣਾ ਜ਼ਰੂਰੀ ਹੈ। 'ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ'—ਕਿਸੇ ਕੰਮ ਦੀ ਆਰੰਭਤਾ ਹੈ। ਸਤਿ, ਸੰਤੋਖ, ਦਇਆ, ਹਲੀਮੀ, ਮਿਠਾਸ ਵਰਗੇ ਗੁਣਾਂ ਦੇ ਅਭਿਆਸ ਦੀ ਸ਼ੁਰੂਆਤ ਕਰਨੀ—ਕਾਜ ਰਚਾਇਆ ਹੈ। ਕੋਈ ਚਿਤ੍ਰਕਾਰ ਜਦੋਂ ਚਿੱਤਰ ਬਣਾਉਣ ਦੀ ਆਰੰਭਤਾ ਕਰਦਾ ਹੈ ਤਾਂ ਸਮੇਂ ਉਪ੍ਰੰਤ ਜਾ ਕੇ ਸੋਹਣਾ ਚਿੱਤਰ ਦੇਖਣ ਨੂੰ ਮਿਲਦਾ ਹੈ। ਕਈ ਦਫ਼ਾ ਕਈ ਕਈ ਸਾਲਾਂ ਦੀ ਘਾਲਣਾ ਘਾਲਣੀ ਪੈਂਦੀ ਹੈ। ਮਾਂ ਨੂੰ ਬੱਚੇ ਦਾ ਸੋਹਣਾ ਮੁੱਖੜਾ ਦੇਖਣ ਲਈ ਵੀ ਨੌਂ ਮਹੀਨੇ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਬੱਚੇ ਦੇ ਜਨਮ ਉਪ੍ਰੰਤ ਮਾਂ ਦੀ ਰੂਹ ਵਿਚ ਇਕ ਖੇੜਾ ਹੁੰਦਾ ਹੈ। ਲਿਹਾਜ਼ਾ, ਸੂਹੀ ਰਾਗ ਦੇ ਇਸ ਛੰਤ ਦੇ ਪਹਿਲੇ ਬੰਦਾਂ ਵਿਚ ਵੀ ਕੁਝ ਗੁਣਾਂ ਦੇ ਅਭਿਆਸ ਦੀ ਵਿਵਸਥਾ ਰੱਖੀ ਗਈ ਹੈ, ਜੋ ਇਕ ਲੰਬਾ ਅਭਿਆਸ ਹੈ। ਇਸ ਅਭਿਆਸ ਦੁਆਰਾ ਹੀ ਨਾਮ ਵਿਗਾਸ ਹੋ ਸਕਦਾ ਹੈ। 'ਧਨ ਹਿਰਦੈ ਨਾਮਿ ਵਿਗਾਸੀ'—ਆਤਮਿਕ ਖੇੜੇ ਦੀ ਉੱਚਤਾ ਰੱਖੀ ਗਈ ਹੈ। ਸੋ ਇਸ ਤੁਕ ਵਿਚ ਸ਼ੁਭ ਕਾਰਜਾਂ ਦੀ ਆਰੰਭਤਾ ਤੇ ਉਸ ਤੋਂ ਹੋਣ ਵਾਲੇ ਅਨੰਦ ਦੀ ਪ੍ਰਬਲਤਾ ਪ੍ਰਗਟ ਕੀਤੀ ਗਈ ਹੈ। ਇਸ ਕੁਦਰਤੀ ਅਨੰਦ ਦਾ ਦੂਸਰਾ ਨਾਮ 'ਪ੍ਰਭੁ ਅਵਿਨਾਸੀ' ਹੈ:

ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥

ਸਰੀਰਕ ਤਲ 'ਤੇ ਪਰਮਾਤਮਾ ਦਾ ਕੋਈ ਵਜੂਦ ਨਹੀਂ ਹੈ। ਪਰ ਮਨੁੱਖ ਦਾ ਦੁਖਾਂਤ ਇਹ ਹੀ ਹੈ ਕਿ ਇਹ ਸਰੀਰਕ ਹਰਕਤ ਵਿਚ ਰੱਬ ਜੀ ਨੂੰ ਪ੍ਰਾਪਤ ਕਰਨ ਦੇ ਚੱਕਰ ਵਿਚ ਬੱਝਾ ਪਿਆ ਹੈ। ਗੁਰੂ ਜੀ ਦਾ ਸਿੱਧ-ਪੱਧਰਾ ਸੁਨੇਹਾ ਇਹੀ ਹੈ ਕਿ ਭਲੇ ਆਦਮੀ! ਰੱਬ ਜੀ ਦੀ ਕੁਦਰਤੀ ਨਿਯਮਾਵਲੀ ਨੂੰ ਸਮਝਣ ਦੀ ਕੋਸ਼ਿਸ਼ ਕਰ। ਬੇਲੋੜੀਆਂ ਚਿੰਤਾਵਾਂ, ਈਰਖਾ, ਵੈਰ-ਭਾਵਨਾ, ਵਿਰੋਧ,

ਕਾਮੁਕ ਰੁਚੀਆਂ ਤੇ ਵਿਕਾਰਾਂ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਬਚਣ ਦਾ ਯਤਨ ਕਰ ਤਾਂ ਕਿ ਤੇਰੇ ਸਦ ਗੁਣ ਬਚ ਸਕਣ। ਦਰਅਸਲ ਇਹ ਇਕ ਲੰਬੀ ਸਾਧਨਾ ਹੈ। ਇਸ ਲੰਬੀ ਸਾਧਨਾ ਤੋਂ ਹੀ ਅਵਿਨਾਸੀ ਪ੍ਰਭੂ ਦੀ ਜੋਤ ਪ੍ਰਗਟ ਹੋਣੀ ਹੈ। ਗੁਰੂ ਅਰਜਨ ਪਾਤਸ਼ਾਹ ਜੀ ਨੇ ਇਸ ਅਵਸਥਾ ਦੇ ਕੁਝ ਪ੍ਰਮੁਖ ਲੱਛਣ ਵੀ ਦੱਸੇ ਹਨ :

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥
ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥

(ਧਨਾਸਰੀ ਮਹਲਾ ੫, ਪੰਨਾ 672)

ਸੁਭਾਅ ਵਿਚ ਸਹਿਜ ਦੀ ਤਰੰਗ ਚੱਲਦਿਆਂ ਆਤਮਿਕ ਸੁਖ ਤੇ ਇਕ-ਰਸ ਦੇ ਵਾਜੇ ਵੱਜਣੇ ਸ਼ੁਰੂ ਹੋ ਜਾਂਦੇ ਹਨ, ਜੋ ਕਿ ਪਰਮਾਤਮਾ-ਪ੍ਰਾਪਤੀ ਦੀ ਇਕ ਨਿਸ਼ਾਨੀ ਹੈ।

ਅਨੰਦ ਕਾਰਜ ਸਮੇਂ ਕੁਝ ਹੋਰ ਸ਼ਬਦ ਵੀ ਪੜ੍ਹੇ ਜਾਂਦੇ ਹਨ, ਜਿਨ੍ਹਾਂ ਦਾ ਭਾਵ-ਅਰਥ ਤਾਂ ਕੁਝ ਹੋਰ ਹੈ, ਪਰ ਅਸੀਂ ਅਰਥ ਆਪਣੀ ਮਰਜ਼ੀ ਨਾਲ ਹੋਰ ਹੋਰ ਕਰਦੇ ਹਾਂ। ਉਨ੍ਹਾਂ ਸ਼ਬਦਾਂ ਦਾ ਭਾਵ ਅਰਥ ਤੇ ਅੱਖਰੀ ਅਰਥ ਸਮਝਣ ਦੀ ਅਤਿਅੰਤ ਜ਼ਰੂਰਤ ਹੈ, ਜਿਸ ਤਰ੍ਹਾਂ 'ਪਲੈ ਤੈਡੈ ਲਾਗੀ' ਸ਼ਬਦ ਦਾ ਅਕਸਰ ਭਾਵ ਇਹ ਹੀ ਲਿਆ ਜਾਂਦਾ ਹੈ ਕਿ ਸਾਰੇ ਸਾਕ-ਸੰਬੰਧੀ, ਮਾਤਾ-ਪਿਤਾ, ਭੈਣ-ਭਰਾ ਝੂਠੇ ਹਨ, ਇਸ ਲਈ ਇਨ੍ਹਾਂ ਸਾਰਿਆਂ ਨੂੰ ਛੱਡ ਕੇ ਇਸ ਪਤੀ ਦੇ ਲੜ ਲਾਇਆ ਜਾ ਰਿਹਾ ਹੈ। ਕੀ ਜਿਥੇ ਬੱਚੀ ਨੇ ਆਪਣਾ ਬਚਪਨ ਬਿਤਾਇਆ ਹੋਵੇ, ਉਹ ਕੁਝ ਮਿੰਟਾਂ ਵਿਚ ਹੀ ਝੂਠ ਦਾ ਪਲੰਦਾ ਬਣ ਗਏ ? ਕੀ ਇਹ ਬੱਚੀ ਵਾਕਿਆ ਹੀ ਸੱਚੇ ਪਤੀ ਦੇ ਲੜ ਲਾਈ ਜਾ ਰਹੀ ਹੈ ? ਦਰਅਸਲ ਇਸਦਾ ਭਾਵ-ਅਰਥ ਕੁਝ ਹੋਰ ਹੈ :

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥

(ਸਲੋਕ ਮ: ੫, ਪੰਨਾ 963)

ਗੁਰੂ ਅਰਜਨ ਪਾਤਿਸ਼ਾਹ ਦਾ ਇਹ ਵਾਕ ਰਾਮਕਲੀ ਦੀ ਵਾਰ ਵਿੱਚੋਂ ਲਿਆ ਗਿਆ ਹੈ। ਇਸ ਸਲੋਕ ਵਿਚ ਗੁਰੂ ਸਾਹਿਬ ਜੀ ਨੇ ਦੋ ਚੀਜ਼ਾਂ ਉਸਤਤਿ ਤੇ ਨਿੰਦਿਆ ਨੂੰ ਸਦਾ ਵਾਸਤੇ ਛੱਡਣ ਲਈ ਕਿਹਾ ਹੈ। ਇਨ੍ਹਾਂ ਚੀਜ਼ਾਂ ਨੂੰ ਆਤਮਾ ਦੇ ਗੂੜ੍ਹੇ ਰਿਸ਼ਤੇਦਾਰ ਵੀ ਕਿਹਾ ਹੈ। ਉਸਤਤਿ ਤੇ ਨਿੰਦਿਆ ਇਹ ਰਿਸ਼ਤੇਦਾਰੀ ਸਦਾ ਨਿਭਣ ਵਾਲੀ ਨਹੀਂ ਹੈ। ਅਸਲ ਰਿਸ਼ਤੇਦਾਰ ਸਾਡੇ ਸ਼ੁਭ ਗੁਣ ਹਨ, ਜਿਸ ਨੂੰ ਗੁਰਬਾਣੀ ਨੇ ਇੰਜ ਵੀ ਆਖਿਆ ਹੈ—"ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ"—ਹੇ ਨਾਨਕ! ਇਹ ਆਖ—ਮੈਂ ਕਿਸੇ

ਨੂੰ ਚੰਗਾ ਤੇ ਕਿਸੇ ਨੂੰ ਮੰਦਾ ਆਖਣਾ—ਛੱਡ ਦਿੱਤਾ ਹੈ। ਮੈਂ ਵੇਖ ਲਿਆ ਹੈ ਕਿ ਦੁਨੀਆ ਦੇ ਇਹ ਰਿਸ਼ਤੇਦਾਰ ਝੂਠੇ ਹਨ ਤੇ ਤੋੜ ਨਿਭਣ ਵਾਲੇ ਨਹੀਂ ਹਨ। ਸੋ ਇਨ੍ਹਾਂ ਵੱਲੋਂ ਤੋੜ ਕੇ ਪਰਮਾਤਮਾ ਦੇ ਪੱਲੇ ਲੱਗ ਗਈ ਹਾਂ। ਆਪਣੇ ਲਾਭ ਦੀ ਖ਼ਾਤਰ ਕਿਸੇ ਦੀ ਖ਼ੁਸ਼ਾਮਦ ਤੇ ਨਿੰਦਿਆ ਕਰਨੀ ਛੱਡ ਦਿੱਤੀ ਹੈ। ਆਪਣੇ ਜੀਵਨ ਨੂੰ ਨਿਯਮਬੱਧ ਕਰ ਲਿਆ ਹੈ ਜੋ ਕਿ 'ਪਲੈ ਤੈਡੈ ਲਾਗੀ' ਦਾ ਪ੍ਰਤੀਕ ਹੈ।

ਅਨੰਦ ਕਾਰਜ ਦੇ ਸਮੇਂ ਇਕ ਹੋਰ ਸ਼ਬਦ ਪੜ੍ਹਿਆ ਜਾਂਦਾ ਹੈ, ਜਿਸਦਾ ਮੂਲ ਪਾਠ ਹੇਠਾਂ ਦਿੱਤਾ ਗਿਆ ਹੈ:

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ॥

(ਸਿਰੀਰਾਗੁ ਮਹਲਾ 4, ਪੰਨਾ 78)

ਵਿਆਹ ਦੇ ਮੌਕੇ 'ਤੇ ਅਕਸਰ ਹੀ ਇਹ ਸ਼ਬਦ ਪੜ੍ਹਿਆ ਜਾਂਦਾ ਹੈ, ਕਿਉਂਕਿ ਇਸ ਸ਼ਬਦ ਵਿਚ 'ਵੀਆਹੁ' ਸ਼ਬਦ ਆ ਗਿਆ ਤੇ ਅਸੀਂ ਸਮਝ ਲਿਆ, ਇਹ ਜੋ ਵਿਆਹ ਬੱਚੀ ਬੱਚੇ ਦਾ ਕੀਤਾ ਜਾ ਰਿਹਾ ਹੈ, ਇਹ ਏਸੇ ਵਿਆਹ ਲਈ ਹੀ ਸੀਮਤ ਸ਼ਬਦ ਹੈ। ਗੁਰਬਾਣੀ ਨੂੰ ਅਸੀਂ ਆਪਣੇ ਲਾਭ ਦੀ ਖ਼ਾਤਰ ਹੀ ਪੜ੍ਹਦੇ ਹਾਂ। ਮੈਨੂੰ ਬਹੁਤ ਅਨੰਦ-ਕਾਰਜ ਦੀਆਂ ਰਸਮਾਂ ਨਿਬਾਹੁਣ ਦਾ ਅਵਸਰ ਮਿਲਿਆ ਹੈ। ਕਈ ਥਾਵਾਂ 'ਤੇ ਰਾਗੀ ਸਿੰਘ ਲੰਮੀ ਹੇਕ ਲਾ ਕੇ ਲੜਕੀ ਵਾਲੇ ਪਰਿਵਾਰ ਨੂੰ ਖ਼ੁਸ਼ ਕਰਨ ਲਈ ਮਾਸੂਮੀਅਤ ਦਾ ਚਿਹਰਾ ਬਣਾ ਕੇ, ਬੜੀ ਵੈਰਾਗ-ਮਈ ਅਵਸਥਾ ਬਣਾ ਕੇ ਕਈ ਕਈ ਵਾਰੀ 'ਮੇਰੇ ਬਾਬੁਲਾ ਅ-ਅ-ਅ ਓ ਮੇਰੇ ਬਾਬੁਲਾ ਅ-ਅ-ਅ'! ਓਨਾ ਚਿਰ ਕਹੀ ਹੀ ਜਾਣਗੇ ਜਿੰਨਾ ਚਿਰ ਪਰਿਵਾਰ ਵਾਲੇ ਰੋ ਨਹੀਂ ਪੈਂਦੇ ਤੇ ਪੈਸਿਆਂ ਦੇ ਢੇਰ ਨਹੀਂ ਲਗਾ ਦੇਂਦੇ। ਇਸ ਸ਼ਬਦ ਦਾ ਭਾਵ-ਅਰਥ ਸੁਭਾਗ ਜੋੜੀ ਤੇ ਆਈ ਸੰਗਤ ਨੂੰ ਵਿਸਥਾਰ ਨਾਲ ਸਮਝਾਇਆ ਜਾ ਸਕਦਾ ਹੈ ਤਾਂ ਕਿ ਜੀਵਨ ਦੇ ਵਿਚ ਸਹਿਜ ਅਵਸਥਾ ਦਾ ਰੂਪ ਆ ਸਕੇ।

'ਵੀਆਹੁ' ਦੇ ਅੱਖਰੀ ਅਰਥ ਹਨ—ਪਰਮਾਤਮਾ ਨਾਲ ਮਿਲਾਪ, 'ਗੁਰਮੁਖੇ' ਦਾ ਭਾਵ ਗੁਰੂ ਜੀ ਦੀ ਸ਼ਰਨ ਵਿਚ ਆਉਣਾ, ਗੁਰੂ ਜੀ ਵੱਲ ਨੂੰ ਮੂੰਹ ਕਰਨਾ, ਗੁਰ-ਉਪਦੇਸ਼ ਨੂੰ ਸਮਝਣਾ। ਬੇਸਮਝੀ ਦਾ ਅੰਧੇਰਾ ਕਟਿਆ ਗਿਆ ਹੈ। ਰਾਤ ਦੇ ਸਮੇਂ ਕਮਰੇ ਵਿਚ ਹਨੇਰਾ ਹੁੰਦਾ ਹੈ ਤੇ ਕਿਸੇ ਬੱਚੇ ਨੂੰ ਸਾਮਾਨ ਲੈਣ ਲਈ ਭੇਜੀਏ ਤਾਂ ਉਹ ਜਾਂਦਾ ਨਹੀਂ, ਕਹਿੰਦਾ ਹੈ—ਅੰਦਰ ਚਾਨਣ ਨਹੀਂ ਹੈ, ਮੈਨੂੰ

ਡਰ ਲੱਗਦਾ ਏ। ਤੇ ਸਿਆਣਾ ਜੀਅ ਹਨੇਰੇ ਕਮਰੇ ਵਿਚ ਜਾਏ, ਅਚਾਨਕ ਉਸ ਦੇ ਪੈਰ ਨੂੰ ਰੱਸੀ ਲੱਗ ਜਾਏ, ਇਕ ਵਾਰ ਉਹ ਵੀ ਸ਼ੱਕ ਨਾਲ ਭਰ ਜਾਂਦਾ ਹੈ ਕਿ ਕਿਤੇ ਸੱਪ ਹੀ ਨਾ ਹੋਵੇ। ਇਸ ਵਾਕ ਵਿਚ ਪਰਮਾਤਮਾ-ਪ੍ਰਾਪਤੀ ਗੁਰੂ ਰਾਹੀਂ ਦੱਸੀ ਗਈ ਹੈ—ਗੁਰੂ ਗਿਆਨ ਰਾਹੀਂ ਬੇਸਮਝੀ ਦੇ ਹਨੇਰੇ ਨੂੰ ਦੂਰ ਕਰਨਾ ਹੈ। 'ਹਰਿ ਰਤਨੁ ਪਦਾਰਥੁ ਲਾਧਾ' ਆਚਰਣ ਵਿਚ ਸ਼ੁੱਧਤਾ ਆਉਂਦੀ ਹੈ। ਸਦ-ਗੁਣਾਂ ਦੀ ਫ਼ਸਲ ਪੱਕਦੀ ਹੈ।

ਗੁਰੂ-ਗਿਆਨ ਦੀ ਪਹਿਲੀ ਨਿਸ਼ਾਨੀ ਹੈ ਕਿ ਮਨੁੱਖ ਹਉਮੈ ਦੇ ਦੀਰਘ ਰੋਗ ਤੋਂ ਬਚ ਜਾਂਦਾ ਹੈ। 'ਆਪੈ ਗੁਰਮਤਿ ਖਾਧਾ' ਗੁਰੂ ਜੀ ਦੀ ਮਤ 'ਤੇ ਚੱਲਿਆਂ ਨਿਜ ਸੁਆਰਥ, ਆਪਾ-ਭਾਵ ਖ਼ਤਮ ਹੁੰਦਾ ਹੈ। 'ਵਰੁ ਪਾਇਆ' ਦਾ ਅਰਥ ਜਿਸ ਬੱਚੇ ਨਾਲ ਵਿਆਹ ਹੋ ਰਿਹਾ ਹੈ, ਏਹ 'ਵਰੁ' ਨਹੀਂ। 'ਵਰੁ' ਪਰਮਾਤਮਾ ਨੂੰ ਕਿਹਾ ਗਿਆ ਹੈ, ਜੋ ਜਨਮ ਮਰਨ ਤੋਂ ਰਹਿਤ ਹੈ, ਕਦੇ ਵੀ ਖ਼ਤਮ ਨਹੀਂ ਹੁੰਦਾ। ਜਿਨ੍ਹਾਂ ਪਰਿਵਾਰਾਂ ਦੀ ਆਪਸ ਵਿਚ ਸਮਝ ਇਕ ਹੋ ਜਾਂਦੀ ਹੈ, ਉਥੇ ਕਲੇਸ਼ ਦਾ ਜਨਮ ਨਹੀਂ ਹੁੰਦਾ। ਨਵ-ਵਿਆਹੇ ਜੋੜਿਆਂ ਵਿਚ ਅਕਸਰ ਆਪੋ-ਆਪਣੇ ਪਰਿਵਾਰਾਂ ਦੀ ਹੈਸੀਅਤ ਨੂੰ ਪ੍ਰਗਟਾਉਂਦੀ ਹਉਮੈ, ਆਪਣੀ ਹੀ ਉੱਚਤਾ ਦਾ ਹਰ ਵੇਲੇ ਅੱਗੇ ਰੱਖੀ ਫਿਰਨਾ, ਅਗਿਆਨਤਾ ਅਥਵਾ ਬੇਸਮਝੀ ਹੈ। 'ਵਰੁ ਪਾਇਆ' ਅਦਬ ਤੇ ਸਤਿਕਾਰ ਦੀ ਭਾਵਨਾ ਦਾ ਉਤਪੰਨ ਹੋਣਾ, ਹਉਮੈ ਨੂੰ ਸਮਝ ਕੇ ਇਸਦਾ ਤਿਆਗ ਕਰਨਾ ਹੈ। ਅਸਲ ਵਿਆਹ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਰੱਬੀ ਗੁਣਾਂ ਨੂੰ ਧਾਰਨ ਕਰਨ ਨੂੰ ਕਿਹਾ ਗਿਆ ਹੈ ਜੋ ਪਰਮਾਤਮਾ ਵਰ ਦੀ ਪ੍ਰਾਪਤੀ ਹੈ :

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥

ਅਨੰਦ-ਕਾਰਜ ਦੀ ਸਿੱਧੀ-ਸਾਦੀ ਮਰਯਾਦਾ ਵਿਚ ਕਈ ਪ੍ਰਕਾਰ ਦਾ ਵਾਧਾ-ਘਾਟਾ ਆਪਣੀ ਮਰਜ਼ੀ ਨਾਲ ਹੀ ਕਰ ਲਿਆ ਗਿਆ ਹੈ। 'ਵੀਆਹੁ ਹੋਆ ਮੇਰੇ ਬਾਬੋਲਾ' ਵਾਂਗ ਇਕ ਹੋਰ ਸ਼ਬਦ 'ਪੂਰੀ ਆਸਾ ਜੀ ਮਨਸਾ ਮੇਰੇ ਰਾਮ' ਵਾਲੇ ਦਾ ਵੀ ਕੀਰਤਨ ਕੀਤਾ ਜਾਂਦਾ ਹੈ। ਅਸੀਂ ਇੰਜ ਸਮਝ ਲੈਂਦੇ ਹਾਂ ਕਿ ਮੇਰੇ ਮਨ ਦੀ ਆਸਾ ਪੂਰੀ ਹੋ ਗਈ ਹੈ। ਜੇ ਸ਼ਬਦ ਪੜ੍ਹਿਆ ਜਾ ਰਿਹਾ ਹੈ ਤਾਂ ਇਸ ਦੇ ਭਾਵ-ਅਰਥ ਨੂੰ ਵੀ ਜ਼ਰੂਰ ਸਮਝਣਾ ਚਾਹੀਦਾ ਹੈ ਤਾਂ ਕਿ 'ਵਰੁ' ਪਰਮਾਤਮਾ ਸੰਬੰਧੀ ਪੂਰੀ ਜਾਣਕਾਰੀ ਮਿਲ ਸਕੇ। ਸਾਰਾ ਸ਼ਬਦ ਇਸ ਤਰ੍ਹਾਂ ਹੈ :

ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥
ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥

ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ॥
ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ॥
ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ॥
ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ॥

(ਵਡਹੰਸੁ ਮਹਲਾ ੫, ਪੰਨਾ 577)

ਇਸ ਸ਼ਬਦ ਵਿਚ ਆਸਾ ਪੂਰੀ ਹੋਣ ਦੀ ਗੱਲ ਕੀਤੀ ਗਈ ਹੈ, ਪਰ ਸਾਡੀਆਂ ਆਸਾਂ ਕੁਝ ਇਹੋ ਜਿਹੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਹਾਸਾ ਆਉਂਦਾ ਹੈ। ਇਕ ਪਰਿਵਾਰ ਨੇ ਘਰ ਵਿਚ ਆਪਣੇ ਬੱਚੇ ਦੇ ਜਨਮ ਦਿਨ ਦੀ ਖ਼ੁਸ਼ੀ ਸਮੇਂ ਇਕ ਪਾਰਟੀ ਦਾ ਪ੍ਰਬੰਧ ਕੀਤਾ ਹੋਇਆ ਸੀ। ਅਚਾਨਕ ਜ਼ੋਰਦਾਰ ਮੀਂਹ ਆ ਗਿਆ, ਸਾਰੇ ਪਰਿਵਾਰ ਨੂੰ ਵਖਤ ਪੈ ਗਿਆ ਕਿ ਸਾਡੀ ਕੀਤੀ ਹੋਈ ਡੈਕੋਰੇਸ਼ਨ ਖ਼ਰਾਬ ਹੋ ਜਾਏਗੀ। ਲੋਕਾਂ ਨੇ ਦੇਖ ਕੇ ਵਾਹ-ਵਾਹ ਕਹਿਣਾ ਸੀ, ਉਹ ਤਾਂ ਵਿਚੇ ਹੀ ਰਹਿ ਗਿਆ। ਅਸੀਂ ਹੁਣ ਕੀ ਕਰੀਏ, ਲੱਗੇ ਅਰਦਾਸਾਂ ਕਰਨ ਕਿ ਹੇ ਪਰਮਾਤਮਾ ਜੀਉ! ਸਾਡੀ ਆਸ ਪੂਰੀ ਕਰੋ, ਪੈ ਰਿਹਾ ਮੀਂਹ ਹੁਣੇ ਹੀ ਬੰਦ ਕਰ ਦਿਉ। ਅਸੀਂ ਤੁਹਾਡੇ ਅਥਾਹ ਸੇਵਕ ਹਾਂ, ਸੇਵਕਾਂ ਦੀ ਲਾਜ ਰੱਖਣੀ ਤੁਹਾਡਾ ਫ਼ਰਜ਼ ਬਣਦਾ ਹੈ। ਵੱਸ ਰਿਹਾ ਮੀਂਹ ਹੱਟ ਜਾਏ ਤਾਂ ਅਸੀਂ ਸਮਝਦੇ ਹਾਂ ਕਿ ਸਾਡੀ ਆਸ ਪੂਰੀ ਹੋ ਗਈ ਹੈ।

ਸ਼ਬਦ ਵਿਚ ਆਪਣੇ ਆਪ ਨੂੰ ਨਿਮਰਤਾ ਦੇ ਸਰੋਵਰ ਵਿਚ ਚੁੱਭੀਆਂ ਮਾਰਨ ਲਈ ਆਖਿਆ ਗਿਆ ਹੈ। ਕਹਿੰਦੇ ਹਨ—ਨਿਊਟਨ ਨੇ ਦੁਨੀਆ ਨੂੰ ਤਿੰਨ ਲਾਅ ਕਮਾਲ ਦੇ ਦਿੱਤੇ ਹਨ। ਕਿਸੇ ਨੇ ਕਿਹਾ—ਨਿਊਟਨ ਤੂੰ ਮਹਾਨ ਏਂ ਕਿਉਂਕਿ ਸੰਸਾਰ ਨੂੰ ਤਿੰਨ ਅਸੂਲ ਅਜੇਹੇ ਦਿੱਤੇ ਹਨ ਜਿਸ ਦੇ ਆਧਾਰ 'ਤੇ ਹੀ ਵਿਗਿਆਨੀਆਂ ਨੇ ਗਿਆਨ ਰੂਪੀ ਸਮੁੰਦਰ ਵਿਚ ਅਥਾਹ ਤਾਰੀਆਂ ਲਾਈਆਂ ਹਨ। ਨਿਊਟਨ ਨੇ ਨਿਮਰਤਾ ਦੀ ਛਾਂ ਥੱਲੇ ਬੈਠਦਿਆਂ ਕਿਹਾ, "ਭੋਲਿਓ, ਇਹ ਕੋਈ ਖ਼ਾਸ ਲੱਭਤਾਂ ਨਹੀਂ ਹਨ। ਮੈਂ ਤਾਂ ਅਜੇ ਸਮੁੰਦਰ ਦੇ ਕਿਨਾਰੇ ਤੋਂ ਘੋਗੇ ਸਿੱਪੀਆਂ ਹੀ ਇਕੱਠੀਆਂ ਕਰ ਰਿਹਾ ਹਾਂ। ਸਮੁੰਦਰ ਦੀ ਗਹਿਰਾਈ ਵਿਚ ਅਜੇ ਬਹੁਤ ਕੀਮਤੀ ਮੋਤੀ ਪਏ ਹਨ, ਜਿਨ੍ਹਾਂ ਦੀ ਗਹਿਰਾਈ ਤੀਕ ਤਾਂ ਮੈਂ ਪਹੁੰਚਿਆ ਹੀ ਨਹੀਂ ਹਾਂ। ਇਹ ਨਿਮਰਤਾ ਦੀ ਮੂੰਹ-ਬੋਲਦੀ ਤਸਵੀਰ ਹੈ, ਪਰ ਮੀਂਹ ਬੰਦ ਹੋਣ ਦੀ ਅਰਦਾਸ ਕਰਨੀ ਨਿਮਰਤਾ ਨਹੀਂ, ਸਗੋਂ ਹਉਮੈ ਭਰਿਆ ਰੱਬ ਜੀ ਨੂੰ ਹੁਕਮ ਹੈ। ਇਸ ਸ਼ਬਦ ਵਿਚ ਜਿਸ ਆਸਾ ਪੂਰੀ ਹੋਣ ਦੀ ਗੱਲ ਕਹੀ ਗਈ ਹੈ; ਉਹ ਆਸਾ ਹੈ, ਅਵਗੁਣ ਦੂਰ ਕਰ ਕੇ ਗੁਣਾਂ ਦੀ ਪ੍ਰਾਪਤੀ ਹੋ ਜਾਣੀ:

ਪੂਰੀ ਆਸਾ ਜੀ ਮਨਸਾ ਮੇਰੇ ਰਾਮ॥
ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ॥

ਹੇ ਪਰਮਾਤਮਾ ਜੀਉ! ਸਾਰੇ ਗੁਣ ਤੁਹਾਡੇ ਹੀ ਹਨ, ਮੇਰੇ ਵਿਚ ਤਾਂ ਕੋਈ ਵੀ ਗੁਣ ਨਹੀਂ ਹੈ। ਮੇਰੇ ਪਾਸ ਤਾਂ ਅਜੇਹਾ ਇਕ ਵੀ ਗੁਣ ਨਹੀਂ ਹੈ ਜਿਸ ਰਾਹੀਂ ਮੈਂ ਤੇਰੇ ਨਾਲ ਮਿਲਾਪ ਕਰ ਸਕਾਂ। ਕਿਸ ਮੂੰਹ ਨਾਲ ਤੇਰੇ ਗੁਣਾਂ ਨੂੰ ਆਖਾਂ ਕਿ ਮੇਰੇ ਵਿੱਚੋਂ ਅਵਗੁਣ ਖ਼ਤਮ ਹੋ ਜਾਣ। ਕੁਝ ਇਮਾਰਤਾਂ ਉਹ ਹਨ, ਜਿਨ੍ਹਾਂ ਨੂੰ ਬਾਹਰੋਂ ਬਹੁਤ ਚੰਗੀ ਤਰ੍ਹਾਂ ਸੰਵਾਰਿਆ ਹੋਇਆ ਹੈ ਪਰ ਅੰਦਰੋਂ ਢੱਠੀਆਂ ਹੋਈਆਂ ਹਨ। ਉਨ੍ਹਾਂ ਇਮਾਰਤਾਂ ਵਿਚ ਰਾਤ ਕੱਟਣ ਨੂੰ ਚਿੱਤ ਨਹੀਂ ਕਰਦਾ। ਜੇ ਉਨ੍ਹਾਂ ਨੂੰ ਅੰਦਰੋਂ ਵੀ ਸੰਵਾਰ ਲਿਆ ਜਾਏ ਤਾਂ ਵਾਕਿਆ ਹੀ ਖ਼ੂਬਸੂਰਤ ਹੋ ਜਾਣਗੀਆਂ। ਹਰੇਕ ਮਨੁੱਖ ਉਨ੍ਹਾਂ ਦੇ ਗੁਣਾਂ ਦੀ ਹੀ ਸਲਾਹੁਤਾ ਕਰੇਗਾ। ਗੁਰਵਾਕ ਹੈ:

ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥
ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ॥

(ਸੂਹੀ ਮਹਲਾ ੧, ਪੰਨਾ 729)

ਹੇ ਪਰਮਾਤਮਾ ਜੀਉ! ਮੈਂ ਤਾਂ ਉਸ ਢੱਠੀ ਹੋਈ ਇਮਾਰਤ ਵਰਗਾ ਹਾਂ ਜਿਸ ਦੇ ਅੰਦਰ ਕੋਈ ਵੜਨ ਲਈ ਤਿਆਰ ਨਹੀਂ ਹੈ। ਇਮਾਰਤ ਨੂੰ ਸੰਵਾਰਨ ਲੱਗੀਦਾ ਹੈ ਤਾਂ ਕਦੇ ਵੀ ਇਮਾਰਤ ਅੱਗੋਂ ਨਹੀਂ ਬੋਲਦੀ ਕਿ ਮੈਨੂੰ ਕਿਉਂ ਸੰਵਾਰਨ ਲੱਗੇ ਹੋ। ਇੰਜ ਹੀ ਪਤੀ ਪਤਨੀ ਇਕ ਦੂਜੇ ਨੂੰ ਸਮਰਪਿਤ ਹੋ ਜਾਣ, ਇਕ ਦੂਜੇ ਪਾਸੋਂ ਗੁਣ ਲੈਣ ਦੇ ਯਤਨ ਵਿਚ ਰਹਿਣ ਤਾਂ ਕਦੇ ਤਕਰਾਰ ਨਹੀਂ ਪੈਦਾ ਹੋ ਸਕਦਾ। ਇਸ ਭਾਵਨਾ ਨੂੰ "ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ॥" ਸਿਆਣੀਆਂ ਮਾਤਾਵਾਂ ਪਾਸੋਂ ਅਕਸਰ ਹੀ ਇਹ ਮੁਹਾਵਰਾ ਸੁਣਦੇ ਹਾਂ ਕਿ ਫ਼ਲਾਣੀ ਬੀਬੀ ਤਾਂ ਘਿਉ ਦਾ ਘੜਾ ਵੀ ਰੁੜ੍ਹ ਜਾਏ ਤਾਂ ਉਹ ਗ਼ੁੱਸੇ ਵਿਚ ਨਹੀਂ ਆਉਂਦੀ। ਤਕਨੀਕੀ ਨੁਕਤਾ 'ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ' ਭਾਵ ਵਿਚਾਰ ਨਾ ਕਰਨੀ—ਆਮ ਵਰਤਾਰਾ ਕੁਝ ਹੋਰ ਹੈ—ਕੋਈ ਆਦਮੀ ਕਿਸੇ ਦਾ ਕੋਈ ਕੰਮ ਕਰ ਦੇਵੇ ਤਾਂ ਹੋਛੀ ਮਤ ਕਰਕੇ ਹਰ ਵੇਲੇ ਚਿਤਾਰਦੇ ਹੀ ਰਹਿੰਦੇ ਹਾਂ, ਫ਼ਲਾਣੇ ਸਮੇਂ ਤੇਰਾ ਅਸੀਂ ਕੰਮ ਕੀਤਾ ਸੀ। ਪਰਿਵਾਰਾਂ ਵਿਚ ਅਕਸਰ ਹੀ ਇਕ ਗੱਲ ਨੂੰ ਬਾਰ-ਬਾਰ ਕਰਕੇ ਫੋਕਟ ਦੀਆਂ ਮੁਸੀਬਤਾਂ ਖੜੀਆਂ ਕਰਦੇ ਰਹਿੰਦੇ ਹਾਂ। ਵਾਧੂ ਦੇ ਅਵਗੁਣਾਂ ਦੀ ਵੀਚਾਰ ਕਰ ਕਰ ਕੇ ਮਾਨਸਿਕ ਤੌਰ 'ਤੇ ਪਰੇਸ਼ਾਨ ਜਿਥੇ ਆਪ ਹੁੰਦੇ ਹਾਂ ਉਥੇ ਅਸੀਂ ਦੂਸਰਿਆਂ ਨੂੰ ਵੀ ਪੂਰਾ-ਪੂਰਾ ਮਾਨਸਿਕ ਦੁਖ ਦੇਣ ਦੇ ਯਤਨ ਵਿਚ ਹਮੇਸ਼ਾ ਹੀ ਤੱਤਪਰ ਰਹਿੰਦੇ ਹਾਂ। ਫਿਰ ਕਿਸੇ ਆਏ ਮਹਿਮਾਨ ਦੇ ਨਾਲ ਬੈਠ ਕੇ ਵੀ ਨਿਗੂਣੇ ਜਿਹੇ ਦੁਖੜੇ ਫੋਲ-ਫੋਲ ਕੇ ਆਪ ਸੱਚੇ ਹੋਣ ਦੇ ਯਤਨ ਵਿਚ ਰਹਿੰਦੇ ਹਾਂ। 'ਬਖਸਿ ਲੀਆ ਖਿਨ ਮਾਹੀ' ਖਿਮਾ ਕਰਨ ਦੀ ਸੰਜੀਵਨੀ ਬੂਟੀ ਹੈ। ਇਹ

ਆਸਾ ਪੂਰੀ ਹੋਣ ਦੀ ਪ੍ਰਤਿਗਿਆ ਹੈ—ਅਗਲੀ ਤੁਕ ਵਿਚ ਸਜਰੀ ਤ੍ਰੇਲ ਵਰਗਾ ਭਿੱਜਿਆ ਹੋਇਆ ਪਿਆਰ ਸੁਨੇਹਾ ਹੈ :

ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥

'ਨਉ ਨਿਧਿ' ਦਾ ਅਰਥ ਦੁਨੀਆ ਦੀ ਹਰ ਪ੍ਰਕਾਰ ਦੀ ਦੌਲਤ ਹੈ, ਪਰ ਏਥੇ ਭਾਵ-ਅਰਥ ਗ਼ਮਾਂ-ਸੰਸਿਆਂ ਤੋਂ ਮੁਕਤ ਹੋ ਕੇ ਚੰਗਿਆਈਆਂ ਦੇ ਬੋਹਲ ਨੂੰ ਇਕੱਠਾ ਕਰਨਾ ਹੈ। ਇਸ ਵਾਧੇ ਦੀ ਹਰ ਸਮੇਂ ਤਾਂਘ ਬਣੀ ਰਹਿਣੀ ਤੇ ਇਕ-ਰਸ ਵਿਚ ਵਿਚਰਨ ਦੇ ਯਤਨ ਨੂੰ ਬਣਾਈ ਰੱਖਣ ਦੇ ਵਾਜਿਆਂ ਨੂੰ ਵਜਾਉਂਦੇ ਰਹਿਣ ਨੂੰ ਪੂਰੀ ਆਸਾ ਤੇ ਮਨਸਾ ਕਿਹਾ ਗਿਆ ਹੈ। ਭੜਕਾਹਟ ਤੋਂ ਰਹਿਤ ਹੋ ਕੇ ਜੀਵਨ ਵਿਚ ਇਕ-ਰਸ ਬਣਾਈ ਰੱਖਣਾ ਚਾਹੀਦਾ ਹੈ।

ਪੰਜਾਬੀ ਦੇ ਕਈ ਬੜੇ ਪਿਆਰੇ ਮੁਹਾਵਰਿਆਂ ਵਿਚ ਆਮ ਗੱਲਬਾਤ ਕਰਦਿਆਂ ਕਿਹਾ ਜਾਂਦਾ ਹੈ ਕਿ ਸਾਡੀ ਬੱਚੀ ਨੂੰ ਚੰਗਾ ਵਰ-ਘਰ ਮਿਲ ਜਾਏ, ਵਿਚਾਰੀ ਸੁਖੀ ਰਹੇਗੀ। ਇਹ ਇਕ ਬਾਹਰਲੇ ਤਲ ਦੀ ਗੱਲ ਕੀਤੀ ਗਈ ਹੈ। ਪ੍ਰਿੰਸੀਪਲ ਤੇਜਾ ਸਿੰਘ ਜੀ ਘਰ ਸੰਬੰਧੀ ਲਿਖਦੇ ਹਨ ਕਿ ਘਰ ਉਸ ਨੂੰ ਨਹੀਂ ਕਿਹਾ ਜਾਂਦਾ ਜੋ ਇੱਟਾਂ, ਪੱਥਰ, ਲੱਕੜ ਜਾਂ ਸੀਮਿੰਟ ਦਾ ਬਣਿਆ ਹੋਵੇ, ਘਰ ਤਾਂ ਉਸ ਨੂੰ ਕਿਹਾ ਜਾਂਦਾ ਹੈ ਜਿਸ ਵਿੱਚੋਂ ਪਿਆਰ, ਸਤਿਕਾਰ ਤੇ ਮੁਹੱਬਤ ਦੀਆਂ ਗੂੜ੍ਹੀਆਂ ਭਾਵਨਾਵਾਂ ਦਾ ਖੁੱਲ੍ਹ ਕੇ ਪ੍ਰਗਟਾਵਾ ਹੁੰਦਾ ਹੋਵੇ। ਏਸੇ ਤਰ੍ਹਾਂ ਹੀ ਮਨੁੱਖ ਨੇ ਅੰਦਰਲੇ ਸੁਭਾਅ ਦੀ ਸਿਰਜਨਾ ਕਰਨੀ ਹੈ। ਘਰ ਤੇ ਵਰ ਜਿਥੇ ਦੁਨਿਆਵੀ ਤੌਰ 'ਤੇ ਪ੍ਰਾਪਤ ਕਰਨ ਦੀ ਵਿਵਸਥਾ ਰੱਖੀ ਸਮਝ ਵਿਚ ਆਉਂਦੀ ਹੈ, ਉਥੇ ਮਨੁੱਖੀ ਸੁਭਾਅ ਵਿਚ ਵੀ ਵਰ-ਘਰ, ਪਉੜੀ ਦਾ ਅਖ਼ਰੀਲਾ ਡੰਡਾ ਹੈ। ਇਸ ਵਰ-ਘਰ ਲਈ ਵਿਸੂਰੇ—ਚਿੰਤਾਵਾਂ, ਝੋਰਿਆਂ ਦੀ ਮਾਰ ਤੋਂ ਮੁਕੰਮਲ ਤੌਰ 'ਤੇ ਮੁਕਤ ਹੋਣਾ ਹੈ। "ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥" ਇਕ ਦੁਕਾਨ 'ਤੇ ਬਹੁਤ ਵਧੀਆ ਲਿਖਿਆ ਸੀ : 'ਜੇ ਸਾਡਾ ਸਾਮਾਨ ਜਾਂ ਵਿਹਾਰ ਚੰਗਾ ਲੱਗਿਆ ਹੋਵੇ ਤਾਂ ਕਿਸੇ ਹੋਰ ਨੂੰ ਵੀ ਦੱਸਿਆ ਜੇ, ਜੇ ਤੁਹਾਨੂੰ ਕੋਈ ਊਣਤਾਈ ਲੱਗੇ ਤਾਂ ਸਾਨੂੰ ਅੰਦਰ ਵੜ ਕੇ ਸਮਝਾ ਜਾਇਆ ਜੇ'—ਤੁਹਾਡਾ ਧੰਨਵਾਦ ਹੋਏਗਾ। ਕਿਹਾ ਜਾ ਸਕਦਾ ਹੈ ਕਿ ਪੂਰੀ ਆਸਾ ਮਨਸਾ ਕੇਵਲ 'ਚਿੜੀਓ ਮਰ ਜਾਓ' ਜਾਂ 'ਜਿਉਂਦੀਆਂ ਹੋ ਜਾਓ' ਨਹੀਂ, ਇਹ ਤਾਂ ਸਗੋਂ ਇਕ ਦੂਜੇ ਨੂੰ ਸਮਝ ਕੇ ਅਦਬ-ਸਤਿਕਾਰ ਦੀ ਭਾਵਨਾ ਸਹਿਤ ਅਵਗੁਣ ਚਿਤਾਰਨ ਤੋਂ ਮੁਕਤ ਹੋਣਾ ਹੈ।

ਗੁਰਬਾਣੀ ਵਿਚ ਜੋ ਸ਼ਬਦ ਆਏ ਹਨ, ਉਨ੍ਹਾਂ ਦਾ ਮਹੱਤਵ ਕੇਵਲ ਇਤਨਾ ਹੀ ਨਹੀਂ ਕਿ ਸਮਾਜਿਕ ਰਸਮਾਂ ਦੀ ਪੂਰਤੀ ਕੀਤੀ ਜਾਏ। ਇਹ ਤਾਂ ਨਿਰੋਏ ਪਰਿਵਾਰ, ਸਮਾਜ ਤੇ ਦੇਸ਼ ਦੀ ਸਿਰਜਣਾ ਕਰਨ ਦੀ ਮੂੰਹ-ਬੋਲਦੀ

ਤਸਵੀਰ ਹੈ। ਪਰ ਅਸੀਂ ਤਾਂ ਬ੍ਰਾਹਮਣੀ ਤਰਜ਼ 'ਤੇ ਪਵਿੱਤਰ ਗੁਰਬਾਣੀ ਨੂੰ ਕਰਮ-ਕਾਂਡ ਦੀ ਲੀਹ 'ਤੇ ਸਹਿਜ ਨਾਲ ਹੀ ਪਾ ਲਿਆ ਹੈ। ਅਨੰਦ ਕਾਰਜ ਦੀ ਮਰਯਾਦਾ ਨੂੰ ਇਕਸਾਰ ਕਰਨ ਲਈ ਸਾਡੇ ਪੁਰਖਿਆਂ ਨੇ ਇਕ ਵਿਧੀ ਵਿਧਾਨ ਬਣਾਇਆ, ਜਿਸ ਦਾ ਨਾਂ ਰੱਖਿਆ ਹੈ ਅਨੰਦ ਸੰਸਕਾਰ—ਜੋ ਕਿ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿਚ ਅੰਕਤ ਹੈ। ਮੂਲ ਰੂਪ ਇਸ ਪ੍ਰਕਾਰ ਹੈ :

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਅਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਏ।

(ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿੱਤ-ਵਾਰ, ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰ ਕੇ ਚੰਗਾ ਦਿਸੇ, ਨਿਯਤ ਕਰ ਲੈਣਾ ਚਾਹੀਏ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁੱਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ ਫ਼ਤਹਿ ਗਜਾਈ ਜਾਵੇ।

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਬਿਠਾਏ ਜਾਣ। ਲੜਕੀ ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ

(ਮਰਦ ਜਾਂ ਇਸਤਰੀ) ਲੜਕੇ ਲੜਕੀ ਅਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰਕੇ 'ਅਨੰਦ' ਦੇ ਆਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ, ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸੰਬੰਧ ਨੂੰ ਜੀਵ ਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉੱਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦੁਆਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦੱਸੇ ਤੇ ਇਕੁਰ ਗ੍ਰਿਹਸਤ ਧਰਮ ਨਿਭਾਹੁੰਦੇ ਹੋਏ ਆਪਣੇ ਸਾਂਝੇ ਭਰਤਾ ਅਕਾਲ ਪੁਰਖ ਨਾਲ ਇਕ-ਮਿਕ ਹੋਣਾ ਦ੍ਰਿੜ੍ਹਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ-ਵੱਖਰੇ ਗ੍ਰਿਹਸਤ ਧਰਮ ਦੇ ਫ਼ਰਜ਼ ਦੱਸੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਂ ਵਿਚ ਇੱਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤ੍ਰੀ-ਬਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ।

ਕੰਨਿਆਂ ਨੂੰ ਦੱਸਿਆ ਜਾਏ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ ਨਿਰਮਲ ਭਉ ਵਿਚ ਰਹਿੰਦੇ ਹੋਏ, ਇਨ੍ਹਾਂ ਨੂੰ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ-ਸੁਖ, ਦੇਸ ਪ੍ਰਦੇਸ ਵਿਚ ਆਪਣੇ ਪਤੀ-ਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਵਾਂਗ ਜਾਨਣਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ

ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ 'ਸੂਹੀ ਮਹਲਾ ੪' ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆ, ਵਰ ਦਾ ਪੱਲਾ ਫੜ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪਰਿਕਰਮਾਂ ਕਰਨ। ਪਰਿਕਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜੇ ਹੋ ਜਾਣ। ਉਪ੍ਰੰਤ ਉਹ ਮੱਥਾ ਟੇਕ ਕੇ ਆਪਣੀ ਥਾਂ 'ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ 'ਅਨੰਦ' ਕਰਾਉਣ ਵਾਲਾ ਅਨੰਦੁ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ। ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਏ।

(ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਗੀਤੀ ਨਾਲ ਨਹੀਂ ਹੋ ਸਕਦਾ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

(ਜ) ਜੇ ਬਾਲਕੀ ਦੇ ਮਾਪੇ ਕਦਾਂਚ ਸਬੱਬ ਪਾਇ ਕੈ ਬਾਲਕੀ ਦੇ ਗ੍ਰਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ।

ਅੰਨ ਨਾ ਖਾਣਾ ਸਭ ਭਰਮ ਹੈ। ਖ਼ਾਲਸੇ ਨੂੰ ਖਾਣਾ ਖੁਆਲਣਾ, ਸ੍ਰੀ ਗੁਰੂ ਬਾਬੇ ਅਕਾਲ ਪੁਰਖ ਨੇ ਬਖ਼ਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਏਸੇ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ।

(ਝ) ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ-ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਞ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਅਨੰਦ' ਲਈ ਉੱਤੇ ਦੱਸੀ ਗਈ ਹੈ।

(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

ਅੱਜ ਸਮੇਂ ਨੇ ਐਸਾ ਪੁੱਠਾ ਗੇੜਾ ਖਾਧਾ ਹੈ ਕਿ ਮੈਰਿਜ ਪੈਲਿਸ ਦਾ ਸੱਭਿਆਚਾਰ ਆਉਣ ਕਰਕੇ ਅਨੰਦ ਕਾਰਜ ਦੀ ਮਹੱਤਤਾ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾ ਰਹੀ। ਅਕਸਰ ਦੇਖਣ ਵਿਚ ਏਹੀ ਆਉਂਦਾ

ਹੈ ਕਿ ਅਨੰਦ ਕਾਰਜ ਦੀ ਮਰਯਾਦਾ ਨੂੰ ਨਾ ਸਮਝਦਿਆਂ ਗੁਰਦੁਆਰੇ ਜਾਣ ਲਈ ਕੋਈ ਸੱਜਣ ਵੀ ਤਿਆਰ ਹੀ ਨਹੀਂ ਹੁੰਦਾ, ਸਿਰਫ਼ ਆਏ ਹੋਏ ਪਤਵੰਤੇ ਸੱਜਣ ਮੈਰਿਜ ਪੈਲਿਸਾਂ ਵਿਚ ਖਾਣ ਪੀਣ ਤੀਕ ਹੀ ਸੀਮਤ ਹੋ ਜਾਂਦੇ ਹਨ। ਗੁਰਦੁਆਰੇ ਬਹੁਤ ਜਲਦੀ ਇਸ ਮਰਯਾਦਾ ਨੂੰ ਖ਼ਤਮ ਕਰਕੇ ਮੈਰਿਜ ਪੈਲਿਸਾਂ ਵਿਚ ਆਉਣ ਦੀ ਦੌੜ ਲੱਗੀ ਹੁੰਦੀ ਹੈ। ਸੁਭਾਗ ਜੋੜੀ ਨੂੰ ਕੋਈ ਢੰਗ ਅਚਾਰ ਦੀ ਗੁਰਮਤਿ ਸਿੱਖਿਆ ਨਹੀਂ ਦਿੱਤੀ ਜਾਂਦੀ। ਕਈ ਤਾਂ ਬੱਚਿਆਂ ਨੂੰ ਇਤਨੇ ਲਾਡਲੇ ਛਿੰਦੇ ਸਮਝਦੇ ਹਨ ਕਿ ਪੂਰਾ ਮਜਬੂਰ ਕੀਤਾ ਜਾਂਦਾ ਹੈ ਕਿ ਸਾਡੇ ਬੱਚੇ ਤਾਂ ਚੌਂਕੜੀ ਮਾਰ ਕੇ ਬੈਠ ਹੀ ਨਹੀਂ ਸਕਦੇ, ਜ਼ਰਾ ਜਲਦੀ ਕਰੋ। ਕਈ ਤਾਂ ਆਪਣੀ ਅਮੀਰੀ ਦਿਖਾਲਣ ਲਈ ਹੀ ਇਹ ਗੱਲ ਕਹੀ ਜਾਣਗੇ।

ਬਾਹਰਲੇ ਮੁਲਕਾਂ ਵਿਚ ਅਨੰਦ ਕਾਰਜ ਦੀ ਰਸਮ ਨਿਭਾਈ ਤਾਂ ਜਾਂਦੀ ਹੈ ਗੁਰਦੁਆਰਿਆਂ ਵਿਚ, ਪਰ ਉਹ ਕਾਨਫ਼ਰੰਸ ਦਾ ਰੂਪ ਧਾਰਨ ਕਰ ਜਾਂਦੀ ਹੈ ਤੇ ਆਪਣੀਆਂ ਹੀ ਸਿਫ਼ਤਾਂ ਦੇ ਪੁੱਲ ਬੰਨ੍ਹਣ ਤਕ ਸੀਮਤ ਹੋ ਕੇ ਰਹਿ ਜਾਂਦੀ ਹੈ। ਕਈ ਤਾਂ ਗੋਰਿਆਂ ਨੂੰ ਸੱਦ ਕੇ ਲਿਆਉਂਦੇ ਹਨ ਤੇ ਫਿਰ ਉਨ੍ਹਾਂ ਨੂੰ ਆਪਣੀ ਸਿਫ਼ਤ ਲਿਖ ਕੇ ਦੇਣਗੇ। ਉਹ ਵਿਚਾਰੇ ਜੋ ਮੂੰਹ ਆਇਆ ਬੋਲ ਕੇ ਤੁਰਦੇ ਬਣਦੇ ਹਨ। ਗੁਰਮਤਿ ਦੀ ਗੱਲ ਬਹੁਤ ਹੀ ਘੱਟ ਕੀਤੀ ਜਾਂਦੀ ਹੈ। ਅਜੇਹੇ ਸ਼ੁਭ ਸਮਿਆਂ 'ਤੇ ਆਪਣੇ ਪਰਿਵਾਰ ਦੀ ਸਿਫ਼ਤ ਸੁਣਨ ਦੀ ਵੱਡੀ ਖ਼ਾਹਿਸ਼ ਪੂਰੀ ਹੁੰਦੀ ਹੈ।

ਕੁਝ ਗੁਰਦੁਆਰਿਆਂ ਵਿਚ ਇਸ ਮਰਯਾਦਾ ਨੂੰ ਬੜੀ ਹੀ ਖ਼ੂਬਸੂਰਤੀ ਨਾਲ ਨਿਭਾਇਆ ਜਾਂਦਾ ਹੈ, ਉਨ੍ਹਾਂ ਨੂੰ ਮੁਬਾਰਕ ਹੈ! ਅੱਜ ਸਾਨੂੰ ਖ਼ਾਲਸਾ ਪੰਥ ਦਾ ਨਿਆਰਾਪਨ ਕਾਇਮ ਰੱਖਣ ਦੀ ਜ਼ਰੂਰਤ ਹੈ। ਗੁਰਬਾਣੀ ਦੀ ਲੋਅ ਵਿਚ ਬਣਾਈ ਰਹਿਤ ਮਰਯਾਦਾ ਦੀ ਸਿੱਖਿਆ ਅਨੁਸਾਰ ਅਨੰਦ ਕਾਰਜ ਦੀ ਮਰਯਾਦਾ ਨਿਭਾਹੁਣੀ ਚਾਹੀਦੀ ਹੈ। ਬੇਲੋੜੀਆਂ ਤੇ ਅਨਮਤ ਵਾਲੀਆਂ ਰਸਮਾਂ ਤੋਂ ਬਚਣਾ ਚਾਹੀਦਾ ਹੈ।

ਰਹਿਤ ਮਰਯਾਦਾ ਦੀ ਮਹਾਨਤਾ ਨੂੰ ਨਾ ਸਮਝਦਿਆਂ ਹੋਇਆਂ ਚੁੰਨੀ ਚੜ੍ਹਾਉਣ ਦੀ ਰਸਮ, ਜੈ ਮਾਲਾ ਦੀ ਰਸਮ ਤੇ ਰਿੰਗ ਸੈਰੇਮਨੀ ਵਰਗੀਆਂ ਰੀਤਾਂ ਨੇ ਜਨਮ ਲੈ ਲਿਆ ਹੈ। ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ। ਬੇਲੋੜੀਆਂ ਰਸਮਾਂ ਦੇ ਪਿੱਛੇ ਵੱਡੀ ਪੱਧਰ 'ਤੇ ਲੈਣ-ਦੇਣ ਦੀਆਂ ਰਸਮਾਂ ਛੁਪੀਆਂ ਪਈਆਂ ਹਨ ਜਿਸ ਨੂੰ ਦਾਜ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਇਹ ਦੈਂਤ ਇਤਨਾ ਭਿਆਨਕਤਾ ਦਾ ਰੂਪ ਧਾਰਨ ਕਰ ਚੁੱਕਾ ਹੈ ਕਿ ਇਸ ਦੀ ਜ਼ੁਲਮੀ ਦਾੜ੍ਹ ਤੋਂ ਬਚਣ ਲਈ ਪੰਜਾਬ ਦੀ ਧਰਤੀ 'ਤੇ ਭਰੂਣ ਹੱਤਿਆ ਨੇ ਜਨਮ ਲੈ ਲਿਆ ਹੈ। ਨਾ ਧੀ ਜੰਮੇ ਤੇ ਨਾ ਹੀ ਦਾਜ ਦੇਣਾ ਪਏ; ਇਸ ਲਈ ਧੀ ਨੂੰ ਜੰਮਣ ਤੋਂ ਪਹਿਲਾਂ ਹੀ ਖ਼ਤਮ ਕਰ ਦੇਣ ਵਿਚ ਭਲਾ ਸਮਝਿਆ ਜਾ

ਰਿਹਾ ਹੈ। ਧੀ ਦੇ ਸਨਮਾਨ ਪ੍ਰਤੀ ਦਿਲ ਨੂੰ ਹੂਕ ਪਾਉਣ ਵਾਲੀਆਂ ਡਾਕਟਰ ਪਿਸ਼ੌਰਾ ਸਿੰਘ ਜੀ ਢਿੱਲੋਂ ਕੈਲੇਫ਼ੋਰਨੀਆ ਵਾਲਿਆਂ ਨੇ ਬੜੀਆਂ ਸੁੰਦਰ ਸਤਰਾਂ ਲਿਖੀਆਂ ਹਨ :

ਜੇ ਪੁੱਤਰ ਹੱਟਾਂ 'ਤੇ ਨਹੀਂ ਵਿਕਦੇ, ਧੀਆਂ ਨਾ ਮਿਲਣ ਬਜ਼ਾਰ ਕੁੜੇ।
ਇਹ ਸੌਦਾ ਸੱਚਾ ਸੌਦਾ ਨੀ, ਇਹ ਨਕਦ ਨਾ ਮਿਲੇ ਉਧਾਰ ਕੁੜੇ।
ਇਕ ਸਿੱਕੇ ਦੇ ਦੋ ਪਾਸੇ ਨੀ, ਇਕੋ ਟਕਸਾਲ ਤਰਾਸ਼ੇ ਨੀ;
ਦੋਹਾਂ ਦੀ ਹੋਂਦ ਬਰਾਬਰ ਨੀ, ਤਾਂ ਚੱਲਦਾ ਕਾਰ ਵਿਹਾਰ ਕੁੜੇ।
ਪੁੱਤਰ ਜੇ ਆਨ ਘਰਾਂ ਦੀ ਨੀ, ਧੀਆਂ ਈਮਾਨ ਗਰਾਂ ਦੀ ਨੀ,
ਕਿਉਂ ਹੱਤਿਆ ਫੇਰ ਭਰੂਨਾਂ ਦੀ, ਧ੍ਰਿਗ ਐਸਾ ਵਿਵਹਾਰ ਕੁੜੇ।
ਪੁੱਤਾਂ ਬਿਨ ਵੇਲ ਜੇ ਵੱਧਦੀ ਨਹੀਂ, ਧੀਆਂ ਬਿਨ ਫੁੱਲਦੀ ਫਲਦੀ ਨਹੀਂ,
ਕਿਚਰ ਕੁ ਉਹ ਬਾਗ਼ ਸਲਾਮਤ ਨੀ, ਜਿਦ੍ਹੀ ਚੁਣ ਚੁਣ ਖਾਣੀ ਵਾੜ ਕੁੜੇ।
ਜੇ ਸਰਵਣ ਪੁੱਤ ਡਿੰਗੋਰੀ ਨੀ, ਧੀਆਂ ਦੀ ਦੇਣ ਵਧੇਰੀ ਨੀ,
ਧੀਆਂ ਸਿਰ ਬਹੁਤੇ ਵੱਸੇ ਨੀ, ਨਵ ਦੁਨੀਆ ਵਿਚ ਬਹੁਤੇ ਪਰਵਾਰ ਕੁੜੇ।
ਥੱਕ ਇਹ ਬੇ-ਕਿਰਕ ਸਮਾਜ ਕੁੜੇ, ਧੀਆਂ ਸੰਗ ਪਾਸਕ ਸਮਾਜ ਕੁੜੇ।
ਮਾਵਾਂ ਲਈ ਮਿੱਠਾ ਮਹੁਰਾ ਨੀ, ਪਿਉ ਸਿਰ 'ਤੇ ਭਾਰ ਪਹਾੜ ਕੁੜੇ।
ਕਿੰਜ ਧੀ ਕਮਜ਼ੋਰ ਨਿਮਾਣੀ ਨੀ, ਜੋ ਭਾਗੋ ਨੀ ਜੋ ਭਾਨੀ ਨੀ,
ਇਹ ਝਾਂਸੀ ਦੀ ਸਰਦਾਰ ਕੁੜੇ, ਇਹ ਉੱਡਣਹਾਰ ਪੁਲਾੜ ਕੁੜੇ।

ਮੁਸਿ ਮੁਸਿ ਰੋਵੈ.....

ਇਹ ਸ਼ਬਦ ਕਬੀਰ ਜੀ ਦਾ ਰਾਗ ਗੂਜਰੀ ਵਿਚ ਉਚਾਰਨ ਕੀਤਾ ਹੋਇਆ ਹੈ। ਸ਼ਬਦ ਵਿਚ ਵਰਤੀ ਸ਼ਬਦਾਵਲੀ ਤੋਂ ਇੰਜ ਮਹਿਸੂਸ ਹੁੰਦਾ ਹੈ, ਜਿਵੇਂ ਕਬੀਰ ਜੀ ਦੀ ਮਾਂ ਇਹ ਆਖ ਰਹੀ ਹੋਵੇ ਕਿ ਮੇਰੇ ਪੁੱਤ ਨੇ ਕਿਰਤ ਛੱਡ ਦਿੱਤੀ ਹੈ, ਹੁਣ ਇਹ ਵਿਹਲਾ ਰਹਿ ਕੇ ਕੇਵਲ ਨਾਮ ਜਪਣ ਦੇ ਆਹਰ ਵਿਚ ਹੀ ਉਲਝ ਕੇ ਰਹਿ ਗਿਆ ਹੈ। ਮੈਂ ਸੋਚਦੀ ਹਾਂ ਕਿ ਇਸ ਦਾ ਪਰਿਵਾਰ, ਬੱਚੇ ਕਿਥੋਂ ਰੋਟੀ ਖਾਣਗੇ ? ਦਿਨ ਰਾਤ ਇਹ ਚਿੰਤਾ ਮੈਨੂੰ ਵੱਢ-ਵੱਢ ਖਾਈ ਜਾ ਰਹੀ ਹੈ।

ਓਪਰੀ ਨਿਗਾਹ ਨਾਲ ਦੇਖਿਆਂ ਇਹੋ ਹੀ ਪ੍ਰਤੀਤ ਹੁੰਦਾ ਹੈ, ਜਿਸ ਕਰਕੇ ਸਾਖੀਕਾਰਾਂ ਨੇ ਘੋਟਵੇਂ ਸ਼ਬਦਾਂ ਵਿਚ ਸਾਖੀ ਘੜ ਕੇ ਕਬੀਰ ਜੀ ਨੂੰ ਵਿਹਲਾ ਸਾਬਤ ਕਰਨ ਦਾ ਪੂਰਾ-ਪੂਰਾ ਯਤਨ ਕੀਤਾ ਹੈ। ਉਚੇਚੇ ਤੌਰ 'ਤੇ ਸਾਧ-ਲਾਣੇ ਨੇ ਸੰਗਤ ਨੂੰ ਇਹੀ ਸਮਝਾਇਆ ਹੈ ਕਿ ਅਸੀਂ ਵਿਹਲੇ ਰਹਿ ਕੇ ਨਾਮ ਜਪ ਰਹੇ ਹਾਂ, ਤੁਸੀਂ ਕਿਰਤ ਕਰ ਕੇ ਸਾਨੂੰ ਆਪਣੀ ਕਮਾਈ ਦਾ ਪੂਰਾ ਨਹੀਂ ਤਾਂ ਅੱਧਾ ਹਿੱਸਾ ਤਾਂ ਜ਼ਰੂਰ ਦਿਉ, ਕਿਉਂਕਿ ਅਸੀਂ ਧਰਮ ਦਾ ਬਹੁਤ ਵੱਡਾ ਕੰਮ ਕਰ ਰਹੇ ਹਾਂ। ਜੇਕਰ ਅਸੀਂ ਭਗਤੀ ਨਾ ਕਰਦੇ ਹੋਈਏ ਤਾਂ ਸੰਸਾਰ 'ਤੇ ਬਹੁਤ ਹੀ ਉਪੱਦਰ ਮੱਚ ਜਾਣ। ਸਾਡੀ ਭਗਤੀ ਦਾ ਸਦਕਾ ਸੰਸਾਰ ਤੁਰਿਆ ਫਿਰਦਾ ਹੈ, ਵਰਨਾ...।

ਸਾਡੇ ਆਮ ਪਰਿਵਾਰਾਂ ਵਿਚ ਵੀ ਦੇਖਣ ਨੂੰ ਮਿਲ ਜਾਂਦਾ ਹੈ ਕਿ ਜਦੋਂ ਬੱਚਾ ਥੋੜ੍ਹਾ ਜਿਹਾ ਧਰਮ ਵਾਲੇ ਪਾਸੇ ਨੂੰ ਝੁਕਾਅ ਰੱਖਣ ਲੱਗ ਪਏ, ਗੁਰਦੁਆਰੇ ਆਮ ਜਾਣ ਲੱਗ ਪਏ, ਘਰ ਦੇ ਤੁਰੰਤ ਹੀ ਕਹਿਣ ਲੱਗ ਪੈਂਦੇ ਹਨ ਕਿ ਹੁਣ ਤੂੰ ਗੁਰਦੁਆਰੇ ਜੋਗਾ ਹੀ ਰਹਿ ਗਿਆ ਏਂ, ਘਰ ਦਾ ਕੰਮ ਤਾਂ ਤੈਨੂੰ ਦਿੱਸਦਾ ਹੀ ਕੋਈ ਨਹੀਂ, ਜਾਪਦਾ ਏ ਤੂੰ ਭਾਈ ਬਣ ਗਿਆ ਏਂ, ਆਪਣਾ ਮੰਜਾ ਵੀ ਉਥੇ ਹੀ ਲੈ ਜਾ। ਪਰਿਵਾਰਾਂ ਵਾਲੇ ਇਹ ਤਾਂ ਚਾਹੁੰਦੇ ਨੇ ਕਿ ਸਾਡਾ ਬੱਚਾ ਧਰਮੀ ਬਣੇ, ਪਰ ਚਾਹੁੰਦੇ ਹਨ ਇਹ ਸਿਰਫ਼ ਲੋਕਾਂ ਦੀਆਂ ਨਜ਼ਰਾਂ ਵਿਚ ਹੀ ਧਰਮੀ ਹੋਵੇ। ਕੰਮ ਇਸਦੇ ਉਹ ਹੀ ਹੋਣ ਜੋ ਸਿਰਫ਼ ਪਰਿਵਾਰ ਨੂੰ ਲਾਭ ਦੇ ਸਕਦੇ ਹੋਣ। ਧਰਮੀ ਦਿੱਸਣਾ ਚਾਹੀਦਾ ਹੈ, ਅੰਦਰੋਂ ਭਾਵੇਂ ਹੋਵੇ ਜਾਂ ਨਾ ਹੋਵੇ, ਕੋਈ ਫ਼ਰਕ ਨਹੀਂ ਪੈਂਦਾ। ਕਬੀਰ ਜੀ ਸੰਬੰਧੀ ਵੀ ਏਸੇ ਤਰ੍ਹਾਂ ਦੇ ਖ਼ਿਆਲ ਆਮ ਕਰਕੇ

ਇਨ੍ਹਾਂ ਸਾਖੀਆਂ ਵਿੱਚੋਂ ਮਿਲ ਜਾਂਦੇ ਹਨ। ਆਉ ਦੇਖੀਏ, ਇਸ ਸ਼ਬਦ ਵਿਚ ਕਬੀਰ ਜੀ ਮਨੁੱਖਤਾ ਨੂੰ ਕੀ ਸੁਨੇਹਾ ਦੇ ਰਹੇ ਹਨ :

> **ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥**
> **ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥੧॥**
> **ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥**
> **ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥੧॥ਰਹਾਉ॥**
> **ਜਬ ਲਗੁ ਤਾਗਾ ਬਾਹਉ ਬੇਹੀ ॥**
> **ਤਬ ਲਗੁ ਬਿਸਰੈ ਰਾਮੁ ਸਨੇਹੀ ॥੨॥**
> **ਓਛੀ ਮਤਿ ਮੇਰੀ ਜਾਤਿ ਜੁਲਾਹਾ ॥**
> **ਹਰਿ ਕਾ ਨਾਮੁ ਲਹਿਓ ਮੈ ਲਾਹਾ ॥੩॥**
> **ਕਹਤ ਕਬੀਰ ਸੁਨਹੁ ਮੇਰੀ ਮਾਈ ॥**
> **ਹਮਰਾ ਇਨ ਕਾ ਦਾਤਾ ਏਕੁ ਰਘੁਰਾਈ ॥੪॥**

(ਰਾਗੁ ਗੂਜਰੀ, ਪੰਨਾ 524)

ਸਾਖੀਆਂ ਤੋਂ ਉਪਰ ਉੱਠਦਿਆਂ ਰਹਾਉ ਦੀਆਂ ਤੁਕਾਂ ਨੂੰ ਸਮਝਣ ਦੀ ਜ਼ਰੂਰਤ ਹੈ। "ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥ ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥" 'ਤਨਨਾ ਬੁਨਨਾ' ਸ਼ਬਦ ਆਮ ਕਰਕੇ ਤਾਣੀ ਬੁਣਨ ਵਾਲੇ ਲਈ ਵਰਤਿਆ ਗਿਆ ਹੈ। ਜੁਲਾਹਾ ਵੀਰ ਪਹਿਲਾਂ ਤਾਣਾ ਖਿਚਦਾ ਹੈ ਫਿਰ ਉਸ ਵਿਚ ਪੇਟਾ ਪਾਉਂਦਾ ਹੈ, ਇਸ ਨੂੰ 'ਤਨਨਾ ਬੁਨਨਾ' ਕਿਹਾ ਗਿਆ ਹੈ। 'ਤਜਿਓ ਹੈ ਕਬੀਰ'—ਕੰਮ ਕਰਨਾ ਕਬੀਰ ਜੀ ਨੇ ਛੱਡ ਦਿੱਤਾ ਹੈ, ਕਿਉਂਕਿ ਪਰਮਾਤਮਾ ਦੇ ਨਾਮ ਨੂੰ ਕਬੀਰ ਜੀ ਨੇ ਆਪਣੇ ਸਰੀਰ 'ਤੇ ਲਿਖ ਲਿਆ ਹੈ। ਸਰੀਰ ਵਿਚ ਹੈ ਦਿਮਾਗ਼ ਤੇ ਸਰੀਰ ਦੇ ਬਾਹਰ ਹਨ ਗਿਆਨ-ਇੰਦਰੇ, ਇਸਦਾ ਭਾਵ-ਅਰਥ ਹੈ ਅੰਦਰਲੀ ਗ਼ਲਤ ਸੋਚ ਤੇ ਬਾਹਰਲੇ ਗਿਆਨ-ਇੰਦ੍ਰਿਆਂ ਦੀ ਦੁਰਵਰਤੋਂ ਕਰਨ ਤੋਂ ਸੰਕੋਚ ਕਰਨ ਲੱਗ ਗਿਆ ਹੈ। 'ਹਰਿ ਕਾ ਨਾਮੁ ਲਿਖਿ ਲੀਓ ਸਰੀਰ' ਦਾ ਭਾਵ ਇਹ ਨਹੀਂ ਕਿ ਕਬੀਰ ਜੀ ਨੇ ਆਪਣੇ ਸਰੀਰ 'ਤੇ ਪਰਮਾਤਮਾ ਦੇ ਨਾਮ ਨੂੰ ਖੁਰਚ-ਖੁਰਚ ਕੇ ਲਿਖ ਲਿਆ ਹੈ। ਉਂਜ ਵੀ ਕਈਆਂ ਨੇ ਆਪਣੀਆਂ ਬਾਹਾਂ 'ਤੇ ਰਾਮ, ਵਾਹਿਗੁਰੂ ਜਾਂ ੧ਓ ਇਤਿਆਦਿਕ ਲਿਖਾਇਆ ਹੁੰਦਾ ਹੈ, ਪਰ ਕੀ ਅਜਿਹੇ ਨਾਮ ਲਿਖਾਉਣ ਵਾਲਾ ਆਦਮੀ ਧਰਮੀ ਬਣ ਜਾਂਦਾ ਹੈ ? ਜੇ ਇਸ ਤਰ੍ਹਾਂ ਨਾਮ ਲਿਖਣ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਹਰ ਆਦਮੀ ਆਪਣੇ ਸਾਰੇ ਸਰੀਰ 'ਤੇ ਸਕੈੱਚ ਪੈੱਨ ਨਾਲ ਰੱਬ ਜੀ ਦਾ ਨਾਮ ਉੱਕਰ ਲਏ—ਤੇ ਇਹ ਆਖੇ ਦੇਖੋ ਜੀ ! ਮੈਂ ਤਾਂ ਹੁਣ ਆਪਣੇ ਸਰੀਰ 'ਤੇ ਨਾਮ ਲਿਖ ਲਿਆ ਹੈ, ਰੱਬ ਜੀ ਤਾਂ ਮੇਰੀ ਮੁੱਠੀ ਵਿਚ ਹਨ। ਇਸ ਤੋਂ ਵੱਡਾ ਅੰਧ-ਵਿਸ਼ਵਾਸ ਹੋਰ ਕੀ ਹੋ ਸਕਦਾ

ਹੈ ? 'ਹਰਿ ਕਾ ਨਾਮੁ ਲਿਖਿ ਲੀਓ ਸਰੀਰ' ਦਾ ਭਾਵ-ਅਰਥ ਹੈ ਆਤਮਿਕ ਸੂਝ ਦਾ ਪੈਦਾ ਹੋਣਾ, ਜ਼ਿੰਦਗੀ ਦੀਆਂ ਬਰੀਕੀਆਂ ਨੂੰ ਸਮਝਣਾ ਤੇ ਸਰੀਰ ਵਿਚਲੇ ਗਿਆਨ-ਇੰਦ੍ਰਿਆਂ ਦੀ ਸਹੀ ਵਰਤੋਂ ਕਰਨ ਦੀ ਪਹਿਚਾਣ ਹੋ ਜਾਣੀ, ਨੂੰ 'ਹਰਿ ਕਾ ਨਾਮੁ' ਲਿਖਿਆ ਕਿਹਾ ਜਾ ਸਕਦਾ ਹੈ। ਏਸੇ ਹੀ ਬੰਦ ਦੀ ਪਹਿਲੀ ਤੁਕ ਵਿਚ 'ਤਨਨਾ ਬੁਨਨਾ' ਸ਼ਬਦ ਆਇਆ ਹੈ। ਇਸ ਤੋਂ ਅੰਦਾਜ਼ਾ ਲਗਾ ਲਿਆ ਕਿ ਕਬੀਰ ਜੀ ਨੇ ਆਪਣੀ ਕਿਰਤ ਕਰਨੀ ਛੱਡ ਦਿੱਤੀ ਹੈ। 'ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ' ਦਾ ਭਾਵ ਮਨ ਵਿਚ ਵਿਕਾਰਾਂ ਦੀਆਂ ਜੋ ਬੁਣਤੀਆਂ ਬੁਣੀਆਂ ਜਾ ਰਹੀਆਂ ਸਨ, ਮੁਕੰਮਲ ਤੌਰ 'ਤੇ ਉਨ੍ਹਾਂ ਨੂੰ ਰੱਦ ਕਰ ਦਿੱਤਾ ਹੈ। ਆਪਣੇ ਹੀ ਭਰਾਵਾਂ ਦਾ ਮਾੜਾ ਚਿਤਵਨਾ ਜੋ ਹਰ ਵੇਲੇ ਮਨ ਵਿਚ ਚੱਲਦਾ ਰਹਿੰਦਾ ਸੀ, ਉਸ ਦਾ ਉਧੇੜ-ਪੁਧੇੜ ਹੁਣ ਛੱਡ ਦਿੱਤਾ ਹੈ, ਕਿਉਂਕਿ ਮੈਂ ਆਪਣੇ ਸਰੀਰ 'ਤੇ ਪਰਮਾਤਮਾ ਦਾ ਨਾਮ ਲਿਖ ਲਿਆ ਹੈ।

ਰਹਾਉ ਦੀਆਂ ਤੁਕਾਂ ਵਿਚ ਸੁਭਾਅ ਦੀ ਤਬਦੀਲੀ ਰਾਤ ਦੇ ਅੰਧੇਰੇ ਤੋਂ ਸੱਜਰੀ ਤਰੇਲ ਵਾਂਗ ਸਦਾ-ਬਹਾਰ ਖਿੜਿਆ ਹੋਇਆ ਸੁਨੇਹਾ ਲੈ ਕੇ ਆਵਾਜ਼ ਦੇ ਰਹੀ ਹੈ ਕਿ ਬੁਰਾ ਚਿਤਵਨਾ ਤੇ ਮੰਦੀਆਂ ਗੋਂਦਾਂ ਗੁੰਦਣੀਆਂ ਮੁੱਢਲੇ ਤੌਰ 'ਤੇ ਤਿਆਗ ਦਿੱਤੀਆਂ ਹਨ। ਚੋਰਾਂ ਦੀ ਢਾਣੀ ਵਿੱਚੋਂ ਕੋਈ ਨਿਕਲ ਕੇ ਚੰਗਾ ਜੀਵਨ ਜਿਊਣ ਦਾ ਯਤਨ ਕਰੇ ਤਾਂ ਚੋਰਾਂ ਨੂੰ ਚੰਗਾ ਨਹੀਂ ਲੱਗੇਗਾ, ਸ਼ਰਾਬੀਆਂ ਦਾ ਸਾਥੀ ਸ਼ਰਾਬ ਦਾ ਤਿਆਗ ਕਰ ਦਏ ਤਾਂ ਸ਼ਰਾਬੀਆਂ ਨੂੰ ਰੋਣਾ ਪਿੱਟਣਾ ਪੈ ਜਾਂਦਾ ਹੈ ਤੇ ਕਹਿੰਦੇ ਹਨ ਕਿ ਸਾਡਾ ਇਕ ਸਾਥੀ ਮਰ ਗਿਆ ਹੈ। ਸਾਡੇ ਮਨ ਅੰਦਰ ਹਰ ਵੇਲੇ ਚੰਗੇ ਮਾੜੇ ਸੰਕਲਪ ਚੱਲਦੇ ਹੀ ਰਹਿੰਦੇ ਹਨ, ਪਰ ਮਾੜੀ ਮਤ ਹਰ ਵੇਲੇ ਆਪਣੀ ਪ੍ਰਧਾਨਤਾ ਹੀ ਦਿਖਾਉਂਦੀ ਰਹਿੰਦੀ ਹੈ। ਭੈੜੀ ਮਤ ਦੀ ਆਪਣੀ ਸੰਤਾਨ ਹੈ ਤੇ ਚੰਗੀ ਮਤ ਦੀ ਆਪਣੀ ਸੰਤਾਨ ਹੈ। ਹਰ ਦੇਸ ਦੀ ਪੁਲਿਸ ਦਾ ਕੰਮ ਤਾਂ ਏਹੀ ਹੁੰਦਾ ਹੈ ਕਿ ਅਪਰਾਧੀ ਨੂੰ ਪਕੜ ਕੇ ਉਸ ਨੂੰ ਚੰਗੇ ਰਸਤੇ 'ਤੇ ਲਿਆਂਦਾ ਜਾਏ। ਪੁਰਾਣੀ ਮਾੜ-ਧਾੜ ਛੱਡ ਕੇ ਅੱਗੋਂ ਚੰਗੇ ਕਰਮ ਕਰਨ ਦਾ ਪ੍ਰਣ ਕਰੇ। ਰਹਾਉ ਦੀਆਂ ਤੁਕਾਂ ਵਿਚ ਪਰਮਾਤਮਾ ਦੇ ਗੁਣਾਂ ਨੂੰ ਅਖ਼ਤਿਆਰ ਕਰਕੇ ਮਾੜੇ ਸੰਕਲਪਾਂ ਤੋਂ ਛੁਟਕਾਰੇ ਦੀ ਗੱਲ ਦੁਹਰਾਈ ਗਈ ਹੈ :

ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥
ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥

"ਤਨਨਾ ਬੁਨਨਾ ਸਭੁ ਤਜਿਓ" ਮੰਦਾ ਚਿਤਵਨ ਦੀਆਂ ਜੋ ਬੁਣਤੀਆਂ ਬੁਣੀਆਂ ਜਾ ਰਹੀਆਂ ਸਨ, ਉਨ੍ਹਾਂ ਨੂੰ ਹੁਣ ਸਦਾ ਲਈ ਛੱਡ ਦਿੱਤਾ ਹੈ, ਕਿਉਂਕਿ ਸਰੀਰ 'ਤੇ ਨਾਮ ਨੂੰ ਲਿਖ ਲਿਆ ਹੈ। ਇਨ੍ਹਾਂ ਤੁਕਾਂ ਵਿਚ ਭੈੜੀ ਮਤ ਛੱਡ ਕੇ ਰੱਬੀ ਗੁਣਾਂ ਦੀ ਸਾਂਝ ਦਾ ਨਿਵੇਕਲਾ ਐਲਾਨ ਕੀਤਾ ਗਿਆ ਹੈ। ਸ਼ਬਦ ਦੇ ਪਹਿਲੇ ਬੰਦ ਵਿਚ ਹੋਰ ਵੀ ਵਿਸਥਾਰ ਆਇਆ ਹੈ :

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥
ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥

ਸਾਖੀਕਾਰਾਂ ਨੇ ਬੇ-ਦਰਦੀ ਨਾਲ ਲਿਖਿਆ ਹੈ ਕਿ ਕਬੀਰ ਜੀ ਦੀ ਮਾਈ ਡੁਸਕ-ਡੁਸਕ ਕੇ ਰੋਂਦਿਆਂ ਹੋਇਆਂ ਲੋਕਾਂ ਨੂੰ ਆਖ ਰਹੀ ਹੈ ਕਿ ਲੋਕੋ, ਮੇਰਾ ਪੁੱਤ ਤਾਂ ਕਮਲਾ ਹੋ ਗਿਆ ਹੈ, ਘਰ ਦਾ ਕੰਮ-ਕਾਜ ਹੀ ਛੱਡ ਗਿਆ ਹੈ। ਹੁਣ ਸਿਰਫ਼ ਸਾਧ-ਲਾਣੇ ਦੇ ਪਿੱਛੇ ਫਿਰਦਿਆਂ ਹੋਇਆਂ ਕੇਵਲ ਨਾਮ ਜਪਣ ਦੇ ਆਹਰ ਵਿਚ ਹੀ ਲੱਗ ਗਿਆ ਹੈ। ਮੈਂ ਤਾਂ ਇਹ ਸੋਚਦੀ ਹਾਂ ਕਿ ਇਸਦੇ ਪਰਿਵਾਰ ਦੇ ਨਿੱਕੇ-ਨਿੱਕੇ ਜੀਆਂ ਦਾ ਕੀ ਬਣੇਗਾ ? ਸਿੱਖੀ ਦਾ ਸਿਧਾਂਤ ਦੇਖਿਆ ਜਾਏ ਤਾਂ ਕਿਰਤ ਦੀ ਪਰਧਾਨਤਾ ਦਾ ਲਕਸ਼ ਉਘੜ ਕੇ ਸਾਡੇ ਸਾਹਮਣੇ ਆਉਂਦਾ ਹੈ। ਕੀ ਕਬੀਰ ਜੀ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਭੱਜ ਰਹੇ ਹਨ ਜਾਂ ਆਪਣੀ ਕਿਰਤ ਛੱਡ ਰਹੇ ਹਨ ? ਰਹਾਉ ਦੀਆਂ ਤੁਕਾਂ ਵਿਚ ਸਰੀਰ 'ਤੇ ਨਾਮ ਲਿਖਣ ਦੀ ਗੱਲ ਆਉਂਦੀ ਹੈ—ਤੇ ਇਸਦਾ ਭਾਵ ਲੈਣਾ ਹੈ ਸੂਝ, ਗਿਆਨ ਤੇ ਸਦ-ਗੁਣਾਂ ਦੀ ਸੋਝੀ ਪੈਦਾ ਹੋਣੀ। 'ਮੁਸਿ ਮੁਸਿ ਰੋਵੈ ਕਬੀਰ ਕੀ ਮਾਈ'— ਗੁਰਬਾਣੀ ਵਿਚ ਮਾਈ ਜਾਂ ਮਾਤਾ ਮਤ ਨੂੰ ਵੀ ਆਖਿਆ ਗਿਆ ਹੈ। 'ਮੁਸਿ ਮੁਸਿ' ਕੇ ਸਰੀਰ ਰੂਪੀ ਮਾਤਾ ਜੀ ਨਹੀਂ ਰੋਂਦੀ, ਸਗੋਂ ਭੈੜੀ ਮਤ ਡੁਸਕ-ਡੁਸਕ ਕੇ ਵਿਰਲਾਪ ਕਰ ਰਹੀ ਹੈ ਕਿ ਮੇਰੀ ਭੈੜੀ ਸੰਤਾਨ ਕੀ ਖਾਏਗੀ ? ਇਕ ਸੰਤਾਨ ਮਨ ਦੀ ਤੇ ਦੂਜੀ ਸਰੀਰ ਦੀ ਸੰਤਾਨ ਮੰਨੀ ਗਈ ਹੈ, ਜੋ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਰੂਪ ਵਿਚ ਗਿਆਨ-ਇੰਦ੍ਰਿਆਂ ਰਾਹੀਂ ਤੇ ਦੂਜੀ ਧੀਆਂ ਪੁੱਤਰਾਂ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। 'ਏ ਬਾਰਿਕ ਕੈਸੇ ਜੀਵਹਿ ਰਘੁਰਾਈ' ਇਹ ਮੇਰੇ ਵਿਕਾਰੀ ਬੱਚੇ ਕਿੰਜ ਜਿਊਂਦੇ ਰਹਿ ਸਕਣਗੇ ? ਦਾਦੀ ਮਾਂ ਅਕਸਰ ਹੀ ਆਪਣੇ ਬੱਚਿਆਂ ਨੂੰ ਦੱਸਦੀ ਰਹਿੰਦੀ ਹੈ—ਪੁੱਤ ਚੰਗੀ ਮਤ ਲੈਣ ਗਿਆਂ ਵੀ ਨਹੀਂ ਮਿਲਦੀ ਤੇ ਭੈੜੀ ਮਤ ਉੱਡ ਕੇ ਆਪਣੇ ਆਪ ਹੀ ਆ ਜਾਂਦੀ ਹੈ। ਭੈੜੀਆਂ ਚਿਤਵਨੀਆਂ ਸਾਡੀਆਂ ਅੱਖਾਂ, ਕੰਨਾਂ, ਹੱਥਾਂ ਰਾਹੀਂ ਬਾਹਰਲੇ ਤਲ 'ਤੇ ਆ ਕੇ ਸਮਾਜ ਵਿਚ ਪ੍ਰਗਟ ਹੁੰਦੀਆਂ ਹਨ। ਅਮਲੀਆਂ ਦੀਆਂ ਸ਼੍ਰੇਣੀਆਂ ਵਿੱਚੋਂ ਜੇ ਕੋਈ ਅਮਲੀ ਨਸ਼ਾ-ਪੱਤਾ ਛੱਡ ਜਾਏ, ਸਭ ਤੋਂ ਵੱਧ ਦੁਖ ਅਮਲੀਆਂ ਨੂੰ ਹੀ ਹੁੰਦਾ ਹੈ ਤੇ ਇਹ ਕੁਦਰਤੀ ਗੱਲ ਹੈ ਕਿ ਚੰਗੀ ਮਤ ਗ੍ਰਹਿਣ ਕਰਦਿਆਂ ਭੈੜੀ ਮਤ ਨੂੰ ਰੋਣਾ ਤਾਂ ਆਉਣਾ ਹੀ ਹੈ। ਸੋ ਇਨ੍ਹਾਂ ਤੁਕਾਂ ਵਿਚ ਕਬੀਰ ਮਾੜੀ ਮਤ ਦੇ ਵਿਲਕਣ ਦੀ ਗੱਲ ਕਰ ਰਹੇ ਹਨ, ਕਿਉਂਕਿ ਰਹਾਉ ਦੀਆਂ ਤੁਕਾਂ ਵਿਚ ਸ੍ਰੇਸ਼ਟ ਮਤ ਦੇ ਪ੍ਰਗਟਾਅ ਦਾ ਉਜਾਲਾ ਉਤਪੰਨ ਹੋਇਆ ਹੈ।

ਕਿਰਸਾਨੀ ਨਾਲ ਸੰਬੰਧ ਰੱਖਣ ਵਾਲਾ ਖੇਤੀ ਦੀਆਂ ਉਦਾਹਰਣਾਂ ਦੇ ਕੇ ਗੱਲ ਸਮਝਾਏਗਾ ਤੇ ਦੁਕਾਨਦਾਰ ਵਪਾਰ ਦੀਆਂ ਮਿਸਾਲਾਂ ਦੇ ਕੇ ਆਪਣੀ

ਗੱਲ ਨੂੰ ਸੰਪੂਰਨ ਕਰੇਗਾ, ਯਾਨੀ ਕਿ ਹਰ ਖੇਤਰ ਦਾ ਮਨੁੱਖ ਆਪਣੇ ਹੀ ਕਿੱਤੇ ਦੀ ਮਿਸਾਲ ਦੇਵੇਗਾ। ਕਬੀਰ ਜੀ ਦਾ ਧੰਦਾ ਕੱਚੇ ਸੂਤ ਨੂੰ ਲੈ ਕੇ ਤਾਣੀ ਉਣਨ ਦਾ ਹੈ, ਇਸ ਲਈ ਕਬੀਰ ਜੀ ਨੇ ਪ੍ਰਤੀਕ ਵੀ ਅਜੇਹੇ ਹੀ ਲਏ ਹਨ। ਇਸ ਸ਼ਬਦ ਦੇ ਦੂਸਰੇ ਬੰਦ ਵਿਚ ਕਬੀਰ ਜੀ ਨੇ ਤਾਣੀ ਵਿਚ ਉਣਦਿਆਂ ਤੇ ਧਾਗਾ ਪਾਉਂਦਿਆਂ ਦੀ ਮਿਸਾਲ ਲੈ ਕੇ ਭੈੜੀ ਮਤ ਤੇ ਚੰਗੀ ਮਤ ਦਾ ਖ਼ੁਲਾਸਾ ਕੀਤਾ ਹੈ। ਤੁਕਾਂ ਦਾ ਪਾਠ ਇਸ ਤਰ੍ਹਾਂ ਹੈ:

ਜਬ ਲਗੁ ਤਾਗਾ ਬਾਹਉ ਬੇਹੀ ॥
ਤਬ ਲਗੁ ਬਿਸਰੈ ਰਾਮੁ ਸਨੇਹੀ ॥

ਕਬੀਰ ਜੀ ਆਖਦੇ ਹਨ ਕਿ ਜਦੋਂ ਮੈਂ ਨਲਕੀ ਵਿਚ ਧਾਗਾ ਪਾਉਣ ਲਈ ਫੂਕ ਮਾਰਦਾ ਹਾਂ ਤਾਂ ਮੇਰੇ ਪਾਸੋਂ ਪਰਮਾਤਮਾ ਦਾ ਨਾਮ ਵਿਸਰ ਜਾਂਦਾ ਹੈ। ਦੇਖੋ, ਮਨੁੱਖ ਨੇ ਰੋਟੀ ਖਾਣੀ ਹੈ, ਕਿਸੇ ਆਏ ਗਏ ਨਾਲ ਗੱਲ ਕਰਨੀ ਹੈ, ਪਾਣੀ ਪੀਣਾ ਹੈ ਤੇ ਰਾਤ ਨੂੰ ਵਿਸ਼ਰਾਮ ਵੀ ਕਰਨਾ ਹੈ, ਫਿਰ ਕੀ ਪਰਮਾਤਮਾ ਦਾ ਨਾਮ ਵਿਸਰ ਜਾਏਗਾ ? ਤੇ ਜੇ ਵਿਸਰ ਗਿਆ ਤਾਂ ਮਨੁੱਖ ਦਾ ਕੀ ਹਾਲ ਹੋਏਗਾ। ਗੁਰਬਾਣੀ ਨੇ ਤਾਂ ਬਹੁਤ ਹੀ ਖੁੱਲ੍ਹੇ ਰੂਪ ਵਿਚ ਵਿਚਾਰ ਪ੍ਰਗਟ ਕੀਤੇ ਹਨ ਜੋ ਆਮ ਆਦਮੀ ਵੀ ਅਪਣਾ ਸਕਦਾ ਹੈ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

(ਰਾਗੁ ਗੂਜਰੀ, ਮ: ੫, ਪੰਨਾ 522)

ਤਾਂ ਫਿਰ ਅਜਿਹੇ ਕੀਮਤੀ ਸ਼ਬਦ ਦੇ ਭਾਵ-ਅਰਥ ਸਮਝਣੇ ਪੈਣਗੇ—ਜਿਸ ਤਰ੍ਹਾਂ ਤਨਨਾ ਬੁਨਨਾ—ਘਟੀਆ ਕਿਸਮ ਦੀਆਂ ਗੋਂਦਾਂ ਗੁੰਦਣੀਆਂ ਛੱਡ ਦਿੱਤੀਆਂ ਹਨ, ਏਸੇ ਤਰ੍ਹਾਂ ਹੀ ਇਨ੍ਹਾਂ ਤੁਕਾਂ ਵਿਚ 'ਬਿਸਰੈ ਰਾਮੁ ਸਨੇਹੀ' ਸ਼ੁਭ ਗੁਣ ਵਿਸਰ ਜਾਂਦੇ ਹਨ ਤੇ ਇਸ ਨੂੰ ਹੀ ਪਰਮਾਤਮਾ ਦਾ ਨਾਮ ਵਿਸਰਨਾ ਕਿਹਾ ਗਿਆ ਹੈ। 'ਤਾਗਾ ਬਾਹਉ ਬੇਹੀ' ਘਟੀਆ ਖ਼ਿਆਲਾਂ ਦਾ ਧਾਗਾ ਬਹਾਉਣਾ ਤੇ ਇਸ ਦਾ ਕਸੀਦਾ ਕੱਢਣਾ ਕਿਹਾ ਗਿਆ ਹੈ। ਜਦੋਂ ਵੀ ਮੰਦ ਖ਼ਿਆਲਾਂ ਦਾ ਜਨਮ ਮੇਰੇ ਮਨ ਵਿਚ ਹੁੰਦਾ ਹੈ, ਮੈਨੂੰ ਇੰਜ ਲੱਗਦਾ ਹੈ ਕਿ ਮੇਰੇ ਅੰਦਰ ਆਏ ਹੋਏ ਸ਼ੁਭ ਗੁਣ ਅਲੋਪ ਹੋ ਗਏ ਹਨ। ਰਹਾਉ ਦੀਆਂ ਤੁਕਾਂ ਅਨੁਸਾਰ ਜਦੋਂ ਤੋਂ ਆਪਣੇ-ਆਪਣੇ ਸਰੀਰ 'ਤੇ ਪਰਮਾਤਮਾ ਦਾ ਨਾਮ ਲਿਖ ਲਿਆ ਹੈ—ਸਮਝ ਆ ਗਈ ਹੈ, ਮੰਦ-ਵਾਸ਼ਨਾਵਾਂ ਤੋਂ ਛੁਟਕਾਰਾ ਹੋ ਗਿਆ ਹੈ। ਤੇ ਮੈਂ ਇਹ ਮਹਿਸੂਸ ਕੀਤਾ ਹੈ ਕਿ ਮੰਦ ਕਰਮ ਕਰਨ ਤੇ ਸੋਚਣ ਨਾਲ ਮੁਸ਼ਕਲ ਨਾਲ ਪ੍ਰਾਪਤ ਹੋਏ ਸ਼ੁਭ ਗੁਣਾਂ ਤੋਂ ਦੂਰੀ ਵੱਧਦੀ ਹੈ।

ਗ਼ਰੀਬ ਪਰਿਵਾਰ ਵਿੱਚੋਂ ਕੋਈ ਬੱਚਾ ਉੱਠ ਕੇ ਤਰੱਕੀ ਦੀਆਂ ਮੰਜ਼ਲਾਂ

ਨੂੰ ਛੋਹੇ ਤਾਂ ਥੋੜ੍ਹੀ ਕੀਤਿਆਂ ਅਖੌਤੀ ਅਮੀਰ ਪਰਿਵਾਰ ਪਰਵਾਨ ਕਰਨ ਲਈ ਤਿਆਰ ਹੀ ਨਹੀਂ ਹੁੰਦੇ। ਸਾਨੂੰ ਧਰਮ ਦੀ ਦੁਨੀਆ ਅੰਦਰ ਇਹ ਵਰਤਾਰਾ ਦੇਖਣ ਨੂੰ ਮਿਲ ਜਾਂਦਾ ਹੈ। ਅਮੀਰ ਦਾ ਕੀਤਾ ਹੋਇਆ ਕਰਮ-ਕਾਂਡ ਧਰਮ ਦੀ ਦੁਨੀਆ ਵਿਚ ਉਚੇਚੇ ਤੌਰ 'ਤੇ ਸਨਮਾਨਿਆ ਜਾਂਦਾ ਹੈ। ਗ਼ਰੀਬ ਦੇ ਸਾਦੇ ਢੰਗ ਨਾਲ ਨਿਬਾਹੀ ਹੋਈ ਰਸਮ ਉੱਚ-ਜਾਤੀਏ ਪਰਵਾਨ ਕਰਨ ਲਈ ਤਿਆਰ ਨਹੀਂ ਹੁੰਦੇ। ਬ੍ਰਾਹਮਣੀ ਮਤ ਦੇ ਉੱਚ ਕੋਟੀ ਦੇ ਢੀਠ ਪੁਜਾਰੀਆਂ ਨੇ ਕਬੀਰ ਦੀ ਨਿਰਮਲ ਵਿਚਾਰਧਾਰਾ ਦਾ ਡੱਟ ਕੇ ਵਿਰੋਧ ਹੀ ਨਹੀਂ ਕੀਤਾ, ਸਗੋਂ ਕਬੀਰ ਜੀ ਦੀ ਜਾਤ ਸੰਬੰਧੀ ਕੋਝੇ ਸ਼ਬਦਾਂ ਦਾ ਇਸਤੇਮਾਲ ਵੀ ਕੀਤਾ। ਕਬੀਰ ਜੀ ਨੇ ਆਪਣੀ ਜਾਤ ਲੁਕਾਈ ਨਹੀਂ ਹੈ—ਸਗੋਂ ਜੱਗ ਜ਼ਾਹਰ ਕਰਦਿਆਂ ਹੋਇਆਂ ਕਿਹਾ ਹੈ ਕਿ ਇਸ ਨਾਲ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ। ਤੀਸਰੇ ਬੰਦ ਵਿਚ ਲਿਖਿਆ ਹੈ :

ਓਛੀ ਮਤਿ ਮੇਰੀ ਜਾਤਿ ਜੁਲਾਹਾ॥
ਹਰਿ ਕਾ ਨਾਮੁ ਲਹਿਓ ਮੈ ਲਾਹਾ॥

ਕਬੀਰ ਜੀ ਆਖ ਰਹੇ ਹਨ ਕਿ ਮੈਂ ਨਾਮ ਦਾ ਲਾਭ ਆਪਣੇ ਜੀਵਨ ਵਿਚ ਲੈ ਲਿਆ ਹੈ। ਮੈਨੂੰ ਚੰਗੀ ਤਰ੍ਹਾਂ ਇਹ ਸਮਝ ਆ ਗਈ ਹੈ ਕਿ ਕਰਮ-ਕਾਂਡ ਦੀ ਦੁਨੀਆ ਵਿਚ ਵਿਚਰਿਆਂ ਆਤਮਿਕ ਉੱਨਤੀ ਕਦੇ ਵੀ ਨਹੀਂ ਹੋ ਸਕਦੀ। ਆਪਣੇ ਆਪ ਨੂੰ ਨਿਮਰਤਾ ਵਿਚ ਪੇਸ਼ ਕਰਦਿਆਂ ਕਹਿੰਦੇ ਹਨ ਕਿ ਮੇਰੀ ਮਤ ਥੋੜ੍ਹੀ ਹੈ ਤੇ ਮੇਰੀ ਜਾਤ ਵੀ ਕੋਈ ਵਧੀਆ ਨਹੀਂ ਹੈ। ਵਿਕਾਰਾਂ ਵਾਲੀ ਬਿਰਤੀ ਦਾ ਤਿਆਗ ਕਰ ਕੇ, ਸ਼ੁਭ ਮਤ ਨੂੰ ਗ੍ਰਹਿਣ ਕਰ ਕੇ ਭਾਵ ਪਰਮਾਤਮਾ ਦੇ ਨਾਮ ਦਾ ਲਾਭ ਲੈ ਲਿਆ ਹੈ।

ਪਹਿਲੀ ਗੱਲ ਤਾਂ ਇਹ ਕਿ ਅੰਮ੍ਰਿਤ ਛਕਣ ਲਈ ਤਿਆਰ ਕੋਈ-ਕੋਈ ਹੁੰਦਾ ਹੈ, ਜੇ ਕੋਈ ਛਕ ਲਏ ਤਾਂ ਫਿਰ ਉਸਨੂੰ ਅਸੀਂ ਉਂਜ ਹੀ ਨਹੀਂ ਖਲੋਣ ਦੇਂਦੇ—ਲੈ ਖਾਂ ਏਨ੍ਹੇ ਕਾਹਦਾ ਅੰਮ੍ਰਿਤ ਛਕਿਆ ਏ, ਕੱਲ੍ਹ ਤਕ ਤਾਂ ਇਹ ਐ ਕੰਮ ਕਰਦਾ ਹੁੰਦਾ ਸੀ, ਜਾਣਦੇ ਹਾਂ ਅਸੀਂ ਇਸਨੂੰ—ਏਹੀ ਹਾਲ ਕਬੀਰ ਜੀ ਦੇ ਜ਼ਮਾਨੇ ਦੇ ਪੁਜਾਰੀਆਂ ਦਾ ਸੀ। ਜਿਥੇ ਕਬੀਰ ਜੀ ਭੈੜੀ ਮਤ ਦਾ ਜ਼ਿਕਰ ਕਰ ਰਹੇ ਹਨ, ਉਥੇ ਬ੍ਰਾਹਮਣ ਵੱਲੋਂ ਕਹੇ ਹੋਏ ਬੋਲਾਂ ਦਾ ਵੀ ਜ਼ਿਕਰ ਕਰ ਰਹੇ ਹਨ ਕਿ ਬ੍ਰਾਹਮਣ ਦੇਵਤਾ ਜੀ ਦੀ ਅੰਦਰੂਨੀ ਭਾਵਨਾ ਮੇਰੇ ਪ੍ਰਤੀ ਗਿਲਾਨੀ ਵਾਲੀ ਹੈ, ਪਰ ਨਿਰਮਲ ਪੰਥ ਦੇ ਪਾਂਧੀਆਂ ਦੇ ਰਾਹ ਵਿਚ ਕਦੇ ਵੀ ਅਜਿਹੀਆਂ ਰੁਕਾਵਟਾਂ ਨਹੀਂ ਆ ਸਕਦੀਆਂ। ਕਬੀਰ ਜੀ ਆਖ ਰਹੇ ਹਨ ਕਿ ਹੇ ਮੇਰੀਏ ਮਾਂ ਰੂਪੀਏ ਮੱਤੇ, ਮੈਨੂੰ ਹੁਣ ਕੇਵਲ ਇਕ ਪਰਮਾਤਮਾ ਦਾ ਆਸਰਾ ਆ ਗਿਆ ਹੈ—ਵਿਕਾਰਾਂ ਦਾ ਬੀਜ ਬੀਜਣਾ ਛੱਡ ਦਿੱਤਾ ਹੈ। ਅਖ਼ੀਰਲੀਆਂ ਤੁਕਾਂ ਦਾ ਕਿਆ ਕਮਾਲ ਦਾ ਉਪਦੇਸ਼ ਹੈ :

ਕਹਤ ਕਬੀਰ ਸੁਨਹੁ ਮੇਰੀ ਮਾਈ॥
ਹਮਰਾ ਇਨ ਕਾ ਦਾਤਾ ਏਕੁ ਰਘੁਰਾਈ॥

ਮਾਈ ਰੂਪੀ ਮਤ ਨੂੰ ਸੰਬੋਧਨ ਹੁੰਦਿਆਂ ਕਹਿ ਰਹੇ ਹਨ ਕਿ ਭੈੜੀ ਮਤ ਦੇ ਪੁੱਤਰ ਵੀ ਭੈੜੇ ਹੀ ਹਨ ਤੇ ਇਨ੍ਹਾਂ ਭੈੜਿਆਂ ਪੁੱਤਰਾਂ ਦਾ ਪ੍ਰਗਟਾਵਾ ਸਾਡੇ ਸਰੀਰ ਦੇ ਅੰਗਾਂ ਰਾਹੀਂ ਹੁੰਦਾ ਹੈ। 'ਹਮਰਾ ਇਨ ਕਾ ਦਾਤਾ ਏਕੁ ਰਘੁਰਾਈ' ਦਾਤਾ ਦਾ ਭਾਵ ਹੈ ਦਾਤਾਂ ਦੇਣ ਵਾਲਾ ਤੇ ਏਥੇ ਦਾਤਾਂ ਦਾ ਭਾਵ ਖੰਡ ਚਾਵਲ ਜਾਂ ਕਣਕ ਨਹੀਂ ਹੈ। ਇਹ ਤਾਂ ਸ਼ੁਭ ਗੁਣਾਂ ਦੀਆਂ ਦਾਤਾਂ ਹਨ—ਸ਼ੁਭ ਗੁਣਾਂ ਦਾ ਦੂਸਰਾ ਨਾਮ ਹੀ ਪਰਮਾਤਮਾ ਹੈ। ਘਰ ਵਿਚ ਇੰਟਰਨੈੱਟ ਤੇ ਟੈਲੀਫ਼ੋਨ ਦਾ ਕਨੈਕਸ਼ਨ ਇਕ ਹੋਣ ਕਰਕੇ ਇਕੱਠਾ ਹੀ ਕੰਮ ਕਰਦੇ ਦਿਖਾਈ ਦੇਂਦੇ ਹਨ ਪਰ ਇਕ ਪਲੱਗ ਹੀ ਇੰਟਰਨੈੱਟ ਤੇ ਟੈਲੀਫ਼ੋਨ ਦੀ ਅਵਾਜ਼ ਦਾ ਫਿਲਟਰ ਕਰਕੇ ਵੱਖੋ-ਵੱਖਰੇ ਰਸਤਿਆਂ ਨੂੰ ਤੋਰ ਦੇਂਦਾ ਹੈ। ਪੰਥਕ ਅਰਦਾਸ ਵਿਚ ਬਿਬੇਕ ਬੁੱਧੀ ਦੀ ਮੰਗ ਕੀਤੀ ਜਾਂਦੀ ਹੈ—ਬਿਬੇਕ ਬੁੱਧੀ ਉਸ ਨੂੰ ਆਖਿਆ ਜਾਂਦਾ ਹੈ, ਜੋ ਸਤਿ ਤੇ ਅਸਤਿ ਦੀ ਵਿਚਾਰ ਕਰ ਸਕੇ। ਕਬੀਰ ਜੀ ਨੇ ਇਸ ਸ਼ਬਦ ਵਿਚ ਭੈੜੀ ਮਤ ਨੂੰ ਸ਼ੁਭ ਮਤ ਵਿਚ ਤਬਦੀਲ ਕਰਨ ਦਾ ਸੁਝਾਅ ਰੱਖਿਆ ਹੈ।

ਬਚਪਨੇ ਵਿਚ ਭੂਆ ਨੂੰ ਮਿਲਣ ਗਿਆਂ, ਰਮਦਾਸ ਦੀ ਚੌਥ ਦਾ ਵੀ ਉਲਾਂਭਾ ਲਾਹ ਦਿੱਤਾ ਜਾਂਦਾ ਸੀ। ਇਕ ਦੀਵਾਨ ਵਿਚ ਬੂਬਨਾ ਬਾਬਾ ਇਸ ਸ਼ਬਦ ਦੀ ਵਿਚਾਰ ਕਰ ਰਿਹਾ ਸੀ ਕਿ ਭਾਈ ਕਬੀਰ ਜੀ ਦੀ ਮਾਈ ਕਹਿ ਰਹੀ ਹੈ ਕਿ ਮੇਰਾ ਪੁੱਤ ਨਾਮ ਜਪ ਰਿਹਾ ਹੈ। ਇਸ ਨੇ ਘਰ ਦਾ ਕੰਮ ਛੱਡ ਦਿੱਤਾ ਹੈ। ਮੈਂ ਦੱਸਾਂ ਭਾਈ, ਨਾਮ ਜਪਦਿਆਂ ਤਾਂ ਘਰ ਦਾ ਕੰਮ ਛੱਡਣਾ ਹੀ ਪੈਣਾ ਏਂ—ਇਹ ਤਾਂ ਭਾਈ, ਬਹੁਤ ਹੀ ਔਖੀ ਕਾਰ ਹੈ ਜੋ ਗ੍ਰਹਿਸਤੀ ਦੇ ਵੱਸ ਦਾ ਰੋਗ ਨਹੀਂ ਹੈ। ਨਾਮ ਜਪਾਉਣ ਦੀ ਸੇਵਾ ਤਾਂ ਬਾਬੇ ਨਾਨਕ ਨੇ ਸਾਡੀ ਲਗਾਈ ਹੈ ਜੋ ਕਿ ਬਹੁਤ ਔਖੀ ਕਾਰ ਹੈ। ਇਸ ਘੋਰ ਕਲਜੁਗ ਦੇ ਜ਼ਮਾਨੇ ਵਿਚ ਭਾਈ, ਅਸੀਂ ਨਾਮ ਜਪਾ ਰਹੇ ਹਾਂ। ਘਰ ਦਾ ਕੰਮ ਛੱਡ ਚੁੱਕੇ ਬਾਬੇ ਦੇ ਮਰਨ ਤੋਂ ਕੁਝ ਸਮੇਂ ਉਪਰੰਤ ਹੀ ਸਤਜੁਗੀ ਪੁੱਤਰਾਂ ਵਿਚ ਜਾਇਦਾਦ ਦੀ ਵੰਡ ਦਾ ਝਗੜਾ ਥਾਣਿਆਂ ਕਚਹਿਰੀਆਂ ਵਿਚ ਗਿਆ, ਜੱਗ ਜ਼ਾਹਿਰ ਹੈ। ਅਜਿਹੀ ਸਾਖੀ ਸੁਣਾ ਕੇ ਸੰਗਤ ਵਿਚ ਆਪਣੀ ਭੱਲ ਬਣਾਉਣੀ ਕਿ ਸੰਸਾਰੀਆਂ ਲਈ ਕੇਵਲ ਅਸੀਂ ਹੀ ਨਾਮ ਜਪਦੇ ਹਾਂ। ਭਾਵੇਂ ਸਾਨੂੰ ਵੀ ਸਾਡੇ ਘਰ ਦੇ ਚੰਗਾ ਨਹੀਂ ਸਮਝਦੇ। ਕੀ ਕਿਰਤ ਨਾ ਕਰ ਕੇ ਅਸੀਂ ਨਿਆਰਾ ਖ਼ਾਲਸਾ ਅਖਵਾ ਸਕਦੇ ਹਾਂ ?

ਸੋ ਕਬੀਰ ਜੀ ਨੇ ਇਸ ਸ਼ਬਦ ਵਿਚ ਸ਼ੁਭ ਗੁਣ ਗ੍ਰਹਿਣ ਕਰਨ ਦੀ ਗੱਲ ਕਰਦਿਆਂ ਭੈੜੀ ਮਤ ਦਾ ਤਿਆਗ ਕਰਨ ਦੀ ਗੱਲ ਕਹੀ ਹੈ। ਰਹਾਉ ਦੀਆਂ ਤੁਕਾਂ ਵਿਚ "ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥ ਹਰਿ ਕਾ ਨਾਮੁ ਲਿਖਿ ਲੀਓ ਸਰੀਰ॥" ਗਿਆਨ-ਇੰਦ੍ਰਿਆਂ 'ਤੇ ਪਰਮਾਤਮਾ ਦੇ ਸ਼ੁਭ ਗੁਣਾਂ ਨੂੰ ਲਿਖ ਲਿਆ ਹੈ ਤੇ ਮਾੜੀਆਂ, ਘਟੀਆ ਵਿਚਾਰਾਂ ਦਾ ਹਮੇਸ਼ਾ ਵਾਸਤੇ ਤਿਆਗ ਕਰ ਦਿੱਤਾ ਹੈ।

ਰੱਬ ਜੀ ਪਾਏ

ਗੁਰੂ ਅਰਜਨ ਦੇਵ ਜੀ ਦਾ ਚਾਰ ਸੌ ਸਾਲਾ ਸ਼ਹੀਦੀ ਪੁਰਬ, ਭਾਵ ਚੌਥੀ ਸ਼ਤਾਬਦੀ ਬਹੁਤ ਹੀ ਧੂਮ-ਧਾਮ ਤੇ ਸ਼ਰਧਾ ਨਾਲ ਸਿੱਖ ਜਗਤ ਨੇ ਸੰਸਾਰ ਪੱਧਰ 'ਤੇ ਮਨਾਈ ਹੈ। ਉਨ੍ਹਾਂ ਦੀ ਬਾਣੀ ਵਿੱਚੋਂ ਰੱਬ ਜੀ ਨੂੰ ਪਾਉਣ ਦਾ ਸਾਨੂੰ ਉਪਦੇਸ਼ ਕੀ ਮਿਲਦਾ ਹੈ, ਇਸ ਵਿਸ਼ੇ ਨੂੰ ਵਿਚਾਰਨ ਦੀ ਜ਼ਰੂਰਤ ਹੈ। ਗੁਰਬਾਣੀ ਸਮਝ ਦੀ ਕਮੀ ਕਰਕੇ ਹਰ ਮਨੁੱਖ ਨੇ ਆਪਣੇ ਆਪਣੇ ਹਿਸਾਬ ਨਾਲ ਰੱਬ ਜੀ ਪ੍ਰਤੀ ਗਿਆਨ ਦੇਣ ਦਾ ਯਤਨ ਕੀਤਾ ਹੈ। ਕੋਈ ਕਹਿੰਦਾ ਹੈ ਰੱਬ ਜੀ ਸੱਤਵੇਂ ਅਸਮਾਨ 'ਤੇ ਬੜੇ ਆਰਾਮ ਨਾਲ ਰਹਿ ਰਿਹਾ ਹੈ ਤੇ ਸੰਸਾਰ ਦੀ ਕਾਰ ਚਲਾ ਰਿਹਾ ਹੈ। ਕਿਸੇ ਭਲੇ ਲੋਕ ਨੇ ਆਪਣੇ ਮੱਥੇ ਦੀ ਤ੍ਰਿਕੁਟੀ ਵਿਚ ਰੱਬ ਜੀ ਨੂੰ ਟਿਕਾਇਆ ਹੋਇਆ ਹੈ। ਕੋਈ ਇੰਦ੍ਰ ਦੇਵਤੇ ਦੇ ਰੂਪ ਵਿਚ ਦੇਖਣ ਦੀ ਚਾਹਨਾ ਰੱਖ ਰਿਹਾ ਹੈ ਤੇ ਕੋਈ ਹਰ ਗੱਲ ਵਿਚ ਉਪਰ ਨੂੰ ਮੂੰਹ ਚੁੱਕ ਕੇ ਕਹੇਗਾ—ਉਪਰ ਵਾਲੇ ਨੂੰ ਪਤਾ ਹੋਏਗਾ ਜੀ, ਅਸੀਂ ਕੌਣ ਹਾਂ। ਅੱਜ ਦੀ ਸਾਇੰਸ ਕਹਿੰਦੀ ਹੈ ਕਿ ਅਸੀਂ ਵੀ ਸਪੇਸ ਵਿਚ ਹੀ ਰਹਿ ਰਹੇ ਹਾਂ। ਵਿਗਿਆਨੀ ਚੰਦ੍ਰਮਾ 'ਤੇ ਖਲੋ ਕੇ ਇਹ ਗੱਲ ਕਹਿੰਦਿਆਂ ਇੰਜ ਲੱਗ ਰਿਹਾ ਹੈ ਕਿ ਜਿਵੇਂ ਧਰਤੀ ਸਾਡੇ ਉਪਰ ਹੋਵੇ ਤੇ ਅਸੀਂ ਧਰਤੀ 'ਤੇ ਖਲੋ ਕੇ ਇਹ ਕਹਿ ਰਹੇ ਹਾਂ, ਚੰਦ੍ਰਮਾ ਸਾਡੇ ਉਪਰ ਹੈ। ਮੰਗਲ, ਸ਼ਨੀ ਆਦਿਕ ਗ੍ਰਹਿਆਂ ਦੀ ਥਾਹ ਪਾਉਣ ਦੀ ਨੀਯਤ ਨਾਲ ਅੱਜ ਦੀ ਸਾਇੰਸ ਨੇ ਸਪੇਸ ਦੀ ਘੋਖ ਕਰ ਲਈ ਹੈ ਪਰ ਦੇਖੋ, ਰਸਤੇ ਵਿਚ ਕਿਤੇ ਵੀ ਰੱਬ ਜੀ ਦਾ ਘਰ ਨਹੀਂ ਆਇਆ। ਕੋਈ ਸਵਾਹ ਮਲਿਆ ਭੂਤਨਾ ਕਹਿ ਰਿਹਾ ਹੈ ਕਿ ਰੱਬ ਜੀ ਮੇਰੀ ਮੁੱਠੀ ਵਿਚ ਹਨ, ਜਦੋਂ ਮਰਜ਼ੀ ਹੈ ਮੈਂ ਦਿਖਾ ਸਕਦਾ ਹਾਂ ਤੇ ਦੋਨਾਂ ਹੱਥਾਂ ਨੂੰ ਹੇਠਾਂ ਉਪਰ ਕਰ ਕੇ ਕਹੇਗਾ ਜੀ ਦੇਖੋ ਰੱਬ ਜੀ ਦਿੱਸਦੇ ਨੇ ਨਾ, ਅੰਨ੍ਹੇ ਸ਼ਰਧਾਲੂ ਉਂਝ ਹੀ ਕਹੀ ਜਾਣਗੇ, ਹਾਂ ਜੀ, ਸਾਨੂੰ ਹੁਣੇ ਹੀ ਦਿੱਸ ਗਿਐ ਤੇ ਸਾਡਾ ਜਨਮ ਵੀ ਸਫਲ ਹੋ ਗਿਆ ਹੈ ਜੀ। ਬਾਬਾ ਜੀ ਧੰਨ ਹੋ, ਸਾਡੇ ਭਾਗ ਜਾਗੇ ਤੇ ਹਰਲ-ਹਰਲ ਕਰਦੇ ਲੋਕ ਘਰ ਤੁਰ ਆਉਂਦੇ ਹਨ। ਸਿੱਖੀ ਵਿਚ ਅਜੇਹੇ ਲੋਕ ਪੈਦਾ ਹੋ ਗਏ ਹਨ ਜੋ ਆਪਣੇ ਆਪ ਨੂੰ ਸਿੱਖੀ ਘੱਟ ਤੇ ਬ੍ਰਹਮ ਗਿਆਨੀ ਜ਼ਿਆਦਾ ਅਖਵਾ ਕੇ ਖ਼ੁਸ਼ ਹੁੰਦੇ ਹਨ। ਕਈ ਵਾਰੀ ਤਾਂ ਇਹ ਵੀ ਸੁਣੀਦਾ ਹੈ ਕਿ ਬ੍ਰਹਮ ਗਿਆਨੀ ਜੀ ਦੀ ਸਿੱਧੀ ਰੱਬ ਜੀ ਨਾਲ

ਗੱਲਬਾਤ ਹੈ, ਉਨ੍ਹਾਂ ਤਾਂ ਕਿੰਨੀ-ਕਿੰਨੀ ਵਾਰੀ ਰੱਬ ਜੀ ਨੂੰ ਆਪਣੇ ਹੱਥੀਂ ਰੋਟੀ ਖੁਆਈ ਹੈ ਜੀ। ਇਹ ਤਾਂ ਲੋਕਾਂ ਦੇ ਆਪੋ-ਆਪਣੇ ਖ਼ਿਆਲ ਹਨ ਤੇ ਕਈ ਹੋਰ ਵੀ ਹੋ ਸਕਦੇ ਹਨ ਪਰ ਅਸਾਂ ਤਾਂ ਇਹ ਦੇਖਣਾ ਹੈ ਕਿ ਗੁਰੂ ਅਰਜਨ ਪਾਤਿਸ਼ਾਹ ਜੀ, ਜਿਨ੍ਹਾਂ ਦੀ ਹੁਣੇ ਹੀ ਸ਼ਤਾਬਦੀ ਮਨਾਈ ਹੈ, ਰੱਬ ਜੀ ਪ੍ਰਤੀ ਸਾਨੂੰ ਕੀ ਉਪਦੇਸ਼ ਦੇ ਰਹੇ ਹਨ। ਰਾਗ ਗਉੜੀ ਵਿਚ ਉਨ੍ਹਾਂ ਦੁਆਰਾ ਉਚਾਰਨ ਕੀਤੇ ਇਕ ਸ਼ਬਦ ਦਾ ਆਧਾਰ ਬਣਾ ਕੇ ਇਸ ਵਿਸ਼ੇ ਨੂੰ ਸਮਝਣ ਦਾ ਯਤਨ ਕੀਤਾ ਜਾਏਗਾ :

ਪਾਇਆ ਲਾਲੁ ਰਤਨੁ ਮਨਿ ਪਾਇਆ ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥੧॥ਰਹਾਉ॥
ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥
ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥੨॥
ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ ॥੩॥
ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥
ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥

(ਗਉੜੀ ਮਹਲਾ ੫, ਪੰਨਾ 215)

'ਪਾਇਆ' ਦਾ ਅਰਥ ਹੈ—ਲੱਭ ਲਿਆ। 'ਲਾਲੁ ਰਤਨੁ' ਦਾ ਅਰਥ ਬਹੁਤ ਕੀਮਤੀ ਰੱਬ ਜੀ, 'ਮਨਿ ਪਾਇਆ' ਦਾ ਭਾਵ-ਅਰਥ ਦਿਮਾਗ਼ ਵਿਚ ਸੂਝ ਦਾ ਪੈਦਾ ਹੋਣਾ। ਅਗਲੀ ਤੁਕ ਵਿਚ ਸਾਰਾ ਕੁਝ ਸਪੱਸ਼ਟ ਕਰ ਦਿੱਤਾ ਹੈ, ਸਤਿਗੁਰੂ ਜੀ ਦੇ ਸ਼ਬਦ ਦੁਆਰਾ ਇਸ ਦੀ ਪ੍ਰਾਪਤੀ ਹੋਈ ਹੈ। ਇਸ ਪ੍ਰਾਪਤੀ ਦੇ ਦੋ ਨਤੀਜੇ ਨਿਕਲਦੇ ਹਨ—ਇਕ ਤਾਂ ਤਨ ਵਿਚ ਸੀਤਲਤਾ ਆਉਂਦੀ ਹੈ ਤੇ ਦੂਜਾ ਮਨ ਵਿਚ ਸੀਤਲਤਾ ਆਉਂਦੀ ਹੈ। ਰਹਾਉ ਦੀਆਂ ਤੁਕਾਂ ਵਿਚ ਬਹੁਤ ਹੀ ਸੁੰਦਰ ਢੰਗ ਨਾਲ ਰੱਬ ਜੀ ਦੀ ਪ੍ਰਾਪਤੀ ਪ੍ਰਤੀ ਸਾਨੂੰ ਦੱਸਿਆ ਗਿਆ ਹੈ :

ਪਾਇਆ ਲਾਲੁ ਰਤਨੁ ਮਨਿ ਪਾਇਆ ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥

ਇਸ ਦੇ ਸਿੱਧੇ ਅਰਥ ਬਣੇ ਕਿ ਹੇ ਭਾਈ! ਮੈਂ ਆਪਣੇ ਮਨ ਵਿਚ ਇਕ ਲਾਲ ਲੱਭ ਲਿਆ ਹੈ, ਤੇ ਇਹ ਲਾਲ ਮੈਨੂੰ ਸਤਿਗੁਰੂ ਜੀ ਦੇ ਸ਼ਬਦ ਵਿੱਚੋਂ ਮਿਲਿਆ ਹੈ, ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਮੇਰਾ ਸਰੀਰ ਭਾਵ ਹਰੇਕ ਗਿਆਨ-ਇੰਦ੍ਰਾ ਸ਼ਾਂਤ ਹੋ ਗਿਆ ਹੈ ਤੇ ਮੇਰਾ ਮਨ ਵੀ ਸ਼ਾਂਤ ਹੋ ਗਿਆ ਹੈ। ਰਹਾਉ ਦੀਆਂ ਤੁਕਾਂ ਵਿਚ ਫਿਰ ਚਾਰ ਨੁਕਤੇ ਸਾਡੇ ਸਾਹਮਣੇ ਆਉਂਦੇ

ਹਨ—ਪਹਿਲਾ ਨੁਕਤਾ ਸਤਿਗੁਰੂ ਜੀ ਦੇ ਸ਼ਬਦ ਦੀ ਵਿਚਾਰ, ਦੂਸਰਾ ਰੱਬ ਜੀ ਦੀ ਪ੍ਰਾਪਤੀ, ਤੀਜਾ ਸਰੀਰਕ ਠੰਡਕ ਤੇ ਚੌਥਾ ਮਨ ਦੀ ਤ੍ਰਿਪਤੀ। ਸਾਡੇ ਮਨ ਅੰਦਰ ਭਲੇ ਅਤੇ ਬੁਰੇ ਦੋ ਬੀਜ ਹਮੇਸ਼ਾ ਹੀ ਰਹਿੰਦੇ ਹਨ। ਜਿਹੜੀ ਸੰਗਤ ਸਾਨੂੰ ਮਿਲ ਗਈ, ਉਸੇ ਹੀ ਬੀਜ ਨੇ ਪ੍ਰਗਟ ਹੋ ਜਾਣਾ ਹੈ। ਸਤਿਗੁਰੂ ਜੀ ਦਾ ਗਿਆਨ ਮੰਦ-ਵਾਸ਼ਨਾਵਾਂ ਨੂੰ ਧੋਂਦਾ ਹੈ ਤੇ ਚੰਗੀਆਂ ਬਿਰਤੀਆਂ ਨੂੰ ਜਨਮ ਦੇਂਦਾ ਹੈ। ਮਨ ਦੀ ਸੋਚ ਵਿਚ ਇਕ ਭਗਵਾਨ ਬੈਠਾ ਹੈ ਤੇ ਦੂਜਾ ਸ਼ੈਤਾਨ। 'ਸਤਗੁਰ ਸਬਦਿ ਸਮਾਇਆ'—ਮੈਂ ਗੁਰੂ ਜੀ ਦੇ ਸ਼ਬਦ ਵਿਚ ਲੀਨ ਹੋ ਗਿਆ ਭਾਵ ਗੁਰ-ਉਪਦੇਸ਼ ਦੀ ਸਮਝ ਆ ਗਈ ਕਿ ਗੁਰੂ ਕਹਿ ਕੀ ਰਿਹਾ ਹੈ, ਮੇਰੇ ਅੰਦਰ ਹੀ ਲੁਕੇ ਹੋਏ ਆਤਮਿਕ ਸੁਖ ਦੇਣ ਵਾਲੇ ਗੁਣ ਪ੍ਰਗਟ ਹੋ ਗਏ। 'ਲਾਲੁ ਰਤਨੁ'—ਸਤ-ਸੰਤੋਖ, ਨਿਮਰਤਾ-ਹਲੀਮੀ ਮਨੁੱਖਤਾ ਦੀ ਸੇਵਾ ਵਰਗੇ ਕੀਮਤੀ ਗੁਣ ਵਰਤਣ ਦੀ ਜਾਚ ਆ ਗਈ। 'ਤਨੁ ਸੀਤਲੁ'—ਸਰੀਰ ਠੰਡਾ ਹੋ ਗਿਆ। ਹੁਣ ਪੰਜਾਬੀ ਵਿਚ ਜੇ ਸਰੀਰ ਠੰਡਾ ਹੋ ਜਾਏ ਤਾਂ ਮਰਿਆ ਹੋਇਆ ਸਮਝਿਆ ਜਾਂਦਾ ਹੈ, 'ਤਨੁ ਸੀਤਲੁ' ਦਾ ਭਾਵ-ਅਰਥ ਸਰੀਰ ਦੇ ਨਾਲ ਜੋ ਗਿਆਨ-ਇੰਦ੍ਰੇ ਹਨ, ਉਹ ਠੰਡੇ ਹੋ ਗਏ ਭਾਵ ਮਰ ਗਏ। ਅੱਖਾਂ, ਕੰਨ, ਜ਼ਬਾਨ ਤੇ ਬਾਕੀ ਅੰਗਾਂ ਨੂੰ ਸਮਝ ਆ ਗਈ ਕਿ ਕਿਸੇ ਦਾ ਬੁਰਾ ਕਿਉਂ ਚਿਤਵਿਆ ਜਾਏ। 'ਮਨੁ ਸੀਤਲੁ'—ਅੰਦਰ ਠੰਡਕ ਪੈਦਾ ਹੋ ਗਈ। ਮਨ ਦੀ ਤਹਿ ਵਿਚ ਬੈਠੀ ਈਰਖਾ, ਸਾੜਾ, ਚਿੰਤਾਵਾਂ ਤੇ ਨਫ਼ਰਤ ਵਰਗੀਆਂ ਭਿਆਨਕ ਬਿਮਾਰੀਆਂ ਦਾ ਸਦਾ ਲਈ ਖ਼ਤਮ ਹੋ ਜਾਣਾ ਹੀ ਮਨ ਦੀ ਸੀਤਲਤਾ ਹੈ। ਇਸ ਤੋਂ ਪਹਿਲੇ ਸ਼ਬਦ ਵਿਚ ਇਕ ਹੋਰ ਨੁਕਤਾ ਸਾਡੇ ਸਾਹਮਣੇ ਆਉਂਦਾ ਹੈ, ਉਹ ਵੀ ਧਿਆਨ ਵਿਚ ਲਿਆਉਣ ਦੀ ਲੋੜ ਹੈ। ਰੱਬ ਕੋਈ ਸਥੂਲ ਰੂਪ ਵਿਚ ਨਹੀਂ ਹੈ ਕਿ ਜਿਸ ਦਾ ਕੋਈ ਇਨ੍ਹਾਂ ਅੱਖਾਂ ਨਾਲ ਦੀਦਾਰ ਕੀਤਾ ਜਾਏ। ਰੱਬ ਜੀ ਦੇ ਸਦਾ ਰਹਿਣ ਵਾਲੇ ਗੁਣ ਹੀ ਹਨ, ਜਿਨ੍ਹਾਂ ਬਾਰੇ ਗੁਰਬਾਣੀ ਗਿਆਨ ਵਿੱਚੋਂ ਸਾਨੂੰ ਪੱਤਾ ਲੱਗਦਾ ਹੈ :

> **ਭਾਵਨੁ ਤਿਆਗਿਓ ਰੀ ਤਿਆਗਿਓ ॥**
> **ਤਿਆਗਿਓ ਮੈ ਗੁਰ ਮਿਲਿ ਤਿਆਗਿਓ ॥**
> **ਸਰਬ ਸੂਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ ॥੧॥ਰਹਾਉ॥**
> **ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ ॥**
> **ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥੧॥**

(ਗਉੜੀ ਮ: ੫, ਪੰਨੇ 214-15)

'ਭਾਵਨੁ' ਦਾ ਅਰਥ ਹੈ—ਸੁਖ ਗ੍ਰਹਿਣ ਕਰਨੇ ਤੇ ਦੁੱਖਾਂ ਦਾ ਤਿਆਗ ਕਰਨਾ, ਭਾਵ ਹੇ ਮੇਰੀਏ ਭੈਣੇ, ਮੈਂ ਮਨ ਦੇ ਸੰਕਲਪ ਤੇ ਵਿਕਲਪ ਛਡ ਦਿੱਤੇ ਹਨ। ਗੁਰੂ ਦੇ ਉਪਦੇਸ਼ ਦੀ ਸਮਝ ਆਇਆਂ ਹੁਣ ਮੈਨੂੰ ਪਰਮਾਤਮਾ ਦੀ ਰਜ਼ਾ

ਮਿੱਠੀ ਲੱਗਣ ਲੱਗ ਪਈ ਹੈ, ਜਿਸ ਕਰਕੇ ਸਾਰੇ ਪਾਸੇ ਸੁਖ, ਅਨੰਦ ਤੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਦਿੱਸਣ ਲੱਗ ਪਈਆਂ ਹਨ। ਸਥਿਤੀ ਅਜਿਹੀ ਹੋ ਗਈ ਹੈ ਕਿ ਮੇਰਾ ਕੋਈ ਆਦਰ ਕਰੇ ਜਾਂ ਮੇਰੇ ਨਾਲ ਆਕੜ ਵਾਲਾ ਸਲੂਕ ਕਰੇ, ਮੈਨੂੰ ਹੁਣ ਦੋਵੇਂ ਇੱਕੋ ਜਿਹੇ ਹੀ ਜਾਪਦੇ ਹਨ, ਕਿਉਂਕਿ ਮੈਂ ਆਪਣਾ ਸਿਰ ਗੁਰੂ ਜੀ ਦੇ ਚਰਨਾਂ ਵਿਚ ਰੱਖ ਦਿੱਤਾ ਹੈ। ਗੁਰੂ ਜੀ ਦੀ ਕ੍ਰਿਪਾ ਨਾਲ ਮੇਰੇ ਮਨ ਵਿਚ ਪਰਮਾਤਮਾ ਦਾ ਪਿਆਰ ਬਣ ਚੁੱਕਿਆ ਹੈ। ਹੁਣ ਮੈਨੂੰ ਆਏ ਧਨ ਦੀ ਖ਼ੁਸ਼ੀ ਕੋਈ ਨਹੀਂ ਤੇ ਆਈ ਬਿਪਤਾ ਤੋਂ ਦੁਖ ਨਹੀਂ ਪ੍ਰਤੀਤ ਹੁੰਦਾ। ਇਹ ਹੈ ਅਸਲ ਰੱਬ ਜੀ ਦਾ ਦਰਸ਼ਨ।

ਤਨ ਤੇ ਮਨ ਦੀ ਸੀਤਲਤਾ ਅੰਦਰਲੀ ਤੇ ਬਾਹਰਲੀ ਇਕਸਾਰਤਾ ਦਾ ਦੂਜਾ ਨਾਂ ਹੈ। ਮਾਨ ਤੇ ਅਪਮਾਨ ਵਰਗੀਆਂ ਗੱਲਾਂ ਤੋਂ ਉਪਰ ਉੱਠ ਜਾਣਾ ਹੀ ਰੱਬ ਜੀ ਦੀ ਨੇੜਤਾ ਹੈ। ਰੱਬ ਜੀ ਨੇ ਤਾਂ ਸਾਡੇ ਜੀਵਨ ਵਿੱਚੋਂ ਪ੍ਰਗਟ ਹੋਣਾ ਹੈ। ਸਭ ਤੋਂ ਸੌਖਾ ਸੂਤਰ ਗੁਰੂ ਦੇ ਸੁਝਾਏ ਹੋਏ ਰਸਤੇ ਨੂੰ ਇਖ਼ਤਿਆਰ ਕਰਨ ਦਾ ਹੈ। 'ਮਸਤਕੁ ਡਾਰਿ ਗੁਰ ਪਾਗਿਓ' ਮੱਥਾ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਰੱਖ ਦਿੱਤਾ—ਮੱਥੇ ਵਿਚ ਦਿਮਾਗ਼ ਹੈ ਜੋ ਸਾਡੀ ਮਨੁੱਖੀ ਸੂਝ ਦਾ ਕੇਂਦਰ ਹੈ ਤੇ ਹਰ ਵੇਲੇ ਸੰਕਲਪ ਤੇ ਵਿਕਲਪ ਇਥੋਂ ਹੀ ਜਨਮ ਲੈਂਦੇ ਰਹਿੰਦੇ ਹਨ। ਮੱਥਾ ਰੱਖਣਾ ਆਪਣੇ ਆਪ ਨੂੰ ਗੁਰੂ ਜੀ ਦੇ ਅੱਗੇ ਢੇਰੀ ਕਰਨਾ ਹੈ, ਸਮਰਪਿਤ ਕਰਨਾ ਹੈ। ਜਿਥੋਂ ਆਪਣੀ ਸੋਚ ਖ਼ਤਮ ਹੁੰਦੀ ਹੈ ਤੇ ਗੁਰੂ ਜੀ ਦੀ ਸੋਚ ਦਾ ਜਨਮ ਹੁੰਦਾ ਹੈ, ਉਥੋਂ ਇਕ ਨਵੀਂ ਪ੍ਰਭਾਤ ਵਾਂਗ ਇਕ ਨਵੀਂ ਸੋਚ ਪ੍ਰਗਟ ਹੁੰਦੀ ਹੈ। ਸਭ ਤੋਂ ਪਹਿਲਾਂ ਭਟਕਣਾ ਖ਼ਤਮ ਹੁੰਦੀ ਹੈ, ਹਰ ਘਰ ਵਿਚ ਉਸੇ ਦਾ ਹੀ ਰੂਪ ਦਿੱਸਦਾ ਹੈ। ਜੰਗਲਾਂ ਬੀਆਬਾਨਾਂ ਵਿਚ ਉਸੇ ਦੀ ਹੋਂਦ ਦਾ ਜਲਵਾ ਦਿੱਸਦਾ ਹੈ। ਨਿਜ-ਸੁਆਰਥ ਬਿਗਾਨਗੀਆਂ ਵਰਗੀਆਂ ਖਿੱਝਾਂ ਖ਼ਤਮ ਹੋ ਜਾਂਦੀਆਂ ਹਨ :

ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ ॥
ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ ॥

(ਗਉੜੀ ਮਹਲਾ ੫, ਪੰਨਾ 215)

ਮਨ ਵਿਚ ਖੋਜੀ ਬਿਰਤੀ ਦਾ ਉਤਪੰਨ ਹੋਣਾ, ਭਰਾਤਰੀ-ਭਾਵ ਦਾ ਪੈਦਾ ਹੋਣਾ, ਦੁਸ਼ਮਣੀਆਂ ਦੀਆਂ ਲੀਕਾਂ ਦਾ ਖ਼ਤਮ ਹੋਣਾ, ਆਪਸੀ ਸਾਂਝ ਦਾ ਤਾਲ-ਮੇਲ ਹੋਣਾ ਹੀ ਰੱਬ ਜੀ ਦੇ ਪ੍ਰਗਟ ਹੋਣ ਦੀਆਂ ਨਿਸ਼ਾਨੀਆਂ ਹਨ। ਸੋ ਆਰੰਭਕ ਸ਼ਬਦ ਦੇ ਪਹਿਲੇ ਬੰਦ ਵਿਚ ਫਿਰ ਕੁਝ ਨੁਕਤਿਆਂ ਵੱਲ ਸਾਡਾ ਧਿਆਨ ਦਿਵਾਇਆ ਗਿਆ ਹੈ—ਮੱਥਾ ਗੁਰੂ ਜੀ ਦੇ ਅੱਗੇ ਰੱਖਣਾ, ਮਨ ਨੂੰ ਜਿੱਤਣਾ, ਤ੍ਰਿਸ਼ਨਾ ਭੁੱਖ ਤੇ ਚਿੰਤਾ ਵਰਗੀਆਂ ਅਲਾਮਤਾਂ ਤੋਂ ਸਦਾ ਵਾਸਤੇ ਛੁਟਕਾਰਾ ਪਾਉਣਾ :

ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥

ਕਿਸੇ ਚੀਜ਼ ਦਾ ਗਾਹ ਪਿਆ ਹੋਵੇ ਤਾਂ ਉਸ ਵਿੱਚੋਂ ਅਸਲੀ ਤੱਤ ਲੱਭਣਾ ਮੁਸ਼ਕਲ ਹੁੰਦਾ ਹੈ। ਕਣਕ ਦੇ ਗਾਹ ਵਿੱਚੋਂ ਦਾਣਿਆਂ ਦੀ ਪ੍ਰਾਪਤੀ ਲਈ ਸਖ਼ਤ ਮਿਹਨਤ ਦੀ ਜ਼ਰੂਰਤ ਹੈ। ਇੰਜ ਹੀ ਸਾਡੇ ਮਨ ਵਿਚ ਤ੍ਰਿਸ਼ਨਾ, ਭੁੱਖ ਤੇ ਚਿੰਤਾ ਦਾ ਗਾਹ ਪਿਆ ਹੋਇਆ ਹੈ। ਇਸ ਗਾਹ ਵਿਚ ਸੱਚੀ ਸੋਚ ਰੂਪੀ ਅਮੋਲਕ ਰਤਨ ਲੁਕਿਆ ਹੋਇਆ ਹੈ। ਸੋਨੇ ਨੂੰ ਸ਼ੁੱਧ ਹੋਣ ਲਈ ਕਈ ਵਾਰ ਉਸ ਦੀ ਅਗਨੀ ਪ੍ਰੀਖਿਆ ਹੁੰਦੀ ਹੈ, ਫਿਰ ਕਿਤੇ ਜਾ ਕੇ ਉਹ ਚਮਕ ਦੇਂਦਾ ਹੈ। ਮਨੁੱਖੀ ਸੋਚ ਜਿਸ ਨੂੰ ਮਨ ਜਾਂ ਦਿਮਾਗ਼ ਦੀ ਸੰਗਿਆ ਦਿੱਤੀ ਗਈ ਹੈ, ਇਸ ਵਿਚ ਭੁੱਖ, ਤ੍ਰਿਸ਼ਨਾ ਤੇ ਚਿੰਤਾ ਦੀ ਬਹੁਤ ਹੀ ਬਰੀਕ ਪਰਤ ਚੜ੍ਹੀ ਹੋਈ ਹੈ। ਇਸ ਪਰਤ ਨੂੰ ਉਤਾਰਨ ਲਈ ਗੁਰੂ ਜੀ ਦੇ ਸਮਰਪਿਤ ਹੋਣਾ ਪਏਗਾ। ਭੁੱਖ ਦਾ ਪ੍ਰਭਾਵ ਬਹੁਤ ਪ੍ਰਬਲ ਹੈ, ਮਨੁੱਖ ਬਹੁਤ ਦਫ਼ਾ ਇਸ ਦੇ ਅਧੀਨ ਹੋ ਕੇ ਹੀ ਚੱਲਦਾ ਹੈ। ਜਪੁ ਬਾਣੀ ਅੰਦਰ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਮੁੱਢਲੇ ਰੂਪ ਵਿਚ ਹੀ ਇਸ ਤੋਂ ਬਚਣ ਦਾ ਸੰਕੇਤ ਦੇ ਦਿੱਤਾ ਹੈ। "ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥" ਸਾਰੀ ਦੁਨੀਆ ਦੀ ਧਨ ਦੌਲਤ ਜੇ ਇਹ ਮਨੁੱਖ ਇਕੱਠੀ ਕਰ ਲਏ, ਇਸ ਦੀ ਭੁੱਖ ਦੂਰ ਨਹੀਂ ਹੋ ਸਕਦੀ। ਭੁੱਖ ਦਾ ਦੂਜਾ ਨਾਂ ਲਾਲਚ ਹੈ ਅਤੇ ਲਾਲਚ ਦੀ ਮਾਂ ਤ੍ਰਿਸ਼ਨਾ ਹੈ। ਜਿਵੇਂ ਤ੍ਰਿਸ਼ਨਾ ਵਧਦੀ ਹੈ, ਲਾਲਚ ਪੁੱਤਰ ਅੰਦਰੋ-ਅੰਦਰੀ ਜਵਾਨ ਹੋਈ ਜਾਂਦਾ ਹੈ—ਲਾਲਚ ਪੁੱਤਰ ਪਾਲਣ ਦੀ ਹਰ ਵੇਲੇ ਇਸ ਮਨ ਨੂੰ ਚਿੰਤਾ ਵੱਢ-ਵੱਢ ਕੇ ਖਾਂਦੀ ਰਹਿੰਦੀ ਹੈ, ਮੇਰਾ ਪੁੱਤ ਕੀ ਖਾਏਗਾ। ਇਹ ਸਾਰੀ ਪ੍ਰਕ੍ਰਿਆ ਮਨ ਵਿਚ ਭਾਵ ਦਿਮਾਗ਼ ਦੀ ਸੋਚ ਵਿਚ ਘੁੰਮਦੀ ਰਹਿੰਦੀ ਹੈ। ਗੁਰੂ ਸਾਹਿਬ ਜੀ ਕਹਿ ਰਹੇ ਹਨ ਕਿ ਪੂਰੇ ਗੁਰੂ ਅੱਗੇ ਨਤ-ਮਸਤਿਕ ਹੋਇਆਂ, ਇਨ੍ਹਾਂ ਬਰੀਕਿਆਂ ਦੀ ਸਮਝ ਆ ਸਕਦੀ ਹੈ। 'ਕਰੁ ਮਸਤਕਿ ਗੁਰਿ ਪੂਰੈ ਧਰਿਓ' ਦਾ ਆਧਾਰ ਪੇਸ਼ ਕੀਤਾ ਹੈ। ਮੱਥਾ ਤੇ ਪੂਰਾ ਗੁਰੂ—ਮਨ ਕਰਕੇ ਗੁਰੂ ਸਾਹਿਬ ਜੀ ਤੋਂ ਉਪਦੇਸ਼ ਲੈਣ ਦੀ ਕੋਸ਼ਿਸ਼ ਕਰਨੀ ਹੈ ਤਾਂ ਕਿ ਮਨ ਦੀਆਂ ਖ਼ਾਹਿਸ਼ਾਂ ਉੱਤੇ ਕਾਬੂ ਪਾਇਆ ਜਾ ਸਕੇ। ਮਨ ਨੂੰ ਜਿੱਤਣ ਦਾ ਅਰਥ ਹੈ ਇਸ ਦੀਆਂ ਖ਼ਾਹਿਸ਼ਾਂ 'ਤੇ ਕਾਬੂ ਪਾਉਣਾ। ਜੇ ਇਸ ਗੱਲ ਦੀ ਸਮਝ ਆ ਜਾਏ ਤਾਂ ਸਮਝੋ ਸੰਸਾਰ ਨੂੰ ਜਿੱਤਿਆ ਜਾ ਸਕਦਾ ਹੈ। ਇਹਨੂੰ ਕਿਹਾ ਹੈ 'ਪਾਇਆ ਲਾਲੁ ਰਤਨੁ ਮਨਿ ਪਾਇਆ', ਮਨ ਦੀਆਂ ਤ੍ਰਿਸ਼ਨਾਵਾਂ 'ਤੇ ਕਾਬੂ ਪਾਉਣਾ ਸੰਸਾਰ ਜਿੱਤਣਾ ਹੈ। ਫਿਰ ਆਦਮੀ ਡੋਲਦਾ ਨਹੀਂ ਹੈ। ਇਸ ਸ਼ਬਦ ਦੇ ਦੂਸਰੇ ਬੰਦ ਵਿਚ ਹੋਰ ਵੀ ਬੜਾ ਪਿਆਰਾ ਖ਼ਿਆਲ ਗੁਰੂ ਜੀ ਦੇਂਦੇ ਹਨ:

ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥

ਰੱਬ ਜੀ ਜਦੋਂ ਲੱਭ ਜਾਂਦੇ ਹਨ ਤਾਂ ਫਿਰ ਮਨੁੱਖ ਡੋਲਦਾ ਨਹੀਂ। ਸ਼ਰਾਬੀ ਆਦਮੀ ਪਾਸੋਂ ਤਾਲਾ ਨਹੀਂ ਖੁੱਲ੍ਹੇਗਾ ਕਿਉਂਕਿ ਉਸ ਦੇ ਹੱਥ ਡੋਲ ਰਹੇ ਹੁੰਦੇ ਹਨ, ਅਤੇ ਉਸ ਪਾਸੋਂ ਚਾਬੀ ਨਹੀਂ ਲੱਗੇਗੀ। ਸਮੁੰਦਰ ਵਿਚ ਬੇੜੀ ਡੋਲ ਜਾਏ ਤਾਂ ਕਿਨਾਰੇ ਲੱਗਣਾ ਔਖਾ ਹੋ ਜਾਏਗਾ। ਇੰਜ ਹੀ ਸੰਸਾਰ ਵਿਚ ਮਾਇਆ ਦੇ ਝੱਖੜ ਝੁੱਲ ਰਹੇ ਹਨ, ਆਦਮੀ ਵਿਚਾਰਾ ਡੋਲ ਜਾਂਦਾ ਹੈ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਹੇ ਪਰਮਾਤਮਾ! ਮੈਨੂੰ ਡੋਲਣ ਤੋਂ ਬਚਾ ਲੈ। "ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ॥" ਗੁਰੂ ਸਾਹਿਬ ਜੀ ਨੇ ਮੈਨੂੰ ਅਖੁੱਟ ਖ਼ਜ਼ਾਨਾ ਦਿੱਤਾ ਹੈ ਨਾਮ ਦਾ, ਜਿਸ ਕਰਕੇ ਮੈਂ ਡੋਲਣ ਤੋਂ ਬਚ ਗਿਆ। ਇਕ ਅਮੀਰ ਆਦਮੀ ਬਹੁਤ ਸਾਰਾ ਧਨ ਪਦਾਰਥ ਛੱਡ ਕੇ ਮਰ ਗਿਆ। ਉਹਦਾ ਬੱਚਾ ਹੱਥ ਵਿਚ ਚਾਬੀਆਂ ਫੜੀ ਬਾਹਰ ਸੜਕ ਦੇ ਕਿਨਾਰੇ 'ਤੇ ਖਲੋ ਕੇ ਰੋ ਰਿਹਾ ਹੈ। ਕਿਸੇ ਜਾਣ ਵਾਲੇ ਰਾਹੀ ਨੇ ਪੁੱਛਿਆ, "ਓਏ ਤੂੰ ਕਿਉਂ ਰੋਂਦਾ ਏਂ, ਤੇਰਾ ਬਾਪ ਤਾਂ ਤੇਰੇ ਵਾਸਤੇ ਕਿੰਨਾ ਕੀਮਤੀ ਖ਼ਜ਼ਾਨਾ ਛੱਡ ਗਿਆ ਹੈ।" ਅੱਗੋਂ ਰੋ ਰਿਹਾ ਬੱਚਾ ਕਹਿੰਦਾ ਹੈ, "ਖ਼ਜ਼ਾਨਾ ਤਾਂ ਬਹੁਤ ਵੱਡਾ ਬਾਪ ਛੱਡ ਗਿਆ ਹੈ ਪਰ ਮੈਨੂੰ ਉਸ ਖ਼ਜ਼ਾਨੇ ਨੂੰ ਖੋਲ੍ਹਣ ਦੀ ਜਾਚ ਨਹੀਂ ਆਉਂਦੀ ਕਿ ਚਾਬੀ ਕਿਵੇਂ ਲਾਈ ਜਾਂਦੀ ਹੈ।" ਨਾ ਮੁੱਕਣ ਵਾਲਾ ਗੁਰਬਾਣੀ ਦਾ ਖ਼ਜ਼ਾਨਾ ਸਾਡੇ ਪਾਸ ਹੈ, ਪਰ ਫਿਰ ਵੀ ਸੜਕ ਦੇ ਕਿਨਾਰੇ 'ਤੇ ਖਲੋ ਕੇ ਅਸੀਂ ਰੋ ਰਹੇ ਹਾਂ ਕਿਉਂਕਿ ਚਾਬੀ ਨਹੀਂ ਲਾ ਰਹੇ; ਗੁਰਬਾਣੀ ਦੀ ਵਿਚਾਰ ਨਹੀਂ ਕਰ ਰਹੇ, ਏਸੇ ਲਈ ਦੂਰੀਆਂ ਵਧੀਆਂ ਹੋਈਆਂ ਹਨ, ਜਿਸ ਕਰਕੇ ਰੱਬ ਜੀ ਸਾਨੂੰ ਲੱਭਦੇ ਨਹੀਂ ਤੇ ਅਸੀਂ ਭਟਕਣਾ ਵਿਚ ਪਏ ਹੋਏ ਹਾਂ।

ਕੀਮਤੀ ਰਤਨ ਦੀ ਪ੍ਰਾਪਤੀ ਹੁੰਦਿਆਂ ਭਾਵ ਰੱਬ ਜੀ ਦੀ ਸਮਝ ਆਇਆਂ, ਜਿਸ ਨੂੰ ਨਾਮ ਵੀ ਕਿਹਾ ਗਿਆ ਹੈ, ਸਭ ਤੋਂ ਪਹਿਲਾਂ ਸੰਤੋਖੀ ਹੁੰਦਾ ਹੈ ਜਿਸ ਨੂੰ 'ਤ੍ਰਿਪਤਿ ਅਘਾਇ' ਕਿਹਾ ਗਿਆ ਹੈ। ਸੰਤੋਖ ਆਉਣ 'ਤੇ ਕਿਸੇ ਦੇ ਪਦਾਰਥ ਵੱਲ ਦੇਖ ਕੇ ਡੋਲੇਗਾ ਨਹੀਂ; ਪਰਾਇਆ ਰੂਪ, ਪਰਾਇਆ ਧਨ, ਵੱਢੀ-ਰਿਸ਼ਵਤ ਅੱਗੇ ਝੁਕੇਗਾ ਨਹੀਂ, ਡੋਲੇਗਾ ਨਹੀਂ, ਕਿਉਂਕਿ ਸਤਿਗੁਰੂ ਦੀ ਬਾਣੀ ਦਾ ਅਖੁੱਟ ਖ਼ਜ਼ਾਨਾ ਵਰਤਣ ਦੀ ਇਸ ਨੂੰ ਜਾਚ ਆ ਜਾਂਦੀ ਹੈ। ਇਹ ਖ਼ਜ਼ਾਨਾ ਕਦੇ ਵੀ ਮੁੱਕੇਗਾ ਨਹੀਂ, ਮਨ ਤੇ ਤਨ ਵਿਚ ਮਿੱਠੀ ਠੰਡਕ ਰਹੇਗੀ। ਤੀਸਰੇ ਬੰਦ ਵਿਚ 'ਤਾਤਿ ਪਰਾਈ' ਦੀ ਸਮੱਸਿਆ ਵੱਲ ਸਾਡਾ ਧਿਆਨ ਦਿਵਾਇਆ ਹੈ:

ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ॥

ਪਿਛਲੇ ਕੁਝ ਸਮੇਂ ਤੋਂ ਸਟੇਜਾਂ 'ਤੇ ਆਮ ਹੀ ਇਕ ਗੱਲ ਸੁਣਨ ਨੂੰ ਮਿਲਦੀ ਹੈ ਕਿ ਨਾਮ ਦੀ ਕਮਾਈ ਕਰਨੀ ਚਾਹੀਦੀ ਹੈ ਤੇ ਇਹ ਕਮਾਈ ਸਿਰਫ਼ ਨਾਮ

ਬੋਲ-ਬੋਲ ਕੇ ਆਖਣ ਨੂੰ ਹੀ ਕਿਹਾ ਜਾਂਦਾ ਹੈ। ਇਸ ਗੱਲ ਦੀ ਗਹਿਰਾਈ ਤੀਕ ਜਾਇਆ ਜਾਏ ਤਾਂ ਪਤਾ ਲੱਗਦਾ ਹੈ ਕਿ ਸ਼ੁਭ ਗੁਣਾਂ ਦੀ ਨਿਤਾਪ੍ਰਤੀ ਵਰਤੋਂ ਕਰਨ ਨੂੰ ਹੀ ਕਮਾਈ ਕਿਹਾ ਗਿਆ ਹੈ। ਗੁਰਬਾਣੀ ਦੇ ਉਪਦੇਸ਼ 'ਤੇ ਚੱਲਣ ਨਾਲ ਜਾਂ ਇਸ ਦਾ ਨਿਤਾਪ੍ਰਤੀ ਅਭਿਆਸ ਕਰਦੇ ਰਹਿਣ ਨਾਲ ਜੋ ਤਬਦੀਲੀ ਆਉਂਦੀ ਹੈ, ਉਸ ਦਾ ਨਾਂ ਹੈ ਕਮਾਈ ਤੇ ਉਸ ਨੂੰ ਹੀ ਕਿਹਾ ਗਿਆ ਹੈ: "ਪਾਇਆ ਲਾਲੁ ਰਤਨੁ ਮਨਿ ਪਾਇਆ॥"

'ਗੁਰਿ ਐਸੀ ਬੂਝ ਬੁਝਾਈ', ਇੰਨੀ ਪੀਡੀ ਸਮਝ ਦਿੱਤੀ ਕਿ ਪਰਾਈ ਈਰਖਾ ਦਾ ਪਰਦਾ ਲਹਿ ਗਿਆ। ਆਮ ਘਰਾਂ ਵਿਚ ਜਦੋਂ ਈਰਖਾ ਜਨਮ ਲੈਂਦੀ ਹੈ ਤਾਂ ਦੂਰੀਆਂ ਵਧਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸ਼ਹੀਦੀ ਪੁਰਬ ਤਾਂ ਅਸਾਂ ਜ਼ਰੂਰ ਮਨਾਇਆ ਹੈ, ਇਨ੍ਹਾਂ ਸ਼ਬਦਾਂ ਦਾ ਕੀਰਤਨ ਵੀ ਜ਼ਰੂਰ ਹੋਇਆ ਹੈ, ਪਰ ਸੋਚਣ ਵਾਲੀ ਗੱਲ ਹੈ ਕਿ ਕੀ ਸਾਡੀਆਂ ਈਰਖਾਵਾਂ ਖ਼ਤਮ ਹੋ ਗਈਆਂ ਹਨ ? ਨਹੀਂ, ਇਹ ਸਿਰਫ਼ ਕਹਿਣ ਕਹਾਉਣ ਦੀਆਂ ਹੀ ਗੱਲਾਂ ਹਨ, ਅਮਲ ਨਹੀਂ ਹੈ। ਇਸ ਲਈ ਰੱਬ ਜੀ ਦਿੱਸਦੇ ਨਹੀਂ ਹਨ। 'ਗੁਰਿ ਐਸੀ ਬੂਝ ਬੁਝਾਈ' ਨਾਲ ਤਾਂ ਪਰਾਈ ਤਾਤ ਦਾ ਪਰਦਾ ਪਰੇ ਹੱਟ ਗਿਆ ਹੈ। ਗਲੀ ਮੁਹੱਲੇ ਵਾਲੇ ਆਪਣੇ ਦਿੱਸਦੇ ਹਨ ਕਿਉਂਕਿ ਹੰਕਾਰ ਦਾ ਪਰਦਾ ਲਹਿ ਗਿਆ ਹੈ, ਮੇਰ-ਤੇਰ ਵਾਲੀਆਂ ਬੰਦਸ਼ਾਂ ਖ਼ਤਮ ਹੋ ਗਈਆਂ ਹਨ। ਰੱਬ ਜੀ ਨੂੰ ਪਾ ਲਿਆ ਹੈ। ਇਸੇ ਹੀ ਸ਼ਬਦ ਦੀਆਂ ਅਖ਼ੀਰਲੀਆਂ ਤੁਕਾਂ ਵਿਚ ਗੁਰੂ ਜੀ ਨੇ ਇਸ ਦੀ ਵਿਲੱਖਣਤਾ ਦੱਸੀ ਹੈ:

ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ॥
ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ॥

ਗੂੰਗੇ ਨੂੰ ਗੁੜ ਖੁਆ ਦਿਓ ਤੇ ਫਿਰ ਉਸ ਨੂੰ ਇਹ ਪੁੱਛ ਲਿਆ ਜਾਏ, ਕਿਉਂ ਭਈ, ਇਹਦਾ ਸੁਆਦ ਕਿੱਦਾਂ ਦਾ ਹੈ, ਪਰ ਗੂੰਗਾ ਖਾਧੇ ਹੋਏ ਗੁੜ ਦਾ ਸੁਆਦ ਨਹੀਂ ਦੱਸ ਸਕਦਾ ਕਿਉਂਕਿ ਉਹ ਬੋਲ ਨਹੀਂ ਸਕਦਾ। ਜਿਹੜਾ ਵੀ ਗੁਰਮੁਖ ਵੀਰ "ਸਤਗੁਰ ਸਬਦਿ ਸਮਾਇਆ" ਦੇ ਕਥਨ ਅਨੁਸਾਰ ਸ਼ਬਦ ਵਿਚ ਸਮਾ ਗਿਆ, ਭਾਵ ਉਸ ਨੇ ਇਹ ਰਸ ਚੱਖ ਲਿਆ, ਜੀਵਨ ਵਿਚ ਅਪਣਾ ਲਿਆ ਜਾਂ ਸ਼ਬਦ ਅਨੁਸਾਰ ਤੁਰਨ ਲੱਗ ਪਿਆ, ਉਸ ਦੇ ਜੀਵਨ ਵਿਚ ਆਈ ਤਬਦੀਲੀ ਬਿਆਨ ਨਹੀਂ ਕੀਤੀ ਜਾ ਸਕਦੀ। ਤੁਕਾਂ ਦਾ ਪਾਠ ਹੈ 'ਸੋ ਜਾਨੈ ਜਿਨਿ ਚਾਖਿਆ'। ਚੱਖਣ ਦਾ ਅਰਥ ਹੈ—ਕੋਈ ਚੀਜ਼ ਪਈ ਹੋਵੇ ਉਸ ਨਾਲ ਉਂਗਲ ਲਾ ਕੇ ਆਪਣੀ ਜ਼ਬਾਨ 'ਤੇ ਉਹ ਉਂਗਲ ਲਾਉਣੀ ਤੇ ਫਿਰ ਉਸ ਦਾ ਸੁਆਦ ਦੱਸਣਾ, ਉਸ ਨੂੰ ਕਿਹਾ ਗਿਆ ਹੈ—ਚੱਖਣਾ। ਚਾਹ ਵਿਚ ਮਿੱਠਾ ਕਿੰਨਾ ਕੁ ਹੈ ਇਹ ਤਾਂ ਹੁਣ ਚੱਖ ਕੇ ਹੀ ਦੱਸਿਆ ਜਾ ਸਕਦਾ ਹੈ। ਕੀ ਗੁਰਬਾਣੀ

ਵੀ ਚੱਖੀ ਜਾ ਸਕਦੀ ਹੈ ? ਜੇ ਚੱਖੀ ਨਹੀਂ ਜਾ ਸਕਦੀ ਤਾਂ ਫਿਰ ਇਨ੍ਹਾਂ ਤੁਕਾਂ ਦਾ ਭਾਵ-ਅਰਥ ਲਿਆ ਜਾਏਗਾ—ਜਿਸ ਨੂੰ ਗੁਰਬਾਣੀ ਵਿਚਾਰ ਦੀ ਚੇਟਕ ਲੱਗ ਗਈ ਤੇ ਉਸ ਚੇਟਕ ਵਿੱਚੋਂ ਆਤਮਿਕ ਸੂਝ ਦਾ ਪ੍ਰਗਟ ਹੋ ਜਾਣਾ, ਚੱਖਣਾ ਹੈ, ਸੁਭਾਅ ਵਿਚ ਤਬਦੀਲੀ ਦਾ ਆ ਜਾਣਾ, ਇਹ ਰਸ ਉਹ ਹੀ ਜਾਣ ਸਕਦਾ ਹੈ ਜਿਸ ਨੇ ਆਪਣੇ ਆਪ ਨੂੰ ਢਾਲ ਲਿਆ ਹੈ। ਗੁਰੂ ਅਰਜਨ ਪਾਤਿਸ਼ਾਹ ਜੀ ਨੂੰ ਗੁਰੂ ਰਾਮਦਾਸ ਜੀ ਦੀ ਗੱਲ ਸਮਝਣ ਦਾ ਰਸ ਆ ਗਿਆ, ਪਰ ਪ੍ਰਿਥੀ ਚੰਦ ਨੂੰ ਸਾਰੀ ਉਮਰ ਇਸ ਦਾ ਰਸ ਨਹੀਂ ਆਇਆ, ਸਗੋਂ ਗੁਰੂ ਪਿਤਾ ਨਾਲ ਝੇੜ੍ਹਾਂ ਹੀ ਕਰਦਾ ਰਿਹਾ। ਗੁਰੂ ਅਰਜਨ ਪਾਤਿਸ਼ਾਹ ਜੀ ਨੇ 'ਸਚ ਭਏ ਬਿਗਾਸਾ' ਪਰਮਾਤਮਾ ਦੇ ਗਿਆਨ ਦਾ ਚਾਨਣ, ਜੋ ਗੁਰੂ ਜੀ ਨੇ ਦਿੱਤਾ ਹੈ, 'ਨਿਧਾਨੁ ਰਿਦੈ ਲੈ ਰਾਖਿਆ' ਹਿਰਦੇ ਵਿਚ ਨਾਮ ਦਾ ਖ਼ਜ਼ਾਨਾ ਰੱਖ ਲਿਆ।

ਸਾਰੀ ਤੁਕ ਦੇ ਅਰਥ ਇਸ ਤਰ੍ਹਾਂ ਹਨ—ਹੇ ਭਾਈ! ਇਹ ਇਕ ਐਸਾ ਅਸਚਰਜ ਅਨੰਦ ਹੈ ਜਿਹੜਾ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਰਸ ਉਹੀ ਜਾਣਦਾ ਹੈ ਜਿਸ ਨੇ ਇਹ ਚੱਖਿਆ ਹੈ। ਹੇ ਨਾਨਕ ! ਆਖ, ਗੁਰੂ ਨੇ ਮੇਰੇ ਅੰਦਰ ਪਰਮਾਤਮਾ ਦੇ ਨਾਮ ਦਾ ਖ਼ਜ਼ਾਨਾ ਲਿਆ ਕੇ ਰੱਖ ਦਿੱਤਾ ਹੈ, ਤੇ ਮੇਰੇ ਅੰਦਰ ਉਸ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੇ ਗਿਆਨ ਦਾ ਚਾਨਣ ਹੋ ਗਿਆ ਹੈ।

ਸੋ ਇਸ ਸ਼ਬਦ ਵਿਚ ਪਰਮਾਤਮਾ ਨੂੰ ਕਿੰਜ ਪਾਉਣਾ ਹੈ, ਇਸ ਦਾ ਵਿਧੀ-ਵਿਧਾਨ ਦੱਸਿਆ ਗਿਆ ਹੈ, ਕਿਉਂਕਿ ਰੱਬ ਜੀ ਦਾ ਕੋਈ ਰੰਗ, ਰੂਪ, ਜਾਤ, ਸ਼ਕਲ ਨਹੀਂ ਹੈ, ਨਾ ਹੀ ਉਹ ਮਨੁੱਖਾਂ ਵਾਂਗ ਜੰਮਦਾ ਮਰਦਾ ਹੈ, ਫਿਰ ਉਸ ਦੀ ਰੱਬੀ ਨਿਯਮਾਵਲੀ ਨੂੰ ਅਪਣਾਇਆਂ ਉਸ ਦਾ ਦੀਦਾਰ ਕਰ ਸਕਦੇ ਹਾਂ। ਇਹ ਕੀਮਤੀ ਨਿਯਮਾਵਲੀ ਸਾਨੂੰ ਗੁਰਬਾਣੀ ਗਿਆਨ ਵਿੱਚੋਂ ਮਿਲ ਸਕਦੀ ਹੈ।

1. ਰਹਾਉ ਦੀਆਂ ਤੁਕਾਂ ਵਿਚ ਗੁਰੂ ਜੀ ਦੇ ਸਿਧਾਂਤ ਨੂੰ ਮਨ ਕਰਕੇ ਸਮਝਣਾ ਹੈ—ਜ਼ਿੰਦਗੀ ਨੂੰ ਨਿਯਮਬੱਧ ਕਰਨ ਨਾਲ, ਮਨ ਤੇ ਤਨ ਵਿਚ ਇਕ ਟਿਕਾਉ ਆ ਜਾਂਦਾ ਹੈ, ਜੋ ਜੀਵਨ ਦੇ ਸੁਨਹਿਰੀ ਗੁਣ ਹਨ, ਜਿਨ੍ਹਾਂ ਨੂੰ ਲਾਲ ਰਤਨ ਦਾ ਨਾਂ ਦਿੱਤਾ ਗਿਆ ਹੈ।
2. ਮਨ-ਤਨ ਵਿਚ ਸੀਤਲਤਾ ਆਉਣ ਨਾਲ ਭੁੱਖ, ਤ੍ਰਿਸ਼ਨਾ ਤੇ ਬੇਲੋੜੇ ਝੋਰੇ ਖ਼ਤਮ ਹੁੰਦਿਆਂ ਮਨ 'ਤੇ ਕਾਬੂ ਪਾ ਲਿਆ ਜਾਂਦਾ ਹੈ। ਜੇਕਰ ਮਨੋਂ ਗੁਰੂ ਜੀ ਨੂੰ ਸਮਰਪਣ ਹੋਇਆ ਜਾਏ ਤਾਂ ਸਮਝੋ, ਜੱਗ ਨੂੰ ਜਿੱਤ ਲਿਆ, ਸਿੱਧੇ ਅੱਖਰਾਂ ਵਿਚ ਰੱਬ ਜੀ ਨੂੰ ਪਾ ਲਿਆ।
3. ਸਤਿਗੁਰੂ ਜੀ ਦੇ ਦੱਸੇ ਸੁਨਹਿਰੀ ਅਸੂਲਾਂ ਨੂੰ ਹੀ ਅਪਣਾਇਆਂ ਬੰਦਾ

ਲਾਲਚ ਕਰ ਕੇ ਫਿਰ ਡੋਲਦਾ ਨਹੀਂ ਹੈ। ਸੰਤੋਖ ਵਿਚ ਹਮੇਸ਼ਾ ਰੱਜਿਆ ਰਹਿੰਦਾ ਹੈ। ਰੱਬੀ ਸ਼ੁਭ ਗੁਣਾਂ ਦਾ ਖ਼ਜ਼ਾਨਾ ਐਸਾ ਹੈ ਕਿ ਇਹ ਕਦੇ ਮੁੱਕਦਾ ਹੀ ਨਹੀਂ।

4. ਰੱਬ ਜੀ ਨੂੰ ਪਾਉਣ ਕਰਕੇ ਜੋ ਤਬਦੀਲੀ ਆਈ ਹੈ, ਉਸ ਕਰਕੇ ਪਰਾਈ ਤਾਤ ਦਾ ਪਰਦਾ ਹੀ ਲਹਿ ਗਿਆ ਹੈ। ਹਰ ਵੇਲੇ ਦੀ ਈਰਖਾ, ਸਾੜ੍ਹਾ, ਤ੍ਰਿਸ਼ਨਾਲੂ ਸੁਭਾਅ ਦਾ ਖ਼ਾਤਮਾ ਹੀ ਹੋ ਗਿਆ ਹੈ। ਮੇਰੇ ਹੰਕਾਰ ਦਾ ਪਰਦਾ ਸਾਰਾ ਹੀ ਚੁੱਕਿਆ ਗਿਆ ਹੈ।
5. ਜਿਸ ਭੈਣ ਵੀਰ ਨੇ ਆਪਣੇ ਆਪ ਨੂੰ ਗੁਰੂ ਜੀ ਦੇ ਇਸ ਸੰਦੇਸ਼ ਵਿਚ ਢਾਲ ਲਿਆ ਹੈ, 'ਸਚ ਭਏ ਬਿਗਾਸਾ' ਭਾਵ ਰੱਬ ਜੀ ਦਾ ਪ੍ਰਕਾਸ਼ ਹੋ ਗਿਆ, ਪਰ ਜਿਸ ਨੇ ਇਹ ਰਸ ਚੱਖ ਲਿਆ ਹੈ ਭਾਵ ਰੱਬੀ ਨਿਯਮਾਵਲੀ ਨੂੰ ਅਪਣਾ ਲਿਆ ਹੈ, ਸੱਚੇ ਰੱਬ ਜੀ ਨੂੰ ਉਸ ਨੇ ਪਾ ਲਿਆ ਹੈ।

ਫਿਰ ਦੱਸਿਆ ਜਾਂਦਾ ਹੈ ਕਿ ਪਰਮਾਤਮਾ ਨਾ ਤਾਂ ਜੰਮਦਾ ਹੈ ਤੇ ਨਾ ਹੀ ਉਹ ਮਰਦਾ ਹੈ, ਨਾ ਉਸ ਦਾ ਕੋਈ ਰੰਗ ਰੂਪ ਹੈ ਤੇ ਨਾ ਹੀ ਉਸ ਦੀ ਕੋਈ ਮੂਰਤ ਹੈ। ਸਿੱਖੀ ਦਾ ਸਿਧਾਂਤ ਸੂਰਜ ਦੇ ਚਾਨਣੇ ਵਾਂਗ ਸਦਾ ਚਮਕਦਾ ਹੈ ਕਿ ਜਿਹੜਾ ਵੀ ਗੁਰੂ ਜੀ ਦੇ ਦੱਸੇ ਹੋਏ ਰਸਤੇ ਨੂੰ ਅਖ਼ਤਿਆਰ ਕਰ ਕੇ ਚੱਲਦਾ ਹੈ, ਉਹ ਰੱਬ ਦਾ ਹੀ ਰੂਪ ਹੋ ਜਾਂਦਾ ਹੈ। ਰੱਬ ਜੀ ਸਾਡੇ ਸੁਭਾਅ, ਸਾਡੀ ਜ਼ਿੰਦਗੀ ਵਿੱਚੋਂ ਪ੍ਰਗਟ ਹੋਣਾ ਹੈ। ਰੱਬ ਜੀ ਕਿਸੇ ਨੂੰ ਨਾ ਤਾਂ ਵਰ ਦੇਂਦੇ ਹਨ ਤੇ ਨਾ ਹੀ ਕਿਸੇ ਨੂੰ ਕੋਈ ਸਰਾਪ ਦੇਂਦੇ ਹਨ। ਜਿਹੜਾ ਵੀ ਉਸ ਦੇ ਹੁਕਮ ਨੂੰ ਸਮਝ ਕੇ ਚੱਲੇਗਾ, ਉਹ ਹੀ ਸੁਖ ਪਾਇਗਾ। ਗੁਰੂ ਅਰਜਨ ਪਾਤਿਸ਼ਾਹ ਜੀ ਦਾ ਇਕ ਹੋਰ ਬੜਾ ਪਿਆਰਾ ਵਾਕ ਹੈ:

ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ॥
ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ॥

(ਟੋਡੀ ਮ: ੫, ਪੰਨਾ 716-17)

ਪ੍ਰਗਟ ਜੋਤਿ ਜਗਮਗੈ

ਗੁਰਬਾਣੀ ਇਸ ਧਰਤੀ 'ਤੇ ਰਹਿਣ ਵਾਲੇ ਜੀਵਾਂ ਲਈ ਉਚਾਰਨ ਕੀਤੀ ਗਈ ਹੈ। ਇਸ ਮਹਾਨ ਗੁਰਬਾਣੀ ਦੇ ਉਪਦੇਸ਼ ਨੂੰ ਸਮਝ ਕੇ, ਆਪਣੇ ਜੀਵਨ ਵਿਚ ਢਾਲ ਕੇ ਜ਼ਿੰਦਗੀ ਦੇ ਮਹੱਤਵ ਨੂੰ ਸਮਝਣਾ ਹੈ। ਭੱਟ ਮੱਥਰਾ ਜੀ ਦਾਅਵੇ ਨਾਲ ਆਖ ਰਹੇ ਹਨ ਕਿ ਹੇ ਗੁਰੂ ਅਰਜਨ ਸਾਹਿਬ ਜੀ! ਤੁਹਾਡੇ ਅੰਦਰ ਪਰਮਾਤਮਾ ਦੀ ਜੋਤਿ ਪ੍ਰਤੱਖ ਤੌਰ 'ਤੇ ਜਗ ਰਹੀ ਹੈ। ਇਸ ਜੋਤਿ ਦਾ ਪ੍ਰਕਾਸ਼ ਸਾਰੀ ਧਰਤੀ 'ਤੇ ਛਾਇਆ ਹੋਇਆ ਹੈ। ਦੀਵੇ ਦਾ ਚਾਨਣ ਲੈਣ ਲਈ ਤੇਲ, ਵੱਟੀ ਤੇ ਅਗਨੀ ਦੀ ਜ਼ਰੂਰਤ ਹੈ। ਤੇਲ, ਰੂੰ ਪ੍ਰਾਪਤ ਕਰਨ ਲਈ ਕਿਰਸਾਨ ਨੂੰ ਚੋਖੀ ਮਿਹਨਤ ਕਰਨੀ ਪੈਂਦੀ ਹੈ। ਸਰ੍ਹੋਂ, ਤਿਲਾਂ ਨੂੰ ਕੋਹਲੂ ਵਿਚ ਪੈ ਕੇ ਆਪਣੇ ਆਪ ਨੂੰ ਖ਼ਤਮ ਕਰਾਉਣਾ ਪੈਂਦਾ ਹੈ, ਫਿਰ ਕਿਤੇ ਜਾ ਕੇ ਤੇਲ ਮਿਲਦਾ ਹੈ। ਇੰਜ ਹੀ ਕਪਾਹ ਨੂੰ ਵੇਲਿਆ ਤੇ ਪਿੰਜਿਆ ਜਾਂਦਾ ਹੈ ਤਾਂ ਕਿ ਰੂੰ ਦੀ ਵੱਟੀ ਵੱਟ ਕੇ ਦੀਵੇ ਵਿਚ ਪਾਈ ਜਾ ਸਕੇ। ਬਲਦੀ ਅੱਗ ਦੁਆਰਾ ਦੀਵੇ ਨੂੰ ਜਗਾ ਕੇ ਫਿਰ ਕਿਤੇ ਜਾ ਕੇ ਚਾਨਣ ਦੀ ਪ੍ਰਾਪਤੀ ਹੁੰਦੀ ਹੈ। ਰਾਤ ਦੇ ਹਨੇਰੇ ਵਿਚ ਦੀਵਾ ਜਗ ਰਿਹਾ ਹੋਵੇ ਤਾਂ ਕਿਸੇ ਨੂੰ ਵੀ ਠੇਡਾ ਨਹੀਂ ਲੱਗਦਾ ਤੇ ਨਾ ਹੀ ਚੀਜ਼ਾਂ ਗੁਆਚਦੀਆਂ ਹਨ। ਭੱਟ ਮਥਰਾ ਜੀ ਆਖ ਰਹੇ ਹਨ ਕਿ ਹੇ ਗੁਰੂ ਅਰਜਨ ਜੀ! ਤੁਸੀਂ ਇਕ ਜਗ ਰਹੇ ਦੀਵੇ ਦੀ ਜੋਤ ਹੋ, ਜਿਸ ਨਾਲ ਸਾਰੀ ਸ੍ਰਿਸ਼ਟੀ ਨੂੰ ਚਾਨਣ ਹੋ ਰਿਹਾ ਹੈ। ਜਿਹਾ ਕਿ ਵਾਕ ਹੈ:

ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥
ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1408)

ਅੰਦਰਲੀ ਜੋਤਿ ਜਗਣ ਦਾ ਅਰਥ ਹੈ—ਆਤਮਿਕ ਸੂਝ ਦਾ ਪੈਦਾ ਹੋਣਾ, ਜੋ ਗੁਰੂ ਰਾਮਦਾਸ ਜੀ ਦੇ ਚਰਨ ਪਰਸਣ ਕਰਕੇ ਪ੍ਰਾਪਤ ਹੋਈ ਹੈ। ਪਾਰਸ ਗੁਰੂ ਨੂੰ ਤੇ ਪਰਸਣ ਜੋਗ ਗੁਰੂ ਨੂੰ ਛੋਹ ਕੇ ਆਪ ਗੁਰੂ ਤੋਂ ਗੁਰੂ ਅਖਵਾਏ। ਸਿਆਣਿਆਂ ਦਾ ਇਕ ਪੁਖ਼ਤਾ ਖ਼ਿਆਲ ਹੈ ਕਿ ਜੇਕਰ ਮਹਿੰਦੀ ਜਾਂ ਸੁਰਮੇ ਨੂੰ ਰਗੜਿਆ ਜਾਏ ਤਾਂ ਕਿਤੇ ਜਾ ਕੇ ਮਹਿੰਦੀ ਦੁਆਰਾ ਹੱਥ ਰੰਗੇ ਜਾ ਸਕਦੇ ਹਨ ਤੇ ਸੁਰਮਾ ਅੱਖਾਂ ਵਿਚ ਪਾਉਣ ਦੇ ਕਾਬਲ ਹੋ ਸਕਦਾ ਹੈ। ਹੀਰੇ ਨੂੰ ਸੁੰਦਰ

ਬਣਾਉਣ ਲਈ ਜੌਹਰੀ ਉਸ ਨੂੰ ਕਈ ਵਾਰ ਤਰਾਸ਼ਦਾ ਹੈ ਤਾਂ ਫਿਰ ਕਿਤੇ ਜਾ ਕੇ ਉਹ ਕਿਸੇ ਦੀ ਮੁੰਦਰੀ ਦਾ ਸ਼ਿੰਗਾਰ ਬਣਦਾ ਹੈ। ਗੁਰੂ ਅਰਜਨ ਸਾਹਿਬ ਜੀ ਦਾ ਜੀਵਨ ਗੁਰੂ ਅਮਰਦਾਸ ਜੀ ਦੀ ਟਕਸਾਲ ਵਿਚ ਘੜਿਆ ਗਿਆ, ਤਾਂ ਕਿ ਗੁਰੂ ਨਾਨਕ ਜੀ ਦਾ ਪ੍ਰਗਟ ਕੀਤਾ ਸਿਧਾਂਤ ਇਨ੍ਹਾਂ ਰਾਹੀਂ ਸਾਰੇ ਸੰਸਾਰ ਵਿਚ ਚਾਨਣ ਦੇ ਸਕੇ। ਭੱਟ ਮਥਰਾ ਜੀ ਦੇ ਇਸ ਸਵੱਯੇ ਦੀ ਪਹਿਲੀ ਤੁਕ 'ਮਸਤਕਿ ਧੁਰਿ' ਦੀ ਗੱਲ ਕੀਤੀ ਗਈ ਹੈ, ਭਾਵ ਗੁਰੂ ਅਰਜਨ ਸਾਹਿਬ ਜੀ ਜਨਮ ਤੋਂ ਗੁਰੂ ਅਮਰਦਾਸ ਜੀ ਦੀ ਛਤਰ ਛਾਇਆ ਹੇਠ ਪਲੇ, ਜਿਸ ਦਾ ਪ੍ਰਭਾਵ ਇਹ ਪਿਆ ਕਿ ਉਨ੍ਹਾਂ ਨੇ ਜਨਮ ਤੋਂ ਹੀ ਗੁਰਮਤਿ ਨੂੰ ਪਹਿਚਾਣ ਲਿਆ। ਤੁਕਾਂ ਦਾ ਮੂਲ ਪਾਠ ਇਸ ਤਰ੍ਹਾਂ ਹੈ:

ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥
ਆਦਿ ਪੁਰਖਿ ਪਰਤਖਿ ਲਿਖ੍ਯ੍ਯਉ ਅਛਰੁ ਮਸਤਕਿ ਧੁਰਿ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1408)

ਸਦੀਵ ਕਾਲ ਪਰਮਾਤਮਾ ਦੇ ਰੱਬੀ ਗੁਣ ਜਿਸ ਵਿਚ ਸੱਚ, ਸੰਤੋਖ, ਸੇਵਾ ਤੇ ਹਲੀਮੀ ਵਰਗੀਆਂ ਹਕੀਕਤਾਂ ਸ਼ਾਮਿਲ ਹਨ; ਗੁਰੂ ਜੀ ਨੇ ਜਨਮ ਤੋਂ ਹੀ ਆਪਣੇ ਨਾਨਾ ਜੀ ਅਤੇ ਮਾਤਾ-ਪਿਤਾ ਜੀ ਦੇ ਪਾਸੋਂ ਮੁੱਢਲੇ ਰੂਪ ਵਿਚ ਸਿੱਖ ਲਈਆਂ ਸਨ। ਇਸ ਦੇ ਮੁਕਾਬਲੇ ਵਿਚ ਪ੍ਰਿਥੀ ਚੰਦ ਇਨ੍ਹਾਂ ਸਚਾਈਆਂ ਤੋਂ ਕੋਹਾਂ ਦੂਰ ਹੀ ਨਹੀਂ ਰਹੇ, ਸਗੋਂ ਈਰਖਾ ਦੇ ਭਾਂਬੜ ਵਿਚ ਮੱਚਦੇ ਵੀ ਰਹੇ ਹਨ। 'ਧਰਿਓ ਉਰਿ' ਭਾਵ ਗੁਰੂ ਅਰਜਨ ਪਾਤਿਸ਼ਾਹ ਨੇ ਦੈਵੀ ਗੁਣ ਆਪਣੇ ਹਿਰਦੇ ਵਿਚ ਬਿਠਾ ਲਏ ਸਨ। ਸਤ, ਸੰਤੋਖ ਹਿਰਦੇ ਵਿਚ ਧਾਰਨ ਕਰ ਕੇ ਹਰੀ ਨੂੰ ਆਪਣੇ ਮਨ ਵਿਚ ਟਿਕਾ ਲਿਆ ਹੈ। 'ਮਸਤਕਿ ਧੁਰਿ' ਪ੍ਰਤੱਖ ਤੌਰ 'ਤੇ ਅਕਾਲ ਪੁਰਖ ਨੇ ਧੁਰੋਂ ਹੀ ਲਿਖ ਦਿੱਤੇ ਸਨ, ਭਾਵ ਜਨਮ ਤੋਂ ਹੀ ਆਤਮਿਕ ਸੂਝ, ਰੱਬੀ ਗੁਣ, ਸਦਾਚਾਰਕ ਕੀਮਤਾਂ ਦੇ ਅਭਿਆਸ ਵਿਚ ਜੁੜ ਗਏ ਸਨ। ਇਹੀ ਗੁਣ ਇਕ ਜੋਤਿ ਬਣ ਕੇ ਚਮਕੇ ਜੋ ਸਾਰੇ ਸੰਸਾਰ ਨੂੰ ਰੁਸ਼ਨਾ ਗਏ, ਏਸੇ ਹੀ ਸਵੱਯੇ ਦੀਆਂ ਅਖ਼ੀਰਲੀਆਂ ਤੁਕਾਂ ਵਿਚ ਇਕ ਹੋਰ ਮੁੱਦਾ ਉਠਾ ਕੇ ਭੱਟਾਂ ਨੇ ਸਾਰੇ ਸੰਸਾਰ ਨੂੰ ਸੇਧ ਲੈਣ ਦੀ ਪ੍ਰੇਰਨਾ ਦਿੱਤੀ ਹੈ:

ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1408)

ਮਥਰਾ ਜੀ ਗੁਰੂ ਸਾਹਿਬ ਜੀ ਦੀ ਮੂਰਤੀ ਨਾਲ ਧਿਆਨ ਜੋੜਨ ਦੀ ਗੱਲ ਕਰ ਰਹੇ ਹਨ। ਸਿੱਖੀ ਵਿਚ ਮੂਰਤ ਨੂੰ ਕਿਸੇ ਵੀ ਕੀਮਤ 'ਤੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਮੂਰਤਿ ਤੋਂ ਭਾਵ ਗੁਰੂ ਨਾਨਕ ਸਾਹਿਬ ਜੀ ਦਾ ਜੋ ਵਿਧੀ

ਵਿਧਾਨ ਹੈ, ਉਸ ਨੂੰ ਸਮਝਣ ਦੀ ਜ਼ਰੂਰਤ ਹੈ। ਸੰਸਾਰ ਨੂੰ ਸਮੁੰਦਰ ਕਿਹਾ ਗਿਆ ਹੈ, ਜਿਸ ਵਿਚ ਕਈ ਪ੍ਰਕਾਰ ਦੇ ਤੂਫ਼ਾਨ ਦੀਆਂ ਛੱਲਾਂ ਅਕਸਰ ਆਉਂਦੀਆਂ ਹੀ ਰਹਿੰਦੀਆਂ ਹਨ। ਦੁਨੀਆ ਵਿਚ ਜਿਥੇ ਵਿਕਾਰਾਂ ਦਾ ਬੋਲ-ਬਾਲਾ ਹੈ, ਉਥੇ ਪਰਿਵਾਰਾਂ ਵਿਚ ਬੇ-ਇਤਫ਼ਾਕੀਆਂ, ਸਮਾਜ ਦੇ ਰੂੜੀਵਾਦੀ ਵਿਚਾਰ, ਧਰਮ ਵਿਚ ਫੈਲਿਆ ਕਰਮ-ਕਾਂਡ, ਰਾਜਨੀਤਕ ਆਗੂਆਂ ਦੀ ਨਿੱਜ ਸੁਆਰਥਾਂ ਦਾ ਵੀ ਬੋਲ-ਬਾਲਾ ਹੈ। ਅਜਿਹੇ ਡੂੰਘੇ ਕੁਸੈਲੇ ਸਮੁੰਦਰ ਨੂੰ ਪਾਰ ਕਰਨ ਲਈ ਮਜ਼ਬੂਤ ਬੇੜੇ ਜਾਂ ਕਿਸੇ ਵੱਡੇ ਸਮੁੰਦਰੀ ਜਹਾਜ਼ ਦੀ ਜ਼ਰੂਰਤ ਸੀ ਤੇ ਇਸ ਵਿਹੁ ਭਰੇ ਸੰਸਾਰ ਨੂੰ ਸਮਝਣ ਲਈ ਜੁਗਤੀ ਢੰਗ-ਤਰੀਕੇ ਦੀ ਲੋੜ ਸੀ। ਗੁਰੂ ਅਰਜਨ ਪਾਤਿਸ਼ਾਹ ਕਲਾ ਕਲੇਸ਼ ਭਰੇ ਜੁੱਗ ਦੇ ਮਹਾਨ ਜਹਾਜ਼ ਹਨ, ਜਿਸ ਵਿਚ ਬੈਠਿਆਂ ਸੰਸਾਰ ਸਮੁੰਦਰ ਤੋਂ ਪਾਰ ਤਾਂ ਹੀ ਹੋ ਸਕੀਦਾ ਹੈ ਜੇਕਰ ਸਨਮੁੱਖ ਰਹੀਏ—ਜੋ ਗੁਰੂ ਉਦਪੇਸ਼ ਨੂੰ ਆਪਣੀ ਸੁਰਤੀ ਵਿਚ ਰੱਖਣ ਦਾ ਇਸ਼ਾਰਾ ਹੈ।

ਭੱਟ ਕਲ੍ਯਸਹਾਰ, ਮਥਰਾ ਤੇ ਹਰਿਬੰਸ ਜੀ ਦੇ ਇੱਕੀ ਸਵੱਯੇ ਗੁਰੂ ਅਰਜਨ ਪਾਤਿਸ਼ਾਹ ਜੀ ਦੀ ਉਪਮਾ ਵਿਚ ਉਚਾਰਨ ਕੀਤੇ ਗਏ ਹਨ। ਇਨ੍ਹਾਂ ਵਿਚ ਉਨ੍ਹਾਂ ਨੇ ਗੁਰੂ ਜੀ ਨੂੰ ਪਰਮਾਤਮਾ ਦਾ ਪ੍ਰਤੱਖ ਰੂਪ ਦੱਸਿਆ ਹੈ। ਕਿਉਂਕਿ ਗੁਰੂ ਸਾਹਿਬ ਜੀ ਨੇ ਰੱਬ ਜੀ ਦੇ ਜੋ ਗੁਣ ਦੱਸੇ ਹਨ, ਭੱਟ ਕਹਿੰਦੇ ਹਨ ਕਿ ਉਹ ਸਾਰੇ ਗੁਣ ਗੁਰੂ ਪਾਤਿਸ਼ਾਹ ਵਿੱਚੋਂ ਦੇਖੇ ਜਾ ਸਕਦੇ ਹਨ। ਭੱਟ ਕਲ੍ਯਸਹਾਰ ਨੇ ਗੁਰੂ ਅਰਜਨ ਜੀ ਦੇ ਗੁਣਾਂ ਦੀ ਵੀਚਾਰ ਕਰਦਿਆਂ ਪ੍ਰੇਮ ਤੇ ਸਹਿਜ ਦੀ ਇਕ ਸ਼ਰਤ ਵੀ ਰੱਖੀ ਹੈ। "ਗੁਰ ਅਰਜੁਨ ਗੁਣ ਸਹਜਿ ਬਿਚਾਰੰ॥" ਗੁਰੂ ਸਾਹਿਬ ਜੀ ਦਾ ਅਹਿਮ ਗੁਣ ਕਿ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ, ਗੁਰੂ ਅੰਗਦ ਸਾਹਿਬ ਜੀ, ਗੁਰੂ ਅਮਰਦਾਸ ਜੀ ਦੇ ਉਪਦੇਸ਼ਾਂ ਨੂੰ ਪੜ੍ਹਿਆ, ਵਿਚਾਰਿਆ ਤੇ ਆਪਣੇ ਆਪ ਨੂੰ ਉਸ ਮੁਤਾਬਿਕ ਢਾਲ ਲਿਆ। ਗੁਰੂ ਰਾਮਦਾਸ ਜੀ ਦੇ ਘਰ ਜਿਥੇ ਸਰੀਰਕ ਤਲ 'ਤੇ ਜਨਮ ਹੋਇਆ ਹੈ, ਉਥੇ ਆਤਮਿਕ ਸੂਝ ਦਾ ਵੀ ਜਨਮ ਹੋਇਆ, ਜੋ ਉੱਤਮ ਪਦ ਦੀ ਲਖਾਇਕ ਹੈ। ਪ੍ਰਿਥੀ ਚੰਦ ਤੇ ਮਹਾਂਦੇਵ ਜੀ ਦਾ ਜਨਮ ਵੀ ਗੁਰੂ ਰਾਮਦਾਸ ਜੀ ਦੇ ਘਰ ਹੀ ਹੋਇਆ ਹੈ, ਪਰ ਉਨ੍ਹਾਂ ਵਿਚ ਆਤਮਿਕ ਸੂਝ ਦੀ ਕਮੀ ਸਾਰੇ ਇਤਿਹਾਸ ਵਿਚ ਅੱਖ ਦੇ ਤੀਲੇ ਵਾਂਗ ਰੜਕਦੀ ਹੈ। ਭੱਟ ਜੀ ਦਾ ਪਿਆਰਾ ਵਾਕ ਹੈ:

ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1407)

ਗੁਰੂ ਅਰਜਨ ਪਾਤਿਸ਼ਾਹ ਜੀ ਦੇ ਸਾਹਮਣੇ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਅਮਰਦਾਸ ਜੀ ਤਕ ਇਤਿਹਾਸ, ਗੁਰਮਤਿ ਫ਼ਿਲਾਸਫ਼ੀ, ਗੁਰੂ

ਰਾਮਦਾਸ ਜੀ ਦੇ ਪ੍ਰਚਾਰ-ਢੰਗ-ਤਰੀਕੇ ਤੇ ਸਮੇਂ ਦੇ ਹਾਲਾਤ ਸਾਹਮਣੇ ਸਨ। ਭੱਟ ਕਹਿੰਦੇ ਹਨ ਕਿ ਹੇ ਗੁਰੂ ਅਰਜਨ ਜੀ! ਤੁਸਾਂ ਨੇ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਜੀ ਨੂੰ ਚੰਗੀ ਤਰ੍ਹਾਂ ਸਮਝਿਆ, ਪੜ੍ਹਿਆ, ਵਿਚਾਰਿਆ ਤੇ ਆਪਣੇ ਆਪ 'ਤੇ ਹੰਢਾਉਂਦਿਆਂ-ਹੰਢਾਉਂਦਿਆਂ ਇਕ ਉੱਚਤਮ ਪਦਵੀ ਨੂੰ ਹਾਸਲ ਕੀਤਾ, ਜੋ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਉਚਾਈਆਂ ਤੋਂ ਉਪਰ ਦੀ ਹੋ ਨਿਬੜੀ। "ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ॥" ਸਰੀਰਕ ਜਨਮ ਦੇ ਨਾਲ ਗੁਰੂ ਰਾਮਦਾਸ ਜੀ ਦੀ ਚਰਨ ਛੁਹ ਸਦਕਾ ਆਤਮਿਕ ਜਨਮ ਵੀ ਹੋਇਆ ਹੈ। 'ਭਗਤ ਉਤਰਿ ਆਯਉ' ਗੁਰਮਤਿ ਦਾ ਇਕ ਵਡਮੁੱਲਾ ਸਿਧਾਂਤ 'ਸਾਧ ਸੰਗਤ ਭਇਓ ਜਨਮ ਪਰਾਪਤ' ਇਨ੍ਹਾਂ ਦੋਹਾਂ ਤੁਕਾਂ ਦਾ ਅਰਥ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਸਕੂਲ ਵਿੱਚੋਂ ਭਗਤੀ ਸ਼ਕਤੀ ਦੇ ਗੁਣਾਂ ਨੂੰ ਗ੍ਰਹਿਣ ਕਰਦਿਆਂ-ਕਰਦਿਆਂ ਇਹ ਪਦਵੀ ਹਾਸਲ ਕਰ ਲਈ। ਭਗਤ ਦੀ ਪਰਿਭਾਸ਼ਾ ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿੱਚੋਂ ਦੇਖੀ ਜਾ ਸਕਦੀ ਹੈ:

ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥੧੨੮॥

(ਸਲੋਕ ਸੇਖ ਫਰੀਦ ਕੇ, ਪੰਨਾ 1384)

ਭਗਤ ਦੇ ਮਨ ਵਿਚ ਪੂਰਨ ਖਿੜਾਉ ਰਹਿੰਦਾ ਹੈ, ਕਿਉਂਕਿ ਉਹ ਪਰਮਾਤਮਾ ਦੇ ਸਦੀਵ ਕਾਲ ਗੁਣਾਂ ਨਾਲ ਜੁੜਿਆ ਹੁੰਦਾ ਹੈ। ਗੁਰੂ ਅਰਜਨ ਪਾਤਿਸ਼ਾਹ ਜੀ ਨੇ ਮੁਕੰਮਲ ਤੌਰ 'ਤੇ ਪਹਿਲੇ ਹੋਏ ਗੁਰੂਆਂ ਦੇ ਉਪਦੇਸ਼ਾਂ ਨੂੰ ਆਪਣੇ ਮਨ ਵਿਚ ਚੰਗੀ ਤਰ੍ਹਾਂ ਵਸਾਇਆ, ਸੰਤੋਖ ਨੂੰ ਆਪਣੇ ਆਪ ਵਿਚ ਪਰੋ ਕੇ ਨਾਮ ਦੇ ਗੁਣਾਂ ਨੂੰ ਪੱਕਾ ਕਰ ਲਿਆ। ਪਿਆਰਾ ਗੁਰਵਾਕ ਹੈ:

ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ॥
ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਹਾਯਉ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1407)

ਸੂਰਜ ਚੜ੍ਹਨ ਨਾਲ ਹਨੇਰੇ ਦਾ ਖ਼ਾਤਮਾ ਹੀ ਨਹੀਂ ਹੁੰਦਾ, ਸਗੋਂ ਚੀਜ਼ਾਂ ਦੀ ਚੰਗੀ ਤਰ੍ਹਾਂ ਪਹਿਚਾਣ ਹੋ ਜਾਂਦੀ ਹੈ। ਇੰਜ ਹੀ ਗੁਰੂ ਅਰਜਨ ਪਾਤਿਸ਼ਾਹ ਜੀ ਦਾ ਸਮਾਂ ਅਜੇਹਾ ਸੀ ਜਦੋਂ ਗਿਆਨ ਦਾ ਸੂਰਜ ਪੂਰੀ ਤਰ੍ਹਾਂ ਚੜ੍ਹ ਚੁੱਕਿਆ ਸੀ, ਕਿਉਂਕਿ ਇਸ ਦੀ ਨੀਂਹ ਗੁਰੂ ਨਾਨਕ ਸਾਹਿਬ ਜੀ ਨੇ ਸੱਚ 'ਤੇ ਆਧਾਰਤ ਰੱਖੀ ਸੀ। ਸੱਚ ਦੇ ਸਮੇਂ ਦਾ ਨਾਂ ਸਤਿਜੁਗ ਰੱਖਿਆ ਜਾਂਦਾ ਹੈ। ਇਸ ਨੂੰ ਸਮਝਣ ਲਈ ਦੋ ਤੁਕਾਂ ਦੀ ਵਿਚਾਰ ਕਰਨੀ ਲਾਜ਼ਮੀ ਬਣ ਜਾਂਦੀ ਹੈ:

ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1407)

ਤਥਾ :

ਗੁਰੁ ਨਾਨਕੁ, ਸਚੁ ਨੀਵ ਸਾਜਿ, ਸਤਿਗੁਰ ਸੰਗਿ ਲੀਣਾ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1407)

ਹੁਣ ਤਕ ਦੀ ਵਿਚਾਰ ਤੋਂ ਮੁੱਖ ਤੌਰ 'ਤੇ ਸਦਾ-ਬਹਾਰ ਵਾਲੇ ਗੁਣ ਜਿਵੇਂ ਕਿ ਧਰਮ-ਧੀਰਜ, ਗਿਆਨ, ਸੱਚ, ਸੰਤੋਖ ਤੇ ਨਿਮਰਤਾ ਨਿੱਖਰ ਕੇ ਸਾਡੇ ਸਾਹਮਣੇ ਆਏ ਹਨ। ਇਨ੍ਹਾਂ ਗੁਣਾਂ ਨੂੰ ਛੱਡਣ ਨਾਲ ਮਨੁੱਖ ਦੀ ਆਤਮਿਕ ਮੌਤ ਸਮਝੀ ਜਾਂਦੀ ਹੈ ਤੇ ਇਨ੍ਹਾਂ ਨੂੰ ਧਾਰਨ ਵਾਲਾ ਆਤਮਿਕ ਜੀਵਨ ਜੀਉਂਦਾ ਹੈ। ਪਰਮਾਤਮਾ ਦੇ ਸਦਾ ਰਹਿਣ ਵਾਲੇ ਇਹ ਗੁਣ ਕਦੇ ਵੀ ਨਹੀਂ ਮਰਦੇ। ਗਿਆਨ ਨੂੰ ਛੱਡਿਆਂ ਕਰਮ-ਕਾਂਡ ਦੀ ਦੁਨੀਆ ਦਾ ਧਾਰਨੀ ਹੋਣਾ ਪੈਂਦਾ ਹੈ ਜਦ ਕਿ ਸੰਤੋਖ ਵਰਗੀਆਂ ਹਕੀਕਤਾਂ ਤੋਂ ਮੂੰਹ ਮੋੜਿਆਂ ਲੋਭ-ਲਾਲਚ ਵਰਗੀਆਂ ਜੂਨਾਂ ਵਿਚ ਪੈਣਾ ਪੈਂਦਾ ਹੈ। ਸੱਚ ਨੂੰ ਤਿਲਾਂਜਲੀ ਦਿੱਤਿਆਂ ਝੂਠ ਦੀ ਜੂਨ ਮੂੰਹ ਅੱਡੀ ਖੜੀ ਸਾਹਮਣੇ ਦਿਖਾਈ ਦੇਵੇਗੀ, ਨਿਮਰਤਾ ਦਾ ਤਿਆਗ ਕਰਦਿਆਂ ਕ੍ਰੋਧ ਦਾ ਜੀਵਨ ਅੰਗੜਾਈ ਲੈਣ ਲੱਗ ਪੈਂਦਾ ਹੈ। ਪਰਮਾਤਮਾ ਜੂਨਾਂ ਵਿਚ ਨਹੀਂ ਆਉਂਦਾ, ਭਾਵ ਉਸ ਦੇ ਸਦਾ ਰਹਿਣ ਵਾਲੇ ਗੁਣ ਜਨਮ ਮਰਨ ਤੋਂ ਰਹਿਤ ਹਨ। ਸਰੀਰ ਦੇ ਜਨਮ ਮਰਨ ਦੀ ਗੱਲ ਨਹੀਂ ਕੀਤੀ ਜਾ ਰਹੀ, ਇਹ ਤਾਂ ਆਤਮਿਕ ਮੌਤ ਦੀ ਗੱਲ ਸਮਝਾਈ ਜਾ ਰਹੀ ਹੈ। ਗੁਰੂ ਨਾਨਕ ਦਾ ਫ਼ਲਸਫ਼ਾ ਇਨ੍ਹਾਂ ਹਕੀਕਤਾਂ 'ਤੇ ਆਧਾਰਤ ਹੀ ਕਾਇਮ ਹੋਇਆ ਹੈ:

ਆਖਾ ਜੀਵਾ ਵਿਸਰੈ ਮਰਿ ਜਾਉ॥ *(ਰਾਗ ਆਸਾ ਮ: ੧, ਪੰਨਾ 9)*

ਪਰਮਾਤਮਾ ਜੂਨਾਂ ਵਿਚ ਨਹੀਂ ਆਉਂਦਾ। ਗੁਰੂ ਜੀ ਫ਼ੁਰਮਾਂਦੇ ਹਨ:

ਸਗਲ ਪਰਾਧ ਦੇਹਿ ਲੋਰੋਨੀ॥
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥

(ਭੈਰਉ ਮਹਲਾ ੫, ਪੰਨਾ 1136)

ਸੱਚ 'ਤੇ ਉਸਾਰੀ ਗਈ ਨੀਂਵ ਕਦੇ ਮਰਦੀ ਨਹੀਂ—ਭੱਟਾਂ ਨੇ ਬੇਬਾਕੀ ਨਾਲ ਕਿਹਾ ਕਿ ਹੇ ਗੁਰੂ ਅਰਜਨ ਪਾਤਿਸ਼ਾਹ ਜੀ, ਤੁਸੀਂ ਜੂਨਾਂ ਵਿਚ ਨਹੀਂ ਆਉਂਦੇ—ਸਹਿਜ, ਸੱਚ, ਧਰਮ, ਗੰਭੀਰਤਾ ਦਾ ਪੱਲਾ ਹਮੇਸ਼ਾ ਪਕੜ ਕੇ ਰੱਖਿਆ ਹੈ। ਇਹ ਗੱਲ ਤਾਂ ਪੱਥਰ 'ਤੇ ਲਕੀਰ ਵਾਂਗ ਹੈ ਕਿ ਜੋ ਮਨੁੱਖ ਇਨ੍ਹਾਂ ਗੁਣਾਂ ਦਾ ਧਾਰਨੀ ਹੁੰਦਾ ਹੈ, ਉਹ ਸਦਾ ਲਈ ਅਮਰ ਰਹਿੰਦਾ ਹੈ ਤੇ ਆਤਮਿਕ ਮੌਤ ਕਦੇ ਵੀ ਨਹੀਂ ਜਨਮ ਲੈਂਦੀ। ਸਰੀਰ ਦੇ ਤਲ 'ਤੇ ਜੋ ਜਨਮਿਆ ਹੈ, ਉਸ ਨੇ ਇਕ ਦਿਨ ਸਰੀਰ ਨੂੰ ਛੱਡਣਾ ਵੀ ਜ਼ਰੂਰ ਹੈ, ਕਿਉਂਕਿ ਕੁਦਰਤ ਦਾ ਅਟੱਲ ਨਿਯਮ ਹੈ—'ਜੋ ਉਪਜਿਓ ਸੋ ਬਿਨਸਿ ਹੈ'। ਏਥੇ ਸਰੀਰ ਦੇ ਤਲ ਦੀ ਗੱਲ ਨਹੀਂ, ਸਗੋਂ ਸਦ-ਜੀਵਨ ਦੀ ਗੱਲ ਕੀਤੀ ਗਈ ਹੈ, ਭੱਟ ਜੀ ਦਾ ਵਾਕ ਹੈ:

ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥
ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1407)

'ਅਨੰਭਉ' ਗਿਆਨ ਰੂਪ ਗੁਰੂ ਜੀ, ਜੋ ਪਰਾਏ ਦੁੱਖਾਂ ਨੂੰ ਆਪਣਾ ਦਰਦ ਜਾਣਦਿਆਂ ਹੋਇਆਂ ਆਪਣੇ ਉੱਤੇ ਲੈਂਦੇ ਹਨ, ਕਿਉਂਕਿ ਗੁਰੂ ਜੀ ਧਰਮ ਦੇ ਉੱਚੇ ਝੰਡੇ ਹਨ। 'ਧਰਮ ਧੁਜਾ ਅਰਜੁਨੁ ਹਰਿ ਭਗਤਾ'—ਗੁਰੂ ਜੀ ਨੇ ਧੀਰਜ ਨੂੰ ਆਪਣਾ ਧਰਮ ਬਣਾਇਆ, ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਰਾਮਦਾਸ ਜੀ ਤਕ ਗੁਰਮਤਿ ਦੇ ਸਾਰੇ ਪਹਿਲੂਆਂ ਨੂੰ ਡੂੰਘਾਈ ਨਾਲ ਸਮਝਿਆ ਹੈ। ਗੁਰੂ ਅਰਜਨ ਤੇ ਹਰੀ ਦੇ ਗੁਣਾਂ ਦੀ ਆਪਸ ਵਿਚ ਇਕਸਾਰਤਾ ਹੋ ਗਈ ਹੈ। ਜੋ ਮਨੁੱਖ ਇਸ ਇਕਸਾਰਤਾ ਨੂੰ ਸਮਝ ਲਏਗਾ, ਉਸ ਦੀ ਹਉਮੈ ਵਰਗੀ ਬਿਮਾਰੀ ਦੂਰ ਹੋ ਜਾਏਗੀ। ਇਸ ਪਰਥਾਏ ਇਸ ਵਾਕ ਨੂੰ ਸਮਝਣਾ ਬਹੁਤ ਜ਼ਰੂਰੀ ਹੈ:

ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ ॥
ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1407)

ਭੱਟ ਜੀ ਇਕ ਹੋਰ ਪਿਆਰਾ ਸ਼ਬਦ ਵਰਤਦੇ ਹਨ ਕਿ ਗੁਰੂ ਅਰਜਨ ਸਾਹਿਬ ਜੀ, ਤੁਸਾਂ ਉੱਤੇ ਸਹਿਜ ਤੇ ਆਤਮਿਕ ਅਡੋਲਤਾ ਦਾ ਚੰਦੋਆ ਤਣਿਆ ਹੋਇਆ ਹੈ। ਚੰਦੋਆ ਵਿਸ਼ਾਲਤਾ ਦਾ ਜਿਥੇ ਪ੍ਰਤੀਕ ਗਿਣਿਆ ਗਿਆ ਹੈ, ਉਥੇ ਇਸ ਦੇ ਥੱਲੇ ਬੈਠ ਕੇ ਬੇ-ਇਨਸਾਫ਼ੀ ਨਾ ਕੀਤੀ ਜਾ ਸਕਦੀ ਹੈ ਤੇ ਨਾ ਹੀ ਬੇ-ਇਨਸਾਫ਼ੀ ਦੇਖੀ ਜਾ ਸਕਦੀ ਹੈ। ਆਤਮਿਕ ਅਡੋਲਤਾ ਤੇ ਸਹਿਜ ਅਵਸਥਾ ਦਾ ਚੰਦੋਆ ਤਣਿਆ ਹੋਇਆ ਹੈ ਜੋ ਰੱਬ ਜੀ ਦੀ ਵਿਸ਼ਾਲਤਾ ਦਾ ਮਹਾਨ ਗੁਣ ਹੈ। 'ਸਹਜਿ ਚੰਦੋਆ ਤਾਣਿਅਉ'।

ਭੱਟ ਆਮ ਆਦਮੀ ਨਹੀਂ ਸਨ, ਉਹ ਤਾਂ ਬੁੱਧੀਵੇਤਾ ਤੱਤ ਗਿਆਨ ਦੀ ਸੋਝੀ ਰੱਖਣ ਵਾਲੇ ਡੂੰਘੇ ਇਨਸਾਨ ਸਨ। ਉਨ੍ਹਾਂ ਨੇ ਸਮਾਜ ਵਿਚ ਆਈ ਨਿਘਾਰਤਾ, ਕਰਮ-ਕਾਂਡ ਦੀ ਦਲਦਲ, ਧਰਮ ਦੇ ਨਾਂ 'ਤੇ ਠੱਗੀਆਂ ਮਾਰਨ ਦੀਆਂ ਰੁਚੀਆਂ, ਪਿੱਪਲਾਂ, ਮੋਰਾਂ, ਤੋਤਿਆਂ, ਗਰੜਾਂ, ਗਊਆਂ, ਬਾਂਦਰਾਂ, ਅਗਨੀ, ਬੱਦਲਾਂ ਤੇ ਉੱਚੀ ਜਾਤੀ ਵਾਲਿਆਂ ਦੀ ਪੂਜਾ ਨੂੰ ਨੇੜਿਉਂ ਹੋ ਕੇ ਦੇਖਿਆ ਹੀ ਨਹੀਂ ਹੈ, ਸਗੋਂ ਆਪ ਵੀ ਇਸੇ ਤਰ੍ਹਾਂ ਹੀ ਕਰਦੇ ਰਹੇ ਸਨ। ਵੱਡਿਆਂ ਦੀ ਵਡੱਪਣ ਏਸੇ ਵਿਚ ਹੁੰਦੀ ਹੈ ਕਿ ਜਦੋਂ ਉਨ੍ਹਾਂ ਨੂੰ ਸਮਝ ਆ ਜਾਂਦੀ ਹੈ, ਉਹ ਉਸੇ ਵੇਲੇ ਹੀ ਪੁਰਾਣੀਆਂ ਗ਼ਲਤੀਆਂ ਨੂੰ ਤੁਰੰਤ ਸਵੀਕਾਰ ਕਰਦਿਆਂ ਸੁਧਾਰ ਕਰ ਲੈਂਦੇ ਹਨ। ਜੋ ਲੋਕ ਆਪਣੀ ਅਕਲ ਨੂੰ ਤਾਲਾ ਮਾਰ ਲੈਂਦੇ ਹਨ,

ਉਹ ਕਦੇ ਵੀ ਆਪਣੇ ਜੀਵਨ ਵਿਚ ਤਰੱਕੀ ਨਹੀਂ ਕਰ ਸਕਦੇ। ਖੁੱਲ੍ਹੇ ਦਿਮਾਗ਼ ਨਾਲ ਭੱਟਾਂ ਨੇ ਇਹ ਗੱਲ ਮੰਨੀ ਹੈ ਕਿ ਜਿੰਨਾ ਚਿਰ ਸਾਨੂੰ ਸਮਝ ਨਹੀਂ ਸੀ, ਓਨਾ ਚਿਰ ਅਸੀਂ ਭਟਕਦਿਆਂ ਹੋਇਆਂ ਨੇ ਇਹ ਸਾਰੀਆਂ ਰਸਮਾਂ ਮਨ ਨਾ ਮੰਨਦਿਆਂ ਹੋਇਆਂ ਨੇ ਵੀ ਨਿਭਾਈਆਂ। ਭੱਟ ਕਹਿੰਦੇ ਹਨ ਕਿ ਹੇ ਗੁਰੂ ਅਰਜਨ ਪਾਤਿਸ਼ਾਹ ਜੀ! ਸਾਡੇ ਮੱਥੇ ਦੇ ਲੇਖ ਹੀ ਮਾੜੇ ਸਨ, ਆਤਮਿਕ ਸੂਝ ਦੀ ਕਮੀ ਸੀ, ਭਾਵ ਮੱਥੇ ਵਿਚ ਦਿਮਾਗ਼ ਹੈ ਤੇ ਦਿਮਾਗ਼ ਨੂੰ ਇਹ ਸੋਝੀ ਹੁਣ ਆ ਗਈ ਹੈ। ਕਰਮ-ਕਾਂਡ ਦੇ ਡੂੰਘੇ ਸਮੁੰਦਰ ਵਿਚ ਗੋਤੇ ਖਾਣ ਦੀ ਕੀ ਜ਼ਰੂਰਤ ਹੈ? ਸਾਨੂੰ ਤਾਂ ਪਰਮਾਤਮਾ ਦੇ ਗੁਣਾਂ ਨਾਲ ਭਰਪੂਰ ਗੁਰੂ ਜੀ ਦਾ ਮਿਲਾਪ ਹੋ ਗਿਆ ਹੈ। ਦੁਨੀਆ ਵਾਲਿਓ! ਇਸ ਗੱਲ ਨੂੰ ਆਪਣੇ ਮਨ ਵਿਚ ਬਿਠਾ ਲਉ ਤੇ ਤੱਤ ਸਾਰ ਦੀ ਗੱਲ ਇਹ ਹੈ ਕਿ ਜਿਹੜਾ ਵੀ ਮਨੁੱਖ ਗੁਰੂ ਅਰਜਨ ਪਾਤਿਸ਼ਾਹ ਜੀ ਦੇ ਉਪਦੇਸ਼ਾਂ ਨੂੰ ਤਨੋਂ ਮਨੋਂ ਕਰਕੇ ਮੰਨਦਾ ਹੈ, ਉਹ ਫਿਰ ਕਦੇ ਵੀ ਜੂਨਾਂ ਵਿਚ ਨਹੀਂ ਆਉਂਦਾ, ਭਾਵ ਆਤਮਿਕ ਮੌਤੇ ਨਹੀਂ ਮਰਦਾ। ਉਹ ਅਣਖ ਵਾਲੀ ਜ਼ਿੰਦਗੀ ਆਪ ਜੀਉਂਦਾ ਹੈ ਤੇ ਹੋਰਨਾਂ ਨੂੰ ਵੀ ਇਸ ਰਸਤੇ 'ਤੇ ਤੁਰਨ ਦੀ ਪ੍ਰੇਰਨਾ ਦੇਂਦਾ ਹੈ। ਭੱਟ ਜੀ ਦਾ ਪਿਆਰਾ ਵਾਕ ਹੈ:

ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥
ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥
ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥
ਜਪੵਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥
(ਸਵਈਏ ਮਹਲੇ ਪੰਜਵੇ ਕੇ, ਪੰਨਾ 1409)

ਮਨ, ਬਚਨ ਤੇ ਕਰਮ ਕਰਕੇ ਰੱਬ ਜੀ ਦੇ ਗੁਣ ਜੋ ਧਰਤੀ ਅਤੇ ਆਕਾਸ਼ 'ਤੇ ਇਕਸਾਰਤਤਾ ਨਾਲ ਵਿਆਪ ਰਹੇ ਹਨ, ਗੁਰੂ ਪਾਤਿਸ਼ਾਹ ਜੀ ਨੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਹੈ। ਸਾਨੂੰ ਪਰਮਾਤਮਾ ਤੇ ਗੁਰੂ ਅਰਜਨ ਜੀ ਵਿਚ ਕੁਝ ਵੀ ਭੇਦ ਨਹੀਂ ਲੱਗਦਾ। "ਭਨਿ ਮਥੁਰਾ, ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖੵ ਹਰਿ॥" ਭੱਟ ਇਕ ਗੱਲ ਬਾਰ-ਬਾਰ ਆਖ ਰਹੇ ਹਨ ਕਿ ਹੇ ਗੁਰੂ ਅਰਜਨ ਪਾਤਿਸ਼ਾਹ ਜੀ, ਤੁਹਾਡੇ ਪਾਸ ਚਾਰ ਗੁਰੂ ਸਾਹਿਬਾਨ ਜੀ ਦਾ ਅਮੋਲਕ ਖ਼ਜ਼ਾਨਾ ਹੈ। "ਮਿਲਿ ਨਾਨਕ ਅੰਗਦ ਅਮਰ ਗੁਰ, ਗੁਰੁ ਰਾਮਦਾਸੁ ਹਰਿ ਪਹਿ ਗਯਉ॥" ਪਰਮਾਤਮਾ ਨੇ ਤੁਹਾਨੂੰ ਆਪ ਇਹ ਤਖ਼ਤ ਦਿੱਤਾ ਹੈ, ਭਾਵ ਗੁਰਬਾਣੀ ਉਪਦੇਸ਼ਾਂ 'ਤੇ ਜੋ ਖਰੇ ਉਤਰੇ, ਉਸ ਨੂੰ ਇਸ ਦੀ ਪ੍ਰਾਪਤੀ ਹੋਈ ਹੈ ਕਿਉਂਕਿ ਇਸ ਤਖ਼ਤ ਲਈ ਗੁਰੂ ਨਾਨਕ ਸਾਹਿਬ ਜੀ ਨੇ ਜੋ ਵਿਧੀ ਵਿਧਾਨ ਤਿਆਰ ਕੀਤਾ ਸੀ, ਉਹ ਗੁਰੂ ਜੋਤਿ, ਸਿਧਾਂਤ ਤੇ ਨਿਰਮਲ ਜੁਗਤ ਦਾ ਸੀ:

ਹਰਿ ਸਿੰਘਾਸਣੁ ਦੀਅਉ, ਸਿਰੀ ਗੁਰੁ ਤਹ ਬੈਠਾਯਉ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1409)

ਤਥਾ :

ਛਤ੍ਰੁ ਸਿੰਘਾਸਨੁ ਪਿਰਥਮੀ, ਗੁਰ ਅਰਜੁਨ ਕਉ ਦੇ ਆਇਅਉ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1409)

ਭੱਟ ਜੀ ਨੇ ਮਨੁੱਖਤਾ ਨੂੰ ਗੂੜ੍ਹਾ ਉਪਦੇਸ਼ ਕਰਦਿਆਂ ਸੁਚੇਤ ਕੀਤਾ ਹੈ ਕਿ ਸੰਸਾਰੀ ਲੋਕੋ, ਆਪਣੇ ਜੀਵਨ ਵਿੱਚੋਂ ਗੁਰੂ ਅਰਜਨ ਪਾਤਿਸ਼ਾਹ ਜੀ ਦੇ ਉਪਦੇਸ਼ਾਂ ਨੂੰ ਨਾ ਵਿਸਾਰਿਓ। ਇਕ ਵਾਰ ਜੇ ਗੱਡੀ ਲੀਹੋਂ ਲਹਿ ਜਾਏ, ਫਿਰ ਲੀਹ 'ਤੇ ਚੜ੍ਹਨੀ ਬਹੁਤ ਮੁਸ਼ਕਲ ਹੁੰਦੀ ਹੈ। ਗੁਰੂ ਸਾਹਿਬ ਜੀ ਦੇ ਹਿਰਦੇ ਵਿਚ ਮੁਕੰਮਲ ਬ੍ਰਹਮ ਦਾ ਨਿਵਾਸ ਭਾਵ ਰੱਬੀ ਗੁਣਾਂ ਨਾਲ ਭਰਪੂਰ ਹੈ :

ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥
ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1409)

ਹੇ ਮੇਰੇ ਮਨ, ਤੂੰ ਕਿਤੇ ਇਸ ਰਾਹ ਤੋਂ ਨਾ ਖੁੰਝ ਜਾਈਂ, ਕਿਤੇ ਇਹ ਵਿੱਥ ਵੀ ਨਾ ਸਮਝੀਂ ਕਿ ਗੁਰੂ ਅਰਜਨ ਜੀ ਤੇ ਰੱਬ ਜੀ ਵਿਚ ਕੋਈ ਭੇਦ ਹੈ। ਪੂਰਨ ਬ੍ਰਹਮ ਹਰੀ ਨੇ ਗੁਰੂ ਅਰਜਨ ਜੀ ਦੇ ਹਿਰਦੇ ਵਿਚ ਪ੍ਰਤੱਖ ਤੌਰ 'ਤੇ ਨਿਵਾਸ ਕੀਤਾ ਹੋਇਆ ਹੈ।

ਗੁਰੂਆਂ ਦੀ ਬਾਣੀ ਦੇ ਨਾਲ ਭਗਤਾਂ ਦੀ ਬਾਣੀ ਦਾ ਖ਼ਜ਼ਾਨਾ ਵੀ ਗੁਰੂ ਸਾਹਿਬ ਜੀ ਦੇ ਪਾਸ ਮੌਜੂਦ ਸੀ। ਇਸ ਲਈ ਉਨ੍ਹਾਂ ਨੇ ਆਪਣੇ ਮੁੱਢਲੇ ਜੀਵਨ ਵਿਚ ਹੀ ਉਨ੍ਹਾਂ ਬੁਲੰਦੀਆਂ ਨੂੰ ਛੋਹਿਆ, ਜਿਸ ਦੀ ਸਮੇਂ ਨੂੰ ਬਹੁਤ ਜ਼ਰੂਰਤ ਸੀ। ਜਨਮ ਤੋਂ ਹੀ ਗੁਰਮਤਿ ਦੇ ਗੂੜ੍ਹੇ ਫ਼ਲਸਫ਼ੇ ਨੂੰ ਪਛਾਣ ਲਿਆ। ਜਨਮ ਦਾ ਅਰਥ ਜ਼ਿੰਦਗੀ ਦੇ ਮੁੱਢਲੇ ਦਿਨਾਂ ਵਿਚ ਹੀ ਪ੍ਰੋੜ੍ਹਤਾ ਹਾਸਲ ਕਰਨੀ ਸ਼ੁਰੂ ਕਰ ਦਿੱਤੀ। ਸ੍ਰੀ ਚੰਦ, ਲਖਮੀ ਦਾਸ, ਦਾਤੂ ਤੇ ਮੋਹਣ ਵਰਗੇ ਗੁਰੂ ਪੁੱਤਰ ਹੋਣ ਦੇ ਨਾਤੇ ਵੀ ਗੁਰਮਤਿ ਨਾਲ ਸਾਂਝ ਨਹੀਂ ਪਾ ਸਕੇ, ਸਗੋਂ ਕਈਆਂ ਨੇ ਵੱਖਰੇ-ਵੱਖਰੇ ਰਸਤੇ ਚਲਾਉਣ ਦੀ ਬਚਗਾਨਾ ਕੋਸ਼ਿਸ਼ ਵੀ ਕੀਤੀ। ਬਚਪਨ ਸੰਬੰਧੀ ਭੱਟ ਜੀ ਦਾ ਬੜਾ ਕਮਾਲ ਦਾ ਵਾਕ ਹੈ :

ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1407)

ਗੁਰਮਤਿ ਦੀ ਲੋਅ ਵਿਚ ਬ੍ਰਹਮ ਦੀ ਪਹਿਚਾਣ ਕੀਤੀ ਤੇ ਗੁਰੂ ਅਰਜਨ ਸਾਹਿਬ ਜੀ ਦੇ ਰੂਪ ਵਿਚ ਇਕ ਉਹ ਜੋਤਿ, ਉਹ ਪਹਿਚਾਣ ਪ੍ਰਗਟ ਹੋਈ ਜਿਸ

ਦੀਆਂ ਕਿਰਨਾਂ ਨੇ ਸਾਰੇ ਸੰਸਾਰ ਵਿਚ ਚਾਨਣ ਕੀਤਾ। ਉਹ ਕਿਹੜੇ-ਕਿਹੜੇ ਚਾਨਣ ਹਨ ?

ਲਾਹੌਰ ਸ਼ਹਿਰ ਵਿਚ ਪਏ ਕਾਲ ਸਦਕਾ ਬਿਮਾਰੀਆਂ ਪੈ ਗਈਆਂ। ਗੁਰੂ ਸਾਹਿਬ ਜੀ ਨੇ ਹੱਥੀਂ ਸੇਵਾ ਕਰਦਿਆਂ ਦੁਖੀਆਂ ਦਾ ਦਰਦ ਵੰਡਾਇਆ। ਗੁਰੂ ਸਾਹਿਬ ਜੀ ਨੇ ਅਕਬਰ ਬਾਦਸ਼ਾਹ ਨੂੰ ਪ੍ਰੇਰ ਕੇ ਕਿਰਸਾਨਾਂ ਦਾ ਮਾਲੀਆ ਮੁਆਫ਼ ਕਰਵਾ ਦਿੱਤਾ। ਸੋਕੇ ਦੀ ਸਥਿਤੀ ਨਾਲ ਨਿਪਟਦਿਆਂ ਹੋਇਆਂ ਗੁਰੂ ਜੀ ਨੇ ਕਿਰਸਾਨਾਂ ਲਈ ਅੰਮ੍ਰਿਤਸਰ ਸ਼ਹਿਰ ਦੇ ਨੇੜੇ ਹੀ ਛੇ ਮਾਹਲਾਂ ਵਾਲਾ ਖੂਹ ਲਗਵਾ ਦਿੱਤਾ। ਪਾਣੀ ਦੀ ਲੋੜ ਨੂੰ ਮਹਿਸੂਸ ਕਰਦਿਆਂ ਥਾਂ ਪੁਰ ਥਾਂ ਖੂਹਾਂ ਤਲਾਬਾਂ ਦੀ ਖੁਦਵਾਈ ਕਰਵਾਈ।

ਮਾਝੇ ਵਿਚ ਕੋਹੜ ਦੀ ਬਿਮਾਰੀ ਫੈਲੀ ਹੋਈ ਸੀ, ਜਿਸ ਵੱਲ ਧਿਆਨ ਦੇਂਦਿਆਂ ਤਰਨ ਤਾਰਨ ਵਿਖੇ ਪਹਿਲਾ ਕੋਹੜੀ-ਘਰ ਬਣਾਇਆ ਤੇ ਨਾਲ ਹੀ ਇਹ ਕਿਹਾ ਕਿ ਇਨ੍ਹਾਂ ਨੂੰ 'ਕੋਹੜੀ' ਸ਼ਬਦ ਦੇ ਨਾਂ ਨਾਲ ਨਹੀਂ ਬੁਲਾਉਣਾ ਕਿਉਂਕਿ ਇਹ ਵੀ ਸਮਾਜ ਦਾ ਇਕ ਅੰਗ ਹਨ। ਇਸ ਲਈ 'ਕੋਹੜੀ' ਸ਼ਬਦ ਦੀ ਥਾਂ 'ਤੇ ਇਨ੍ਹਾਂ ਨੂੰ 'ਨਿਮਾਣਾ' ਸ਼ਬਦ ਨਾਲ ਬੁਲਾਇਆ ਜਾਏ। ਚੇਚਕ ਦੀ ਬਿਮਾਰੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਸਮਝਾਇਆ ਕਿ ਸੀਤਲਾ ਦੇ ਮੰਦਰਾਂ ਵਿਚ ਮੱਥਾ ਟੇਕਣ ਨਾਲ ਚੇਚਕ ਦੀ ਬਿਮਾਰੀ ਦੂਰ ਨਹੀਂ ਹੋ ਸਕਦੀ, ਜਿੰਨਾ ਚਿਰ ਇਸ ਦਾ ਸਹੀ ਇਲਾਜ ਨਹੀਂ ਕਰਾਇਆ ਜਾਂਦਾ।

ਗੁਰੂ ਅਰਜਨ ਪਾਤਿਸ਼ਾਹ ਜੀ ਦੇ ਸੱਚ ਦਾ ਪ੍ਰਕਾਸ਼ ਦੂਰ-ਦੂਰ ਤਕ ਫੈਲਿਆ। ਨਾਨਕ ਦੇ ਘਰ ਦੀ ਹਮੇਸ਼ਾ ਇਹ ਵਡਿਆਈ ਰਹੀ ਹੈ ਕਿ ਇਹ ਸੱਚ, ਪ੍ਰੇਮ, ਅਣਖ ਤੇ ਮਨੁੱਖੀ ਅਜ਼ਾਦੀ ਦਾ ਰਾਖਾ ਰਿਹਾ ਹੈ। ਹਰ ਪ੍ਰਕਾਰ ਦੀ ਗ਼ੁਲਾਮੀ ਦੇ ਬੰਧਨਾਂ ਤੋਂ ਮੁਕਤ ਕਰਾਉਣ ਲਈ ਗੁਰੂ ਸਾਹਿਬ ਜੀ ਨੇ ਅਮਨ ਤੇ ਸ਼ਾਂਤਮਈ ਢੰਗ ਤਰੀਕੇ ਨੂੰ ਹੀ ਤਰਜੀਹ ਦਿੱਤੀ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਫ਼ਲਸਫ਼ੇ ਨੂੰ ਗੁਰਮਤਿ ਕਿਹਾ ਗਿਆ ਹੈ। ਸੰਸਾਰ ਪੱਧਰ 'ਤੇ ਸੁਖ-ਸ਼ਾਂਤੀ, ਪ੍ਰੇਮ, ਆਪਸੀ ਭਾਈਚਾਰਕ ਸਾਂਝ ਤੇ ਗੁਰਮਤਿ ਦੇ ਵਡਮੁੱਲੇ ਗੁਣਾਂ ਨੂੰ ਪ੍ਰਚਾਰਨ ਲਈ ਧਰਮਸ਼ਾਲਾਵਾਂ ਬਣਾਈਆਂ, ਜਿਸ ਨੂੰ ਸਮਾਂ ਪੈਣ 'ਤੇ ਗੁਰਦੁਆਰਾ ਕਿਹਾ ਜਾਣ ਲੱਗ ਪਿਆ। ਗੁਰੂ ਰਾਮਦਾਸ ਜੀ ਨੇ ਆਰਥਿਕ ਪੱਖ ਨੂੰ ਸਮਝਦਿਆਂ ਹੋਇਆਂ ਕਈ ਕਿਸਮ ਦੇ ਕਿਰਤੀਆਂ ਨੂੰ ਰਾਮਦਾਸ ਚੱਕ (ਅੰਮ੍ਰਿਤਸਰ ਸ਼ਹਿਰ) ਵਿਚ ਲਿਆ ਕੇ ਵਸਾਇਆ। ਗੁਰੂ ਅਰਜਨ ਪਾਤਿਸ਼ਾਹ ਜੀ ਨੇ ਰੂਹ ਦੀ ਖ਼ੁਰਾਕ ਲਈ ਵਿਸ਼ਾਲ ਧਰਮਸ਼ਾਲ ਬਣਾਈ, ਜਿਸਦਾ ਨਾਂ ਦਰਬਾਰ ਸਾਹਿਬ ਰੱਖਿਆ ਗਿਆ ਤੇ ਫਿਰ ਹੌਲੀ-ਹੌਲੀ ਹਰਿਮੰਦਰ ਸਾਹਿਬ ਜੀ ਦੇ ਨਾਂ ਵਿਚ ਤਬਦੀਲ ਹੋ ਗਿਆ।

ਸਾਰੇ ਸੰਸਾਰ ਨੂੰ ਮਾਨਵਤਾ ਦਾ ਸੁਨੇਹਾ ਦੇਣ ਲਈ ਸਰਬ-ਸਾਂਝੇ ਗ੍ਰੰਥ ਦੀ

ਰਚਨਾ ਕੀਤੀ ਜੋ ਜਾਤ ਪਾਤ, ਊਚ-ਨੀਚ, ਰੰਗ-ਨਸਲ ਦੀਆਂ ਸੀਮਾਵਾਂ ਨੂੰ ਤੋੜਦਾ ਹੈ। ਇਹ ਇਕ ਐਸਾ ਸੂਰਜ ਹੈ ਜਿਥੋਂ ਸਾਰੀ ਦੁਨੀਆ ਆਤਮਿਕ ਸੂਝ ਦਾ ਚਾਨਣ ਲੈ ਸਕਦੀ ਹੈ। 'ਪ੍ਰਗਟ ਜੋਤਿ ਜਗਮਗੈ' ਸਾਰੇ ਹੀ ਸੰਸਾਰ ਵਿਚ ਇਕ ਅਮਰ ਸਿਧਾਂਤ ਜਗਮਗਾ ਰਿਹਾ ਹੈ—"ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥" ਆਪਸੀ ਧੜੇਬੰਦੀ, ਭਾਈਚਾਰਕ ਦੁਸ਼ਮਣੀਆਂ ਤੇ ਮੁਲਕਾਂ ਦੀ ਨਫ਼ਰਤ ਨੂੰ ਖ਼ਤਮ ਕਰਨ ਦਾ ਸੱਦਾ ਦੇਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਨੇਹਾ ਦੇ ਕੇ ਸੰਸਾਰ ਵਿਚ ਰਹਿੰਦਿਆਂ ਰੱਬੀ ਗੁਣਾਂ ਨੂੰ ਅਪਣਾਇਆਂ ਨਿਰੰਕਾਰ ਨਾਲ ਇਕਮਿਕਤਾ ਹੋ ਸਕਦੀ ਹੈ। ਰਾਜ ਦੀ ਚਾਹਨਾ, ਧਨ ਦੀ ਪ੍ਰਬਲਤਾ ਦੇ ਮਗਰ ਭੱਜਣ ਤੋਂ ਸੁਚੇਤ ਕਰਦਿਆਂ, ਤ੍ਰਿਸ਼ਨਾ ਦੀ ਬਲ ਰਹੀ ਅੱਗ ਨੂੰ ਸ਼ਾਂਤ ਕਰਨ ਦੇ ਗੁਣਾਂ ਦੀ ਵਿਚਾਰ ਕਰ ਕੇ ਬੁਨਿਆਦੀ ਨੁਕਤੇ ਵੱਲ ਧਿਆਨ ਦਿਵਾਇਆ ਗਿਆ ਹੈ:

ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ ਬਹੁਰਿ ਬਹੁਰਿ ਫਿਰਿ ਧਾਇਆ॥
ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਾਈ ਗੁਨ ਗਾਇਆ॥

(ਕਾਨੜਾ ਮਹਲਾ ੫, ਪੰਨਾ 1300)

ਪਰਮਾਤਮਾ ਦੀ ਜੋਤਿ ਗੁਰੂ ਅਰਜਨ ਸਾਹਿਬ ਜੀ ਦੇ ਜੀਵਨ ਵਿੱਚੋਂ ਸਦੀਵ ਕਾਲ ਗੁਣਾਂ ਕਰਕੇ ਪ੍ਰਗਟ ਹੋਈ। ਸੱਚ ਦੀ ਨੀਂਹ ਪੱਕੀ ਕਰਨ ਲਈ ਆਪ ਜੀ ਨੇ ਸ਼ਹਾਦਤ ਦਾ ਜਾਮ ਪੀਤਾ। ਸ਼ਹਾਦਤ ਦਾ ਅੱਖਰੀ ਅਰਥ ਹੈ—ਗਵਾਹੀ ਦੇਣੀ, ਸਾਖੀ ਭਰਨੀ। ਧਰਮ-ਧੀਰਜ, ਸਤਿ-ਸੰਤੋਖ, ਸਬਰ, ਹਲੇਮੀ, ਭਰਾਤਰੀ-ਪਿਆਰ ਦੈਵੀ ਗੁਣਾਂ ਦਾ ਧਾਰਨੀ ਹੋਣਾ। ਦੂਸਰਾ ਇਨ੍ਹਾਂ ਗੁਣਾਂ ਨੂੰ ਬਰਕਰਾਰ ਰੱਖਣ ਲਈ ਆਪਣੀ ਜਾਨ ਤਕ ਦੀ ਬਾਜ਼ੀ ਲਗਾ ਦੇਣ ਨੂੰ ਸ਼ਹੀਦ ਆਖਿਆ ਗਿਆ ਹੈ। ਸ਼ਹੀਦੀ ਦੇਣ ਵਾਲੇ ਦੇ ਸਾਹਮਣੇ ਦੋ ਰਸਤੇ ਹੁੰਦੇ ਹਨ। ਇਕ ਤਾਂ ਸਮੇਂ ਦੀ ਸਰਕਾਰ ਨਾਲ ਸਮਝੌਤਾ ਕਰ ਕੇ ਮੌਤ ਕੋਲੋਂ ਬਚਿਆ ਜਾ ਸਕਦਾ ਹੈ ਤੇ ਜੀਵਨ ਭਰ ਲਈ ਸਰੀਰਕ ਸੁਖ ਆਰਾਮ ਪ੍ਰਾਪਤ ਕੀਤੇ ਜਾ ਸਕਦੇ ਹਨ; ਦੂਸਰਾ ਰਸਤਾ ਸਿਧਾਂਤ ਦੀ ਖ਼ਾਤਰ ਗ਼ਰੀਬ ਜਨਤਾ ਦੇ ਹੱਕਾਂ ਲਈ, ਬੇ-ਇਨਸਾਫ਼ੀ ਦੇ ਵਿਰੋਧ ਵਿਚ ਤੇ ਨਿਆਂ ਦੀ ਪ੍ਰਾਪਤੀ ਲਈ ਸ਼ਹਾਦਤ ਦਾ ਜਾਮ ਪੀਣ ਨੂੰ ਅਮਰ ਸ਼ਹੀਦ ਆਖਿਆ ਗਿਆ ਹੈ। ਸਰਕਾਰਾਂ ਤੇ ਪੁਜਾਰੀ ਜਮਾਤ ਹਮੇਸ਼ਾ ਹੀ ਲੋਕਾਂ ਨੂੰ ਆਪਣੀ ਲੁੱਟ ਦਾ ਸ਼ਿਕਾਰ ਬਣਾਉਣ ਵਿਚ ਰੁੱਝੀਆਂ ਰਹਿੰਦੀਆਂ ਹਨ। ਲੋਕਾਂ ਨੂੰ ਜਾਗਰੂਕ ਕਰਨ ਲਈ ਇਹ ਕਿਹਾ ਕਿ ਸਾਡੇ ਮਨ ਵਿਚ ਰਾਜ ਕਰਨ ਦੀ ਕੋਈ ਲਾਲਸਾ ਨਹੀਂ ਹੈ, ਪਰ ਹਰ ਇਨਸਾਨ ਨੂੰ ਜਿਊਣ ਦਾ ਹੱਕ ਤਾਂ ਮਿਲਣਾ ਚਾਹੀਦਾ ਹੈ। ਵਾਕ ਹੈ:

ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ॥

ਰਾਜ ਨ ਭਾਗ ਨ ਹੁਕਮ ਨ ਸਾਦਨ॥
ਕਿਛੁ ਕਿਛੁ ਨ ਚਾਹੀ॥ *(ਆਸਾ ਮਹਲਾ ੫, ਪੰਨਾ 406)*

'ਪ੍ਰਗਟ ਜੋਤਿ ਜਗਮਗੈ' ਹਲੇਮੀ ਰਾਜ ਦੀ ਸਥਾਪਨਾ ਤੇ ਖ਼ਾਲੀ ਹਿਰਦਿਆਂ ਨੂੰ ਨਾਮ ਰੰਗ ਵਿਚ ਭਰਨ ਦੀ ਹੈ। ਆਪਣਾ ਸੁਖ ਛੱਡ ਕੇ ਦੂਸਰਿਆਂ ਦਾ ਦੁਖ ਵੰਡਾਉਣ ਦਾ ਹੈ:

ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ॥
ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ॥
(ਸਵਈਏ ਮਹਲੇ ਪੰਜਵੇ ਕੇ, ਪੰਨਾ 1408)

ਸਮੁੱਚੇ ਤੌਰ 'ਤੇ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਆਪਣੇ ਖ਼ੂਨ ਦੀ ਸ਼ਹਾਦਤ ਦੇ ਕੇ ਜਿਥੇ ਸਿੱਖੀ ਦੇ ਬੂਟੇ ਨੂੰ ਸਿੰਜਿਆ ਹੈ, ਉਥੇ ਪੁਰ-ਅਮਨ ਰਹਿ ਕੇ ਭਿਆਨਕ ਤੇ ਦਿਲ-ਕੰਬਾਊ ਤਸੀਹਿਆਂ ਵਿਚ ਰਹਿੰਦਿਆਂ ਦ੍ਰਿੜ੍ਹਤਾ ਤੇ ਸੂਰਮਗਤੀ ਦਾ ਸਬੂਤ ਦਿੱਤਾ ਪਰ ਹਕੂਮਤ ਤੇ ਤੰਗ ਦਿਲ ਪੁਜਾਰੀਆਂ ਨਾਲ ਕਦਾਚਿਤ ਸਮਝੌਤਾ ਨਹੀਂ ਕੀਤਾ। ਗੁਰੂ ਸਾਹਿਬ ਜੀ ਦੀ ਸ਼ਹੀਦੀ ਸਾਡੇ ਇਤਿਹਾਸ ਦੀ ਹੀ ਨਹੀਂ, ਸਗੋਂ ਸੰਸਾਰ ਭਰ ਦੇ ਇਤਿਹਾਸ ਦਾ ਬੇ-ਮਿਸਾਲ ਅਤੇ ਲਾਸਾਨੀ ਕਾਰਨਾਮਾ ਹੈ। ਭੁੱਖਾ ਪਿਆਸਾ ਰੱਖ ਕੇ, ਦੇਗ ਵਿਚ ਉਬਾਲ ਕੇ, ਤਪਦੀ ਤਵੀ 'ਤੇ ਬਿਠਾ ਕੇ, ਅੱਗ ਵਾਂਗ ਬਲਦੀ ਰੇਤ ਸਰੀਰ 'ਤੇ ਪਾ ਕੇ, ਫਿਰ ਰਾਵੀ ਦੇ ਠੰਡੇ ਪਾਣੀ ਵਿਚ ਛਾਲਿਆਂ ਨਾਲ ਫਿੱਸੇ ਸਰੀਰ ਨੂੰ ਡੁਬੋ ਕੇ ਚਾਰ ਪੰਜ ਦਿਨਾਂ ਦੇ ਲੰਬੇ ਅਰਸੇ ਤਕ ਦਰਦਨਾਕ ਤੇ ਖ਼ੌਫ਼ਨਾਕ ਤਸੀਹੇ ਦਿੱਤੇ ਗਏ। ਇਹ ਸਾਰੇ ਤਸੀਹੇ ਦਿਲ-ਕੰਬਾਊ ਤੇ ਭਿਆਨਕ ਸਨ। ਸਤਿਗੁਰੂ ਪਾਤਸ਼ਾਹ ਜੀ ਵੱਲੋਂ ਦਿਖਾਈ ਗਈ ਦ੍ਰਿੜ੍ਹਤਾ ਤੇ ਅਡੋਲਤਾ ਵੀ ਸੰਸਾਰ ਨੂੰ ਹੈਰਾਨ ਕਰਨ ਵਾਲੀ ਸੀ।

ਗੁਰੂ ਸਾਹਿਬ ਜੀ ਦੀ ਇਸ ਸ਼ਹਾਦਤ ਸਦਕਾ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ਾਂ ਦਾ ਝੰਡਾ ਸਾਰੇ ਸੰਸਾਰ 'ਤੇ ਝੁੱਲਿਆ। ਇਸ ਮਹਾਨ ਕਾਰਨਾਮੇ ਸਦਕਾ ਭਾਣਾ ਮਿੱਠਾ ਮੰਨਣ ਦਾ ਜਜ਼ਬਾ ਇੰਨਾ ਵਧਿਆ ਕਿ ਸਿੱਖਾਂ ਨੇ ਫਿਰ ਕਦੇ ਰੱਬ ਜੀ ਨੂੰ ਉਲਾਂਭਾ ਨਹੀਂ ਦਿੱਤਾ। ਸੱਚ 'ਤੇ ਆਧਾਰਤ ਕੌਮ ਨੂੰ ਜਥੇਬੰਦ ਕੀਤਾ। ਕਮਜ਼ੋਰਾਂ ਨੂੰ ਲਿਤਾੜਿਆ ਜਾਂਦਾ ਦੇਖ ਕੇ ਸਿੱਖਾਂ ਦੇ ਜਜ਼ਬੇ ਜਾਗ ਪੈਂਦੇ। 'ਪ੍ਰਗਟ ਜੋਤਿ ਜਗਮਗੈ' ਦਾ ਚਾਨਣਾ ਅੱਜ ਵੀ ਸਾਰੇ ਸੰਸਾਰ ਨੂੰ ਮਿਲ ਰਿਹਾ ਹੈ ਜਿਥੇ ਆਦਰਸ਼ਕ ਮਨੁੱਖ, ਧਰਮ ਤੇ ਜਿਉਂਦੇ ਜਾਗਦੇ ਸਮਾਜ ਦੀ ਘਾੜਤ ਘੜੀਂਦੀ ਦਿੱਸਦੀ ਹੈ:

ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ॥

ਗੁਰਦੁਆਰਾ ਕਿ ਗੁਰੂ-ਘਰ

ਵਪਾਰੀ ਆਪਣੇ ਸਾਮਾਨ ਨੂੰ ਵੇਚਣ ਲਈ ਕਈ ਪ੍ਰਕਾਰ ਦੇ ਪਾਪੜ ਵੇਲਦਾ ਹੈ। ਉਹਦੇ ਮਨ ਵਿਚ ਇਕ ਹੀ ਗੱਲ ਹੁੰਦੀ ਹੈ ਕਿ ਮੇਰਾ ਸਾਮਾਨ ਦੂਜੇ ਦੇ ਸਾਮਾਨ ਨਾਲੋਂ ਵੱਧ ਵਿਕੇ। ਆਪਣੀ ਗਾਹਕੀ ਵਧਾਉਣ ਲਈ ਨਿੱਤ ਨਵੇਂ ਨਾਵਾਂ ਦੀ ਵਰਤੋਂ ਕਰੇਗਾ ਤਾਂ ਕਿ ਉਹਦੇ ਹਰ ਰੋਜ਼ ਗਾਹਕ ਵੱਧਦੇ ਰਹਿਣ। ਰਾਜਨੀਤਕ ਲੋਕ ਵੋਟਰ ਨੂੰ ਚੋਪੜੀਆਂ ਹੋਈਆਂ ਗੱਲਾਂ ਤੇ ਮਨ ਨੂੰ ਲੁਭਾਇਮਾਨ ਕਰਨ ਵਾਲੇ ਵਾਇਦਿਆਂ ਦਾ ਇਸਤੇਮਾਲ ਕਰ ਕੇ ਵੋਟ ਆਪਣੇ ਹੱਕ ਵਿਚ ਪਵਾ ਲੈਂਦਾ ਹੈ। ਧਰਮ ਦੀ ਦੁਨੀਆ ਅੰਦਰ ਵੀ ਨਿੱਤ ਨਵੇਂ ਨਾਂ ਸੁਣਨ ਤੇ ਪੜ੍ਹਨ ਨੂੰ ਮਿਲਦੇ ਰਹਿੰਦੇ ਹਨ। ਪ੍ਰਬੰਧਕੀ ਢਾਂਚਾ ਤੇ ਪੁਜਾਰੀ ਸ਼੍ਰੇਣੀ ਹਮੇਸ਼ਾ ਇਸੇ ਤਾਕ ਵਿਚ ਰਹਿੰਦੀ ਹੈ ਕਿ ਸਾਡੇ ਧਾਰਮਿਕ ਅਸਥਾਨ 'ਤੇ ਪ੍ਰੇਮੀ-ਜਨ ਵੱਧ ਤੋਂ ਵੱਧ ਆਉਣ ਤਾਂ ਕਿ ਚੜ੍ਹਤ ਵਿਚ ਬੇ-ਓੜਕਾ ਵਾਧਾ ਹੁੰਦਾ ਰਹੇ। ਇਸ ਲਈ ਧਰਮ ਵਿਚ ਕਈ ਨਵੇਂ ਪ੍ਰਯੋਗ ਕਰਦਿਆਂ, ਨਵੀਆਂ ਰੀਤੀਆਂ ਤੇ ਕਈ ਪ੍ਰਕਾਰ ਦੇ ਨਵੇਂ ਨਵੇਂ ਨਾਮ ਸੁਣਨ ਨੂੰ ਮਿਲ ਰਹੇ ਹਨ। ਸਿੱਖ ਧਰਮ ਵਿਚ ਵੀ ਪਿਛਲੇ ਸਮੇਂ ਤੋਂ ਕਈ ਨਵੇਂ ਪ੍ਰੋਗਰਾਮ; ਤੇ ਕਈ ਨਵੇਂ ਨਾਂ ਸੁਣਨ ਨੂੰ ਮਿਲੇ ਹਨ, ਜਿਸ ਤਰ੍ਹਾਂ 'ਕੀਰਤਨ' ਸ਼ਬਦ ਦੀ ਥਾਂ 'ਤੇ 'ਕੀਰਤਨ ਦਰਬਾਰ' ਤੇ ਹੁਣ 'ਆਤਮ-ਰਸ ਕੀਰਤਨ ਦਰਬਾਰ' ਸ਼ਬਦ ਦੀ ਵਰਤੋਂ ਸ਼ੁਰੂ ਹੋ ਗਈ ਹੈ।

ਗੁਰਬਾਣੀ ਪੜ੍ਹਨ ਨੂੰ ਕਿਹਾ ਜਾਂਦਾ ਸੀ—ਗੁਰਬਾਣੀ ਪਾਠ ਕੀਤਾ; ਤੇ ਲਗਾਤਾਰ ਪਾਠ ਹੋਵੇ ਤਾਂ ਕਿਹਾ ਜਾਂਦਾ ਹੈ—ਸ੍ਰੀ ਅਖੰਡਪਾਠ; ਤੇ ਕਈ ਦਿਨਾਂ ਵਿਚ ਗੁਰਬਾਣੀ ਪੜ੍ਹ ਕੇ ਸੰਪੂਰਨ ਕਰਨੀ ਹੋਵੇ ਤਾਂ ਕਿਹਾ ਜਾਂਦਾ ਹੈ—ਸਹਿਜ ਪਾਠ ਚੱਲ ਰਿਹਾ ਹੈ। ਡੇਰਾਵਾਦ ਨੇ 'ਪਾਠ' ਸ਼ਬਦ ਦੀ ਥਾਂ 'ਤੇ 'ਜਾਪ' ਸ਼ਬਦ ਦੇ ਦਿੱਤਾ ਹੈ, ਜੋ ਆਮ ਸ੍ਰੀ ਅਖੰਡ ਪਾਠ, ਸਹਿਜ ਪਾਠ, ਸੁਖਮਨੀ ਦੇ ਪਾਠ ਦੀ ਸਮਾਪਤੀ ਉੱਤੇ ਕਿਹਾ ਜਾਣ ਲੱਗ ਪਿਆ ਹੈ, ਅਖੰਡ ਪਾਠ ਦੇ ਜਾਪ ਜਾਂ ਸੁਖਮਨੀ ਸਾਹਿਬ ਦੀ ਬਾਣੀ ਦੇ ਜਾਪ ਹੋਏ ਹਨ ਤੇ ਹੋਰ ਲੰਮੀ ਹੇਕ ਲਾ ਕੇ ਕਿਹਾ ਜਾਣ ਲੱਗ ਪਿਆ ਹੈ—ਰਹਰਾਸਿ ਸਾਹਿਬ ਜੀ ਦੇ ਜਾਪ ਹੋਏ ਹਨ। ਪਾਠ ਤੇ ਜਾਪ ਦੇ ਅੱਖਰੀ ਅਰਥ ਕੀ ਨਿਕਲਦੇ ਹਨ, ਇਹ *ਮਹਾਨ ਕੋਸ਼* ਵਿੱਚੋਂ ਦੇਖਣ ਦੀ ਜ਼ਰੂਰਤ ਹੈ:

ਪਾਠ ਅਥਵਾ ਪਾਠੁ, ਸੰ. ਸੰਗਯਾ—ਪੜ੍ਹਨ ਦੀ ਕ੍ਰਿਯਾ।
੧. ਪਠਨ, ਪੜ੍ਹਾਈ।
੨. ਸਬਕ. ਸੰਥਾ. "ਪਾਠ ਪੜਿਓ ਅਰੁ ਬੇਦ ਬੀਚਾਰਿਓ," (ਸੋਰ ਅ: ਮ: ੫)।
੩. ਪੁਸ੍ਤਕ ਦਾ ਭਾਗ, ਅਧ੍ਯਾਯ।
੪. ਕਿਸੇ ਪੁਸ੍ਤਕ ਅਥਵਾ ਸਤੋਤ੍ਰ ਨੂੰ ਨਿਤ੍ਯ ਪੜ੍ਹਨ ਦੀ ਕ੍ਰਿਯਾ।

ਪਾਠ ਪੜ੍ਹਨ ਵਾਲੇ ਨੂੰ ਸਤਿਕਾਰ ਨਾਲ ਕਿਹਾ ਜਾਂਦਾ ਹੈ—ਪਾਠੀ। ਜਾਪ ਦੇ ਅਰਥ ਇਸ ਪ੍ਰਕਾਰ ਹਨ : ਵਾਹਿਗੁਰੂ ਦੇ ਨਾਮ ਅਥਵਾ ਕਿਸੇ ਮੰਤਰ ਦਾ ਜਪਣਾ, ਜਪ—ਮਨ ਵਿਚ ਕਹਿਣਾ, ਮੰਤ੍ਰ ਪਾਠ, ਤੰਤ੍ਰ ਸ਼ਾਸਤਰ ਅਨੁਸਾਰ ਮੰਤ੍ਰਾਂ ਦੀ ਗਿਣਤੀ, ਭਿੰਨ-ਭਿੰਨ ਸਮੱਗਰੀ ਅਤੇ ਜੁਦਾ-ਜੁਦਾ ਫਲ ਅਨੇਕ ਜਾਪਕਾਂ ਨੇ ਲਿਖੇ ਹਨ, ਜਿਸ ਦੀ ਨਕਲ ਕਿਸੇ ਸਿੱਖ ਨੇ ਗੁਰੂ ਸਾਹਿਬ ਜੀ ਦਾ ਨਾਮ ਲੈ ਕੇ ਸ਼ਰਧਾ ਪੂਰਕ ਪੁਸਤਕ ਵਿਚ ਵੀ ਕੀਤੀ ਹੈ—ਉਹ ਮੰਤ੍ਰ ਅਥਵਾ ਵਾਕ ਜਿਸ ਦਾ ਜਪ ਕੀਤਾ ਜਾਏ। ਗੁਰਬਾਣੀ ਨੂੰ ਮੰਤਰਾਂ ਦੇ ਤਲ ਉੱਤੇ ਅਸੀਂ ਲੈ ਆਂਦਾ ਹੈ ਜਦ ਕਿ ਗੁਰਬਾਣੀ ਜੀਵਨ ਜਾਚ ਦੀ ਮਹਿਕ ਦਾ ਭਰਪੂਰ ਖ਼ਜ਼ਾਨਾ ਹੈ। ਏਸੇ ਤਰ੍ਹਾਂ ਧਰਮਸਾਲ, ਗੁਰਦੁਆਰਾ ਤੇ ਗੁਰੂ-ਘਰ ਸੰਬੰਧੀ ਆਏ ਸ਼ਬਦ ਦੀ ਵਰਤੋਂ ਬਾਰੇ ਵਿਚਾਰ ਕਰਦੇ ਹਾਂ।

ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਅਰਜਨ ਪਾਤਿਸ਼ਾਹ ਜੀ ਤਕ 'ਧਰਮਸਾਲ' ਸ਼ਬਦ ਦੀ ਵਰਤੋਂ ਹੁੰਦੀ ਆਈ ਹੈ। *ਮਹਾਨ ਕੋਸ਼* ਵਿਚ ਧਰਮਸਾਲ ਦੇ ਅਰਥ ਇੰਜ ਆਏ ਹਨ :

ਧਰਮਸਾਲ/ਧਰਮਸਾਲਾ. ਸੰਗਯਾ—ਧਰੰਸ਼ਾਲਾ, ਧਰਮਮੰਦਿਰ।
੨. ਬਿਨਾਂ ਕਰਾਇਆ ਲੈਣ ਦੇ ਜਿਸ ਮਕਾਨ ਵਿਚ ਮੁਸਾਫਿਰਾਂ ਨੂੰ ਨਿਵਾਸ ਦਿੱਤਾ ਜਾਵੇ।
੩. ਸਿੱਖਾਂ ਦਾ ਧਰਮਅਸਥਾਨ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਅਤਿਥਿ ਨੂੰ ਨਿਵਾਸ ਅਤੇ ਅੰਨ ਮਿਲੇ, ਅਰ ਵਿਦ੍ਯਾ ਸਿਖਾਈ ਜਾਵੇ।
੪. ਧਰਮ ਕਮਾਉਣ ਦੀ ਥਾਂ।

ਧਰਮਸਾਲ ਸੰਬੰਧੀ ਗੁਰਬਾਣੀ ਦੇ ਕੁਝ ਵਾਕ ਵਾਚਣ ਯੋਗ ਹਨ :

ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ॥
ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ ॥
ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥
ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥
ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥
ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥

ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥
ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ ॥

(ਗੂਜਰੀ ਕੀ ਵਾਰ ਮਹਲਾ ੫, ਪੰਨਾ 518)

ਹੇ ਦਇਆ ਦੇ ਘਰ ਪ੍ਰਭੂ! ਮੈਂ ਤੈਥੋਂ ਇਹ ਮੰਗਦਾ ਹਾਂ ਕਿ ਮੈਨੂੰ ਦਾਸਾਂ ਦਾ ਦਾਸ ਬਣਾ ਲੈ; ਤੇਰਾ ਨਾਮ ਉਚਾਰਿਆਂ ਹੀ ਮੈਂ ਜਿਊਂਦਾ ਹਾਂ; ਅਤੇ ਨੌਂ ਖ਼ਜ਼ਾਨੇ ਤੇ ਧਰਤੀ ਦਾ ਰਾਜ ਪਾ ਲੈਂਦਾ ਹਾਂ; ਇਹ ਅੰਮ੍ਰਿਤ-ਨਾਮ ਰੂਪ ਖ਼ਜ਼ਾਨਾ ਤੇਰੇ ਸੇਵਕਾਂ ਦੇ ਘਰ ਬਹੁਤ ਹੈ। ਜਦੋਂ ਮੈਂ ਉਨ੍ਹਾਂ ਦੀ ਸੰਗਤ ਵਿਚ ਬੈਠ ਕੇ ਆਪਣੇ ਕੰਨਾਂ ਨਾਲ ਤੇਰਾ ਜੱਸ ਸੁਣਦਾ ਹਾਂ, ਮੈਂ ਨਿਹਾਲ ਹੋ ਜਾਂਦਾ ਹਾਂ। ਜਿਉਂ-ਜਿਉਂ ਉਨ੍ਹਾਂ ਸੇਵਕਾਂ ਦੀ ਸੇਵਾ ਕਰਦਾ ਹਾਂ; ਮੇਰਾ ਸਰੀਰ ਪਵਿੱਤਰ ਹੁੰਦਾ ਹੈ; ਪੱਖਾ ਝੱਲ ਕੇ, ਪਾਣੀ ਢੋਅ ਕੇ; ਚੱਕੀ ਪੀਹ ਕੇ ਤੇ ਉਨ੍ਹਾਂ ਦੇ ਪੈਰ ਧੋ ਕੇ ਖ਼ੁਸ਼ ਹੁੰਦਾ ਹਾਂ। ਹੇ ਪ੍ਰਭੂ! ਮੈਥੋਂ ਆਪਣੇ ਆਪ ਤੋਂ ਕੁਝ ਨਹੀਂ ਹੋ ਸਕਦਾ, ਤੂੰ ਮੇਰੇ ਵੱਲ ਮੇਹਰ ਦੀ ਨਜ਼ਰ ਨਾਲ ਤੱਕ ਤੇ ਮੈਨੂੰ ਗੁਣਹੀਣ ਨੂੰ ਧਰਮਸਾਲ ਭਾਵ ਗੁਰਮੁਖਾਂ ਦੀ ਸੰਗਤ ਵਿਚ ਥਾਂ ਦੇਹ।

ਗੁਰੂਆਂ ਦੇ ਸਮੇਂ 'ਧਰਮਸਾਲ' ਸ਼ਬਦ ਆਮ ਵਰਤਿਆ ਜਾਂਦਾ ਸੀ। ਇਸ ਸੰਬੰਧੀ ਇਕ ਹੋਰ ਵਾਕ ਆਉਂਦਾ ਹੈ, ਜਿਹਾ ਕਿ:

ਮੈ ਬਧੀ ਸਚੁ ਧਰਮ ਸਾਲ ਹੈ ॥ ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥

(ਸਿਰੀਰਾਗੁ ਮਹਲਾ ੫, ਪੰਨਾ 73)

ਗੁਰੂ ਦੇ ਸਿੱਖਾਂ ਨੂੰ ਮੈਂ ਯਤਨ ਨਾਲ ਲੱਭ ਕੇ ਮਿਲਦਾ ਹਾਂ; ਉਨ੍ਹਾਂ ਦੀ ਸੰਗਤ ਵਿਚ ਬੈਠਣ ਲਈ ਮੈਂ ਧਰਮਸਾਲ ਬਣਾਈ ਹੋਈ ਹੈ, ਜਿਥੇ ਮੈਂ ਸਦਾ-ਥਿਰ ਪ੍ਰਭੂ ਨੂੰ ਸਿਮਰਦਾ ਹਾਂ। ਜਿਹੜਾ ਗੁਰਸਿੱਖ ਮਿਲ ਜਾਏ, ਉਸ ਦੇ ਮੈਂ ਲੋੜ ਅਨੁਸਾਰ ਪੈਰ ਧੋਂਦਾ ਹਾਂ, ਉਸ ਨੂੰ ਪੱਖਾ ਝੱਲਦਾ ਹਾਂ ਤੇ ਉਸ ਦੇ ਅਦਬ ਨਾਲ ਪੈਰੀਂ ਵੀ ਲੱਗਦਾ ਹਾਂ।

ਗੁਰੂ ਨਾਨਕ ਸਾਹਿਬ ਜੀ ਨੇ ਸਾਰੀ ਧਰਤੀ ਨੂੰ ਧਰਮਸਾਲ ਕਿਹਾ ਹੈ ਤੇ ਸਾਰੇ ਮਨੁੱਖਾਂ ਨੂੰ ਏਥੇ ਧਰਮ ਦੀ ਕਮਾਈ ਕਰਨ ਲਈ ਕਿਹਾ ਹੈ:

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥ *(ਜਪੁਜੀ, ਪੰਨਾ 7)*

ਰਾਤਾਂ, ਰੁੱਤਾਂ, ਥਿੱਤਾਂ, ਵਾਰ, ਹਵਾ, ਪਾਣੀ, ਅੱਗ ਅਤੇ ਪਾਤਾਲ—ਇਨ੍ਹਾਂ ਸਾਰਿਆਂ ਦੇ ਇਕੱਠ ਵਿਚ ਅਕਾਲ ਪੁਰਖ ਨੇ ਧਰਤੀ ਨੂੰ ਧਰਮ ਕਮਾਉਣ ਦਾ

ਅਸਥਾਨ ਬਣਾ ਕੇ ਟਿਕਾਅ ਦਿੱਤਾ ਹੈ। ਇਸ ਧਰਤੀ ਉੱਤੇ ਕਈ ਜੁਗਤੀਆਂ ਅਤੇ ਰੰਗਾਂ ਦੇ ਜੀਵ ਵੱਸਦੇ ਹਨ, ਜਿਨ੍ਹਾਂ ਦੇ ਅਨੇਕਾਂ ਤੇ ਅਣਗਿਣਤ ਹੀ ਨਾਮ ਹਨ। 'ਧਰਮਸਾਲ' ਸ਼ਬਦ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਵਰਤਿਆ ਹੈ ਤੇ ਕਿਹਾ ਹੈ ਕਿ ਕਰਤਾਰਪੁਰ ਦੀ ਧਰਤੀ 'ਤੇ ਗੁਰੂ ਨਾਨਕ ਸਾਹਿਬ ਜੀ ਨੇ ਧਰਮਸਾਲ ਦੀ ਪੱਕੇ ਤੌਰ 'ਤੇ ਨੀਂਹ ਰੱਖੀ, ਜਿਹਾ ਕਿ ਚੌਵ੍ਹੀਵੀਂ ਵਾਰ ਦੀ ਪਹਿਲੀ ਪਉੜੀ ਵਿਚ ਆਇਆ ਹੈ:

ਧਰਮ ਸਾਲ ਕਰਤਾਰ ਪੁਰੁ ਸਾਧ ਸੰਗਤਿ ਸਚਖੰਡ ਵਸਾਇਆ॥

(ਵਾਰਾਂ ਭਾਈ ਗੁਰਦਾਸ ਜੀ)

ਭਾਈ ਗੁਰਦਾਸ ਜੀ ਨੇ ਧਰਮਸਾਲ ਨੂੰ ਮਾਨਸਰੋਵਰ ਦੀ ਸੰਗਿਆ ਵੀ ਦਿੱਤੀ ਹੈ, ਜਿਥੋਂ ਹੰਸ, ਸੁੱਚੇ ਮੋਤੀ ਚੁਗਦੇ ਹਨ ਤੇ ਸੱਚੇ ਮੋਤੀ ਹੀ ਉਗਲਦੇ ਹਨ, ਇੰਜ ਹੀ ਗੁਰਸਿੱਖ ਧਰਮਸਾਲ ਵਿਚ ਆ ਕੇ ਗੁਰ-ਸ਼ਬਦ ਰੂਪੀ ਸੱਚੇ ਮੋਤੀਆਂ ਦਾ ਵਪਾਰ ਕਰਦੇ ਹਨ। ਨੌਵੀਂ ਵਾਰ ਦੀ ਚੌਦ੍ਹਵੀਂ ਪਉੜੀ ਦਾ ਵਾਕ ਹੈ:

ਧਰਮਸਾਲ ਹੈ ਮਾਨਸਰ ਹੰਸ ਗੁਰ ਸਿਖ ਵਾਹੁ॥
ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ॥

ਭਾਈ ਗੁਰਦਾਸ ਜੀ ਉਨੱਤਵੀਂ ਵਾਰ ਦੀ ਪੰਜਵੀਂ ਪਉੜੀ ਵਿਚ ਧਰਮਸਾਲ ਦਾ ਇਕ ਅਹਿਮ ਨੁਕਤਾ ਦੱਸਦੇ ਹਨ ਕਿ ਏਥੇ ਕਿਸੇ ਵੀ ਜਾਤ ਬਰਾਦਰੀ ਦਾ ਮਨੁੱਖ ਬੈਠ ਸਕਦਾ ਹੈ, ਤੇ ਸਾਰੇ ਗੁਰਸਿੱਖ ਰਲ ਕੇ ਆਪਣੇ ਗੁਰੂ ਸਾਹਿਬ ਜੀ ਦੇ ਪੁਰਬ ਮਨਾ ਸਕਦੇ ਹਨ, ਜਿਹਾ ਕਿ ਵਾਕ ਹੈ:

ਚਾਰਿ ਵਰਨ ਇਕ ਵਰਨ ਹੋਇ ਗੁਰਸਿਖ ਵੜੀਅਨਿ ਗੁਰਮੁਖਿ ਗੋਤੇ॥
ਧਰਮਸਾਲ ਵਿਚਿ ਬੀਜਦੇ ਕਰਿ ਗੁਰਪੁਰਬ ਸੁ ਵਣਜ ਸਓਤੇ॥
ਸਾਧ ਸੰਗਤਿ ਮਿਲਿ ਦਾਦੇ ਪੋਤੇ॥

ਭਾਈ ਗੁਰਦਾਸ ਜੀ ਨੇ ਛੱਬੀਵੀਂ ਵਾਰ ਦੀ ਚੌਵ੍ਹੀਵੀਂ ਪਉੜੀ ਵਿਚ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਪਹਿਲੇ ਗੁਰੂਆਂ ਵਾਂਗ ਧਰਮਸਾਲ ਵਿਚ ਆ ਕੇ ਫਿਰ ਸ਼ਿਕਾਰ ਨੂੰ ਵੀ ਨਿਕਲ ਜਾਂਦੇ ਸਨ, ਵਾਕ ਹੈ:

ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ॥

ਧਰਮਸਾਲ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣਿਆਂ ਕਬਿੱਤਾਂ ਵਿਚ ਵੀ ਕੀਤਾ ਹੈ ਕਿ ਗੁਰਸਿੱਖ ਧਰਮਸਾਲ ਵਿਚ ਆ ਕੇ ਗੁਰੂ ਜੀ ਦੇ ਸ਼ਬਦਾਂ ਨੂੰ ਪਿਆਰ ਨਾਲ ਸੁਣਦੇ ਤੇ ਵਿਚਾਰਦੇ ਸਨ। ਧਰਮਸਾਲ ਵਿਚ ਇਕ ਨਿਸ਼ਾਨ ਸਾਹਿਬ ਵੀ ਲੱਗਾ ਹੁੰਦਾ ਸੀ। ਭਾਈ ਸਾਹਿਬ ਜੀ ਦਾ ਤਿੰਨ ਸੌ ਚਾਲ੍ਹੀਵਾਂ ਕਬਿੱਤ ਇਸ ਪ੍ਰਥਾਏ ਵਿਚਾਰਨਯੋਗ ਹੈ:

ਮਾਨਸਰ ਹੰਸ ਸਾਧਸੰਗਤਿ ਪਰਮ ਹੰਸ,
ਧਰਮ ਧੁਜਾ ਧਰਮਸਾਲਾ ਚਲ ਆਵਹੀ ॥

'ਧਰਮਸਾਲ' ਸ਼ਬਦ ਗੁਰੂ ਅਰਜਨ ਪਾਤਿਸ਼ਾਹ ਜੀ ਦੇ ਸਮੇਂ ਤਕ ਚੱਲਦਾ ਰਿਹਾ ਤੇ ਫਿਰ ਇਸ ਸ਼ਬਦ ਦੀ ਥਾਂ ਗੁਰਦੁਆਰਾ ਸਾਹਿਬ ਜੀ ਨੇ ਲੈ ਲਈ, ਜਿਹਾ ਕਿ ਭਾਈ ਕਾਨ੍ਹ ਸਿੰਘ ਜੀ ਨਾਭਾ *ਮਹਾਨ ਕੋਸ਼* ਵਿਚ ਲਿਖਦੇ ਹਨ:

> ਗੁਰਦੁਆਰ੍‍ਾ—ਗੁਰੁਦ੍ਵਾਰਾ. ਕ੍ਰਿ. ਵਿ.—ਗੁਰੂ ਦੀ ਮਾਰਫਤ, ਗੁਰੂ ਦੇ ਜਿਰੀਏ।
> ੨. ਸੰਗ੍ਯਾ—ਗੁਰੂ ਦਾ ਘਰ।
> ੩. ਸਿੱਖਾਂ ਦਾ ਧਰਮਮੰਦਿਰ, ਉਹ ਅਸਥਾਨ, ਜਿਸ ਨੂੰ ਦਸ ਸਤਿਗੁਰਾਂ ਵਿੱਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਬਣਾਇਆ ਅਥਵਾ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਸ੍ਰੀ ਗੁਰੂ ਨਾਨਕ ਦੇਵ ਤੋਂ ਲੈਕੇ ਗੁਰੂ ਅਰਜਨ ਦੇਵ ਤਕ ਸਿੱਖਾਂ ਦੇ ਧਰਮਮੰਦਿਰ ਦਾ ਨਾਮ "ਧਰਮਸਾਲਾ" ਰਿਹਾ ਹੈ, ਸ੍ਰੀ ਗੁਰੂ ਅਰਜਨ ਦੇਵ ਨੇ ਸਭ ਤੋਂ ਪਹਿਲਾਂ ਅਮ੍ਰਿਤਸਰੋਵਰ ਦੇ ਧਰਮਮੰਦਿਰ ਦੀ "ਹਰਿਮੰਦਿਰ" ਸੰਗ੍ਯਾ ਥਾਪੀ ਅਰ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਧਰਮਸਾਲਾ ਦੀ "ਗੁਰਦੁਆਰਾ" ਸੰਗ੍ਯਾ ਹੋਈ ਹੈ।

ਗੁਰਦੁਆਰੇ ਦੀ ਹੋਰ ਵਿਆਖਿਆ ਕਰਦਿਆਂ ਭਾਈ ਸਾਹਿਬ ਜੀ *ਮਹਾਨ ਕੋਸ਼* ਵਿਚ ਅੱਗੇ ਲਿਖਦੇ ਹਨ ਕਿ ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ; ਆਤਮਿਕ ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਅਚਾਰੀਆ; ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ; ਇਸਤਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗਾ; ਅਰ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ। 'ਗੁਰਦੁਆਰਾ' ਸ਼ਬਦ ਦੀ ਵਰਤੋਂ ਗੁਰਬਾਣੀ ਵਿੱਚੋਂ ਵੀ ਸਾਨੂੰ ਮਿਲਦੀ ਹੈ, ਜੋ ਸਾਡੇ ਲਈ ਦਿਸ਼ਾ-ਨਿਰਦੇਸ਼ ਦਾ ਕੰਮ ਕਰਦੀ ਹੈ। ਕੁਝ ਵਾਕ ਵਿਚਾਰਨਯੋਗ ਹਨ:

ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ ॥

(ਮਾਰੂ ਮਹਲਾ ੫ ਸੋਲਹੇ, ਪੰਨਾ 1075)

ਜਗਿਆਸੂ ਨੇ ਗੁਰਦੁਆਰਾ ਸਾਹਿਬ ਵਿਚ ਆ ਕੇ ਪਵਿੱਤਰ ਗੁਰਬਾਣੀ ਦਾ ਕੀਰਤਨ-ਕਥਾ ਤਥਾ ਗੁਰਬਾਣੀ ਉਪਦੇਸ਼ ਨੂੰ ਸੁਣ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਾਲੇ ਬੋਲ ਬੋਲਣੇ ਹਨ; ਤਾਂ ਕਿ ਮਨ ਵਿੱਚੋਂ ਕਲਾ-ਕਲੇਸ਼ ਸਦਾ ਲਈ ਮੁੱਕ ਜਾਣ, ਰੱਬੀ ਦਰਗਾਹ ਭਾਵ ਸਮਾਜਕ ਭਾਈਚਾਰੇ ਵਿਚ ਮਾਨ ਸਨਮਾਨ ਸਾਨੂੰ ਮਿਲ ਸਕੇ। ਗੁਰਦੁਆਰੇ ਸੰਬੰਧੀ ਕੁਝ ਹੋਰ ਪ੍ਰਮਾਣ ਵੀ ਆਉਂਦੇ ਹਨ, ਜਿਹਾ ਕਿ ਭੱਟ ਕਲ੍ਯ੍ਸਹਾਰ ਜੀ ਆਪਣੇ ਸਵੱਈਆਂ ਵਿਚ ਉਚਾਰਨ ਕਰਦੇ

ਹਨ ਕਿ ਹੇ ਗੁਰੂ ਅੰਗਦ ਪਾਤਸ਼ਾਹ ਜੀਉ! ਤੁਸਾਂ ਗੁਰੂ ਨਾਨਕ ਦੇ ਦਰ ਭਾਵ ਗੁਰਦੁਆਰੇ ਆ ਕੇ ਸਾਰੇ ਸੰਸਾਰ ਨੂੰ ਜਿੱਤ ਲਿਆ ਹੈ:

ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ,
ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥

(ਸਵਈਏ ਮਹਲੇ ਦੂਜੇ ਕੇ, ਪੰਨਾ 1391)

ਗੁਰੂ ਨਾਨਕ ਸਾਹਿਬ ਜੀ ਨੇ ਗੁਰਦੁਆਰੇ ਵਿੱਚੋਂ ਸੋਝੀ ਲੈਣ ਦੀ ਪ੍ਰਤਿਗਿਆ ਦੱਸੀ ਹੈ; ਸੂਹੀ ਰਾਗ ਵਿਚ ਉਨ੍ਹਾਂ ਦਾ ਵਾਕ ਹੈ:

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥
ਏਤੁ ਦੁਆਰੈ ਧੋਇ ਹਛਾ ਹੋਇਸੀ ॥ *(ਸੂਹੀ ਮਹਲਾ ੧, ਪੰਨਾ 730)*

ਗੁਰਦੁਆਰਾ ਸਾਹਿਬ ਦੀ ਹੋਰ ਵਿਆਖਿਆ ਕਰਦਿਆਂ ਭਾਈ ਕਾਨ੍ਹ ਸਿੰਘ ਜੀ ਨਾਭਾ ਅੱਗੇ ਲਿਖਦੇ ਹਨ:

> ਸਤਿਗੁਰਾਂ ਦੇ ਵੇਲੇ ਅਤੇ ਬੁਢੇਦਲ ਦੇ ਸਮੇਂ ਗੁਰਦੁਆਰਿਆਂ ਦਾ ਖ਼ਾਸ ਧਯਾਨ ਰੱਖਿਆ ਜਾਂਦਾ ਸੀ, ਗੁਰਦੁਆਰੀਆ ਉਹ ਹੋਇਆ ਕਰਦਾ ਸੀ ਜੋ ਵਿਦ੍ਵਾਨ ਗੁਰਮਤ ਵਿੱਚ ਪੱਕਾ ਅਤੇ ਉੱਚੇ ਆਚਾਰ ਵਾਲਾ ਹੁੰਦਾ, ਜਮਾਨੇ ਦੀ ਗਰਦਿਸ਼ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਡੋਗਰਿਆਂ ਦੀ ਪ੍ਰਧਾਨਗੀ ਵਿੱਚ ਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਸਾਰਾ ਉਲਟ ਪੁਲਟ ਕਰ ਦਿੱਤਾ, ਜਿਸ ਦਾ ਅਸਰ ਦੇਸ਼ ਦੇ ਗੁਰਦੁਆਰਿਆਂ ਤੇ ਭੀ ਹੌਲੀ-ਹੌਲੀ ਹੋਇਆ ਅਰ ਕੌਮ ਵਿੱਚੋਂ ਜਿਉਂ ਜਿਉਂ ਗੁਰਮਤ ਦਾ ਪ੍ਰਚਾਰ ਲੋਪ ਹੁੰਦਾ ਗਿਆ, ਤਿਉਂ ਤਿਉਂ ਗੁਰਦੁਆਰਿਆਂ ਦੀ ਮਰਯਾਦਾ ਬਿਗੜਦੀ ਗਈ ਅਰ ਇੱਥੋਂ ਤਕ ਦੁਰਦਸ਼ਾ ਹੋਈ ਕਿ ਸਿੱਖ ਗੁਰਦੁਆਰੇ ਕੇਵਲ ਕਹਿਣ ਨੂੰ ਗੁਰਧਾਮ ਰਹਿ ਗਏ।
>
> ਗੁਰਦੁਆਰਿਆਂ ਦੇ ਸੇਵਕਾਂ ਨੇ ਗੁਰਦੁਆਰਿਆਂ ਦੀ ਜਾਯਦਾਦ ਨੂੰ ਆਪਣੀ ਘਰੋਗੀ ਬਣਾ ਲਿਆ ਅਰ ਪਵਿਤ੍ਰ ਅਸਥਾਨਾਂ ਵਿੱਚ ਉਹ ਅਪਵਿਤ੍ਰ ਕੰਮ ਹੋਣ ਲੱਗੇ, ਜਿਨ੍ਹਾਂ ਦਾ ਜਿਕਰ ਕਰਨਾ ਲੱਜਾ ਦਾ ਕਾਰਨ ਹੈ।

ਕਈ ਸੋਢੀ, ਬੇਦੀ, ਭੱਲੇ, ਬਾਵੇ ਇਤਿਆਦਿਕ ਜਾਂ ਪਿਤਾ-ਪੁਰਖੀ ਮਹੰਤਾਂ ਨੇ ਗੁਰਦੁਆਰਿਆਂ 'ਤੇ ਪੱਕੇ ਤੌਰ 'ਤੇ ਕਬਜ਼ਾ ਕਰ ਕੇ ਗੁਰਦੁਆਰਿਆਂ ਨੂੰ ਗੁਰੂ-ਘਰ ਕਹਿਣਾ ਸ਼ੁਰੂ ਕਰ ਦਿੱਤਾ, ਤੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਕਿ ਇਹ ਗੁਰਦੁਆਰੇ ਨਹੀਂ, ਸਗੋਂ ਇਹ ਸਾਡੇ ਨਿੱਜੀ ਅਸਥਾਨ ਹਨ, ਇਸ ਲਈ ਇਹ ਗੁਰੂ-ਘਰ ਹਨ ਤੇ ਹਮੇਸ਼ਾ ਪੱਕੇ ਤੌਰ 'ਤੇ ਕਬਜ਼ਾ ਜਮਾਈ ਰੱਖਣ ਲਈ ਗੁਰਦੁਆਰਾ ਤੋਂ ਗੁਰੂ-ਘਰ ਵਿਚ ਤਬਦੀਲ ਕਰ ਲਿਆ।

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਇਕ ਜਗ੍ਹਾ *ਮਹਾਨ ਕੋਸ਼* ਵਿਚ

'ਗੁਰੁਗ੍ਰਿਹ' ਲਿਖਦਿਆਂ 'ਗੁਰੁਸੰਪ੍ਰਦਾਯ, ਗੁਰੁਪੱਧਿਤ' ਵੀ ਲਿਖਿਆ ਹੈ, ਇਸ ਦਾ ਅਰਥ ਇਹ ਹੋਇਆ ਕਿ ਜਿਥੇ ਲਗਾਤਾਰ ਗੁਰੂ ਕੁੱਲ ਜਾਂ ਕਿਸੇ ਮਹੰਤ ਦਾ ਕਬਜ਼ਾ ਤੁਰਿਆ ਆ ਰਿਹਾ ਹੈ, ਉਨ੍ਹਾਂ ਨੇ ਗੁਰਦੁਆਰੇ ਦੇ ਨਾਂ ਦੀ ਥਾਂ ਗੁਰੂ-ਘਰ ਬਣਾ ਲਿਆ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਵਿਚ ਧਰਮ ਦੀ ਸਿੱਖਿਆ ਜਿਥੋਂ ਪ੍ਰਾਪਤ ਹੁੰਦੀ ਸੀ, ਉਸ ਦਾ ਨਾਂ ਰੱਖਿਆ ਗਿਆ ਧਰਮਸਾਲ; ਜਿਥੇ ਸੰਗਤ ਦਾ ਇਕੱਠ ਜ਼ਿਆਦਾ ਹੁੰਦਾ ਸੀ, ਉਸ ਦਾ ਨਾਂ ਬਾਅਦ ਵਿਚ ਗੁਰਦੁਆਰਾ ਬੜੀ ਸੰਗਤ ਵੀ ਪ੍ਰਸਿੱਧ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਧਰਮਸਾਲ ਦੇ ਨਾਲ 'ਗੁਰਦੁਆਰਾ' ਸ਼ਬਦ ਵੀ ਪ੍ਰਚਲਿਤ ਹੋ ਗਿਆ। ਮਹੰਤਾਂ ਦੇ ਜ਼ਮਾਨੇ ਤੋਂ 'ਗੁਰਦੁਆਰਾ' ਸ਼ਬਦ ਦੀ ਥਾਂ 'ਤੇ ਕਬਜ਼ਾ ਜਮਾਈ ਰੱਖਣ ਦੀ ਨੀਯਤ ਨਾਲ ਗੁਰੂ-ਘਰ ਪ੍ਰਸਿੱਧ ਹੋ ਗਿਆ।

ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ ਕਿ ਸਮੇਂ ਦੇ ਗੇੜ ਨਾਲ ਜਦ ਹਿੰਦੁਸਤਾਨ ਦੇ ਅਨੇਕ ਮਤ ਦੇ ਲੋਕਾਂ ਨੇ ਆਪਣੇ ਸਮਾਜ ਅਤੇ ਧਰਮ ਦੇ ਸੁਧਾਰ ਲਈ ਜਥੇ ਬਣਾਏ, ਸਿੱਖਾਂ ਨੂੰ ਵੀ ਹੋਸ਼ ਆਈ ਤਾਂ ਉਨ੍ਹਾਂ ਨੇ ਸਿੰਘ ਸਭਾਵਾਂ ਅਰ ਖ਼ਾਲਸਾ ਦੀਵਾਨ ਬਣਾ ਕੇ ਧਰਮ ਅਤੇ ਸਮਾਜ ਦਾ ਸੁਧਾਰ ਅਰੰਭਿਆ, ਖ਼ਾਲਸਾ ਅਖ਼ਬਾਰ, ਅਖ਼ਬਾਰ ਸਮਾਚਾਰ ਅਤੇ ਖ਼ਾਲਸਾ ਟ੍ਰੈਕਟ ਸੁਸਾਇਟੀਆਂ ਦੁਆਰਾ ਉੱਤਮ ਲੇਖ ਨਿਕਲਣ ਲੱਗੇ; ਜਿਸ ਤੋਂ ਕੌਮ ਜਾਗਰਤ ਅਵਸਥਾ ਵਿਚ ਆਈ।

ਮਹੰਤਾਂ ਤੋਂ ਗੁਰਦੁਆਰੇ ਤਾਂ ਅਸਾਂ ਅਜ਼ਾਦ ਕਰਾ ਲਏ, ਪਰ ਧਰਮ ਪ੍ਰਚਾਰ ਦੀ ਬਹੁਤੀ ਵਧੀਆ ਗੱਲ ਨਾ ਹੋ ਪਾ ਸਕੀ। ਪੱਕੇ ਤੌਰ 'ਤੇ ਆਪਣੀ ਪਾਰਟੀ ਦਾ ਕਬਜ਼ਾ ਜਮਾਈ ਰੱਖਣ ਲਈ ਇਕ ਵਾਰੀ ਫਿਰ ਅਸਾਂ ਗੁਰਦੁਆਰਿਆਂ ਦੇ ਨਾਂ ਦੀ ਥਾਂ 'ਤੇ ਗੁਰੂ-ਘਰ ਸ਼ਬਦ ਲੈ ਆਂਦਾ ਹੈ। ਧਰਮਸਾਲ ਜਿਥੋਂ ਧਰਮ ਦੀ ਗੱਲ ਸਮਝਣੀ ਸੀ, ਜਿਥੇ ਧਰਮ ਦੀ ਮਰਯਾਦਾ ਦੁਆਰਾ ਆਪਣੇ ਜੀਵਨ ਨੂੰ ਘੜਨਾ ਸੀ, ਗੁਰਦੁਆਰਾ ਜਿਥੋਂ ਧਰਮ ਦੀ ਸੋਝੀ ਲੈਣੀ ਸੀ; ਤੇ ਗੁਰੂ-ਘਰ ਜਿਥੇ ਹੁਣ ਪੱਕੇ ਤੌਰ 'ਤੇ ਕਬਜ਼ਾ ਜਮਾਈ ਰੱਖਣ ਲਈ ਨਿੱਤ ਲੜਾਈ ਝਗੜਾ ਹੁੰਦਾ ਹੈ। ਗੁਰੂ ਇਕ ਪੁੱਲ ਹੈ ਜਿਸ ਦਾ ਇਕ ਸਿਰਾ ਸੰਸਾਰ ਨਾਲ ਤੇ ਦੂਜਾ ਸਿਰਾ ਨਿਰੰਕਾਰ ਨਾਲ ਜੁੜਿਆ ਹੋਇਆ ਹੈ। ਇਸ ਪੁੱਲ ਰਾਹੀਂ ਲੰਘ ਕੇ ਅਸਾਂ ਨਿਰੰਕਾਰ ਪਾਸ ਪਹੁੰਚਣਾ ਹੈ। ਗੁਰੂ ਇਕ ਦੁਆਰ ਹੈ ਜਿਸ ਦੁਆਰ ਰਾਹੀਂ ਅਸੀਂ ਲੰਘ ਕੇ ਨਿਰੰਕਾਰ ਨੂੰ ਪਾਉਣਾ ਹੈ; ਦੁਆਰ, ਦਰਵਾਜ਼ਾ ਲੰਘਣ ਦਾ ਰਸਤਾ ਭਾਵ ਗੁਰੂ ਸਾਹਿਬ ਜੀ ਦੀ ਬਾਣੀ ਦਾ ਪਵਿੱਤਰ ਉਪਦੇਸ਼, ਜਿਸ ਨੂੰ ਸੁਣ-ਪੜ੍ਹ ਜੀਵਨ ਵਿਚ ਅਪਨਾ ਕੇ ਰੱਬ ਜੀ ਪਾਸ ਪਹੁੰਚਣਾ, ਭਾਵ ਸੁਭਾਅ ਵਿਚ

ਸਦ-ਗੁਣਾਂ ਨੂੰ ਲਿਆਉਣਾ। ਪੰਥ ਪਰਵਾਨਿਤ ਰਹਿਤ ਮਰਯਾਦਾ ਵਿਚ ਵੀ 'ਗੁਰਦੁਆਰਾ' ਸ਼ਬਦ ਦੀ ਹੀ ਵਰਤੋਂ ਕੀਤੀ ਗਈ ਹੈ।

ਕੀ ਦੇਸ ਤੇ ਕੀ ਪ੍ਰਦੇਸ, ਨਿੱਜੀ ਚੌਧਰ ਦੀ ਖ਼ਾਤਰ ਨਿੱਤ ਦੇ ਲੜਾਈ ਝਗੜੇ ਆਮ ਗੁਰਦੁਆਰਿਆਂ ਵਿਚ ਦੇਖਣ ਨੂੰ ਮਿਲ ਜਾਂਦੇ ਹਨ। ਆਮ ਸ਼ਬਦ ਪ੍ਰਚੱਲਤ ਹੋ ਗਿਆ ਹੈ—ਗੁਰੂ-ਘਰ ਜਾਣਾ ਹੈ। ਇਸ ਦਾ ਅਰਥ ਹੈ—ਅੱਗੇ ਨਹੀਂ ਤੁਰਨਾ, ਲੰਗਰ ਛਕਿਆ, ਗੱਪ-ਸ਼ੱਪ ਲਗਾਈ, ਲੜਾਈ ਝਗੜਾ ਦੇਖਿਆ ਤੇ ਆਪਣੇ ਘਰ ਨੂੰ ਤੁਰਦੇ ਬਣਦੇ ਹਾਂ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸੰਸਾਰ ਦੇ ਝਮੇਲਿਆਂ ਦਾ ਸਤਾਇਆ ਹੋਇਆ ਮਨੁੱਖ ਗੁਰਦੁਆਰੇ ਜਾਂਦਾ ਹੈ, ਤੇ ਜੇ ਏਥੇ ਵੀ ਮਾਇਆ ਦਾ ਹੀ ਪ੍ਰਭਾਵ ਦੇਖਣ ਨੂੰ ਮਿਲੇ ਤਾਂ ਫਿਰ ਆਤਮਿਕ ਸ਼ਾਂਤੀ ਲਈ ਕਿਥੇ ਜਾਇਆ ਜਾਏ ? ਭਾਈ ਸਾਹਿਬ ਜੀ ਦਾ ਇਕ ਕਬਿੱਤ ਵਾਚਣਯੋਗ ਹੈ :

> **ਬਾਹਰ ਕੀ ਅਗਨਿ ਬੂਝਤ ਜਲ ਸਰਿਤਾ ਕੈ,**
> **ਨਾਉ ਮੈ ਜਉ ਅਗਨਿ ਲਾਗੈ ਕੈਸੇ ਕੈ ਬੁਝਾਈਐ॥**
> **ਬਾਹਰ ਸੈ ਭਾਗਿ ਓਟ ਲੀਜੀਅਤ ਕੋਟ ਗੜ,**
> **ਗੜ ਮੈ ਜਉ ਲੂਟਿ ਲੀਜੈ ਕਹੋ ਕਤ ਜਾਈਐ॥**
> **ਚੋਰਨ ਕੈ ਤ੍ਰਾਸ ਜਾਇ ਸਰਨਿ ਗਹੈ ਨਰਿੰਦ,**
> **ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ॥**
> **ਮਾਇਆ ਡਰ ਡਰਪਤ ਹਾਰਿ ਗੁਰ-ਦੁਆਰੈ ਜਾਵੈ,**
> **ਤਹਾ ਜਉ ਮਾਇਆ ਬਿਆਪੈ ਕਹਾ ਠਹਰਾਈਐ॥੫੪੪॥**

ਭਾਈ ਸਾਹਿਬ ਜੀ ਲਿਖਦੇ ਹਨ ਕਿ ਜੇ ਕਿਸੇ ਮਕਾਨ ਜਾਂ ਦੁਕਾਨ ਨੂੰ ਅੱਗ ਲੱਗ ਜਾਏ ਤਾਂ ਉਸ ਨੂੰ ਨਦੀ ਦੇ ਪਾਣੀ ਦੁਆਰਾ ਬੁਝਾ ਲਿਆ ਜਾਂਦਾ ਹੈ; ਪਰ ਜੇ ਨਦੀ ਦੇ ਵਿਚਕਾਰ ਖਲੋਤੀ ਹੋਈ ਬੇੜੀ ਨੂੰ ਹੀ ਅੱਗ ਲੱਗ ਜਾਏ ਤਾਂ ਉਸ ਨੂੰ ਕਿਹੜੇ ਪਾਣੀ ਨਾਲ ਬੁਝਾਇਆ ਜਾਏਗਾ ? ਮੁਸਾਫ਼ਰ ਲੁੱਟ ਦੇ ਡਰੋਂ ਕਿਲ੍ਹੇ ਵਿਚ ਜਾ ਕੇ ਸਹਾਰਾ ਲੈਂਦਾ ਹੈ ਕਿ ਮੈਂ ਨਾ ਲੁੱਟਿਆ ਜਾਵਾਂ, ਪਰ ਜੇ ਮੁਸਾਫ਼ਰ ਕਿਲ੍ਹੇ ਵਿਚ ਜਾ ਕੇ ਲੁੱਟਿਆ ਜਾਏ ਤਾਂ ਉਹ ਵਿਚਾਰਾ ਕਿਥੇ ਜਾਏਗਾ ? ਚੋਰਾਂ ਦੇ ਡਰ ਤੋਂ ਮੁਕਤ ਹੋਣ ਲਈ ਜੇ ਕੋਈ ਰਾਜੇ ਦੀ ਸ਼ਰਨ ਵਿਚ ਆਉਂਦਾ ਹੈ, ਪਰ ਜੇ ਰਾਜਾ ਹੀ ਉਨ੍ਹਾਂ ਨੂੰ ਲੁੱਟ ਲਏ ਤਾਂ ਉਹ ਵਿਚਾਰਾ ਫਿਰ ਕਿਸ ਦੀ ਸ਼ਰਨ ਲਏ ? ਸੰਸਾਰ ਦੇ ਝਮੇਲਿਆਂ, ਲੜਾਈ-ਝਗੜਿਆਂ, ਚਿੰਤਾਵਾਂ ਤੇ ਪਦਾਰਥ-ਮਾਇਆ ਦਾ ਸਤਾਇਆ ਹੋਇਆ ਮਨੁੱਖ ਗੁਰਦੁਆਰੇ ਆਉਂਦਾ ਹੈ ਕਿ ਮੈਨੂੰ ਆਤਮਿਕ ਸੁਖ ਮਿਲ ਜਾਏ ਪਰ ਜੇ ਏਥੇ ਆ ਕੇ ਵੀ ਮਨੁੱਖ ਨੂੰ ਸੁਖ ਨਾ ਮਿਲਿਆ ਤਾਂ ਉਹ ਕਿਥੇ ਜਾਏਗਾ। ਮੁਬਾਰਕ ਹੈ ਉਨ੍ਹਾਂ ਗੁਰਦੁਆਰਿਆਂ

ਦੇ ਜੋ ਲੜਾਈ ਝਗੜੇ ਤੋਂ ਬਚੇ ਹੋਏ ਹਨ, ਪਰ ਜਿੰਨੀ ਨਿਘਾਰਤਾ ਇਸ ਦੌਰ ਅੰਦਰ ਦੇਖਣ ਨੂੰ ਮਿਲ ਰਹੀ ਹੈ, ਏਨੀ ਪਹਿਲਾਂ ਨਹੀਂ ਸੀ ਦਿਖਾਈ ਦੇਂਦੀ।

ਸਾਡੀ ਸਾਰੀ ਵਿਚਾਰ ਚਰਚਾ ਕਰਨ ਦਾ ਅਰਥ ਹੈ ਕਿ ਗੁਰਦੁਆਰਾ ਕਹਿਣ ਨਾਲ ਇਹ ਭਾਵਨਾ ਪ੍ਰਗਟ ਹੁੰਦੀ ਹੈ ਕਿ ਏਥੋਂ ਸਿੱਖ ਨੇ ਉਪਦੇਸ਼ ਤਥਾ ਗੁਰ-ਗਿਆਨ ਪ੍ਰਾਪਤ ਕਰਨਾ ਹੈ; ਇਹ ਗੁਰ-ਉਪਦੇਸ਼ ਹੀ ਦੁਆਰ ਹੈ, ਜਿਸ ਉੱਤੇ ਚੱਲਿਆਂ (ਲੰਘਿਆਂ) ਪਰਮਾਤਮਾ ਤਕ ਪਹੁੰਚਣ ਦੀ ਰਸਾਈ ਹੋ ਸਕਦੀ ਹੈ। ਪੰਥ ਨੇ ਵੀ 'ਗੁਰਦੁਆਰਾ' ਸ਼ਬਦ ਦੀ ਹੀ ਵਰਤੋਂ ਕੀਤੀ ਹੈ। ਭਾਰਤ ਵਿਚ ਘੱਟ ਤੇ ਬਾਹਰਲੇ ਮੁਲਕਾਂ ਵਿਚ ਜ਼ਿਆਦਾ 'ਗੁਰਦੁਆਰਾ' ਸ਼ਬਦ ਦੀ ਥਾਂ 'ਤੇ 'ਗੁਰੂ-ਘਰ' ਸ਼ਬਦ ਦੀ ਆਮ ਵਰਤੋਂ ਕੀਤੀ ਜਾਣ ਲੱਗ ਪਈ ਹੈ। ਇਸ ਦਾ ਨਤੀਜਾ ਇਹ ਨਿਕਲ ਰਿਹਾ ਹੈ—ਅੱਜ ਅਸੀਂ ਗੁਰਮਤਿ ਸਿੱਖਣ ਲਈ ਤਿਆਰ ਨਹੀਂ ਹਾਂ, ਸਿਰਫ਼ ਗੁਰੂ-ਘਰ ਆਉਣ ਤਕ ਸੀਮਤ ਰਹਿ ਗਏ ਹਾਂ, ਜਿਸ ਦੇ ਫਲਸਰੂਪ ਕਈ ਪ੍ਰਕਾਰ ਦੀ ਸਿੱਖੀ ਦੇਖਣ ਨੂੰ ਮਿਲ ਰਹੀ ਹੈ। ਜਿਸ ਤਰ੍ਹਾਂ ਮਹੰਤਾਂ ਨੇ ਪੱਕੇ ਤੌਰ 'ਤੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਲਿਆ ਸੀ ਤੇ ਗੁਰਦੁਆਰੇ ਨੂੰ ਕਹਿੰਦੇ ਸਨ ਕਿ ਇਹ ਸਾਡਾ ਆਪਣਾ ਗੁਰੂ-ਘਰ ਹੈ ਇਸ ਲਈ ਏਥੇ ਸਾਡੀ ਹੀ ਮਰਯਾਦਾ ਚੱਲੇਗੀ ਤੇ ਜੇ ਅੱਜ ਵੀ ਗੁਰਦੁਆਰਿਆਂ ਵਿਚ ਸਥਾਈ ਕਬਜ਼ੇ ਦੀ ਚਾਹਨਾ ਰੱਖ ਕੇ ਗੁਰਦੁਆਰਿਆਂ ਨੂੰ ਗੁਰੂ-ਘਰ ਦਾ ਨਾਮ ਦੇ ਦਿੱਤਾ ਹੈ, ਜੋ ਅਭੋਲ ਹੀ ਨਾ-ਸਮਝੀ ਹੋ ਰਹੀ ਹੈ; ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਕੋਈ ਰਾਮਗੜ੍ਹੀਆ ਗੁਰੂ-ਘਰ, ਕੋਈ ਰਾਮਦਾਸੀਆ ਗੁਰੂ-ਘਰ, ਕੋਈ ਦੁਖ ਨਿਵਾਰਨ ਗੁਰੂ-ਘਰ ਅਤੇ ਨਿੱਜੀ ਨਾਵਾਂ 'ਤੇ ਜਿਵੇਂ ਭਗਵਾਨ ਸਿੰਘ ਗੁਰਦੁਆਰਾ, ਭਾਈ ਰੂਮੀ ਵਾਲਾ ਗੁਰਦੁਆਰਾ ਤੇ ਪਤਾ ਨਹੀਂ ਹੋਰ ਕਿੰਨੇ ਅਸੀਂ ਗੁਰੂ-ਘਰ ਬਣਾ ਲਏ ਹਨ। ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਵੀ *ਗੁਰਮਤ ਮਾਰਤੰਡ* ਵਿਚ 'ਗੁਰਦੁਆਰਾ' ਸ਼ਬਦ ਦੀ ਹੀ ਵਰਤੋਂ ਕੀਤੀ ਹੈ। ਭਾਈ ਸਾਹਿਬ ਜੀ ਨੇ ਸਿੱਖ ਕੌਮ ਵਿੱਚੋਂ ਬਹੁਤ ਹੀ ਸੋਹਣੇ ਤਰੀਕੇ ਨਾਲ ਗੁਰਬਾਣੀ ਦੁਆਰਾ ਵਹਿਮ-ਭਰਮ ਕੱਢੇ ਹਨ। ਦੇਖਣ ਵਿਚ ਇਹ ਆ ਰਿਹਾ ਹੈ ਕਿ ਅਸੀਂ ਗੁਰਦੁਆਰਿਆਂ ਦੇ ਵਿਚ ਹੀ ਵਹਿਮਾਂ-ਭਰਮਾਂ ਦੇ ਸ਼ਿਕਾਰ ਹੋ ਗਏ ਹਾਂ।

ਗੁਰਮਤ ਮਾਰਤੰਡ ਦੇ ਪੰਨਾ 382-83 ਉੱਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ:

> ਗੁਰੁਦ੍ਵਾਰੇ ਜੁੱਤੀ ਉਤਾਰ ਕੇ ਜਾਣਾ—ਫ਼ਰਸ਼ 'ਤੇ ਬੈਠਣ ਸਮੇਂ ਜੁੱਤੀ ਸਮੇਤ ਬੈਠ ਨਹੀਂ ਸਕਦੇ ਅਤੇ ਗੰਦੇ ਥਾਈਂ ਫਿਰਣ ਤੋਂ ਜੁੱਤੀ ਅਪਵਿੱਤ੍ਰ ਹੈ, ਇਸ ਲਈ ਗੁਰੁਦ੍ਵਾਰੇ ਜੁੱਤੀ ਉਤਾਰ ਕੇ ਜਾਣਾ ਚਾਹੀਏ ਅਤੇ ਦੀਵਾਨ ਵਿੱਚ ਭੀ ਜੋੜਾ ਉਤਾਰ ਕੇ ਬੈਠਣਾ ਚਾਹੀਏ, ਪਵਿੱਤਰ ਸਥਾਨਾਂ ਵਿੱਚ ਜੁੱਤੀ ਉਤਾਰ ਕੇ ਜਾਣਾ ਬਾਈਬਲ (Bible) ਵਿੱਚ ਭੀ ਵੇਖਿਆ ਜਾਂਦਾ ਹੈ ਅਤੇ 'ਕੁਰਾਨ ਸ਼ਰੀਫ਼' ਵਿੱਚ ਭੀ ਇਸ ਦੀ ਪੁਸ਼ਟੀ ਹੈ।

> ਕਿਤਨੇ ਪ੍ਰੇਮੀ ਸਿੱਖ, ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰ 'ਤੇ ਰੱਖ ਕੇ ਸਫ਼ਰ ਕਰਦੇ ਹੋਏ ਅਥਵਾ ਗੁਰੂ ਸਾਹਿਬ ਦੀ ਪਾਲਕੀ ਉਠਾਉਂਦੇ ਹੋਏ ਜੁੱਤੀ ਉਤਾਰ ਕੇ ਨੰਗੇ ਪੈਰੀਂ ਜਾਂਦੇ ਹਨ, ਅਰ ਚੌਰ ਕਰਨ ਵਾਲਾ ਅਤੇ ਕੀਰਤਨੀਏ ਸਿੱਖ ਜੁੱਤੀ ਉਤਾਰ ਦੇਂਦੇ ਹਨ, ਪਰ ਇਹ ਅਵਿਦਯਾ ਅਤੇ ਭ੍ਰਮ ਮੂਲਕ ਕਰਮ ਹੈ, ਰਸਤੇ ਵਿਚ ਜੁੱਤੀ ਉਤਾਰ ਕੇ ਜਾਣਾ ਯੋਗਯ ਨਹੀਂ, ਜੇ ਜੁੱਤੀ ਦੀ ਭਿੱਟ ਅਪਵਿੱਤ੍ਰਤਾ ਦਾ ਕਾਰਣ ਹੋ ਸਕਦੀ ਹੈ, ਤਦ ਰਸਤੇ ਵਿੱਚ ਪਿਆ ਖੰਘਾਰ, ਕੁੱਤੇ ਆਦਿ ਜੀਵਾਂ ਦਾ ਮਲ ਮੂਤ੍ਰ ਪੈਰਾਂ ਨੂੰ ਕਿਤਨਾ ਵਧ ਕੇ ਅਪਵਿੱਤ੍ਰ ਕਰ ਸਕਦਾ ਹੈ ? ਕੰਕਰ ਕੰਡਾ ਆਦਿ ਪੈਰਾਂ ਨੂੰ ਦੂਖ ਦਾ ਕਾਰਨ ਹੁੰਦੇ ਹਨ। ਸ੍ਰੀ ਗੁਰੂ ਸਾਹਿਬਾਨ ਦੀ ਅੜਦਲ ਵਿੱਚ ਜੋ ਸਿੱਖ ਸੇਵਕ ਚੱਲਦੇ ਸਨ, ਉਹ ਨਗਨ ਚਰਨ ਨਹੀਂ ਹੋਇਆ ਕਰਦੇ ਸਨ, ਗੁਰਸਿੱਖਾਂ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਵਾਕ "ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥" ਅਤੇ ਦਸਮੇਸ਼ ਜੀ ਦਾ ਵਾਕ "ਬੰਦਰਾ ਸਦੀਵ ਪਾਇ ਨਾਗੇ ਈ ਫਿਰਤ ਹੈ॥" ਸਦਾ ਮਨ ਵਿਚ ਵਸਾ ਕੇ ਪਾਖੰਡ ਕਰਮਾਂ ਤੋਂ ਬਚਣਾ ਚਾਹੀਏ।

ਭਾਈ ਸਾਹਿਬ ਜੀ ਨੇ ਗੁਰਦੁਆਰਿਆਂ ਵਿੱਚੋਂ ਇਕ ਹੋਰ ਵਹਿਮ ਵੀ ਕੱਢਿਆ ਹੈ, ਪਰ ਇਸ ਦਾ ਵੀ ਅਸੀਂ ਪੂਰਾ-ਪੂਰਾ ਸ਼ਿਕਾਰ ਹੋ ਚੁੱਕੇ ਹਾਂ :

> ਗੁਰੁਦ੍ਵਾਰੇ ਪੈਰ ਧੋ ਕੇ ਜਾਣਾ—ਗੁਰੁਦ੍ਵਾਰੇ ਸਾਫ਼ ਪੈਰਾਂ ਅਤੇ ਸਾਫ਼ ਜੁਰਾਬਾਂ ਨਾਲ ਜਾਣਾ ਚਾਹੀਏ, [ਜੁਰਾਬਾਂ] ਮੈਲੇ ਪੈਰ ਅਤੇ ਮੈਲੀਆਂ ਜੁਰਾਬਾਂ ਲੈ ਜਾਣੀਆਂ ਨਿੰਦਿਤ ਹਨ। ਕਈ ਥਾਈਂ ਪੈਰ ਧੋਣ ਲਈ ਕੁੰਡ ਬਣੇ ਹੋਏ ਹਨ, ਉਨ੍ਹਾਂ ਵਿੱਚ ਬਹੁਤ ਲੋਕ ਪੈਰ ਧੋ ਕੇ ਜਲ ਗੰਦਾ ਕਰ ਦੇਂਦੇ ਹਨ, ਅਰ ਗਿੱਲੇ ਪੈਰੀਂ ਜਾ ਕੇ ਗੁਰੁਦ੍ਵਾਰੇ ਦੇ ਫਰਸ਼ ਅਰ ਵਿਛਾਈ ਦੇ ਵਸਤ੍ਰਾਂ ਨੂੰ ਦਾਗੀ ਕਰ ਦੇਂਦੇ ਹਨ।
> ਜਿਥੇ ਪੈਰ ਧੋਣ ਦੀ ਰੀਤਿ ਹੋਵੇ, ਉਥੇ ਪੈਰ ਪੂੰਝਣ ਲਈ ਵਸਤ੍ਰ ਦਾ ਭੀ ਪ੍ਰਬੰਧ ਹੋਣਾ ਚਾਹੀਏ, ਜੇ ਐਸਾ ਨਾ ਹੋ ਸਕੇ ਤਾਂ ਸੁੱਕੇ ਪੈਰੀਂ ਜਾਣਾ ਹੀ ਉੱਤਮ ਹੈ, ਕਿਉਂਕਿ ਸਿੱਖ ਧਰਮ ਵਿੱਚ ਜੁੱਤੀ ਦੇ ਸਪਰਸ਼ ਤੋਂ ਪੈਰ ਭਿੱਟ ਨਹੀਂ ਹੋਂਦੇ। ਬਾਜ਼ਾਰ, ਗਲੀ ਵਿਚਦੀਂ ਨੰਗੇ ਪੈਰੀਂ ਗੁਰੁਦ੍ਵਾਰੇ ਆਉਣ ਵਾਲਿਆਂ ਨੂੰ ਪੈਰ ਜ਼ਰੂਰ ਧੋਣੇ ਚਾਹੀਏ।

ਦੇਖਣ ਵਿਚ ਇਹ ਆਇਆ ਹੈ ਕਿ ਜਿਥੇ-ਜਿਥੇ 'ਗੁਰੂ-ਘਰ' ਸ਼ਬਦ ਦੀ ਵਰਤੋਂ ਹੋ ਰਹੀ ਹੈ, ਉਥੇ-ਉਥੇ ਹੀ ਗੁਰਦੁਆਰਿਆਂ ਵਿਚ ਬਹੁਤ ਸਾਰੇ ਵਹਿਮਾਂ ਨੇ ਜਨਮ ਲੈ ਲਿਆ ਹੈ। ਦੁਆਰ, ਦਰਵਾਜ਼ਾ, ਰਸਤਾ ਭਾਵ ਗੁਰੂ ਸਾਹਿਬ ਜੀ ਦਾ ਉਪਦੇਸ਼ ਜਿਸ ਨੂੰ ਸਮਝ-ਵਿਚਾਰ ਕੇ ਇਸ ਜੀਵਨ ਦੇ ਵਿਚ ਹੀ ਪਰਮਾਤਮਾ ਦਾ ਰੂਪ ਬਣਨਾ ਹੈ। ਗੁਰੂ-ਘਰ ਕਹਿਣ ਨਾਲ ਸਦਾ ਕਬਜ਼ਾ ਜਮਾਈ ਰੱਖਣ ਦੀ ਭਾਵਨਾ ਉਤਪੰਨ ਹੁੰਦੀ ਹੈ ਜਦ ਕਿ ਗੁਰਦੁਆਰਾ ਕਹਿਣ ਨਾਲ ਉਪਦੇਸ਼ ਲੈਣ ਦੀ ਭਾਵਨਾ ਜਨਮ ਲੈਂਦੀ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ 'ਗੁਰਦੁਆਰਾ' ਸ਼ਬਦ ਦੀ ਵਰਤੋਂ ਕਰਦਿਆਂ ਪੰਥ ਸਾਹਮਣੇ ਇਕ ਤਰਲਾ ਵੀ ਰੱਖ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥ ਦੇ ਵਿਚਾਰਵਾਨ ਸਾਰੇ ਜਥੇ ਅਤੇ ਸਮਾਜ, ਦਿਲੋਂ ਚਾਹੁੰਦੇ ਹਨ ਕਿ ਗੁਰਦੁਆਰਿਆਂ ਦਾ ਪ੍ਰਬੰਧ ਹੋਰਨਾਂ ਲਈ ਉਦਾਹਰਣ ਰੂਪ ਹੋਵੇ; ਪਰ :

1. ਜਦ ਤੀਕ ਗੁਰਦੁਆਰਿਆਂ ਦੇ ਸੇਵਕ ਗੁਰਮਤਿ ਦੇ ਪੂਰੇ ਗਿਆਤਾ; ਵਿਦਵਾਨ ਅਤੇ ਸਦਾਚਾਰੀ ਨਹੀਂ ਹੁੰਦੇ;
2. ਜਦ ਤੀਕ ਨਿਰਮਲੇ, ਉਦਾਸੀ, ਨਿਹੰਗ, ਨਾਮਧਾਰੀ ਆਦਿਕ ਫ਼ਿਰਕੇ ਤੁਅੱਸਬ ਛੱਡ ਕੇ ਆਪਣੇ ਤਾਈਂ ਇਕ ਪਿਤਾ ਦੇ ਪੁੱਤਰ ਜਾਣ ਕੇ ਭਰਾਤ੍ਰੀ-ਭਾਵ ਦਾ ਵਰਤਾਉ ਨਹੀਂ ਕਰਦੇ;
3. ਜਦ ਤੀਕ ਮਾਇਆ ਦੇ ਜਾਲ ਤੋਂ ਮੁਕਤ ਹੋ ਕੇ ਨਿਸ਼ਕਾਮ ਸੇਵਾ ਨੂੰ ਆਪਣਾ ਆਦਰਸ਼ ਨਹੀਂ ਬਣਾਉਂਦੇ, ਤਦ ਤੀਕ 'ਸੁਧਾਰ' ਅਤੇ 'ਪ੍ਰਬੰਧ' ਸ਼ਬਦ ਕੇਵਲ ਲਿਖਣ ਅਤੇ ਬੋਲਣ ਵਿਚ ਹੀ ਰਹਿਣਗੇ।

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥
ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥
ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥

(ਬਿਹਾਗੜੇ ਕੀ ਵਾਰ, ਮ: ੩, ਪੰਨਾ 554)

...ਬਕਬਾਦੁ ਲਾਇਓ

ਗੁਰੂ ਅਰਜਨ ਪਾਤਿਸ਼ਾਹ ਜੀ ਦੇ ਚਾਰ ਸੌ ਸਾਲਾ ਸ਼ਹੀਦੀ ਪੁਰਬ ਸਮੇਂ ਬਹਿਰੀਨ ਜਾਣ ਦਾ ਮੌਕਾ ਬਣਿਆ ਤੇ ਇਕ ਪਰਿਵਾਰ ਵਿਚ ਬੈਠਿਆਂ ਇਕ ਵੀਰ ਨੇ ਗੱਲ ਸੁਣਾਈ ਕਿ ਭਾਈ ਸਾਹਿਬ ਜੀ, ਸਾਡੇ ਪਾਸ ਬਹੁਤ ਸਾਰੇ ਪ੍ਰਚਾਰਕ ਅਕਸਰ ਆਉਂਦੇ ਜਾਂਦੇ ਰਹਿੰਦੇ ਹਨ ਤੇ ਕਥਾ ਕੀਰਤਨ ਸੁਣਨ ਨੂੰ ਮਿਲਦਾ ਹੀ ਰਹਿੰਦਾ ਹੈ। ਇਕ ਬਾਬਾ ਜੀ ਨੇ ਭਗਤ ਨਾਮ ਦੇਵ ਜੀ ਦੇ ਟੋਡੀ ਰਾਗ ਵਿਚ ਉਚਾਰਨ ਕੀਤੇ ਸ਼ਬਦ ਦੀ ਵਿਆਖਿਆ ਕੀਤੀ ਤੇ ਸ਼ਬਦ ਸੀ : "ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥ ਜਲ ਕੀ ਮਾਛੁਲੀ ਚਰੈ ਖਜੂਰਿ॥" ਬਾਬਾ ਜੀ ਕਹਿਣ ਲੱਗੇ ਕਿ ਸਾਧ ਸੰਗਤ ਜੀਓ, ਸਮੁੰਦਰ ਵਿਚ ਵੀ ਖਜੂਰਾਂ ਹੁੰਦੀਆਂ ਹਨ...। ਤੇ ਨਾਲ ਹੀ ਕਹਿਣ ਲੱਗੇ ਕਿ ਭਾਈ ਇਹ ਬ੍ਰਹਮ ਗਿਆਨ ਦੀਆਂ ਗੱਲਾਂ ਨੇ, ਸਾਰੇ ਨਹੀਂ ਸਮਝ ਸਕਦੇ ਕਿਉਂਕਿ ਕਲਜੁਗ ਦਾ ਘੋਰ ਪਹਿਰਾ ਲੱਗਿਆ ਹੋਇਆ ਹੈ। ਉਹ ਵੀਰ ਕਹਿਣ ਲੱਗਾ ਕਿ ਭਾਈ ਸਾਹਿਬ ਜੀ, ਭਾਵੇਂ ਸਾਨੂੰ ਗੁਰਬਾਣੀ ਬਾਰੇ ਗਿਆਨ ਤਾਂ ਨਹੀਂ ਪਰ ਇਹ ਗੱਲ ਮਨ ਨੂੰ ਜੱਚਦੀ ਨਹੀਂ ਕਿ ਖਜੂਰਾਂ ਐਨ ਸਮੁੰਦਰ ਦੇ ਵਿਚਕਾਰ ਉੱਗੀਆਂ ਹੋਣ ਤੇ ਮੱਛੀਆਂ ਉਨ੍ਹਾਂ ਖਜੂਰਾਂ ਉੱਤੇ ਬੈਠ ਕੇ ਆਰਾਮ ਫ਼ਰਮਾ ਰਹੀਆਂ ਹੋਣ, ਗੱਲ ਮਨ ਨੂੰ ਜਚੀ ਨਹੀਂ। ਮੈਂ ਉਨ੍ਹਾਂ ਵੀਰਾਂ ਨੂੰ ਬੇਨਤੀ ਕੀਤੀ ਕਿ ਵੀਰ ਜੀਓ, ਤੁਸੀਂ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੁਆਰਾ ਜੋ ਗੁਰਬਾਣੀ ਅਰਥ ਕੀਤੇ ਹਨ, ਉਨ੍ਹਾਂ ਨੂੰ ਧਿਆਨ ਨਾਲ ਪੜ੍ਹੋ, ਗੁਰਬਾਣੀ ਦੀ ਸੂਝ-ਸਮਝ ਆ ਜਾਏਗੀ ਤੇ ਇਹ ਏਨਾ ਔਖਾ ਕੰਮ ਨਹੀਂ ਹੈ ਕਿ ਸਿੱਖ ਨੂੰ ਗੁਰਬਾਣੀ ਦੀ ਸਮਝ ਹੀ ਨਾ ਆਏ। ਗੁਰਬਾਣੀ ਸੰਸਾਰ ਵਿਚ ਰਹਿ ਰਹੇ ਲੋਕਾਂ ਲਈ ਹੈ ਤੇ ਨਾ ਸਮਝ ਆਉਣ ਵਾਲੀ ਕੋਈ ਖ਼ਾਸ ਗੱਲ ਵੀ ਨਹੀਂ ਹੈ। ਸੰਤਾਂ ਦੇ ਅਖੌਤੀ ਕਲਜੁਗ ਨੇ ਆਮ ਲੋਕਾਂ ਨੂੰ ਬਹੁਤ ਡਰਾਇਆ ਹੋਇਆ ਏ ਤੇ ਜਿਥੇ ਸ਼ਬਦ ਦੀ ਸਮਝ ਨਾ ਆਏ ਉਥੇ ਕਲਜੁਗ ਕਹਿ ਕੇ ਖਹਿੜਾ ਛੁਡਾ ਲਿਆ, ਵਿਚਾਰ ਦੀ ਫਿਰ ਲੋੜ ਹੀ ਨਹੀਂ ਰਹਿ ਜਾਂਦੀ। ਇਸ ਸ਼ਬਦ ਸੰਬੰਧੀ ਬਹਿਰੀਨ ਦੇ ਵੀਰਾਂ ਨਾਲ ਜੋ ਵਿਚਾਰ-ਵਟਾਂਦਰਾ ਕੀਤਾ, ਉਨ੍ਹਾਂ ਹੀ ਵਿਚਾਰਾਂ ਦੀ ਸਾਂਝ ਏਥੇ ਕੀਤੀ ਜਾ ਰਹੀ ਹੈ :

ਕਲਜੁਗ ਕਿਸੇ ਵੱਖਰੇ ਸਮੇਂ ਦਾ ਨਾਂ ਨਹੀਂ ਹੈ, ਇਹ ਤਾਂ ਮਨੁੱਖ ਦੀ ਹੋਣੀ

ਵਿਚ ਆਏ ਵਿਗਾੜ ਦਾ ਨਾਂ ਕਲਜੁਗ ਰੱਖਿਆ ਗਿਆ ਹੈ। ਜਿਥੇ ਫ਼ਜ਼ੂਲ ਦੀ ਕਿੱਲ੍ਹ-ਕਿੱਲ੍ਹ ਕੇ ਬਹਿਸ ਕੀਤੀ ਜਾਏ, ਕ੍ਰੋਧ ਦੇ ਲਾਂਬੂ ਲੱਗਣ, ਈਰਖਾ ਦੀਆਂ ਲਾਟਾਂ ਉੱਚੀਆਂ ਹੋਵਣ, ਈਰਖਾ ਦਾ ਧੂੰਆਂ ਹੋਵੇ, ਗੱਲ ਕੀ ਹਰ ਸੁਭਾਅ ਉਲਟ ਦਿਸ਼ਾ ਵਿਚ ਚੱਲੇ, ਉਸ ਅਸਥਾਨ ਨੂੰ ਅਦਬ ਸਤਿਕਾਰ ਤੇ ਪਿਆਰ ਨਾਲ ਆਖਿਆ ਜਾਂਦਾ ਹੈ—ਜੀ ਏਥੇ ਭਿਆਨਕ ਕਲਜੁਗ ਦਾ ਪਹਿਰਾ ਲੱਗਿਆ ਹੋਇਆ ਹੈ। ਕਿਉਂਕਿ ਅਸੀਂ ਆਪਣੇ ਆਪ ਨੂੰ ਬਦਲਣ ਲਈ ਤਿਆਰ ਨਹੀਂ ਹੁੰਦੇ, ਇਸ ਲਈ ਕਲਜੁਗ ਕਹਿ ਕੇ ਆਪਣੇ ਆਪ ਨੂੰ ਸੁਰਖ਼ਰੂ ਕਰਨਾ ਚਾਹੁੰਦੇ ਹਾਂ। ਪਰਮਾਤਮਾ ਤੋਂ ਖੁੰਝਿਆ ਹੋਇਆ ਮਨੁੱਖ ਸਦਾ ਆਪਣੇ ਹੀ ਦੁਖ ਫਰੋਲਦਾ ਰਹਿੰਦਾ ਹੈ, ਤੇ ਮਨ ਦੇ ਪਿੱਛੇ ਤੁਰਨ ਵਾਲਾ ਹਮੇਸ਼ਾ ਕਲਾ-ਕਲੇਸ਼ ਵਿਚ ਹੀ ਤੁਰਿਆ ਫਿਰਦਾ ਹੈ। ਗੁਰੂ ਅਮਰਦਾਸ ਜੀ ਦਾ ਇਕ ਪਿਆਰਾ ਵਾਕ ਹੈ:

ਮਨਮੁਖ ਨਾਮੁ ਨ ਚੇਤਨੀ ਬਿਨੁ ਨਾਵੈ ਦੁਖ ਰੋਇ॥
ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ॥
ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ॥
ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮੁ ਪਦਾਰਥੁ ਖੋਇ॥

(ਸਲੋਕ ਮਹਲਾ ੩, ਪੰਨਾ 1415)

ਮਨ ਦੀ ਭਾਵਨਾ ਨੂੰ ਮੰਨਣ ਵਾਲਾ, ਸਰਬ-ਵਿਆਪਕ ਪ੍ਰਭੂ ਜੀ ਦੇ ਗੁਣਾਂ ਦੀ ਕਦਰ ਨਾ ਕਰਦਾ ਹੋਇਆ ਹਉਮੈ ਵਰਗੇ ਦੀਰਘ ਰੋਗ ਦਾ ਜਿਥੇ ਸ਼ਿਕਾਰ ਹੁੰਦਾ ਹੈ ਉਥੇ ਮਾਇਆ ਮੋਹ ਦੇ ਪਦਾਰਥਾਂ ਵਿਚ ਵੀ ਫਸਿਆ ਰਹਿੰਦਾ ਹੈ। ਗੁਰੂ ਸ਼ਬਦ ਦੀ ਵਿਚਾਰ ਦੁਆਰਾ ਵੀ ਅਜਿਹਾ ਮਨੁੱਖ ਹਉਮੈ ਨੂੰ ਦੂਰ ਨਹੀਂ ਕਰਦਾ। ਨਿੱਜੀ ਸੁਆਰਥ ਵਿਚ ਫਸਿਆ ਹੋਇਆ ਮਨੁੱਖ, ਕੰਗਾਲ ਨੂੰ ਬਾਦਸ਼ਾਹ ਤੇ ਮਹਾਂਮੂਰਖ ਨੂੰ ਪੰਡਤ ਸਾਹਿਬ ਜੀ ਆਖੀ ਜਾਂਦਾ ਹੈ। ਅੱਖੀਂ ਦਿਸੇ ਕੋਈ ਨਾ ਪਰ ਮਾਂ ਨੇ ਨਾਂ ਰੱਖਿਆ ਹੁੰਦਾ ਏ ਚਰਾਗ਼ਦੀਨ, ਥੋਕ-ਰੂਪ ਵਿਚ ਸ਼ਰਾਰਤਾਂ ਕਰਨ ਵਾਲੇ ਨੂੰ ਚਉਧਰੀ ਸਾਹਿਬ ਜੀ ਦਾ ਨਾਂ ਦੇ ਕੇ, ਨਾਲ ਆਦਰ ਦਿੱਤਾ ਜਾਂਦਾ ਹੈ। ਕੁਫ਼ਰ ਦੀਆਂ ਪੰਡਾਂ ਬੰਨ੍ਹਣ ਵਾਲੀ ਬੀਬੀ ਜੀ ਨੂੰ ਲੋਕ ਡਰਦੇ ਹੀ ਕਹੀ ਜਾਣਗੇ ਕਿ ਅੱਗੇ ਆ ਜਾਉ ਬੀਬੀ ਜੀ, ਤੇ ਆਪ ਉੱਠ ਕੇ ਬੈਠਣ ਲਈ ਥਾਂ ਦਈ ਜਾਣਗੇ ਉਹਨੂੰ। ਪਰ ਗੁਰੂ ਜੀ ਦੇ ਸਨਮੁਖ ਹੋਇਆਂ ਸਮਝ ਪੈਂਦੀ ਹੈ ਕਿ ਇਹ ਸਾਰਾ ਕੁਝ ਨਿੱਜੀ ਲਾਭ ਦੀ ਖ਼ਾਤਰ ਹੀ ਅਸੀਂ ਕਰ ਰਹੇ ਹੁੰਦੇ ਹਾਂ ਤੇ ਫਿਰ ਜਿਨ੍ਹਾਂ ਵਿਚ ਕੋਈ ਗੁਣ ਨਹੀਂ ਹੁੰਦਾ, ਉਨ੍ਹਾਂ ਨੂੰ ਵੱਡੇ ਦੱਸਣ ਲਈ ਟਿਕਾਅ ਕੇ ਬਹਿਸ ਕਰਦਿਆਂ ਕਰਦਿਆਂ ਵਿੱਚੋਂ ਤੱਤ ਗਿਆਨ ਦੀ ਭਾਵਨਾ ਹੀ ਖ਼ਤਮ ਕਰ ਲੈਂਦੇ ਹਾਂ। ਅਜਿਹਾ ਤਾਂ ਹੁੰਦਾ ਹੈ, ਜਦੋਂ ਅਸੀਂ ਗੁਰੂ ਜੀ ਦੀਆਂ ਭਾਵਨਾਵਾਂ ਤੋਂ ਜਾਣੂੰ ਨਾ ਹੋਈਏ।

ਦੁਨੀਆ ਦੀ ਤਰੱਕੀ ਦਾ ਇਕ ਰਾਜ਼ ਹੈ ਕਿ ਵਿਸ਼ਾ ਮਾਹਿਰ ਬੰਦਿਆਂ ਦੀ ਖੋਜ ਕਰ ਕੇ ਉਨ੍ਹਾਂ ਪਾਸੋਂ ਚੰਗੀਆਂ ਦਲੀਲਾਂ ਲੈ ਕੇ ਉਸਾਰੀ ਦੇ ਕੰਮਾਂ ਦੀ ਆਰੰਭਤਾ ਕਰਨੀ। ਵਿਕਸਤ ਮੁਲਕਾਂ ਨੇ ਦੁਨੀਆ ਦੇ ਹਰ ਖੇਤਰ ਵਿੱਚੋਂ ਵਿਸ਼ਾ-ਸੰਪੰਨ ਬੰਦਿਆਂ ਦੀ ਯੋਗਤਾ ਦਾ ਪੂਰਾ ਫ਼ਾਇਦਾ ਉਠਾਇਆ ਹੈ। ਜਦੋਂ ਯੋਗ ਥਾਵਾਂ 'ਤੇ ਅਯੋਗ ਆਦਮੀ ਬੈਠ ਜਾਣ; ਤਰੱਕੀ ਦੀ ਥਾਂ, ਮੁਲਕ ਬਰਬਾਦੀ ਦੀਆਂ ਲੀਹਾਂ 'ਤੇ ਤੁਰ ਪੈਂਦੇ ਹਨ। ਉਂਜ ਹਰ ਮਨੁੱਖ ਨੂੰ ਬਹਿਸ ਕਰਨ ਦਾ ਜਮਾਂਦਰੂ ਹੱਕ ਮਿਲਿਆ ਹੈ। ਧਾਰਮਿਕ ਬੰਦਿਆਂ ਨੇ ਆਪਣੀ ਲਾਈਫ਼ ਦਾ ਆਪਣਾ ਸੈੱਟਅਪ ਬਣਾਇਆ ਹੋਇਆ ਹੈ, ਉਹ ਉਹਦੇ ਵਿਚ ਜੀਉ ਰਹੇ ਹੁੰਦੇ ਹਨ, ਪਰ ਕਈ ਦਫ਼ਾ ਬੰਦਾ ਆਪਣਾ ਲਾਈਫ਼ ਸਟਾਈਲ ਦੂਸਰੇ 'ਤੇ ਥੋਪਣਾ ਚਾਹੁੰਦਾ ਹੈ। ਜਦੋਂ ਉਸ ਦੀ ਹਉਮੈ ਭਰੀ ਗੱਲ ਨਹੀਂ ਮੰਨੀ ਜਾਂਦੀ ਤਾਂ ਕ੍ਰੋਧ ਦੇਵਤਾ ਜੀ ਜਨਮ ਲੈਂਦਾ ਹੈ, ਜੋ ਅਕਸਰ ਬਹਿਸ, ਝਗੜੇ ਤੇ ਲੜਾਈ ਦਾ ਰੂਪ ਧਾਰਨ ਕਰ ਜਾਂਦਾ ਹੈ। ਏਦਾਂ ਦੀ ਫੋਕੀ ਬਹਿਸ ਕਰਨ ਵਾਲੇ ਨੂੰ ਭਗਤ ਨਾਮਦੇਵ ਜੀ ਆਪਣੀ ਜ਼ਿੰਦਗੀ ਦੇ ਕੀਮਤੀ ਤਜਰਬੇ ਵਿੱਚੋਂ ਕੁਝ ਖ਼ਿਆਲ ਦੇਂਦੇ ਹਨ ਜੋ ਟੋਡੀ ਰਾਗ ਵਿਚ ਅੰਕਤ ਹਨ :

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥
ਜਲ ਕੀ ਮਾਛੁਲੀ ਚਰੈ ਖਜੂਰਿ ॥੧॥
ਕਾਂਇ ਰੇ ਬਕਬਾਦੁ ਲਾਇਓ ॥
ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ਰਹਾਉ॥
ਪੰਡਿਤੁ ਹੋਇ ਕੈ ਬੇਦੁ ਬਖਾਨੈ ॥
ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥

(ਟੋਡੀ ਬਾਣੀ ਭਗਤਾਂ ਕੀ, ਪੰਨਾ 718)

ਰਹਾਉ ਦੀਆਂ ਤੁਕਾਂ ਵਿਚ ਭਗਤ ਜੀ ਨੇ ਆਮ ਲੋਕਾਂ ਦੀ ਚੱਲ ਰਹੀ ਬਹਿਸ ਬਾਰੇ ਵਿਚਾਰ ਰੱਖੇ ਹਨ ਕਿ ਕੋਈ ਮਨੁੱਖ ਆਪਣੀ ਵਿਦਿਆ ਦੇ ਆਸਰੇ ਰੱਬ ਜੀ ਨੂੰ ਨੇੜੇ ਦੱਸਦਾ ਹੈ ਤੇ ਕੋਈ ਕਹਿੰਦਾ ਹੈ ਕਿ ਰੱਬ ਜੀ ਬਹੁਤ ਹੀ ਦੂਰ ਰਹਿੰਦੇ ਹਨ। ਪੰਡਤ ਆਪਣੇ ਵੇਦਾਂ ਦੀ ਵਿਦਿਆ ਦੁਆਰਾ ਕਰਮ-ਕਾਂਡ ਕਰ ਕੇ ਰੱਬ ਜੀ ਨੂੰ ਪਾਉਣ ਦਾ ਤਰੀਕਾ ਦੱਸ ਰਿਹਾ ਹੈ; ਤੇ ਤਰਕ ਦੇ-ਦੇ ਕੇ ਦੂਜਿਆਂ ਨੂੰ ਹਰਾਉਣ ਦੇ ਚੱਕਰ ਵਿਚ ਪਿਆ ਹੋਇਆ ਹੈ। ਅਸਲ ਕਹਾਣੀ ਤਾਂ ਇਹ ਹੈ ਕਿ ਜਿਸ ਮਨੁੱਖ ਨੇ ਵੀ ਪਰਮਾਤਮਾ ਨੂੰ ਪਾ ਲਿਆ, ਉਸ ਨੇ ਆਪਣੇ ਆਪ ਨੂੰ ਲੁਕਾਇਆ ਹੀ ਹੈ, ਉਹ ਫ਼ਜ਼ੂਲ ਦੀ ਬਹਿਸ ਵਿਚ ਪੈਂਦਾ ਹੀ ਨਹੀਂ। 'ਜਿਨਿ ਹਰਿ ਪਾਇਓ ਤਿਨਹਿ ਛਪਾਇਓ' ਭਾਵ ਮਨੁੱਖ ਅਜਿਹੀ ਅਵਸਥਾ 'ਤੇ ਪਹੁੰਚ ਕੇ ਆਪਣੀ ਹੋਂਦ ਦਾ ਪ੍ਰਗਟਾਵਾ ਨਹੀਂ ਕਰਦਾ। 'ਹਰਿ ਪਾਇਓ' ਕੋਈ ਇੱਟ ਵੱਟਾ, ਕੱਪੜਾ, ਪੈਸਾ ਜਾਂ ਕੋਈ ਸਥੂਲ ਰੂਪ ਵਿਚ ਵਸਤੂ ਨਹੀਂ,

ਜੋ ਇਨ੍ਹਾਂ ਅੱਖਾਂ ਨਾਲ ਦੇਖੀ ਜਾ ਸਕਦੀ ਹੋਵੇ, ਤੇ ਉਹਨੂੰ ਪਾਇਆ ਹੋਵੇ। 'ਜਿਨਿ ਹਰਿ ਪਾਇਓ ਤਿਨਹਿ ਛਪਾਇਓ' ਰੱਬ ਜੀ ਦੇ ਗੁਣਾਂ ਨੂੰ ਪ੍ਰਾਪਤ ਕਰਕੇ ਉਨ੍ਹਾਂ ਦੀ ਵਰਤੋਂ ਕਰਨ ਦਾ ਸਲੀਕਾ ਹੈ; ਤੇ ਫਿਰ ਇਹ ਲੋਕ ਫ਼ਜ਼ੂਲ ਦੀ ਬਹਿਸ ਵਿਚ ਨਹੀਂ ਪੈਂਦੇ, ਸਗੋਂ ਆਦਰਸ਼ ਭਰਪੂਰ ਜ਼ਿੰਦਗੀ ਨੂੰ ਜੀਉ ਕੇ ਦੱਸਦੇ ਹਨ।

ਸਮਾਜ ਵਿਚ ਰਹਿੰਦਿਆਂ ਕਿਤੇ ਨਾ ਕਿਤੇ ਵਿਆਹ ਸ਼ਾਦੀ, ਜੰਮਣੇ ਮਰਨੇ 'ਤੇ ਅਕਸਰ ਹੀ ਜਾਣਾ ਪੈਂਦਾ ਹੈ। ਸੰਬੰਧਤ ਪਰਿਵਾਰ ਨਾਲ ਦੋ ਚਾਰ ਰਸਮੀ ਜੇਹੀਆਂ ਗੱਲਾਂ ਕਰ ਕੇ ਵੱਖ-ਵੱਖ ਵਿਸ਼ਿਆਂ 'ਤੇ ਖੁੱਲ੍ਹੀਆਂ ਵਿਚਾਰਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਬੱਸ, ਫਿਰ ਕੀ, ਹੋਣੀਆਂ ਤੇ ਅਣਹੋਣੀਆਂ ਗੱਲਾਂ ਦਾ ਭਰਪੂਰ ਅਨੰਦ ਲਿਆ ਜਾ ਸਕਦਾ ਹੈ। ਕੋਈ ਕਹੇਗਾ—ਹਾਥੀ ਨੂੰ ਪੂਛਲ ਤੋਂ ਪਕੜ ਕੇ ਭੀਮ ਸੈਨ ਨੇ ਐਸਾ ਗੇੜਾ ਕੱਢਿਆ ਕਿ ਲੋਕਾਂ ਦੇ ਦੇਖਦਿਆਂ ਹੀ ਦੇਖਦਿਆਂ ਅਸਮਾਨ ਵੱਲ ਸੁੱਟ ਦਿੱਤਾ, ਜੋ ਅਜੇ ਤੀਕ ਵੀ ਉਪਰ ਹੀ ਘੁੰਮ ਰਿਹਾ ਹੈ। ਗੱਲ ਸੁਣਾਉਣ ਵਾਲਾ ਆਪਣੇ ਹੱਥ 'ਤੇ ਹੱਥ ਮਾਰ ਕੇ ਆਪੇ ਹੀ ਹੱਸੀ ਜਾਏਗਾ—ਹੀਂ...ਹੀਂ...ਹੀਂ। ਕੋਈ ਕਹੇਗਾ ਫ਼ਲਾਣੇ ਸੰਤ ਨੇ ਰੱਬ ਜੀ ਨੂੰ ਆਪਣੇ ਵਿਚ ਕਾਬੂ ਕਰ ਕੇ ਰੱਖਿਆ ਹੋਇਆ ਹੈ, ਉਹ ਤਾਂ ਆਪਣਿਆਂ ਭਗਤਾਂ ਦੇ ਕਾਰਜ ਮਿੰਟੋ-ਮਿੰਟੀ ਸੰਵਾਰ ਦੇਂਦਾ ਹੈ। ਇਕ ਵੀਰ ਸੌਂਹ ਖਾਹ ਕੇ ਆਪਣੀ ਹੱਡ-ਬੀਤੀ ਸੁਣਾਉਣ ਲੱਗਾ ਕਿ ਮੈਂ ਹਜ਼ੂਰ ਸਾਹਿਬ ਗਿਆ, ਕਿਉਂਕਿ ਸਾਨੂੰ ਕਿਸੇ ਨੇ ਦੱਸਿਆ ਹੋਇਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਸੱਤਰ ਸਾਲ ਦੀ ਉਮਰ ਤੀਕ ਹਰੇਕ ਸਿੱਖ ਨੂੰ ਉਡੀਕਦੇ ਰਹਿੰਦੇ ਹਨ ਤੇ ਫਿਰ ਗੁਰੂ ਜੀ ਉਥੇ ਗਏ ਸਿੱਖ ਨੂੰ ਦਰਸ਼ਨ ਵੀ ਦੇਂਦੇ ਹਨ। ਗੱਲ ਸੁਣਾਉਣ ਵਾਲਾ ਗੱਲ ਵਿਚ ਜਾਨ ਪਾਉਂਦਿਆਂ ਹੋਇਆਂ ਇਹ ਦਾਅਵਾ ਕਰ ਰਿਹਾ ਸੀ ਕਿ ਕੀ ਦੱਸਾਂ—ਜਦੋਂ ਅਸੀਂ ਸਟੇਸ਼ਨ 'ਤੇ ਉਤਰੇ ਤਾਂ ਇਕ ਮੈਲੇ ਜੇਹੇ ਕੱਪੜਿਆਂ ਵਾਲਾ ਬਜ਼ੁਰਗ ਮਿਲਿਆ ਤੇ ਕਹਿਣ ਲੱਗਾ ਭਈ ਆ ਗਏ ਹੋ; ਪਰ ਅਸੀਂ ਉਸ ਮੈਲੇ ਕੱਪੜਿਆਂ ਵਾਲੇ ਬਜ਼ੁਰਗ ਦੀ ਗੱਲ ਵੱਲ ਧਿਆਨ ਹੀ ਨਾ ਦਿੱਤਾ—ਅਸੀਂ ਆਪਣਾ ਸਾਮਾਨ ਚੁੱਕ ਕੇ ਤੁਰਨ ਲੱਗੇ ਤਾਂ ਆਲੇ-ਦੁਆਲੇ ਦੇਖਿਆ, ਉਹ ਬਜ਼ੁਰਗ ਸਾਨੂੰ ਲੱਭਿਆ ਈ ਨ੍ਹੀਂ—ਵਾਹ ਜੀ ਵਾਹ ਸਾਡੇ ਪਾਸੋਂ ਉਹ ਕੀਮਤੀ ਸਮਾਂ ਸੰਭਾਲਿਆ ਹੀ ਨਹੀਂ ਗਿਆ—ਸਾਨੂੰ ਜੀ ਹੁਣ ਸਾਰੀ ਜ਼ਿੰਦਗੀ ਪਛਤਾਵਾ ਹੀ ਰਹੇਗਾ—ਗੁਰੂ ਜੀ ਆਪ ਸਾਨੂੰ ਮਿਲਣ ਲਈ ਆਏ ਤੇ ਅਸੀਂ ਪਹਿਚਾਣ ਹੀ ਨਾ ਸਕੇ—ਮੈਂ ਸੋਚ ਰਿਹਾ ਸੀ ਕਿ ਇਨ੍ਹਾਂ ਭਲੇ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ 'ਤੇ ਯਕੀਨ ਹੀ ਨਹੀਂ ਹੈ। ਮੈਲੇ ਕੱਪੜਿਆਂ ਵਿਚ ਗੁਰੂ ਜੀ ਨੂੰ ਦਿਖਾ ਕੇ ਕਿਹੜਾ ਮਾਅਰਕਾ ਮਾਰਨਾ ਚਾਹੁੰਦੇ ਨੇ ਇਹ ਵਿਚਾਰੇ ਲੋਕ—ਭਗਤ ਨਾਮਦੇਵ ਜੀ ਇਸ ਸ਼ਬਦ ਦੀਆਂ ਆਰੰਭਕ ਤੁਕਾਂ ਵਿਚ ਹਰ ਮਨੁੱਖ ਦੇ ਤਜਰਬੇ ਦੀ ਕਹਾਣੀ ਸਾਡੇ ਸਾਹਮਣੇ ਰੱਖ ਰਹੇ ਹਨ—ਤੁਕਾਂ ਦਾ ਪਾਠ ਹੇਠਾਂ ਦਿੱਤਾ ਜਾ ਰਿਹਾ ਹੈ :

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥
ਜਲ ਕੀ ਮਾਛੁਲੀ ਚਰੈ ਖਜੂਰਿ॥

ਵੱਖ-ਵੱਖ ਪ੍ਰਕਾਰ ਦੀ ਸੂਝ ਰੱਖ ਰਹੇ ਮਨੁੱਖ ਦੀ ਮਾਨਸਿਕ ਦਸ਼ਾ ਦਾ ਵਿਸ਼ਲੇਸ਼ਣ ਕਰਦਿਆਂ ਭਗਤ ਜੀ ਕਹਿ ਰਹੇ ਹਨ ਕਿ ਕੋਈ ਪਰਮਾਤਮਾ ਨੂੰ ਦੂਰ ਦੱਸ ਰਿਹਾ ਹੈ ਤੇ ਕੋਈ ਪਰਮਾਤਮਾ ਨੂੰ ਬਹੁਤ ਹੀ ਨੇੜੇ ਦੱਸ ਕੇ ਆਪਣੇ ਮਨ ਨੂੰ ਤਸੱਲੀ ਦੇ ਰਿਹਾ ਹੈ। ਇਹ ਇੰਜ ਹੋ ਰਿਹਾ ਹੈ ਜਿਵੇਂ ਪਾਣੀ ਵਿਚ ਰਹਿ ਰਹੀ ਮੱਛਲੀ ਖਜੂਰ 'ਤੇ ਚੜ੍ਹਨ ਦਾ ਯਤਨ ਕਰ ਰਹੀ ਹੋਵੇ। ਪਾਣੀ ਵਿਚ ਰਹਿ ਰਹੀ ਮੱਛਲੀ ਕਦੇ ਵੀ ਖਜੂਰ 'ਤੇ ਨਹੀਂ ਚੜ੍ਹ ਸਕਦੀ। ਇਨ੍ਹਾਂ ਤੁਕਾਂ ਦਾ ਭਾਵ-ਅਰਥ ਲਿਆ ਜਾਵੇਗਾ। ਮੱਛੀ ਦਾ ਆਧਾਰ ਪਾਣੀ ਹੈ ਤੇ ਮੱਛੀ ਪਾਣੀ ਵਿਚ ਹੀ ਜਿਊਂਦੀ ਰਹਿ ਸਕਦੀ ਹੈ ਪਰ ਸੁੱਕੇ ਥਾਂ ਰਿਹਾਂ ਮੱਛੀ ਮਰ ਜਾਂਦੀ ਹੈ। ਜਿਥੇ ਮੱਛੀ ਦਾ ਪ੍ਰਤੀਕ ਮਨੁੱਖ ਲਈ ਵਰਤਿਆ ਗਿਆ ਹੈ, ਉਥੇ ਖਜੂਰ ਦਾ ਪ੍ਰਤੀਕ ਹੰਕਾਰ ਲਈ ਆਇਆ ਹੈ ਤੇ ਪਾਣੀ ਸੀਤਲਤਾ ਦਾ ਪ੍ਰਗਟਾਵਾ ਕਰਦਾ ਹੈ। ਸਪੱਸ਼ਟ ਹੋਇਆ ਜਿਸ ਤਰ੍ਹਾਂ ਮੱਛੀ ਪਾਣੀ ਵਿਚ ਹੀ ਰਹਿ ਸਕਦੀ ਹੈ, ਉੱਚੇ ਲੰਬੇ ਦਰੱਖ਼ਤ 'ਤੇ ਨਹੀਂ ਚੜ੍ਹ ਸਕਦੀ, ਏਸੇ ਤਰ੍ਹਾਂ ਹੀ ਮਨੁੱਖ ਦਾ ਵਸੇਬਾ ਕੇਵਲ ਸਤਿਸੰਗਤ ਵਿਚ ਹੀ ਹੈ। ਹਾਂ, ਉੱਚਾ ਦਰੱਖ਼ਤ ਜਾਂ ਖਜੂਰ ਹੰਕਾਰ ਦੇ ਪ੍ਰਤੀਕ ਲਈ ਆਇਆ ਹੈ। ਇਹ ਪ੍ਰਾਣੀ ਸੰਗਤ ਛੱਡ ਕੇ ਹੰਕਾਰ ਦੀ ਟੀਸੀ 'ਤੇ ਚੜ੍ਹਨ ਦੀ ਹਮੇਸ਼ਾ ਤਿਆਰੀ ਵਿਚ ਲੱਗਿਆ ਰਹਿੰਦਾ ਹੈ। 'ਜਲ ਕੀ ਮਾਛੁਲੀ ਚਰੈ ਖਜੂਰਿ'—ਨੂੰ ਹੋਰ ਸਮਝਣ ਲਈ ਸਾਨੂੰ ਗੁਰਬਾਣੀ ਵਿੱਚੋਂ ਹੋਰ ਪ੍ਰਮਾਣ ਵੀ ਮਿਲ ਜਾਣਗੇ—ਆਸਾ ਰਾਗ ਵਿਚ ਕਬੀਰ ਜੀ ਦਾ ਇਕ ਸੁੰਦਰ ਵਾਕ ਹੈ:

ਜਲ ਕੀ ਮਛੁਲੀ ਤਰਵਰਿ ਬਿਆਈ॥
ਦੇਖਤ ਕੁਤਰਾ ਲੈ ਗਈ ਬਿਲਾਈ॥

(ਰਾਗ ਆਸਾ, ਬਾਣੀ ਕਬੀਰ ਜੀਉ, ਪੰਨਾ 481)

ਅੱਖਰੀ ਅਰਥ ਤਾਂ ਇਹੀ ਬਣਨਗੇ ਕਿ ਜਲ ਵਿਚ ਰਹਿਣ ਵਾਲੀ ਮੱਛੀ ਨੇ ਦਰੱਖ਼ਤ ਦੀਆਂ ਟਹਿਣੀਆਂ 'ਤੇ ਆਪਣੇ ਰਹਿਣ ਦਾ ਟਿਕਾਣਾ ਬਣਾ ਲਿਆ ਹੈ, ਜੋ ਕਿ ਕੁਦਰਤੀ ਨਿਯਮਾਵਲੀ ਦੇ ਉਲਟ ਹੈ। ਤੇ ਕੁੱਤੇ ਨੂੰ ਬਿੱਲੀ ਚੁੱਕੀ ਫਿਰਦੀ ਹੈ ਜਦ ਕਿ ਕੁੱਤਾ ਬਿੱਲੀ ਨੂੰ ਹਮੇਸ਼ਾ ਆਪਣਾ ਵਧੀਆ ਸ਼ਿਕਾਰ ਸਮਝਦਾ ਹੈ, ਇਸ ਲਈ ਇਨ੍ਹਾਂ ਦਾ ਆਪਸ ਵਿਚ ਬਹੁਤ ਵਿਰੋਧ ਚੱਲਦਾ ਰਹਿੰਦਾ ਹੈ। ਗੁਰਬਾਣੀ ਤਾਂ ਮਨੁੱਖ ਲਈ ਜੀਵਨ-ਜਾਚ ਦਾ ਅਥਾਹ ਸਮੁੰਦਰ ਹੈ। ਤਾਂ ਫਿਰ ਜੀਵਨ-ਜਾਚ ਲਈ ਇਸ ਮਹਾਨ ਗੁਰਬਾਣੀ ਵਿੱਚੋਂ ਭਾਵ-ਅਰਥ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ।

ਜਲ ਕੀ ਮਾਛੁਲੀ—ਪਾਣੀ ਦੇ ਆਸਰੇ ਜਿਊਣ ਵਾਲੀ ਮੱਛੀ, ਸਤਿਸੰਗ

ਦੇ ਆਸਰੇ ਜਿਊਣ ਵਾਲੀ ਜਿੰਦ। ਤਰਵਰਿ—ਰੁੱਖ ਉੱਤੇ, ਇਸ ਸੰਸਾਰ ਵਿਚ ਇਥੇ ਵਸੇਬਾ ਇਉਂ ਹੈ ਜਿਵੇਂ ਪੰਛੀਆਂ ਦਾ ਰੁੱਖ ਉੱਤੇ। ਬਿਆਈ—ਸੂ ਪਈ, ਰੁੱਝ ਗਈ। ਪੂਰਾ ਅਰਥ ਇਸ ਤਰ੍ਹਾਂ ਬਣਿਆ ਕਿ ਸਤਿਸੰਗ ਦੇ ਆਸਰੇ ਜਿਊਣ ਵਾਲੀ ਜਿੰਦ ਸੰਸਾਰਕ ਕੰਮਾਂ ਵਿਚ ਰੁੱਝ ਗਈ ਹੈ। ਹੁਣ ਕੁੱਤੇ ਤੇ ਬਿੱਲੀ ਨੂੰ ਵੀ ਸਮਝਣ ਦਾ ਯਤਨ ਕਰਨਾ ਪਏਗਾ। ਕੁੱਤਾ ਇਨ੍ਹਾਂ ਤੁਕਾਂ ਵਿਚ ਸੰਤੋਖ ਦੇ ਰੂਪ ਵਿਚ ਆਇਆ ਹੈ ਜਦ ਕਿ ਬਿੱਲੀ ਤ੍ਰਿਸ਼ਨਾ ਦੇ ਰੂਪ ਵਿਚ ਆਈ ਹੈ। ਜਦੋਂ ਦੀ ਮਨੁੱਖ ਨੇ ਸਤਿਸੰਗ ਛੱਡੀ ਹੈ, ਸੰਸਾਰੀ ਤ੍ਰਿਸ਼ਨਾ ਨੇ ਸੰਤੋਖ ਦਾ ਖ਼ਾਤਮਾ ਕਰ ਦਿੱਤਾ ਹੈ। ਤ੍ਰਿਸ਼ਨਾ ਸੰਤੋਖ ਨੂੰ ਚੁੱਕੀ ਫਿਰਦੀ ਹੈ, ਭਾਵ ਬਿੱਲੀ ਕੁੱਤੇ ਨੂੰ ਚੁੱਕੀ ਫਿਰ ਰਹੀ ਹੈ।

ਮੱਛੀ, ਸਰੋਵਰ, ਜਾਲ ਤੇ ਝੀਵਰ ਦਾ ਪ੍ਰਮਾਣ ਵੀ ਕਬੀਰ ਜੀ ਨੇ ਆਪਣੇ ਸਲੋਕਾਂ ਵਿਚ ਦਿੱਤਾ ਹੈ, ਜੋ ਕਿ ਹੇਠਾਂ ਅੰਕਤ ਹੈ:

ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ ॥
ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਾਲਿ ॥੪੯॥

(ਸਲੋਕ ਕਬੀਰ ਜੀਉ ਕੇ, ਪੰਨਾ 1367)

ਹੁਣ ਇਨ੍ਹਾਂ ਤੁਕਾਂ ਦੇ ਅੱਖਰੀ ਅਰਥ ਤਾਂ ਏਹੀ ਬਣਨਗੇ ਕਿ ਥੋੜ੍ਹੇ ਪਾਣੀ ਵਿਚ ਰਹਿ ਰਹੀ ਮੱਛੀ ਨੂੰ ਝੀਵਰ ਆਸਾਨੀ ਨਾਲ ਫੜ ਲਏਗਾ। ਇਸ ਲਈ ਮੱਛੀ ਨੂੰ ਡੂੰਘੇ ਪਾਣੀ ਵਿਚ ਰਹਿਣਾ ਚਾਹੀਦਾ ਹੈ ਤਾਂ ਕਿ ਝੀਵਰ ਦੇ ਜਾਲ ਤੋਂ ਬਚਿਆ ਜਾ ਸਕੇ, ਪਰ ਅਸਾਂ ਤਾਂ ਇਹ ਦੇਖਣਾ ਹੈ ਕਿ ਇਨ੍ਹਾਂ ਤੁਕਾਂ ਤੋਂ ਸਾਨੂੰ ਕੀ ਉਪਦੇਸ਼ ਮਿਲਦਾ ਹੈ। ਪ੍ਰੋਫ਼ੈਸਰ ਸਾਹਿਬ ਸਿੰਘ ਜੀ ਇਨ੍ਹਾਂ ਸਲੋਕਾਂ ਦੇ ਅਰਥ ਕਰਦਿਆਂ ਲਿਖਦੇ ਹਨ ਕਿ ਜਿਵੇਂ ਪਾਣੀ ਮੱਛੀ ਦੀ ਜਿੰਦ ਦਾ ਆਸਰਾ ਹੈ, ਤਿਵੇਂ ਪਰਮਾਤਮਾ ਜੀਵਾਤਮਾ ਦਾ ਆਸਰਾ ਹੈ। ਜੇ ਮੱਛੀ ਥੋੜ੍ਹੇ ਪਾਣੀ ਵਾਲੇ ਛੱਪੜ ਵਿਚ ਰਹਿਣ ਲੱਗ ਪਏ, ਤਾਂ ਝੀਵਰ ਆਦਿਕ ਸੁਖੈਨ ਤਰ੍ਹਾਂ ਹੀ ਆ ਕੇ, ਜਾਲ ਲਾ ਕੇ ਉਸ ਨੂੰ ਫੜ ਲੈਂਦੇ ਹਨ; ਤਿਵੇਂ ਹੀ ਜੇ ਜੀਵ ਧਨ, ਵਿਦਿਆ, ਦੁਨਿਆਵੀ ਭੋਗ ਆਦਿਕ ਨੂੰ ਆਪਣੇ ਜੀਵਨ ਦਾ ਆਸਰਾ ਬਣਾ ਲਏ ਤਾਂ ਮਾਇਆ ਦੇ 'ਪਾਂਚਉ ਲਰਿਕਾ' ਆਸਾਨੀ ਨਾਲ ਗ੍ਰਸ ਹੀ ਲੈਣਗੇ।

ਕਬੀਰ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਥੋੜ੍ਹੇ ਪਾਣੀ ਵਿਚ ਮੱਛੀ ਰਹਿੰਦੀ ਹੋਵੇ, ਤਾਂ ਝੀਵਰ ਆਦਿ ਆ ਕੇ ਜਾਲ ਪਾ ਲੈਂਦਾ ਹੈ। ਇਸੇ ਤਰ੍ਹਾਂ ਹੀ ਇਹ ਜੀਵ ਭੋਗ, ਧਨ-ਪਦਾਰਥ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਏ ਤਾਂ ਪੰਜ ਕਾਮਾਦਿਕ ਜਰਨੈਲਾਂ ਨੇ ਇਸ ਨੂੰ ਆਪਣੇ ਜਾਲ ਵਿਚ ਫਸਾ ਹੀ ਲੈਣਾ ਹੈ। ਹੇ ਮੱਛੀ! ਇਸ ਟੋਏ ਵਿਚ ਰਹਿ ਕੇ ਤੂੰ ਝੀਵਰ ਦੇ ਜਾਲ ਤੋਂ ਨਹੀਂ ਬਚ ਸਕਦੀ, ਜੇ ਬਚਣਾ ਹੈ ਤਾਂ ਸਮੁੰਦਰ ਲੱਭ। ਹੇ ਮੇਰੀਏ ਜਿੰਦੇ! ਇਨ੍ਹਾਂ

ਭੋਗ-ਪਦਾਰਥਾਂ ਨੂੰ ਆਸਰਾ ਬਣਾਇਆਂ, ਤੂੰ ਪੰਜ ਵਿਕਾਰਾਂ ਦੀ ਫ਼ੌਜ ਦੀ ਮਾਰ ਤੋਂ ਨਹੀਂ ਬਚ ਸਕਦੀ; ਇਹ ਹੋਛੇ ਆਸਰੇ ਛੱਡ ਤੇ ਪਰਮਾਤਮਾ ਨੂੰ ਲੱਭਣ ਦਾ ਯਤਨ ਕਰ।

ਸਾਰੀ ਵਿਚਾਰ ਤੋਂ ਪਤਾ ਲੱਗਦਾ ਹੈ ਕਿ 'ਜਲ ਕੀ ਮਾਛੁਲੀ ਚਰੈ ਖਜੂਰਿ' ਪਰਮਾਤਮਾ ਦੇ ਗੁਣ ਧਾਰਨ ਕਰਨ ਦੀ ਬਜਾਇ ਬੇਲੋੜੀ ਆਪਸ ਵਿਚ ਜੋ ਬਹਿਸ ਕਰ ਰਹੇ ਹਾਂ, ਇਹ ਏਸੇ ਤਰ੍ਹਾਂ ਹੀ ਹੈ ਜਿਵੇਂ ਮੱਛੀ ਜਲ ਨੂੰ ਛੱਡ ਕੇ ਖਜੂਰ 'ਤੇ ਚੜ੍ਹਨ ਦਾ ਯਤਨ ਕਰੇ। ਅਸੀਂ ਗੁਰਬਾਣੀ ਉਪਦੇਸ਼ ਛੱਡ ਕੇ ਸਾਖੀਆਂ 'ਤੇ ਹੀ ਝਗੜਾ ਕਰੀ ਜਾ ਰਹੇ ਹਾਂ। ਹੋਰ ਸੌਖਾ ਸਮਝਣਾ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖ ਨਿਮਰਤਾ ਨੂੰ ਛੱਡ ਕੇ ਹੰਕਾਰ ਦੀ ਟੀਸੀ 'ਤੇ ਚੜ੍ਹਨ ਦਾ ਅਭਿਆਸ ਕਰ ਰਿਹਾ ਹੈ। ਅਸਲੀ ਤੱਤ ਨੂੰ ਛੱਡ ਕੇ ਪਾਣੀ ਰਿੜਕਣ ਦਾ ਨਿਰਾਰਥਕ ਯਤਨ ਕੀਤਾ ਜਾ ਰਿਹਾ ਹੈ।

ਇਸ ਸ਼ਬਦ ਦੀਆਂ ਅਖ਼ੀਰਲੀਆਂ ਤੁਕਾਂ ਵਿਚ ਭਗਤ ਨਾਮਦੇਵ ਜੀ ਹੋਰ ਫ਼ੁਰਮਾਉਂਦੇ ਹਨ ਕਿ ਪੰਡਤ ਲੋਕਾਂ ਨੇ ਆਪਣੀ ਕਰਮ-ਕਾਂਡ ਦੀ ਵਿਦਿਆ ਦੁਆਰਾ ਦੁਨੀਆ ਨੂੰ ਭਰਮ-ਜਾਲ ਵਿਚ ਫਸਾ ਕੇ ਰੱਖਿਆ ਹੋਇਆ ਹੈ। ਪੂਰਾ ਵਾਕ ਇਸ ਤਰ੍ਹਾਂ ਹੈ :

ਪੰਡਿਤੁ ਹੋਇ ਕੈ ਬੇਦੁ ਬਖਾਨੈ ॥
ਮੂਰਖੁ ਨਾਮਦੇਉ ਰਾਮਹਿ ਜਾਨੈ ॥

ਬ੍ਰਾਹਮਣ ਧਾਰਮਿਕ ਪੁਸਤਕਾਂ ਦੀ ਵਿਦਿਆ ਪੜ੍ਹ ਕੇ ਵਿਸਥਾਰ ਨਾਲ ਲੋਕਾਂ ਨਾਲ ਚਰਚਾ ਕਰਦਾ ਫਿਰਦਾ ਹੈ ਤੇ ਜਨਮ ਤੋਂ ਲੈ ਕੇ ਮਰਨ ਤਕ ਦੇ ਸਾਰੇ ਕਰਮ-ਕਾਂਡਾਂ ਸੰਬੰਧੀ ਭਰਪੂਰ ਜਾਣਕਾਰੀ ਦੇਂਦਿਆਂ, ਆਪਣੀ ਵਿਦਿਆ ਦੇ ਆਸਰੇ ਸਵਰਗ ਦੀਆਂ ਟਿਕਟਾਂ ਵੀ ਦੇ ਰਿਹਾ ਹੈ। ਨਾਮਦੇਵ ਜੀ ਕਹਿ ਰਹੇ ਹਨ ਕਿ ਮੈਂ ਤਾਂ ਸਿਰਫ਼ ਪਰਮਾਤਮਾ ਦੇ ਨਾਮ ਨੂੰ ਹੀ ਪਹਿਚਾਣਦਾ ਹਾਂ।

ਏਸੇ ਹੀ ਰਾਗ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਇਕ ਵਾਕ ਵੀ ਸਮਝਣ ਵਾਲਾ ਹੈ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਮੈਂ ਆਪਣੀ ਨੀਚਤਾ ਕਿਤਨੀ ਕੁ ਬਿਆਨ ਕਰਾਂ ਕਿਉਂਕਿ ਮੈਂ ਕਦੇ ਵੀ ਪਰਮਾਤਮਾ ਦੀ ਸਿਫ਼ਤਿ-ਸਾਲਾਹ ਨਹੀਂ ਕੀਤੀ। ਮੇਰਾ ਮਨ ਹਰ ਵੇਲੇ ਧਨ-ਪਦਾਰਥ ਅਤੇ ਇਸਤਰੀ ਦੇ ਰਸਾਂ ਵਿਚ ਹੀ ਫਸਿਆ ਰਹਿੰਦਾ ਹੈ :

ਕਹਉ ਕਹਾ ਅਪਨੀ ਅਧਮਾਈ ॥
ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ ॥

(ਟੋਡੀ ਮਹਲਾ ੯, ਪੰਨਾ 718)

ਪਰਮਾਤਮਾ ਦਾ ਨਾਮ ਛੱਡ ਕੇ ਸੰਸਾਰ ਦੇ ਰਸਾਂ-ਕਸਾਂ ਵਿਚ ਆਪਣੇ

ਆਪ ਨੂੰ ਗ਼ਲਤਾਨ ਕਰ ਲਿਆ ਹੈ—ਸੰਗਤ ਛੱਡ ਕੇ ਸੰਸਾਰ ਦੇ ਵਿਕਾਰਾਂ ਨਾਲ ਸਮਝੌਤਾ ਕਰਨਾ, ਭਾਵ ਜਲ ਛੱਡ ਕੇ ਖਜੂਰ 'ਤੇ ਚੜ੍ਹਨ ਦਾ ਯਤਨ ਕਰਨਾ ਹੈ।

ਗੁਰੂ ਅਮਰਦਾਸ ਜੀ ਨੇ ਬਨਾਵਟੀ ਸੁੱਚ-ਭਿੱਟ ਤੇ ਤੀਰਥਾਂ ਦੇ ਇਸ਼ਨਾਨ ਨੂੰ ਲੰਬੇ ਹੱਥੀਂ ਲੈਂਦਿਆਂ ਪਰਮਾਤਮਾ ਦੇ ਨਾਮ ਨੂੰ ਪੱਕਾ ਕਰਨ ਦੀ ਤਾਕੀਦ ਕੀਤੀ ਹੈ:

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥
ਨਵ ਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ ॥
ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ ॥
ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ॥

(ਸਲੋਕੁ ਮ: ੩, ਪੰਨਾ 1090)

ਹੇ ਭਾਈ! ਮੈਂ ਧਾਰਮਿਕ ਪੁਸਤਕਾਂ ਦਾ ਵਿਦਵਾਨ ਬਣ ਜਾਵਾਂ, ਜੋਤਸ਼ੀ ਬਣ ਜਾਵਾਂ, ਚਾਰੇ ਵੇਦ ਮੂੰਹ ਜ਼ਬਾਨੀ ਯਾਦ ਕਰ ਲਵਾਂ; ਜੇ ਆਪਣੇ ਚੰਗੇ ਆਚਰਣ ਦੇ ਕਾਰਨ, ਚੰਗੀ ਅਕਲ ਦੇ ਕਾਰਨ, ਸਾਰੀ ਧਰਤੀ 'ਤੇ ਆਪਣੀ ਇੱਜ਼ਤ ਬਣਾ ਲਵਾਂ; ਮੈਂ ਬਹੁਤ ਹੀ ਸੁੱਚ ਰੱਖਾਂ, ਕਿਤੇ ਮੇਰੇ ਮੱਥੇ ਕੋਈ ਨੀਵੀਂ ਜਾਤੀ ਦਾ ਮਨੁੱਖ ਵੀ ਨਾ ਲੱਗ ਜਾਏ; ਚੌਂਕੇ ਦੀ ਭਿੱਟ ਦਾ ਖ਼ਾਸ ਖ਼ਿਆਲ ਰੱਖਿਆ ਜਾਏ, ਪਰ ਇਹ ਸਾਰਾ ਕੁਝ ਵਿਅਰਥ ਹੀ ਹੈ ਜੇ ਪਰਮਾਤਮਾ ਦੇ ਨਾਮ ਨੂੰ ਨਾਮ ਨਹੀਂ ਸਮਝਿਆ; ਉਸ ਦੇ ਗੁਣਾਂ ਨੂੰ ਨਹੀਂ ਅਪਣਾਇਆ, ਭਾਵ ਪਰਮਾਤਮਾ ਦੇ ਸ਼ੁਭ ਗੁਣ ਛੱਡ ਕੇ ਆਪਣੀ ਅਕਲ ਦੇ ਆਸਰੇ ਜਿਤਨੇ ਵੀ ਕਰਮ ਕੀਤੇ ਜਾ ਸਕਦੇ ਹਨ, ਉਹ ਸਾਰੇ ਹੀ ਖਜੂਰ 'ਤੇ ਚੜ੍ਹਨ ਵਾਲੇ ਹਨ। ਨਿਰਾਰਥਿਕ ਯਤਨ ਕਰਨ ਨੂੰ ਖਜੂਰ 'ਤੇ ਚੜ੍ਹਨਾ ਕਿਹਾ ਗਿਆ ਹੈ। ਸਿੱਖ ਦੀ ਜ਼ਿੰਦਗੀ ਦਾ ਆਧਾਰ ਗੁਰਬਾਣੀ ਹੈ ਤੇ ਗੁਰਬਾਣੀ ਛੱਡ ਕੇ ਲੋਕਾਂ ਦੇ ਦਰਸਾਏ ਰਸਤਿਆਂ 'ਤੇ ਚੱਲ ਰਹੇ ਹਾਂ ਤਾਂ ਨਿਆਰੇ ਖ਼ਾਲਸੇ ਨਹੀਂ ਹੋ ਸਕਦੇ। ਕੀ ਗੁਰਬਾਣੀ ਵਿਚਾਰ ਛੱਡ ਕੇ ਕਰਮ-ਕਾਂਡਾਂ ਦੁਆਰਾ ਅਸੀਂ ਖਜੂਰ 'ਤੇ ਚੜ੍ਹਨ ਦਾ ਯਤਨ ਤਾਂ ਨਹੀਂ ਕਰ ਰਹੇ?

ਅੰਧੇ ਕਾ ਨਾਉ ਪਾਰਖੂ

ਬੜੀ ਮਿਹਨਤ ਨਾਲ ਘਰ ਦੀ ਬਗ਼ੀਚੀ ਵਿਚ ਫਲਦਾਰ ਬੂਟਾ ਲਗਾਇਆ ਗਿਆ। ਹੌਲੀ-ਹੌਲੀ ਵੱਡੇ ਹੋ ਰਹੇ ਬੂਟੇ ਨੂੰ ਪਾਣੀ ਦੀ ਥਾਂ 'ਤੇ ਮਿੱਟੀ ਦਾ ਤੇਲ ਪਾਉਣ ਲੱਗ ਜਾਈਏ ਤਾਂ ਕੁਝ ਦਿਨਾਂ ਦੇ ਵਿਚ ਹੀ ਪਲਿਆ ਹੋਇਆ ਬੂਟਾ ਸੁੱਕ ਕੇ ਆਪਣੀ ਹੋਂਦ ਨੂੰ ਖ਼ਤਮ ਕਰ ਲਏਗਾ। ਫਲਦਾਰ ਬੂਟੇ ਦੀ ਗੱਲ ਨਹੀਂ, ਸਗੋਂ ਸਾਰੀ ਬਨਸਪਤੀ ਨੂੰ ਜਿਊਂਦੇ ਰਹਿਣ ਲਈ ਤੇਲ ਨਹੀਂ, ਪਾਣੀ ਚਾਹੀਦਾ ਹੈ।

ਜਿਹੜਾ ਆਦਮੀ ਕਦੇ ਕਚਹਿਰੀ ਵਿਚ ਵੀ ਨਾ ਗਿਆ ਹੋਵੇ, ਉਸ ਨੂੰ ਉਲਝਣ ਵਾਲਾ ਕੇਸ ਦੇ ਕੇ ਇਹ ਕਿਹਾ ਜਾਏ, ਭਲੇ ਆਦਮੀ ਇਸ ਕੇਸ ਨੂੰ ਤੂੰ ਤਿਆਰ ਕਰ ਕੇ ਜੱਜ ਦੇ ਪੇਸ਼ ਕਰਨਾ ਹੈ, ਉਸ ਵਿਚਾਰੇ ਨੇ ਕੇਸ ਕੀ ਲੜਨਾ ਹੈ, ਉਹ ਤਾਂ ਕੈਦੀ ਨੂੰ ਸਜ਼ਾ ਕਰਾਏਗਾ। ਯਾਨੀ ਕਿ ਅਧੂਰਾ ਵਕੀਲ ਮੁਲਜ਼ਮ ਨੂੰ ਸਜ਼ਾ ਦਿਵਾਏਗਾ-ਈ-ਦਿਵਾਏਗਾ। ਅਧੂਰਾ ਡਾਕਟਰ ਮਰੀਜ਼ ਦੇ ਜ਼ਖ਼ਮਾਂ ਵਿਚ ਪਾਕ ਪਾਏਗਾ-ਈ-ਪਾਏਗਾ। ਨੀਮ ਹਕੀਮਾਂ ਦੇ ਕਈ ਕਿੱਸੇ ਕਹਾਣੀਆਂ ਅਕਸਰ ਸੁਣਨ ਨੂੰ ਮਿਲਦੇ ਰਹਿੰਦੇ ਹਨ। ਮੇਰੇ ਬੈਠਿਆਂ ਫਗਵਾੜੇ ਇਕ ਘਰ ਵਿਚ ਯੂ.ਪੀ. ਤੋਂ ਆਏ ਨੀਮ ਹਕੀਮ ਪਾਸੋਂ ਇਕ ਬੀਬੀ ਨੇ ਆਪਣਾ ਭਾਰ ਘਟਾਉਣ ਦੀ ਤੇ ਆਪਣੀ ਬੱਚੀ ਦੀ ਭੁੱਖ ਵਧਾਉਣ ਲਈ ਦਵਾਈ ਵਾਸਤੇ ਕਿਹਾ। ਨੀਮ ਹਕੀਮ ਦੇ ਨੀਮ ਚੇਲੇ ਨੇ ਨੀਮ ਬੇਹੋਸ਼ੀ ਵਿਚ ਲਾ-ਪਰਵਾਹੀ ਦੀ ਚਾਹ ਪੀ ਕੇ ਬੱਚੀ ਵਾਲੀ ਦਵਾਈ ਮਾਂ ਨੂੰ ਦੇ ਦਿੱਤੀ ਤੇ ਮਾਂ ਵਾਲੀ ਦਵਾਈ ਧੀ ਨੂੰ ਦੇ ਦਿੱਤੀ। ਨਤੀਜਾ ਇਹ ਨਿਕਲਿਆ ਕਿ ਧੀ ਸੁੱਕ ਕੇ ਖਿੰਗਰ ਬਣ ਗਈ, ਮਾਂ ਅੱਗੇ ਨਾਲੋਂ ਵੱਧ ਫੁੱਲ ਕੇ ਭੁਕਾਨਾ ਬਣ ਗਈ। ਐਵੇਂ ਨਹੀਂ ਕਿਸੇ ਨੇ ਕਿਹਾ—ਨੀਮ ਹਕੀਮ ਖ਼ਤਰਾ-ਏ-ਜਾਨ। ਇੰਜ ਹੀ ਅਧੂਰਾ ਪ੍ਰਚਾਰਕ ਅਧੂਰੇ ਧੂੰਆਂ-ਧਾਰ ਪ੍ਰਚਾਰ ਦੁਆਰਾ ਕੌਮ ਦੀ ਜੜ੍ਹੀਂ ਤੇਲ ਦਏਗਾ-ਈ-ਦਏਗਾ। ਪੰਜਾਬ ਦਿਆਂ ਆਮ ਪਿੰਡਾਂ ਵਿਚ ਵੀ ਕਈ ਮਨਚਲਿਆਂ ਨੇ ਟਾਂਚ ਵਜੋਂ ਕਈਆਂ ਦੇ ਨਾਂ ਉਲਟ ਦਿਸ਼ਾ ਵਿਚ ਰੱਖੇ ਹੁੰਦੇ ਹਨ, ਜਿਹਾ ਕਿ ਤਿੰਨ ਵਾਰ ਜਮਾਤ ਵਿੱਚੋਂ ਫ਼ੇਲ੍ਹ ਹੋ ਗਿਆ ਹੋਵੇ, ਉਸ ਨੂੰ ਕਿਹਾ ਜਾਂਦਾ ਹੈ—ਆ ਪਾੜ੍ਹਿਆ ਕਿਵੇਂ ਆਂ, ਸੁਣਾਅ ਫਿਰ ਪੜ੍ਹਾਈ ਦਾ ਕਿੱਦਾਂ ਅੱਜਕੱਲ੍ਹ ਚੱਲਦਾ ਏ! ਉਹ ਵਿਚਾਰਾ

ਅੱਗੋਂ ਕੀ ਦੱਸੇ ਕਿ ਮੈਂ ਤਿੰਨ ਵਾਰ ਜਮਾਤ ਵਿੱਚੋਂ ਫ਼ੇਲ੍ਹ ਹੋ ਗਿਆ ਹਾਂ। ਗਿੱਟੇ ਭਿੜਦੇ ਹੋਣ, ਗੋਡਿਆਂ ਤੋਂ ਉੱਠ ਨਾ ਹੋਵੇ, ਚਾਰ ਵਾਰ ਸਾਹ ਲੈ ਕੇ ਖੂਹ 'ਤੇ ਜਾਂਦਾ ਹੋਵੇ, ਉਸ ਨੂੰ ਕਿਹਾ ਜਾਂਦਾ ਹੈ—ਭਲਵਾਨਾ ਕਬੱਡੀ ਕਿਥੇ ਖੇਡਦਾ ਹੁੰਦਾ ਏਂ, ਜਿਵੇਂ ਪੁੱਛਣ ਵਾਲੇ ਨੇ ਇਨਾਮ ਦੇਣਾ ਹੋਵੇ। ਨਾਸਾਂ ਵਿੱਚੋਂ ਨਸਵਾਰ ਨਾ ਮੁੱਕਣ ਦੇਵੇ, ਮੁਸ਼ਕ ਦਾ ਮਾਰਿਆ ਹੋਵੇ, ਕੋਲ ਬਹਿਣ ਨੂੰ ਰੂਹ ਨਾ ਕਰੇ ਤੇ ਘੜੁੱਤੀ ਗੱਲ ਕਰੇ, ਹਰ ਵੇਲੇ ਮੈਲ ਨਾਲ ਪੂਰੀ ਹਮਦਰਦੀ ਰੱਖਦਾ ਹੋਵੇ, ਪਿੰਡ ਵਾਲਿਆਂ ਨੇ ਟਿੱਚਰ ਵਜੋਂ ਉਸ ਦਾ ਨਾਂ ਰੱਖਿਆ ਹੁੰਦਾ ਏ ਸਰਪੰਚ। ਇੰਜ ਹੀ ਜਿਹੜਾ ਆਦਮੀ ਭੁਲੇਖੇ ਨਾਲ ਵੀ ਸਕੂਲ ਦੇ ਪਿਛਲੇ ਪਾਸਿਓਂ ਦੀ ਨਾ ਲੰਘਿਆ ਹੋਵੇ, ਕਾਲੇ ਅੱਖਰ ਨੂੰ ਭੈਂਸਾ ਕਹਿਣ ਵਾਲਾ, ਘਰ ਦੇ ਕੰਮ ਤੋਂ ਪੂਰੀ ਤਰ੍ਹਾਂ ਕੰਮ-ਚੋਰ, ਤੀਲਾ ਤੋੜ ਕੇ ਦੋਹਰਾ ਨਾ ਕਰਦਾ ਹੋਵੇ, ਅਗਲੀ ਫ਼ਸਲ ਲਈ ਰੱਖਿਆ ਹੋਇਆ ਬੀਜ ਚੋਰੀ ਵੇਚ ਕੇ ਨਸ਼ਾ ਪੱਤਾ ਛਕਣ ਵਾਲਾ—ਜੇ ਕਿਤੇ ਗਿੱਟਿਆਂ ਨੂੰ ਖਹਿੰਦਾ ਲੰਬਾ ਚੋਲਾ ਤੇ ਗਲ ਵਿਚ ਲੰਬੀ ਮਾਲਾ ਪਾ ਲਏ ਤਾਂ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਉਹ ਸੰਤ ਮਹਾਰਾਜ ਜੀ ਬਣ ਜਾਂਦੇ ਹਨ। ਹੈ ਕਿ ਨਹੀਂ, ਗ਼ੈਬੀ ਕਰਾਮਾਤ ਬ੍ਰਹਮ ਗਿਆਨ ਦੀ ਤੇ ਥੋੜ੍ਹੇ ਚਿਰ ਵਿਚ ਹੀ ਸਿੱਖ ਕੌਮ ਦਾ ਮਹਾਨ ਪ੍ਰਚਾਰਕ ਬਣਿਆ ਦਿੱਸਦਾ ਹੁੰਦਾ ਹੈ।

ਗੁਰੂ ਅੰਗਦ ਪਾਤਿਸ਼ਾਹ ਜੀ ਨੇ ਸਮਾਜ ਦੀ ਮਾਨਸਿਕ ਦਸ਼ਾ ਦਾ ਵਿਸ਼ਲੇਸ਼ਣ ਕਰਦਿਆਂ ਕੀਮਤੀ ਖ਼ਿਆਲ ਦਿੱਤਾ ਹੈ, ਜੋ ਮਲਾਰ ਰਾਗ ਦੀ ਵਾਰ ਵਿਚ ਦਰਜ ਹੈ:

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥

(ਵਾਰ ਮਲਾਰ, ਮ: ੨, ਪੰਨਾ 1288)

ਗੁਰਬਾਣੀ ਕਿਸੇ ਵੀ ਜੁਗ ਨੂੰ ਨਹੀਂ ਮੰਨਦੀ, ਏਸੇ ਤਰ੍ਹਾਂ ਕਲਜੁਗ ਵੀ ਕਿਸੇ ਖ਼ਾਸ ਜੁਗ ਦਾ ਨਾਮ ਨਹੀਂ ਹੈ। ਜਦੋਂ ਮਨੁੱਖਤਾ ਦੇ ਸੁਭਾਅ ਵਿੱਚੋਂ ਆਤਮਿਕ ਸੂਝ ਖ਼ਤਮ ਹੋ ਜਾਂਦੀ ਹੈ, ਕ੍ਰੋਧ ਵਰਗੀਆਂ ਭਿਆਨਕ ਬਿਮਾਰੀਆਂ ਜਨਮ ਲੈਂਦੀਆਂ ਹਨ ਤਦ ਕਿਹਾ ਜਾਂਦਾ ਹੈ, ਇਹ ਤਾਂ ਕਲਜੁਗ ਦਾ ਜ਼ਮਾਨਾ ਆ ਗਿਆ ਹੈ। ਗੱਲ ਕੀ ਜਗਤ ਉਲਟੀਆਂ-ਪੁਲਟੀਆਂ ਗੱਲਾਂ ਕਰਦਾ ਹੋਵੇ ਤਾਂ ਸਮਝੋ ਕਲਜੁਗ ਦਾ ਘੋਰ ਜ਼ਮਾਨਾ ਆ ਗਿਆ ਹੈ। ਹਮਾਤੜ ਸਾਥੀ ਦੇ ਘਰ ਬੱਚੇ ਨੇ ਜਨਮ ਲਿਆ ਤਾਂ ਘਰ ਵਿਚ ਖ਼ੁਸ਼ੀ ਦਾ ਮਾਹੌਲ ਬਣਨਾ ਹੀ ਹੈ। ਪਰ ਲੋਕਾਂ ਨੂੰ ਖ਼ੁਸ਼ੀਆਂ ਦੱਸਣ ਲਈ ਔਖਾ ਹੋ ਕੇ ਵੀ ਪਾਤਸ਼ਾਹ ਬਣਨ ਦੇ

ਸੁਪਨੇ ਲੈ ਰਿਹਾ ਹੈ। ਦੋ ਸਮੇਂ ਦੀ ਰੋਟੀ ਮੁਸ਼ਕਲ ਨਾਲ ਚੱਲੇ, ਘਰ ਵਿਚ ਬੁੱਕ-ਬੁੱਕ ਗ਼ਰੀਬੀ ਚੜ੍ਹੀ ਹੋਵੇ, ਪਰ ਮੰਗਣ ਵਾਲਾ ਅਸੀਸ ਦੇਂਦਿਆਂ ਕਹਿੰਦੈ, "ਪਾਤਿਸ਼ਾਹਾਂ ਦੇ ਘਰ ਵੱਸਦੇ ਰਹਿਣ, ਬੱਚਾ ਜੰਮਿਆ ਪਾਤਸ਼ਾਹੋ ਦਿਲ ਖੋਲ੍ਹ ਕੇ ਗ਼ਰੀਬਾਂ ਨੂੰ ਦਾਨ ਦਿਉ, ਰੱਬ ਤੁਹਾਨੂੰ ਖੁੱਲ੍ਹੇ ਗੱਫ਼ੇ ਦੇਵੇਗਾ।" ਬੰਦਾ ਇੰਨੇ ਵਿਚ ਹੀ ਖ਼ੁਸ਼ ਹੋ ਜਾਂਦਾ ਹੈ ਕਿ ਮੈਂ ਰਈਸ ਆਦਮੀਆਂ ਦੀ ਲਿਸਟ ਵਿਚ ਆ ਗਿਆ ਹਾਂ। ਦਰਦਾਂ ਨਾਲ ਨਿਢਾਲ ਹੋਈ ਮਾਂ ਦੀ ਦਵਾਈ ਵਾਸਤੇ ਪੈਸੇ ਨਹੀਂ ਹਨ ਪਰ ਇਹ ਮਨੁੱਖ ਝੂਠੀ ਸ਼ੋਹਰਤ ਦੀ ਖ਼ਾਤਰ ਕਰਜ਼ੇ ਦੀ ਪੰਡ ਚੁੱਕ ਔਖਿਆਂ ਹੋ ਕੇ ਵੀ ਇਹ ਸਮਾਜਿਕ ਜੀਵ ਬਾਦਸ਼ਾਹ ਬਣਨ ਦੀ ਕੋਸ਼ਿਸ਼ ਵਿਚ ਹੈ। ਸਦਕੇ ਜਾਈਏ ਕਲਜੁਗ ਦੇ ਰੰਗਾਂ ਦੇ—'ਨਾਉ ਫਕੀਰੈ ਪਾਤਿਸਾਹ' ਯਾਨਿ ਕਿ ਕੰਗਾਲ ਦਾ ਨਾਮ ਬਾਦਸ਼ਾਹ ਰੱਖਿਆ ਜਾਂਦਾ ਹੈ। ਆਪਣੀ ਮੁੱਢਲੀ ਹੈਸੀਅਤ ਨੂੰ ਭੁੱਲ ਕੇ ਦਿਖਾਵੇ ਦਾ ਵਡੱਪਣ ਜ਼ਾਹਰ ਕਰਨਾ ਏਸੇ ਹੀ ਕਤਾਰ ਵਿਚ ਆਉਂਦਾ ਹੈ।

ਮੂੰਹ 'ਤੇ ਬੈਠੀਆਂ ਮੱਖੀਆਂ ਨਾ ਉਡਾ ਸਕਦਾ ਹੋਵੇ, ਪਰ੍ਹੇ ਪੰਚਾਇਤ ਵਿਚ ਬੈਠਿਆਂ ਆਪਣੀਆਂ ਬੇਵਕੂਫ਼ਾਂ ਵਾਲੀਆਂ ਗੱਲਾਂ ਕਰਕੇ ਹਰੇਕ ਪਾਸੋਂ ਝਿੜਕਾਂ ਖਾ ਕੇ ਫਿਰ ਵੀ ਸਿਰੇ ਦੀਆਂ ਯਭਲੀਆਂ ਮਾਰਨ ਦਾ ਆਦੀ ਹੋਵੇ, ਆਪਣੇ ਨਿਆਣਿਆਂ ਨੂੰ ਕਿਤਾਬ ਖ਼ਰੀਦਣ ਦੇ ਬਹਾਨੇ ਵੀ ਕਦੇ ਕਿਤਾਬ ਦੇ ਦਰਸ਼ਨ ਨਾ ਕੀਤੇ ਹੋਣ, ਕਿਸੇ ਦੇ ਬਣੇ ਕੰਮ ਨੂੰ ਵਿਗਾੜਨ ਦੀ ਪੂਰੀ ਸਮਰੱਥਾ ਰੱਖਦਾ ਹੋਵੇ, ਅਖ਼ਬਾਰ ਨੂੰ ਪੁੱਠਾ ਫੜਿਆ ਹੋਇਆ ਹੋਵੇ ਤੇ ਉਸ ਅਖ਼ਬਾਰ 'ਤੇ ਬੱਸ ਦੀ ਤਸਵੀਰ ਵੀ ਪੁੱਠੀ ਹੀ ਦਿੱਸੇਗੀ। ਇੰਜ ਬੱਸ ਨੂੰ ਪੁੱਠਾ ਦੇਖ ਕੇ ਐਕਸੀਡੈਂਟ ਦੱਸਣ ਵਾਲੇ ਨੂੰ, ਉਹਦਾ ਮੂੰਹ-ਫਟ ਸੁਭਾਅ ਦੇਖ ਕੇ ਲੋਕ ਡਰਦੇ ਹੀ ਪੰਡਤ ਜੀ ਮਹਾਰਾਜ ਆਖਦੇ ਨਹੀਂ ਥੱਕਦੇ। ਹਰੇਕ ਘਰ ਦੇ ਵਿਆਹ ਸ਼ਾਦੀ ਵਿਚ ਜਾ ਕੇ ਲੱਤ ਅੜਾਏਗਾ, ਬਿਨਾਂ ਪੁੱਛਣ 'ਤੇ ਆਪਣੀਆਂ ਬੇ-ਥਵੀਆਂ ਦਲੀਲਾਂ ਦੇ ਢੇਰ ਲਗਾਈ ਜਾਏਗਾ, ਉਹਦੇ ਭੈੜੇ ਜਿਹੇ ਚਿਹਰੇ ਵੱਲ ਦੇਖਦਿਆਂ ਸਾਹਮਣੇ ਲੋਕ ਕਹਿਣਗੇ—ਪੰਡਤ ਜੀ, ਤੁਹਾਡੀ ਦਲੀਲ ਬਹੁਤ ਕੰਮ ਦੀ ਹੈ। ਤੁਸੀਂ ਤਾਂ ਹਮੇਸ਼ਾ ਬ੍ਰਹਮ ਗਿਆਨ ਤੇ ਲੋਕਾਂ ਦੇ ਭਲੇ ਦੀ ਹੀ ਗੱਲ ਕਰਦੇ ਹੋ, ਫਿਰ ਵੀ ਲੋਕ ਤੁਹਾਡੀ ਗੱਲ ਨਹੀਂ ਮੰਨਦੇ। ਇਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਪੰਡਤ ਜੀ ਦੀ ਕਿੰਨੀ ਕੀਮਤੀ ਰਾਇ ਹੈ। ਪਰ ਉਸ ਤੋਂ ਥੋੜ੍ਹੀ ਦੂਰੀ 'ਤੇ ਬੈਠੇ ਹੋਏ ਜਾਂ ਉਸ ਦੇ ਮਗਰ ਖਲੋਤੇ ਹੋਏ ਲੋਕ ਕਹੀ ਜਾਣਗੇ—ਸਿਰੇ ਦਾ ਮੂਰਖ ਏ, ਪਤਾ ਨਹੀਂ ਇਸ ਨੂੰ ਕਦੋਂ ਅਕਲ ਆਏਗੀ, ਐਵੇਂ ਈਂ ਹਰੇਕ ਘਰ ਵਿਚ ਟੰਗ ਅੜਾਈ ਜਾਂਦਾ ਏ। ਇਸੇ ਹੀ ਸੁਭਾਅ ਵਾਲੇ ਨੂੰ ਵਹਿਮੀ ਖੁਰ ਕਿਹਾ ਹੈ—'ਮੂਰਖਿ ਪੰਡਿਤੁ ਨਾਉ' ਸਿੱਧ ਅਵਸਥਾ ਵਿਚ ਜਿਥੇ ਟੇਢੀਆਂ ਕਹਾਣੀਆਂ ਦਾ ਬੋਲ-ਬਾਲਾ ਹੋਵੇ, ਉਸ ਨੂੰ ਕਲਜੁਗ ਕਿਹਾ ਗਿਆ ਹੈ।

ਇਸ ਸਲੋਕ ਦੀ ਦੂਸਰੀ ਤੁਕ ਵਿਚ ਉਨ੍ਹਾਂ ਲੋਕਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਨੂੰ ਧੇਲੇ ਦੀ ਅਕਲ ਨਹੀਂ ਤੇ ਸਮਾਜ ਨੂੰ ਅਕਲ ਦਾ ਸਬਕ ਪੜ੍ਹਾ ਰਹੇ ਹਨ। ਜਿਸ ਮਨੁੱਖ ਦੇ ਪਿਉ ਦਾਦੇ ਨੇ ਖੇਤੀ ਨਾ ਕੀਤੀ ਹੋਵੇ ਤੇ ਨਾ ਕਦੇ ਖੇਤੀ ਸੰਬੰਧੀ ਕੋਈ ਲਿਟਰੇਚਰ ਪੜ੍ਹਿਆ ਹੋਵੇ, ਲੋਕ ਉਸ ਤੋਂ ਖੇਤੀ ਸੰਬੰਧੀ ਕੀਮਤੀ ਸਲਾਹਾਂ ਲੈਂਦੇ ਹੋਣ, ਉਹ ਵਿਚਾਰਾ ਉੱਚਿਆਂ ਥਾਵਾਂ 'ਤੇ ਝੋਨਾ ਲਾਉਣ ਦੀ ਤੇ ਨੀਵਿਆਂ ਥਾਵਾਂ 'ਤੇ ਕਣਕ ਬੀਜਣ ਦੀ ਸਲਾਹ ਦੇਵੇ ਤਾਂ ਵਿਚਾਰੇ ਕਿਰਸਾਨਾਂ ਦਾ ਬੇੜਾ ਗ਼ਰਕ ਹੋਏਗਾ ਹੀ ਹੋਏਗਾ। ਕੰਪਿਊਟਰ ਇੰਜੀਨੀਅਰ ਨੂੰ ਦਵਾਈਆਂ ਪਰਖਣ 'ਤੇ ਰੱਖ ਲਿਆ ਜਾਵੇ ਜਾਂ ਉਹ ਮਰੀਜ਼ਾਂ ਨੂੰ ਦਵਾ-ਦਾਰੂ ਦੇਣ ਲੱਗ ਪਏ, ਮਰੀਜ਼ ਮਰਨਗੇ ਹੀ ਮਰਨਗੇ। ਡਾਕਟਰ ਮਰੀਜ਼ਾਂ ਦੀ ਸੇਵਾ-ਸੰਭਾਲ, ਦਵਾਈਆਂ ਪਰਖਣ ਵਾਲਾ ਧੰਦਾ ਛੱਡ ਕੇ ਪੁਲ ਬਣਾਉਣ ਦੀ ਜ਼ਿੰਮੇਵਾਰੀ ਲੈ ਲੈਣ, ਪੁਲ ਅਵੱਸ਼ ਢਹਿਣਗੇ। ਜਿਸ ਨੇ ਸਾਇਕਲ ਦੀ ਸਵਾਰੀ ਵੀ ਨਾ ਕੀਤੀ ਹੋਵੇ ਤੇ ਉਸਨੂੰ ਭਰੀ ਹੋਈ ਬੱਸ ਨੂੰ ਚਲਾਉਣ ਲਗਾ ਦਿੱਤਾ ਜਾਏ, ਉਸ ਪਾਸੋਂ ਸਵਾਰੀਆਂ ਸਾਬਤ ਨਾ ਘਰ ਗਈਆਂ, ਸਗੋਂ ਹਸਪਤਾਲਾਂ ਦੇ ਦੀਦਾਰੇ ਕਰਨਗੀਆਂ। ਇਕ ਵਕੀਲ ਨੂੰ ਜੰਗੀ ਜਹਾਜ਼ 'ਤੇ ਬਿਠਾ ਕੇ ਇਹ ਕਿਹਾ ਜਾਏ—ਜਾਉ ਦੁਸ਼ਮਣ ਦੇ ਦੰਦ ਖੱਟੇ ਕਰ ਕੇ ਆਉ। ਉਸ ਵਿਚਾਰੇ ਨੇ ਦੁਸ਼ਮਣ ਦੇ ਦੰਦ ਖੱਟੇ ਕੀ ਕਰਨੇ ਨੇ, ਉਹ ਵਿਚਾਰਾ ਆਪਣੇ ਹੀ ਦੰਦ ਤੁੜਾ ਕੇ ਆ ਜਾਏਗਾ। ਜਿਸ ਵਿਚਾਰੇ ਨੇ ਇਤਿਹਾਸ ਦੀਆਂ ਪੁਸਤਕਾਂ ਦੇ ਨਾਂ ਵੀ ਨਾ ਸੁਣੇ ਹੋਣ, ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਤਾਂ ਗੱਲ ਇਕ ਪਾਸੇ ਰਹੀ, ਸਿਧ ਗੋਸਟਿ ਵੀ ਧਿਆਨ ਨਾਲ ਨਾ ਪੜ੍ਹੀ ਹੋਵੇ, ਸਿੱਖ ਫ਼ਿਲਾਸਫ਼ੀ ਜਾਂ ਰਹਿਤ ਮਰਯਾਦਾ ਬਾਰੇ ਕਦੀ ਸੁਣਿਆ ਵੀ ਨਾ ਹੋਵੇ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠ ਕੇ ਸਿੱਖੀ ਸਿੱਧਾਂਤ ਨੂੰ ਘੜਮੱਸ ਚੌਦੇਂ ਦੀ ਮੱਸਿਆ ਵਾਂਗ ਅਣ-ਸਾਇੰਸੀ ਗਪੌੜਿਆਂ ਰਾਹੀਂ ਸੰਗਤਾਂ ਸਾਹਮਣੇ ਪੇਸ਼ ਕਰ ਕੇ ਵਾਹਵਾ ਖੱਟ ਰਿਹਾ ਹੈ ਤੇ ਕੌਮ ਦੇ ਮਹਾਨ ਪ੍ਰਚਾਰਕ ਬਣ ਕੇ ਨਾਮ-ਧਰੀਕ ਪ੍ਰਬੰਧਕਾਂ ਪਾਸੋਂ ਸਿਰੋਪੇ ਲੈ ਰਿਹਾ ਹੈ। ਗੁਰਵਾਕ ਹੈ:

ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥

ਦੁਨੀਆ ਦਾ ਇੱਕੋ ਇਕ ਸਿਧਾਂਤਕ, ਸਾਇੰਟਿਫਿਕ, ਵਿਗਿਆਨਕ ਤੇ ਅਤਿ ਮਾਡਰਨ ਧਰਮ ਹੁੰਦਾ ਹੋਇਆ ਵੀ ਗੁੱਗਾ-ਗਪੌੜ ਤੇ ਗਰੁੜ ਪੁਰਾਣ ਦੀਆਂ ਝੂਠੀਆਂ ਗਾਥਾਵਾਂ ਦੇ ਥੱਲੇ ਦੱਬਿਆ ਜਾ ਰਿਹਾ ਹੈ, ਸਾਡੇ ਆਪੇ ਬਣੇ ਪ੍ਰਚਾਰਕਾਂ ਕਰਕੇ। 'ਅੰਧੇ' ਸ਼ਬਦ ਇਕ ਪ੍ਰਤੀਕ ਵਜੋਂ ਲਿਆ ਗਿਆ ਹੈ—ਮਿਸਾਲ ਦੇ ਤੌਰ 'ਤੇ ਨੇਤ੍ਰਹੀਣ ਵਿਅਕਤੀ ਨੂੰ ਕੱਪੜਿਆਂ ਦੇ ਰੰਗ ਦੇਖ ਕੇ ਸਹੀ ਰੰਗ ਦੱਸਣ ਲਈ ਕਿਹਾ ਜਾਏ, ਉਸ ਵਿਚਾਰੇ ਨੂੰ ਇਤਨੀ ਸਮਝ ਨਹੀਂ ਕਿ ਸਹੀ

ਰੰਗ ਦੀ ਪਹਿਚਾਣ ਕਰ ਸਕੇ। ਏਥੇ ਨੇਤ੍ਰਹੀਣ ਅੱਖਾਂ ਦੇ ਤਲ ਵਾਲੇ ਨੂੰ ਨਹੀਂ ਕਿਹਾ ਗਿਆ। ਸਮਾਜ ਦੇ ਉਸ ਵਰਤਾਰੇ ਨੂੰ ਕਿਹਾ ਹੈ ਜਿਥੇ ਯੋਗ ਥਾਵਾਂ 'ਤੇ ਅਯੋਗ ਆਦਮੀ ਬੈਠ ਗ਼ਲਤ ਫੈਸਲੇ ਕਰ ਰਹੇ ਹਨ। ਤੀਹ ਕੁ ਸਾਲ ਪੁਰਾਣੀ ਗੱਲ ਹੈ ਕਿ ਇਕ ਸਕੂਲ ਵਿਚ ਪੰਜਾਬੀ ਦੇ ਅਧਿਆਪਕਾਂ ਦੀ ਇੰਟਰਵਿਊ ਹੋ ਰਹੀ ਸੀ। ਅਨਪੜ੍ਹ ਪ੍ਰਧਾਨ ਪੁੱਛਦਾ ਹੈ—ਕਾਕਾ ਕੈ ਜਮਾਤਾਂ ਪੜ੍ਹਿਆਂ ਏਂ ? ਕਹਿੰਦਾ—ਮੈਂ ਐਮ.ਏ. ਪੰਜਾਬੀ ਦੀ ਕੀਤੀ ਹੈ। ਪ੍ਰਧਾਨ ਕਹਿੰਦਾ—ਓਏ ਤੂੰ ਇਹ ਦੱਸ ਗਿਆਨੀ ਪੜ੍ਹਿਆਂ ਏਂ ਕਿ ਨਹੀਂ ? ਇੰਟਰਵਿਊ ਦੇਣ ਵਾਲਾ ਕਾਕਾ ਕਹਿੰਦਾ—ਮੈਂ ਬੀ.ਐਡ. ਕੀਤੀ ਹੋਈ ਹੈ। ਨਾ ਭਾਈ ਅਸੀਂ ਤਾਂ ਗਿਆਨੀ ਪਾਸ ਰੱਖਣਾ ਏਂ, ਕਿਉਂ ਜੀ ਠੀਕ ਏ ਨਾ, ਉੱਚੀ ਠਹਾਕਾ ਮਾਰ ਕੇ ਕਰਦਾ ਏ ਹੀਂ-ਹੀਂ-ਹੀਂ। ਪ੍ਰਿੰਸੀਪਲ ਵਿਚਾਰੇ ਆਏ ਕਾਕੇ ਦੀ ਫ਼ਾਈਲ ਫੋਲਦਿਆਂ, ਉਹਦੀ ਮਾਸੂਮੀਅਤ ਦੇਖਦਿਆਂ ਤੇ ਉਸ ਦੀ ਕਿਸਮਤ ਨੂੰ ਆਪਣੇ ਮੱਥੇ 'ਤੇ ਹੱਥ ਮਾਰ ਕੇ ਕੋਸ ਰਹੇ ਹੁੰਦੇ ਹਨ—"ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥"

ਉਹ ਸਾਰੇ ਪ੍ਰਚਾਰਕ, ਰਾਗੀ, ਢਾਡੀ, ਗ੍ਰੰਥੀ ਤੇ ਪ੍ਰਬੰਧਕ ਸਾਹਿਬਾਨ ਸਤਿਕਾਰਯੋਗ ਹਨ, ਜੋ ਗੁਰੂ ਗ੍ਰੰਥ ਤੇ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਅਨੁਸਾਰ, ਮੁਸ਼ਕਲਾਤਾਂ ਦਾ ਟਾਕਰਾ ਕਰ ਕੇ ਵੀ ਸਿੱਖੀ ਦੇ ਪ੍ਰਚਾਰ ਵਿਚ ਤਨੋਂ ਮਨੋਂ ਲੱਗੇ ਹੋਏ ਹਨ। "ਅੰਧੇ ਕਾ ਨਾਉ ਪਾਰਖੂ" ਅਨੁਸਾਰ ਗੱਲ ਉਨ੍ਹਾਂ ਭੇਖੀ ਪ੍ਰਚਾਰਕਾਂ ਤੇ ਚਿਮਟਿਆਂ ਵਾਲੇ ਸਾਧਾਂ ਸੰਤਾਂ ਦੀ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਕਸਮ ਖਾਧੀ ਹੋਈ ਹੈ ਕਿ ਅਸੀਂ ਸਿੱਖੀ ਨੂੰ ਕਰਾਮਾਤਾਂ ਦੇ ਹਨੇਰੇ ਖੂਹ-ਖਾਤੇ ਸੁੱਟਣਾ ਹੀ ਸੁੱਟਣਾ ਹੈ। ਆਉ ਅਜੇਹੇ ਅੰਧੇ ਪਾਰਖੂਆਂ ਦੇ ਪ੍ਰਚਾਰ ਦੀਆਂ ਕੁਝ ਵੰਨਗੀਆਂ ਦੇਖੀਏ—ਜੋ ਮਿਥਿਹਾਸ ਤੋਂ ਵੀ ਥੱਲੇ ਦੀਆਂ ਹਨ—ਪਤਾ ਨਹੀਂ ਕਿਥੋਂ ਇਤਿਹਾਸ ਪੜ੍ਹਿਆ ਹੋਇਆ ਏ, ਵਾਰੇ ਜਾਈਏ ਇਨ੍ਹਾਂ ਦੀ ਜ਼ਮੀਰ 'ਤੇ ਅਤੇ ਮਨਘੜਤ ਇਤਿਹਾਸ ਸੁਣਾਉਣ ਦੀ ਲੱਛੇਦਾਰ ਸ਼ੈਲੀ ਦੇ, ਵਾਹ! ਸਦਕੇ ਜਾਈਏ ਅਜੇਹੀ ਸਰੋਤ ਦੇ ਜੋ ਇਸ ਨੂੰ ਮਹਾਂਪੁਰਸ਼ਾਂ ਦੇ ਇਲਾਹੀ ਪ੍ਰਵਚਨ ਦੱਸ ਕੇ ਡੰਡਉਤਾਂ ਕਰ ਰਹੇ ਹਨ।

ਸੰਨ 2001 ਨਵੰਬਰ ਦੇ ਮਹੀਨੇ ਅਮਰੀਕਾ ਵਿਖੇ ਮੇਰੀਲੈਂਡ ਗੁਰਦੁਆਰੇ ਦੀ ਗੱਲ ਹੈ, ਜਦੋਂ ਇਕ ਸਿਰੇ ਦੇ ਰਾਗੀ ਨੇ ਕੀਰਤਨ ਕਰਦਿਆਂ ਕਰਦਿਆਂ ਇਤਿਹਾਸ ਦੀ ਸਾਖੀ ਸੁਣਾਉਣੀ ਸ਼ੁਰੂ ਕਰ ਦਿੱਤੀ ਕਿ ਇਕ ਗ਼ਰੀਬ ਪਰਿਵਾਰ ਨੇ ਗੁਰੂ ਨਾਨਕ ਸਾਹਿਬ ਜੀ, ਭਾਈ ਮਰਦਾਨਾ ਜੀ ਅਤੇ ਭਾਈ ਬਾਲਾ ਜੀ ਨੂੰ ਆਪਣੇ ਘਰ ਪਰਸ਼ਾਦਾ ਛਕਣ ਲਈ ਕਿਹਾ। ਗੁਰੂ ਜੀ ਪ੍ਰਸ਼ਾਦਾ ਛਕਣਾ ਮੰਨ ਗਏ। ਭਾਵੇਂ ਘਰ ਵਿਚ ਗ਼ਰੀਬੀ ਬਹੁਤ ਜ਼ਿਆਦਾ ਸੀ ਪਰ ਫਿਰ ਵੀ ਉਸ ਦੀ ਘਰਵਾਲੀ ਗੁਰੂ ਸਾਹਿਬ ਜੀ ਨੂੰ ਪ੍ਰਸ਼ਾਦਾ ਛਕਾਉਣਾ ਮੰਨ ਗਈ। ਘਰਵਾਲਾ ਗੁਰੂ ਜੀ ਨੂੰ ਲੈਣ ਲਈ ਚਲਾ ਗਿਆ ਤੇ ਪਿੱਛੋਂ ਘਰਵਾਲੀ ਨੇ ਪ੍ਰਸ਼ਾਦੇ ਤਿਆਰ

ਕਰਨ ਲਈ ਤੰਦੂਰ ਤਾਇਆ। ਲੜਕਾ ਕੋਠੇ ਉਪਰ ਚੜ੍ਹ ਕੇ ਰਾਹ ਦੇਖਣ ਲੱਗ ਪਿਆ। ਦੇਖਦਿਆਂ ਦੇਖਦਿਆਂ ਬੱਚੇ ਦਾ ਪੈਰ ਫਿਸਲਿਆ ਤੇ ਉਹ ਤੰਦੂਰ ਵਿਚ ਡਿੱਗਦਿਆਂ ਹੀ ਸੜ ਕੇ ਮਰ ਗਿਆ। ਗੁਰੂ ਜੀ ਘਰ ਆਏ ਤੇ ਪ੍ਰਸ਼ਾਦਾ ਛਕਣ ਲੱਗੇ ਤਾਂ ਕਹਿਣ ਲੱਗੇ ਕਿ ਤੁਹਾਡਾ ਕਾਕਾ ਨਹੀਂ ਦਿੱਸਦਾ, ਕਿਥੇ ਗਿਆ ਹੈ? ਘਰਵਾਲੀ ਕਹਿਣ ਲੱਗੀ ਕਿ ਬਾਬਾ ਜੀ, ਕਾਕਾ ਬਹੁਤ ਦੂਰ ਚਲਾ ਗਿਆ ਹੈ, ਉਸ ਦੇ ਆਉਣ ਦੀ ਸੰਭਾਵਨਾ ਬਹੁਤ ਘੱਟ ਹੈ। ਹੋ ਸਕਦਾ ਹੈ ਉਹ ਦੇਰੀ ਨਾਲ ਆਵੇ, ਤੁਸੀਂ ਪ੍ਰਸ਼ਾਦਾ ਛਕੋ ਇਹ ਠੰਡਾ ਹੋ ਰਿਹਾ ਹੈ। ਗੁਰੂ ਜੀ ਜਾਣੀ-ਜਾਣ ਸਨ। ਪਰ ਫਿਰ ਵੀ ਉਨ੍ਹਾਂ ਨੇ ਕਾਕੇ ਦਾ ਨਾਮ ਪੁੱਛਿਆ ਤੇ ਜ਼ੋਰ ਦੀ ਆਵਾਜ਼ ਮਾਰੀ। ਸਾਧ ਸੰਗਤ ਜੀ ਸੜ ਮਰਿਆ ਹੋਇਆ ਕਾਕਾ ਵਾਹਿਗੁਰੂ-ਵਾਹਿਗੁਰੂ ਕਰਦਾ ਗੁਰੂ ਜੀ ਦੇ ਸਾਹਮਣੇ ਆ ਕੇ ਬੈਠ ਗਿਆ ਤੇ ਮਹਾਰਾਜ ਜੀ ਨੇ ਉਸ ਕਾਕੇ ਨੂੰ ਲੰਬੀਆਂ ਉਮਰਾਂ ਬਖ਼ਸ਼ ਦਿੱਤੀਆਂ। ਸਤਿਸੰਗੀ ਜਨੋਂ! ਵੱਡੇ ਮਹਾਰਾਜ ਜੀ ਕਿਹਾ ਕਰਦੇ ਸੀ ਕਿ ਜੋ ਸੰਤ ਜਨਾਂ ਦੀ ਸੇਵਾ ਕਰੇਗਾ, ਉਸ ਨੂੰ ਬਹੁਤ ਫਲਾਂ ਦੀ ਪ੍ਰਾਪਤੀ ਹੋਏਗੀ ਤੇ ਆਉ ਪੜ੍ਹੀਏ "ਸੁਖੁ ਹੋਵੈ ਦਿਨੁ ਰਾਤੀ" ਤੰਦੂਰ ਵਿਚ ਪੈ ਕੇ ਸੜਿਆ ਹੋਇਆ ਬੱਚਾ ਬਿਲਕੁਲ ਨੌਂ-ਬਰ-ਨੌਂ ਹੋ ਜਾਣ ਦੀ ਸਾਖੀ ਸੁਣ ਕੇ ਬਹੁਤ ਸਾਰੀਆਂ ਸੰਗਤਾਂ ਦੀਆਂ ਅੱਖਾਂ ਵਿਚ ਕਰਾਮਾਤੀ ਅੱਥਰੂ ਸਨ। ਰਾਗੀ ਪ੍ਰਚਾਰਕ ਜੀ ਅੱਗੇ ਡਾਲਰਾਂ ਦਾ ਢੇਰ ਲੱਗ ਗਿਆ। "ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥"

ਨਵੰਬਰ 2002 ਵਿਚ ਕੈਲੇਫ਼ੋਰਨੀਆ ਦੇ ਫ਼ਰੀਮੌਂਟ ਗੁਰਦੁਆਰੇ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਗੁਰਪੁਰਬ 'ਤੇ ਜਾਣ ਦਾ ਮੌਕਾ ਬਣਿਆ। ਇਸ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦਾ ਭਰਪੂਰ ਇਕੱਠ ਹੁੰਦਾ ਹੈ। ਉਲੀਕਿਆ ਹੋਇਆ ਪ੍ਰੋਗਰਾਮ ਤਰਤੀਬ ਨਾਲ ਚੱਲ ਰਿਹਾ ਸੀ। ਅਚਾਨਕ ਇਕ ਟਰੱਸਟੀ ਆਇਆ ਤੇ ਕਹਿਣ ਲੱਗਾ—ਸਾਡੇ ਬਾਬਾ ਜੀ ਆਏ ਹੋਏ ਨੇ, ਇਸ ਲਈ ਉਨ੍ਹਾਂ ਨੂੰ ਹੁਣੇ ਹੀ ਸਮਾਂ ਮਿਲਣਾ ਚਾਹੀਦਾ ਹੈ। ਸਕੱਤਰ ਨੇ ਆਪਣੀ ਮਜਬੂਰੀ ਦੱਸੀ, ਪਰ ਟਰੱਸਟੀ ਨੇ ਆਪਣੀ ਇੱਜ਼ਤ ਦਾ ਸੁਆਲ ਬਣਾ ਲਿਆ। ਅਗਲੀਆਂ ਵੋਟਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਸਟੇਜ ਸਕੱਤਰ ਨੇ ਬਾਬਾ ਜੀ ਨੂੰ ਪੰਦਰਾਂ ਮਿੰਟ ਦਾ ਸਮਾਂ ਦਿੱਤਾ। ਬਾਬਾ ਜੀ ਨੇ ਅੱਖਾਂ ਮੁੰਦ ਲਈਆਂ ਤੇ ਚਿਮਟਿਆਂ ਵਾਲਿਆਂ ਨੇ ਢੋਲਕੀ ਦੇ ਖੜਾਕ ਵਿਚ ਲੋਕ-ਗੀਤਾਂ ਦੀਆਂ ਖ਼ੂਬ ਤਰਜ਼ਾਂ ਕੱਢੀਆਂ। ਵੰਨ-ਸਵੰਨੀਆਂ ਗੀਤਾਂ ਦੀਆਂ ਝੜੀਆਂ ਲਾਈਆਂ ਜੋ ਪੰਦਰਾਂ ਮਿੰਟ ਦੀ ਬਜਾਏ ਪੂਰਾ ਸਵਾ ਘੰਟਾ ਚੱਲਦੀਆਂ ਰਹੀਆਂ। ਬਾਬਾ ਜੀ ਵੱਡੇ ਮਹਾਰਾਜ ਜੀ ਦਾ ਨਾਂ ਲੈ ਕੇ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਦੀਆਂ ਸਾਖੀਆਂ ਸੁਣਾਉਣ ਲੱਗ ਪਏ—ਅਖੇ ਸਾਧ ਸੰਗਤ ਜੀ! ਗੁਰੂ ਨਾਨਕ ਸਾਹਿਬ ਜੀ ਜਦੋਂ ਅਰਬ ਦੇਸ਼ਾਂ ਨੂੰ ਗਏ ਤਾਂ ਭਾਈ ਬਾਲਾ ਤੇ ਭਾਈ ਮਰਦਾਨਾ ਜੀ ਨਾਲ ਸਨ।

ਅੱਗੇ ਸਮੁੰਦਰ ਆ ਗਿਆ। ਮਰਦਾਨਾ ਕਹਿੰਦਾ—ਬਾਬਾ ਜੀ ਇਹ ਸਮੁੰਦਰ ਕਿਵੇਂ ਪਾਰ ਕਰਾਂਗੇ। ਬਾਬਾ ਜੀ ਨੇ ਕਿਹਾ—ਮਰਦਾਨਿਆਂ ਦੇਖ ਰੰਗ ਕਰਤਾਰ ਦੇ। ਤਾਂ ਮਰਦਾਨਾ ਕੀ ਦੇਖਦਾ ਹੈ ਕਿ ਇਕ ਮੱਗਰਮੱਛ ਸਾਹਮਣਿਉਂ ਤੁਰਿਆ ਆ ਰਿਹਾ ਸੀ। ਬਾਬਾ ਜੀ ਕਹਿੰਦੇ—ਆਉ ਇਸ ਮੱਗਰਮੱਛ 'ਤੇ ਬੈਠ ਕੇ ਸਮੁੰਦਰ ਨੂੰ ਪਾਰ ਕਰ ਲਈਏ। ਸਾਧ ਸੰਗਤ ਜੀ, ਇੰਜ ਬਾਬਾ ਜੀ ਨੇ ਮੱਗਰਮੱਛ 'ਤੇ ਬੈਠ ਕੇ ਸਮੁੰਦਰ ਨੂੰ ਪਾਰ ਕੀਤਾ। ਗੁਰੂ ਨਾਨਕ ਸਾਹਿਬ ਜੀ ਦਾ ਪੁਰਬ ਹੋਵੇ ਤੇ ਉਨ੍ਹਾਂ ਦੀ ਮਹਾਨ ਬਾਣੀ ਡੂੰਘੀ ਫ਼ਿਲਾਸਫ਼ੀ ਉੱਚੀਆਂ ਸੁੱਚੀਆਂ ਇਤਿਹਾਸ ਦੀਆਂ ਮਾਣਮੱਤੀਆਂ ਘਟਨਾਵਾਂ ਨੂੰ ਛੱਡ ਕੇ ਗੱਪਾਂ ਦੇ ਹਵਾਈ ਕਿਲ੍ਹੇ ਉਸਾਰਨੇ, ਇਨ੍ਹਾਂ ਬੂਬਨੇ ਬਾਬਿਆਂ ਦਾ ਆਪੇ ਰਚਿਆ ਇਤਿਹਾਸ ਹੈ। ਇਨ੍ਹਾਂ ਨੂੰ ਰੇਸ਼ਮੀ ਸਿਰੋਪਾਉ ਦੇ ਕੇ ਸਿੱਖ ਕੌਮ ਦੇ ਮਹਾਨ ਰਾਗੀ ਪ੍ਰਚਾਰਕ ਹੋਣ ਦਾ ਸਰਟੀਫ਼ਿਕੇਟ ਦਿੱਤਾ ਤੇ ਲਿਆ ਜਾ ਰਿਹਾ ਹੈ। ਉਹ ਮੇਰੀਏ ਮਹਾਨ ਕੌਮੇ! ਤੇਰਾ ਕੌਣ ਵਿਚਾਰਾ—ਤੈਨੂੰ ਇਹ ਭੂਕਨਿਆਂ ਵਾਲੇ ਬਾਬੇ ਨਿਚੋੜ ਕੇ ਸੁੱਕਣੇ ਪਾ ਰਹੇ ਹਨ ਤੇ ਤੂੰ ਘੂਕ ਸੁੱਤੀ ਪਈ ਏਂ। ਧੰਨ ਹਨ ਉਹ ਪ੍ਰਬੰਧਕ ਤੇ ਸਰੋਤਾ-ਜਨ, ਜੋ ਮਨਘੜਤ ਬਾਤ-ਬਤੰਗੜ ਸੁਣ ਕੇ ਵੀ ਇਨ੍ਹਾਂ ਨੂੰ ਮਹਾਂਪੁਰਸ਼ਾਂ ਦਾ ਖ਼ਿਤਾਬ ਦੇ ਰਹੇ ਹਨ। ਗੁਰੂ ਨਾਨਕ ਸਾਹਿਬ ਜੀ ਨੇ ਇਨ੍ਹਾਂ ਪਾਖੰਡੀਆਂ ਨੂੰ ਹੀ ਕਿਹਾ ਹੈ—
"ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥"

ਕਹਿੰਦੇ ਨੇ ਇਕ ਮਾਲੀ ਦਾ ਸੁਨਿਆਰੇ ਨਾਲ ਯਰਾਨਾ ਪੈ ਗਿਆ। ਮਾਲੀ ਨੇ ਬਹੁਤ ਮਿਹਨਤ ਨਾਲ ਫੁੱਲ ਬੂਟੇ ਤਿਆਰ ਕੀਤੇ। ਸਾਰੀ ਫੁੱਲਵਾੜੀ ਵਿੱਚੋਂ ਸੁੰਦਰ ਫੁੱਲਾਂ ਦੀ ਮਹਿਕ ਆਵੇ, ਹਰ ਆਇਆ ਗਿਆ ਫੁੱਲਾਂ ਦੀ ਤਾਰੀਫ਼ ਕੀਤੇ ਬਿਨਾਂ ਨਾ ਰਹੇ। ਮਾਲੀ ਦੇ ਮਨ ਵਿਚ ਖ਼ਿਆਲ ਆਇਆ ਕਿ ਮੈਂ ਆਪਣੇ ਜਿਗਰੀ ਯਾਰ ਨੂੰ ਵੀ ਇਹ ਮਹਿਕ ਰਹੇ ਫੁੱਲ ਦਿਖਾ ਦਿਆਂ। ਮਾਲੀ ਨੇ ਸੁਨਿਆਰੇ ਨੂੰ ਬੁਲਾਇਆ ਕਿ ਮੇਰੇ ਖਿੜੇ ਹੋਏ ਫੁੱਲਾਂ ਨੂੰ ਆ ਕੇ ਦੇਖ। ਬਾਂਦਰ ਕੀ ਜਾਣੇ ਅਦਰਕ ਦਾ ਸੁਆਦ—ਦੇ ਅਖਾਣ ਅਨੁਸਾਰ ਸੁਨਿਆਰਾ ਕੀ ਜਾਣੇ, ਫੁੱਲ ਦੀ ਮਹਾਨਤਾ ਨੂੰ। ਸੁਨਿਆਰੇ ਨੇ ਆਪਣੇ ਨਾਲ ਸੋਨਾ ਪਰਖਣ ਵਾਲੀ ਪੱਥਰ ਦੀ ਕਸਵੱਟੀ ਲੈ ਲਈ। ਖਿੜੇ ਹੋਏ ਬਾਗ਼ ਵਿਚ ਜਾ ਕੇ ਮਾਲੀ ਦੇ ਸਾਹਮਣੇ ਫੁੱਲ ਤੋੜੇ ਤੇ ਪੱਥਰ ਦੀ ਕਸਵੱਟੀ ਨਾਲ ਚੰਗੀ ਤਰ੍ਹਾਂ ਘਸਾ ਕੇ ਦੇਖੇ ਤੇ ਫੁੱਲ ਨੂੰ ਜ਼ਮੀਨ 'ਤੇ ਵਗ੍ਹਾ ਮਾਰੇ। ਸੁਨਿਆਰੇ ਦੀਆਂ ਬੇਹੂਦਾ ਹਰਕਤਾਂ ਮਾਲੀ ਦੇਖੀ ਜਾ ਰਿਹਾ ਹੈ ਪਰ ਮੂੰਹੋਂ ਕੁਝ ਨਹੀਂ ਬੋਲਦਾ ਕਿਉਂਕਿ ਦੋਸਤ ਸੀ, ਸੱਦਾ-ਪੱਤਰ ਵੀ ਆਪ ਹੀ ਦੇ ਕੇ ਆਇਆ ਸੀ। ਮਾਲੀ ਆਪਣੇ ਮਨ ਨਾਲ ਹੀ ਵਿਚਾਰ ਕਰ ਕੇ ਆਖਦਾ ਹੈ—ਗ਼ਲਤ ਬੰਦੇ ਨੂੰ ਸੱਦਾ ਦੇ ਬੈਠਾ ਹਾਂ। ਇਹ ਸੋਨਾ ਪਰਖਣ ਵਾਲਾ ਫੁੱਲਾਂ ਦੀ ਸੁਗੰਧੀ ਨੂੰ ਨਹੀਂ ਜਾਣ ਸਕਦਾ। ਜਿਸ ਚੀਜ਼ ਬਾਰੇ ਮਨੁੱਖ ਨੂੰ ਗਿਆਨ

ਨਹੀਂ, ਉਸ ਮਨੁੱਖ ਨੂੰ ਉਹ ਚੀਜ਼ ਪਰਖਣ 'ਤੇ ਰੱਖ ਲਈਏ, ਤਬਾਹੀ ਦੀਆਂ ਨਿਸ਼ਾਨੀਆਂ ਨੇ। "ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥" ਪਿਛਲੇ ਲੰਬੇ ਸਮੇਂ ਤੋਂ ਸਿੱਖ ਕੌਮ ਨਾਲ ਵੀ ਇਹੀ ਕੁਝ ਹੋ ਰਿਹਾ ਹੈ। ਕੁਝ ਸੁਆਰਥੀ ਤੱਤਾਂ ਨੇ ਦੇਖ ਲਿਆ ਕਿ ਸਿੱਖ ਬਹੁਤ ਹੀ ਭੋਲੇ ਹਨ, ਗੁਰੂ ਦੇ ਨਾਂ 'ਤੇ ਆਪਣੇ ਆਪ ਨੂੰ ਕੁਰਬਾਨ ਕਰ ਦੇਂਦੇ ਹਨ। ਗੁਰੂਆਂ ਦੇ ਨਾਂ ਨਾਲ ਜਿੰਨੀਆਂ ਮਰਜ਼ੀ ਮਨਘੜਤ ਸਾਖੀਆਂ ਸੁਣਾਈ ਜਾਈਏ, ਇਨ੍ਹਾਂ ਨੇ ਸਾਊ ਪੁੱਤਾਂ ਵਾਂਗ ਸੁਣ ਲੈਣੀਆਂ ਹਨ। ਚੰਦ ਵੰਨਗੀਆਂ ਦੇ ਕੁਝ ਹੋਰ ਨਮੂਨੇ ਦੇਖੀਏ।

ਜਰਮਨ ਵਿਚ ਇਕ ਪਰਿਵਾਰ ਦੇ ਘਰ ਛੋਟੀ ਜਿਹੀ ਉਮਰ ਦੇ ਬਾਬੜੇ ਦੀ ਕੈਸਟ ਸੁਣਨ ਨੂੰ ਮਿਲੀ। ਇੰਜ ਲੱਗਦਾ ਸੀ ਕਿ ਇਸ ਆਪੇ ਬਣੇ ਨਵੇਂ ਸੰਤ ਨੇ ਇਤਿਹਾਸ ਦੀ ਪਰਖ-ਪੜਚੋਲ ਕੋਈ ਨਹੀਂ ਕੀਤੀ, ਸਗੋਂ ਸੁਣੀਆਂ ਸੁਣਾਈਆਂ ਸਾਖੀਆਂ ਨੂੰ ਨਾਟਕੀ ਅੰਦਾਜ਼ ਵਿਚ ਪੇਸ਼ ਕਰ ਕੇ ਵਾਹਵਾ ਖੱਟ ਰਿਹਾ ਸੀ। ਕਹਿੰਦਾ ਐ—ਬਾਲਕ ਗੋਬਿੰਦ ਰਾਏ ਜਦੋਂ ਛੋਟੀ ਉਮਰ ਦੇ ਸਨ ਤਾਂ ਖੂਹ ਦੇ ਪਾਣੀ ਭਰਨ ਗਈਆਂ ਬੱਚੀਆਂ ਦੇ ਗਲੇਲੇ ਮਾਰ ਕੇ ਉਨ੍ਹਾਂ ਦੇ ਘੜੇ ਭੰਨ ਦੇਂਦੇ ਸਨ। ਬੱਚੀਆਂ ਨੇ ਮਾਤਾ ਜੀ ਪਾਸ ਬਾਲਕ ਗੋਬਿੰਦ ਰਾਏ ਦੀ ਸ਼ਿਕਾਇਤ ਕੀਤੀ ਕਿ ਮਾਂ ਤੇਰਾ ਲਾਡਲਾ ਗਲੇਲੇ ਮਾਰ ਕੇ ਸਾਡੇ ਘੜੇ ਭੰਨ ਦੇਂਦਾ ਹੈ। ਸਤਸੰਗੀ ਜਨੋਂ ! ਮਾਤਾ ਜੀ ਨੇ ਆਪਣੇ ਬਾਲਕ ਨੂੰ ਕੁਝ ਨਹੀਂ ਕਿਹਾ, ਸਗੋਂ ਬੱਚੀਆਂ ਨੂੰ ਮਿੱਟੀ ਦੇ ਘੜਿਆਂ ਦੀ ਥਾਂ 'ਤੇ ਲੋਹੇ ਦੇ ਘੜੇ ਲੈ ਦਿੱਤੇ। ਪਿਆਰਿਓ ! ਇਕ ਵਾਰੀ ਗੱਜ ਕੇ ਆਖੋ ਧੰਨ ਗੁਰੂ ਗੋਬਿੰਦ ਸਿੰਘ ਜੀ ! ਸਤਸੰਗੀ ਜਨੋਂ ! ਫਿਰ ਤੁਹਾਨੂੰ ਪਤੈ ਕਿ ਬਾਲਕ ਗੋਬਿੰਦ ਰਾਏ ਜੀ ਨੇ ਕੀ ਕੀਤਾ— ਗਲੇਲਿਆਂ ਦੀ ਥਾਂ 'ਤੇ ਤੀਰ ਕਮਾਨ ਚੁੱਕ ਲਿਆ ਤੇ ਲੋਹੇ ਦੇ ਘੜਿਆਂ ਵਿਚ ਵੀ ਛੇਕ ਕਰ ਦਿੱਤੇ। ਬੱਚੀਆਂ ਨੇ ਫਿਰ ਮਾਤਾ ਜੀ ਪਾਸ ਸ਼ਿਕਾਇਤ ਕੀਤੀ ਕਿ ਮਾਤਾ ਜੀ ਤੇਰੇ ਲਾਡਲੇ ਗੋਬਿੰਦ ਨੇ ਸਾਡੇ ਇਹ ਘੜੇ ਵੀ ਤੋੜ ਦਿੱਤੇ ਹਨ, ਹੁਣ ਅਸੀਂ ਕੀ ਕਰੀਏ। ਫਿਰ ਪਿਆਰਿਓ ! ਮਾਤਾ ਜੀ ਨੇ ਖੂਹੀ ਨੂੰ ਸਰਾਪ ਦੇ ਕੇ ਉਸ ਦਾ ਪਾਣੀ ਸਦਾ ਲਈ ਖਾਰਾ ਕਰ ਦਿੱਤਾ। ਵਾਹ ਸਦਕੇ ਜਾਈਏ ਚਿਮਟਾ ਕਲਚਰ ਦੇ—ਮਾਤਾ ਗੂਜਰੀ ਜੀ ਤੇ ਪਿਤਾ ਗੁਰੂ ਤੇਗ਼ ਬਹਾਦਰ ਜੀ ਦਾ ਬੇਟਾ ਬਾਲਕ ਗੋਬਿੰਦ ਹੋਵੇ ਤੇ ਮਜ਼ਾਕ ਬੱਚੀਆਂ ਨਾਲ ? ਤਰੇਤੇ ਦੇ ਅਵਤਾਰ ਕ੍ਰਿਸ਼ਨ ਭਗਵਾਨ ਦੀਆਂ ਸਾਖੀਆਂ ਵੀ ਅਜੇਹੀਆਂ ਹੀ ਮਿਲਦੀਆਂ ਹਨ ਕਿ ਉਹ ਗ਼ਰੀਬ ਬੱਚੀਆਂ ਨਾਲ ਅਕਸਰ ਹੀ ਹਾਸਾ-ਠੱਠਾ ਕਰਦੇ ਰਹਿੰਦੇ ਸਨ ਤੇ ਉਨ੍ਹਾਂ ਦਾ ਮੱਖਣ ਚੁਰਾ ਕੇ ਖਾ ਜਾਂਦੇ ਸਨ। ਕੀ ਇਸ ਸਾਖੀ ਤੋਂ ਸਾਡੇ ਬੱਚੇ ਵੀ ਇਹ ਸਿੱਖਿਆ ਲੈ ਕੇ ਬੱਚੀਆਂ ਨਾਲ ਮਜ਼ਾਕ ਕਰਨ ਦੀ ਆਗਿਆ ਲੈ ਲੈਣ ? ਪੁੱਛਣਾ ਬਣਦਾ ਏ ਇਨ੍ਹਾਂ ਅਕਲ ਦੇ ਅੰਨ੍ਹਿਆਂ ਨੂੰ ਕਿ ਗੁਰੂ ਜੀ ਦਾ ਸਤਿਕਾਰ ਕਰ

ਰਹੇ ਹੋ ਜਾਂ ਇਤਿਹਾਸ ਦਾ ਬੇੜਾ ਗ਼ਰਕ ਕਰ ਰਹੇ ਹੋ—ਕਹਿਣਾ ਪਏਗਾ—"ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥"

ਗੁਰਬਾਣੀ ਜਾਂ ਇਤਿਹਾਸ ਦੀ ਗੱਲ ਕਰਨ ਲੱਗਿਆਂ, ਇਕ ਵਾਰ ਨਹੀਂ ਸਗੋਂ ਸੌ ਵਾਰ ਸੋਚਣਾ ਪੈਂਦਾ ਹੈ, ਭਈ ਕਿਤੇ ਕੋਈ ਗ਼ਲਤ ਸ਼ਬਦ ਮੂੰਹੋਂ ਨਾ ਨਿਕਲ ਜਾਏ ਪਰ ਪਤਾ ਨਹੀਂ ਇਹ ਕਿਵੇਂ ਗੁਰਬਾਣੀ ਅਰਥ-ਬੋਧ ਤੋਂ ਬਿਨਾਂ ਇਤਿਹਾਸ ਸੁਣਾ ਰਹੇ ਹਨ। ਡੁਬਈ ਵਿਚ ਇਕ ਹੋਰ ਰਾਗੀ ਪ੍ਰਚਾਰਕ ਦੇ ਕੀਰਤਨ ਕਥਾ ਦੀ ਕੈਸਟ ਸੁਣੀ—ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਵਿੱਚੋਂ ਇਕ ਸਾਖੀ ਸੁਣਾਉਂਦਿਆਂ ਦੱਸਿਆ ਜਾ ਰਿਹਾ ਸੀ ਕਿ ਇਕ ਗ਼ਰੀਬ ਪਰਿਵਾਰ ਦੇ ਘਰ ਗੁਰੂ ਨਾਨਕ ਤੇ ਭਾਈ ਮਰਦਾਨਾ ਜੀ ਪ੍ਰਸ਼ਾਦਾ ਛਕਣ ਲਈ ਗਏ। ਰਾਤ ਰਹੇ ਤੇ ਸਵੇਰੇ ਤੁਰਨ ਲੱਗਿਆਂ ਗੁਰੂ ਨਾਨਕ ਜੀ ਕਹਿਣ ਲੱਗੇ ਕਿ ਮਰਦਾਨਿਆਂ ਇਨ੍ਹਾਂ ਦੇ ਸਾਰੇ ਭਾਂਡੇ ਭੰਨ ਦੇਹ। ਮਰਦਾਨੇ ਨੇ ਪਰਿਵਾਰ ਦੇ ਸਾਰੇ ਭਾਂਡੇ ਭੰਨ ਦਿੱਤੇ ਤੇ ਪਰਿਵਾਰ ਵਾਲੇ ਅਡੋਲ ਚਿੱਤ ਰਹੇ। ਗੁਰੂ ਜੀ ਨੇ ਦੂਸਰੀ ਵਾਰ ਫਿਰ ਮਰਦਾਨੇ ਨੂੰ ਕਿਹਾ ਕਿ ਮਰਦਾਨਿਆਂ ਇਨ੍ਹਾਂ ਦੀ ਕੁੱਲੀ ਨੂੰ ਅੱਗ ਲਗਾ ਤੇ ਫਿਰ ਚੰਗੀ ਤਰ੍ਹਾਂ ਸਾੜ ਕੇ ਸੁਆਹ ਕਰ ਦੇਹ। ਮਰਦਾਨੇ ਨੇ ਹੁਕਮ ਮੰਨਦਿਆਂ ਹੋਇਆਂ ਗ਼ਰੀਬਾਂ ਦੀ ਕੁੱਲੀ ਸਾੜ ਕੇ ਸੁਆਹ ਕਰ ਦਿੱਤੀ। ਸਾਧ ਸੰਗਤ ਜੀਓ, ਗੁਰੂ ਜੀ ਗ਼ਰੀਬਾਂ ਦੀ ਕੁੱਲੀ ਸਾੜ ਕੇ ਅੱਗੇ ਚਲੇ ਗਏ। ਉਹ ਗ਼ਰੀਬ ਪਰਿਵਾਰ ਨੇ ਫਿਰ ਕੱਖਾਂ ਦੀ ਕੁੱਲੀ ਬਣਾਉਣ ਲਈ ਨੀਂਹ ਪੁੱਟੀ ਤਾਂ ਕੀ ਦੇਖਦੇ ਹਨ ਕਿ ਉਸ ਨੀਂਹ ਵਿੱਚੋਂ ਬਹੁਤ ਵੱਡਾ ਭਾਂਡਾ ਨਿਕਲਿਆ, ਜੋ ਮੋਹਰਾਂ ਦੇ ਨਾਲ ਭਰਿਆ ਹੋਇਆ ਸੀ। ਇੰਜ ਗੁਰੂ ਨਾਨਕ ਸਾਹਿਬ ਜੀ ਨੇ ਉਨ੍ਹਾਂ ਦੀ ਗ਼ਰੀਬੀ ਦੂਰ ਕੀਤੀ। ਸਾਧ ਸੰਗਤ ਜੀਓ, ਸੇਵਾ ਬਹੁਤ ਮਹਾਨ ਹੁੰਦੀ ਹੈ, ਕੋਈ ਵੀ ਸੇਵਾ ਕਰ ਕੇ ਦੇਖ ਲਏ, ਇਹ ਸੇਵਾ ਗ਼ਰੀਬ ਤੋਂ ਅਮੀਰੀ ਦਾ ਰੰਗ ਲਿਆਉਂਦੀ ਹੈ ਤੇ ਮਨੁੱਖ ਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ। "ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥"

ਇਸ ਤਰ੍ਹਾਂ ਦਾ ਇਕ ਹੋਰ ਪਾਰਖੂ, ਜਿਸ ਦਾ ਸੰਗਤ ਵਿਚ ਆਉਣ ਨੂੰ ਚਿੱਤ ਨਹੀਂ ਸੀ ਕਰਦਾ, ਪਰ ਧੱਕੇ ਨਾਲ ਪ੍ਰਬੰਧਕ ਉਸ ਨੂੰ ਚੁੱਕ ਕੇ ਸਟੇਜ 'ਤੇ ਲੈ ਆਏ। ਉਸ ਨੇ ਆਉਂਦਿਆਂ ਹੀ ਉੱਚੀ ਸਾਰੀ ਲੇਰ ਮਾਰਦਿਆਂ, ਘੱਗੀ ਆਵਾਜ਼ ਵਿਚ ਰੋਂਦਿਆਂ ਹੋਇਆਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਾਧ ਸੰਗਤ ਜੀ, ਵੱਡੇ ਮਹਾਰਾਜ ਜੀ ਮੈਨੂੰ ਕਿਹਾ ਕਰਦੇ ਸਨ ਕਿ ਓਏ ਬੁਗੜੂਆ ਤੂੰ ਗੁਰੂ ਗ੍ਰੰਥ ਨੂੰ ਪਿੱਠ ਨਾ ਦਈਂ। ਊਂ—ਊਂ—ਊਂ ਕਰ ਕੇ ਰੋਣਾ ਸ਼ੁਰੂ ਕਰ ਦਿੱਤਾ। ਰੋਂਦਿਆਂ ਰੋਂਦਿਆਂ ਫਿਰ ਆਖਣ ਲੱਗੇ—ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤਿ ਨਹੀਂ ਸਮਾਏ, ਉਹ ਤਾਂ ਘੋੜੇ 'ਤੇ ਚੜ੍ਹ ਕੇ ਚਲੇ ਗਏ ਸਨ, ਅੱਜ-ਕੱਲ੍ਹ ਸਾਡੇ ਵਿਚ ਹੀ ਹਨ। ਸੰਗਤਾਂ ਧੰਨ ਬਾਬਾ ਜੀ, ਧੰਨ ਬਾਬਾ ਜੀ ਦੀ ਰੱਟ ਲਗਾ ਰਹੀਆਂ

ਸਨ। ਅਜੇਹੀ ਡਰਾਮੇਬਾਜ਼ੀ ਦਾ ਨਾਮ ਹੀ ਕਲਜੁਗ ਰੱਖਿਆ ਗਿਆ ਹੈ। ਸਦਕੇ ਜਾਈਏ ਐਸੇ ਪਾਰਖੂਆਂ ਦੀ ਮਹਾਨ ਸ਼ਰਧਾ 'ਤੇ।

ਗੁਰੂ ਅੰਗਦ ਪਾਤਿਸ਼ਾਹ ਜੀ ਦੇ ਇਸ ਸਲੋਕ ਵਿਚ ਕੂੜ ਦਾ ਆਟਾ ਗੁੰਨ੍ਹ ਕੇ ਬਣੇ ਪ੍ਰਧਾਨ ਦਾ ਜਿਥੇ ਜ਼ਿਕਰ ਕੀਤਾ ਗਿਆ ਹੈ, ਉਥੇ ਪਿੰਡ ਮੁਹੱਲੇ ਵਿਚ ਜੋ ਸਭ ਤੋਂ ਵੱਧ ਇਲਤਾਂ, ਸ਼ਰਾਰਤਾਂ ਜਾਂ ਹਰ ਵੇਲੇ ਦਹਿਸ਼ਤ ਦਾ ਮਾਹੌਲ ਬਣਾਈ ਰੱਖੇ, ਲੋਕ ਡਰਦੇ ਮਾਰੇ ਹੀ ਉਸ ਨੂੰ ਚੌਧਰੀ ਸਾਹਿਬ ਕਹੀ ਜਾਣਗੇ। "ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥" ਬਹੁਤ ਸਾਰੀਆਂ ਥਾਵਾਂ 'ਤੇ ਅਜੇਹੇ ਪ੍ਰਧਾਨਾਂ ਦੇ ਦਰਸ਼ਨ ਹੁੰਦੇ ਹਨ, ਜੋ ਅਕਸਰ ਹੀ ਇਹ ਆਖਦੇ ਨਹੀਂ ਥੱਕਦੇ ਕਿ ਭਾਈ ਸਾਹਿਬ ਜੀ ਮੈਂ ਤਾਂ ਪ੍ਰਧਾਨਗੀ ਦੇ ਲਾਇਕ ਹੀ ਨਹੀਂ ਸੀ, ਤੇ ਨਾ ਹੀ ਮੈਨੂੰ ਪ੍ਰਧਾਨਗੀ ਚਾਹੀਦੀ ਸੀ, ਧੱਕੇ ਨਾਲ ਹੀ ਸੰਗਤ ਨੇ ਮੈਨੂੰ ਇਹ ਸੇਵਾ ਦਿੱਤੀ ਹੈ। ਕੀ ਕੀਤਾ ਜਾਏ ਗਲੀ ਮੁਹੱਲੇ ਦਾ ਸਵਾਲ ਐ! ਸੰਗਤ ਨੂੰ ਇਸ ਸੇਵਾ ਦੇ ਹੋਰ ਕੋਈ ਕਾਬਲ ਵੀ ਤਾਂ ਨਹੀਂ ਦਿੱਸਦਾ। ਮੈਨੂੰ ਤਾਂ ਕਾਰੋਬਾਰ ਵਿੱਚੋਂ ਸਮਾਂ ਹੀ ਨਹੀਂ ਮਿਲਦਾ। ਇਹ ਉਨ੍ਹਾਂ ਪ੍ਰਧਾਨਾਂ ਦੀ ਗੱਲ ਹੈ ਜੋ ਸਟੇਜ 'ਤੇ ਅਕਸਰ ਇਹ ਕਹਿਣਗੇ—"ਸਾਧ ਸੰਗਤ ਜੀ, ਇਸ ਵਾਰ ਕਿਸੇ ਹੋਰ ਨੂੰ ਸੇਵਾ ਦਾ ਮੌਕਾ ਦਿੱਤਾ ਜਾਏ, ਮੈਂ ਬਹੁਤ ਸੇਵਾ ਕਰ ਲਈ ਹੈ।" ਪਰ ਅੰਦਰ ਖਾਤੇ ਕਦੇ ਵੀ ਇਹ ਸੇਵਾ ਛੱਡਣ ਲਈ ਤਿਆਰ ਨਹੀਂ ਹੁੰਦੇ, ਸਗੋਂ ਪ੍ਰਧਾਨਗੀ ਪੱਦ ਸੰਭਾਲਣ ਲਈ ਡੂੰਘੀਆਂ ਗੋਂਦਾਂ ਗੁੰਦਦੇ ਰਹਿੰਦੇ ਹਨ। ਜੇ ਪ੍ਰਧਾਨਗੀ ਨਹੀਂ ਮਿਲੀ ਤਾਂ ਨਵੇਂ ਚੁਣੇ ਗਏ ਪ੍ਰਧਾਨ, ਕਮੇਟੀ ਨੂੰ ਚੱਲਣ ਹੀ ਨਹੀਂ ਦੇਣਾ ਤੇ ਹਰ ਵੇਲੇ ਟਿੰਡ ਵਿਚ ਕਾਨਾ ਪਾਈ ਹੀ ਰੱਖਣਾ ਹੈ। ਪਰ ਜੇ ਉਹ ਚੰਗੇ ਕੰਮ ਕਰ ਕੇ ਕਾਮਯਾਬ ਹੋ ਜਾਣ ਤਾਂ ਪਹਿਲੇ ਪ੍ਰਧਾਨ ਨੇ ਪਹਿਲੀ ਕਮੇਟੀ ਦੇ ਰਹੇ ਖਹੇ ਬੰਦਿਆਂ ਨੂੰ ਨਾਲ ਲੈ ਕੇ ਨਵਾਂ ਗੁਰਦੁਆਰਾ ਬਣਾਉਣ ਦੀ ਤਿਆਰੀ ਆਰੰਭ ਕਰ ਦੇਣੀ ਹੁੰਦੀ ਹੈ। ਇਸ ਕੁਫ਼ਰ ਦੇ ਵਰਤਾਰੇ ਨੂੰ ਕਿਹਾ ਗਿਆ ਏ—"ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥"

ਸਤਜੁਗ, ਤਰੇਤਾ, ਦੁਆਪਰ ਤੇ ਕਲਜੁਗ ਕਿਸੇ ਖ਼ਾਸ ਜੁਗ ਦਾ ਨਾਮ ਨਹੀਂ ਹੈ ਕਿਉਂਕਿ ਇਨ੍ਹਾਂ ਜੁਗਾਂ ਵਿਚ ਵੀ ਇਹੋ ਹੀ ਸੂਰਜ, ਚੰਦ, ਤਾਰੇ ਸਨ। ਇੰਜ ਹੀ ਦਿਨ ਰਾਤ ਲੋਕ ਕੰਮ ਕਰਦੇ ਸੀ। ਚੰਦ ਸੂਰਜ ਨੇ ਕਿਸੇ ਨੂੰ ਕੁਝ ਨਹੀਂ ਕਹਿਣਾ ਕਿ ਤੂੰ ਕੀ ਕੰਮ ਕਰ ਰਿਹਾ ਏਂ, ਇਨ੍ਹਾਂ ਦੀ ਰੌਸ਼ਨੀ ਵਿਚ ਕੋਈ ਪਾਪ ਕਰੇ ਜਾਂ ਪੁੰਨ ਇਨ੍ਹਾਂ ਨੂੰ ਕੀ ਲੱਗੇ। ਹਾਂ, ਆਦਮੀ ਦੇ ਸੁਭਾਅ ਵਿਚ ਕਲਹ, ਕ੍ਰੋਧ, ਈਰਖਾ-ਝੂਠ, ਹਉਮੈ, ਤ੍ਰਿਸ਼ਨਾ ਆ ਜਾਣ 'ਤੇ ਇਸ ਦੀ ਪ੍ਰਾਪਤੀ ਦੀ ਭੁੱਖ ਦਾ ਨਾਮ ਕਲਜੁਗ ਹੈ। ਕੰਗਾਲ ਨੂੰ ਗ਼ਰੀਬ, ਮੂਰਖ ਨੂੰ ਪੰਡਤ, ਯਭਲੀਆਂ ਮਾਰਨ ਵਾਲੇ ਨੂੰ ਪਾਰਖੂ, ਇਲਤਾਂ ਕਰਨ ਵਾਲੇ ਨੂੰ ਚੌਧਰੀ,

ਕੂੜ ਰਿੰਨ੍ਹਣ ਵਾਲੇ ਨੂੰ ਪ੍ਰਧਾਨ ਦਾ ਦਰਜਾ ਦੇਣਾ ਕਲਜੁਗ ਦੀਆਂ ਉੱਤਮ ਤੇ ਸ੍ਰੇਸ਼ਟ ਨਿਸ਼ਾਨੀਆਂ ਹਨ।

ਕਲਜੁੱਗ ਨੂੰ ਸਤਜੁਗ ਵਿਚ ਤਬਦੀਲ ਕਰਨ ਦਾ ਇਕ ਉੱਤਮ ਤਰੀਕਾ ਵੀ ਗੁਰੂ ਸਾਹਿਬ ਜੀ ਨੇ ਸਾਡੇ ਸਾਹਮਣੇ ਰੱਖਿਆ ਹੈ ਕਿ ਜਦੋਂ ਵੀ ਕੋਈ ਆਪਣੇ ਗੁਰੂ ਜੀ ਦੇ ਸਨਮੁੱਖ ਬੈਠ ਕੇ ਭਾਵ ਗੁਰੂ ਜੀ ਦੇ ਉਪਦੇਸ਼ਾਂ ਨੂੰ ਧਿਆਨ ਨਾਲ ਸੁਣ ਕੇ ਆਪਣੇ ਜੀਵਨ ਵਿਚ ਢਾਲਦਾ ਹੈ, ਉਹ ਸਤਜੁਗ ਦੇ ਰਾਹ ਤੁਰ ਪੈਂਦਾ ਹੈ। "ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥" ਹੇ ਨਾਨਕ ! ਇਹ ਹੈ ਨਿਆਉਂ ਕਲਜੁਗ ਦਾ (ਭਾਵ, ਜਿਥੇ ਇਹ ਰਵੱਈਆ ਵਰਤੀਂਦਾ ਹੈ ਉਥੇ ਕਲਜੁਗ ਦਾ ਪਹਿਰਾ ਜਾਣੋ)। ਪਰ ਗੁਰੂ ਦੇ ਸਨਮੁੱਖ ਹੋਇਆਂ ਹੀ ਇਹ ਸਮਝ ਪੈਂਦੀ ਹੈ (ਕਿ ਇਹ ਵਤੀਰਾ ਮਾੜਾ ਹੈ। ਮਨ ਦੇ ਪਿੱਛੇ ਤੁਰਨ ਵਾਲੇ ਲੋਕ ਇਸ ਰਵੱਈਏ ਦੇ ਆਦੀ ਹੋਏ ਰਹਿੰਦੇ ਹਨ)। ਸਿੱਖ ਕੌਮ ਨੂੰ ਸਿਖਿਅਤ ਪ੍ਰਚਾਰਕਾਂ, ਪ੍ਰਬੰਧਕਾਂ ਦੀ ਜ਼ਰੂਰਤ ਹੈ ਜੋ ਕਿ ਗੁਰਬਾਣੀ ਅਤੇ ਇਤਿਹਾਸ ਨੂੰ ਮਨਘੜਤ ਕਰਾਮਾਤਾਂ ਢਕੌਂਸਲਿਆਂ ਤੋਂ ਬਚਾ ਕੇ ਦੋ ਦੂਣੀ ਚਾਰ ਵਾਂਗ ਪੇਸ਼ ਕਰਨ। ਅੱਜ ਸਮੇਂ ਦੀ ਲੋੜ ਹੈ ਸੰਗਤ ਨੂੰ ਸੁਚੇਤ ਹੋਣ ਦੀ ਤਾਂ ਕਿ ਇਸ ਦਾ ਨਿਆਰਾ-ਪਨ ਕਾਇਮ ਰਹਿ ਸਕੇ :

ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥
ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥
ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥
ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥

(ਮਲਾਰ ਕੀ ਵਾਰ, ਮ: ੧, ਪੰਨਾ 1287)

ਜਰਮਨ ਦੀ ਪ੍ਰਚਾਰ-ਫੇਰੀ

ਸਤੰਬਰ 2004 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸੌ ਸਾਲਾ ਗੁਰਪੁਰਬ 'ਤੇ ਦਾਸ ਨੂੰ ਸਿੱਖ ਕਲਚਰ ਸੁਸਾਇਟੀ, ਅਮਰੀਕਾ ਦੇ ਸੱਦਾ-ਪੱਤਰ 'ਤੇ ਜਾਣਾ ਪਿਆ। ਉਥੇ ਰਹਿੰਦਿਆਂ ਇਕ ਦਿਨ ਵੀਰ ਦਿਲਜੀਤ ਸਿੰਘ ਨਿਊ ਜਰਸੀ ਵਾਲਿਆਂ ਦਾ ਟੈਲੀਫ਼ੂਨ ਆਇਆ ਕਿ ਸਾਹਿਬਜ਼ਾਦਿਆਂ ਦੇ ਤਿੰਨ ਸੌ ਸਾਲਾ ਸ਼ਹੀਦੀ ਪੁਰਬ 'ਤੇ ਜਰਮਨ ਸਾਡੇ ਨਾਲ ਚੱਲੋ। ਮੈਂ ਉਨ੍ਹਾਂ ਨੂੰ ਮਜਬੂਰੀ ਦੱਸੀ ਕਿ ਮੇਰਾ ਪਹਿਲੋਂ ਤੋਂ ਹੀ ਯੂ.ਕੇ. ਦਾ ਪ੍ਰੋਗਰਾਮ ਬਣਿਆ ਹੋਇਆ ਹੈ, ਇਸ ਲਈ ਮੈਂ ਆਪ ਜੀ ਨਾਲ ਨਹੀਂ ਜਾ ਸਕਦਾ, ਫਿਰ ਕਿਸੇ ਵੇਲੇ ਕਹੋਗੇ ਤਾਂ ਮੈਂ ਜ਼ਰੂਰ ਜਾਵਾਂਗਾ। ਅਗਲੇ ਦਿਨ ਹੀ ਜਰਮਨ ਤੋਂ ਵੀਰ ਅਵਤਾਰ ਸਿੰਘ ਜੀ ਦਾ ਟੈਲੀਫ਼ੂਨ ਆਇਆ ਕਿ ਜਿਹੜਾ ਸਮਾਂ ਤੁਹਾਡੇ ਪਾਸ ਵਿਹਲਾ ਹੈ, ਉਹ ਦੱਸ ਦਿਉ, ਅਸੀਂ ਕਲਾਸਾਂ ਲਗਾਉਣ ਦਾ ਪ੍ਰਬੰਧ ਕਰਨਾ ਹੈ। ਇਹ ਸੁਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ ਕਿ ਇਕ ਤਾਂ ਜਰਮਨ ਦੇਖ ਆਵਾਂਗਾ, ਦੂਸਰਾ ਕਲਾਸਾਂ ਰਾਹੀਂ ਗੁਰਮਤਿ ਦੀ ਵਧੀਆ ਢੰਗ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ। ਸਾਰੀ ਵਿਚਾਰ ਕਰ ਕੇ ਮੈਂ ਜਨਵਰੀ, ਫ਼ਰਵਰੀ ਤੇ ਮਾਰਚ ਵਿਚ ਆਉਣ ਦਾ ਪ੍ਰੋਗਰਾਮ ਬਣਾ ਲਿਆ। ਦਸੰਬਰ ਦੇ ਮਹੀਨੇ ਵਿਚ ਵੀਰ ਭੁਪਿੰਦਰ ਸਿੰਘ ਜੀ, ਵੀਰ ਚਰਨਦੀਪ ਸਿੰਘ ਜੀ, ਡਾ. ਜੇਤਿੰਦਰ ਸਿੰਘ ਜੀ, ਵੀਰ ਦਿਲਜੀਤ ਸਿੰਘ ਜੀ ਅਮਰੀਕਾ ਤੋਂ ਜਰਮਨ ਆਏ ਸਨ। ਜਦ ਕਿ ਗੁਰਮਤਿ ਦੇ ਦੋ ਵਿਦਵਾਨ ਵੀਰ ਹਰਜੀਤ ਸਿੰਘ ਜੀ ਮਿਸ਼ਨਰੀ ਕਾਲਜ, ਲੁਧਿਆਣਾ ਵਾਲੇ ਤੇ ਪ੍ਰੋ. ਇੰਦਰ ਸਿੰਘ ਜੀ ਘੱਗਾ ਗੁਰਮਤਿ ਮਿਸ਼ਨਰੀ ਕਾਲਜ, ਲੁਧਿਆਣਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਇਹ ਸਾਰਾ ਪ੍ਰੋਗਰਾਮ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਸੀ। ਸ਼ਤਾਬਦੀ ਪ੍ਰੋਗਰਾਮ ਬਹੁਤ ਚੰਗੇ ਢੰਗ ਨਾਲ ਜਰਮਨ ਦੇ ਸਟੁਟਗਾਰਡ ਸ਼ਹਿਰ ਵਿਚ ਮਨਾਇਆ ਗਿਆ। ਘੰਟਿਆਂ-ਬੱਧੀ ਪ੍ਰੋਗਰਾਮ ਨੂੰ ਸੰਗਤ ਨੇ ਪਿਆਰ ਉਤਸ਼ਾਹ ਨਾਲ ਸੁਣਿਆ ਮਾਣਿਆ।

ਪਿਛਲੇ ਸਾਰੇ ਪ੍ਰੋਗਰਾਮ ਨਿਬਾਹ ਕੇ ਜਨਵਰੀ ਦੇ ਪਹਿਲੇ ਹਫ਼ਤੇ ਮੈਂ ਘਰ ਪਹੁੰਚ ਗਿਆ। ਵੀਰ ਅਵਤਾਰ ਸਿੰਘ ਜੀ ਨੇ ਗੁਰਦੁਆਰਾ ਵੱਲੋਂ ਸੰਬੰਧਿਤ ਕਾਗ਼ਜ਼-ਪੱਤਰ ਭੇਜ ਦਿੱਤੇ ਤੇ ਵੀਜ਼ੇ ਦੀ ਕਾਰਵਾਈ ਕਰਦਿਆਂ ਜਨਵਰੀ ਦਾ

ਸਾਰਾ ਮਹੀਨਾ ਲੰਘ ਗਿਆ। ਫ਼ਰਵਰੀ, 2005 ਦੇ ਪਹਿਲੇ ਹਫ਼ਤੇ ਮੈਂ ਜਰਮਨ ਪਹੁੰਚ ਗਿਆ। ਫ਼ਰੈਂਕਫ਼ੋਰਟ ਦੇ ਏਰੀਆ ਪੋਰਟ 'ਤੇ ਪਹੁੰਚ ਕੇ ਥੋੜ੍ਹੀ ਪਰੇਸ਼ਾਨੀ ਜ਼ਰੂਰ ਹੋਈ। ਅੱਗੋਂ ਲੈਣ ਵਾਸਤੇ ਆਇਆ ਸੱਜਣ ਲੇਟ ਹੋ ਜਾਏ ਜਾਂ ਨਾ ਪਹੁੰਚੇ ਤਾਂ ਕੁਦਰਤੀ ਪਰੇਸ਼ਾਨੀ ਜਨਮ ਲੈ ਲੈਂਦੀ ਹੈ। ਏਰੀਆ ਪੋਰਟ ਦੇ ਨੇੜੇ ਜਿਹੜਾ ਗੁਰਦੁਆਰਾ ਸੀ, ਮੈਂ ਉਥੇ ਚਲਾ ਗਿਆ। ਵੀਰ ਅਵਤਾਰ ਸਿੰਘ ਜੀ ਨੇ ਕਿਸੇ ਵੀਰ ਦੀ ਡਿਊਟੀ ਲਗਾਈ ਜੋ ਮੈਨੂੰ ਸਟੁਟਗਾਰਡ ਵਾਲੀ ਟ੍ਰੇਨ 'ਤੇ ਬਿਠਾ ਗਿਆ। ਸ਼ਾਮ ਹੁੰਦੇ ਹੁੰਦੇ ਸਟੇਸ਼ਨ 'ਤੇ ਪਹੁੰਚ ਗਿਆ ਤੇ ਅੱਗੋਂ ਵੀਰ ਅਵਤਾਰ ਸਿੰਘ ਜੀ ਲੈਣ ਆਏ ਹੋਏ ਸਨ।

ਰਾਤ ਉਨ੍ਹਾਂ ਦੇ ਸਟੋਰ ਵਾਲੇ ਘਰ ਬਿਤਾਈ, ਜਿਥੇ ਵੀਰ ਚੂਹੜ ਸਿੰਘ ਜੀ ਰਹਿੰਦੇ ਹਨ। ਅਗਲਾ ਦਿਨ ਐਤਵਾਰ ਦਾ ਸੀ। ਤਿਆਰ ਹੋ ਕੇ ਅਸੀਂ ਸਾਰੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਗਏ। ਦੀਵਾਨ ਲੱਗਿਆ ਹੋਇਆ ਸੀ, ਪਰ ਸੰਗਤ ਗੁਰਦੁਆਰਾ ਸਾਹਿਬ ਵਿਖੇ ਜ਼ਿਆਦਾ ਨਹੀਂ ਆਈ ਸੀ। ਇਕ ਘੰਟਾ ਗੁਰ-ਸ਼ਬਦ ਦੀ ਵੀਚਾਰ ਦਾ ਰੱਖਿਆ ਗਿਆ, ਨਾਲ ਹੀ ਐਲਾਨ ਕੀਤਾ ਗਿਆ ਕਿ ਅੱਜ ਦੀਵਾਨ ਦੀ ਸਮਾਪਤੀ ਦੇ ਉਪ੍ਰੰਤ ਗੁਰਮਤਿ ਦੀ ਕਲਾਸ ਲੱਗੇਗੀ, ਫਿਰ ਹਰ ਰੋਜ਼ ਹੀ ਕਲਾਸ ਦਾ ਪ੍ਰਬੰਧ ਕੀਤਾ ਜਾਏਗਾ। ਜਿਨ੍ਹਾਂ ਭੈਣ-ਭਰਾਵਾਂ ਨੇ ਇਸ ਸਮੇਂ ਦਾ ਲਾਭ ਪ੍ਰਾਪਤ ਕਰਨਾ ਹੋਵੇ, ਉਹ ਪ੍ਰਾਪਤ ਕਰ ਸਕਦੇ ਹਨ।

ਐਤਵਾਰ ਨੂੰ ਜੋ ਕਲਾਸ ਆਰੰਭ ਕੀਤੀ ਗਈ, ਉਸ ਵਿਚ ਧੱਕ-ਧੱਕ ਕੇ, ਕਹਿ ਕਹਿ ਕੇ ਕੁਝ ਵੀਰਾਂ ਭੈਣਾਂ ਨੂੰ ਕਲਾਸ ਵਿਚ ਲਿਆਂਦਾ ਗਿਆ। ਕਲਾਸ ਦਾ ਆਰੰਭ ਕੀਤਾ ਗਿਆ, ਤੁਰੰਤ ਇਕ ਵੀਰ ਨੇ ਕਿਹਾ ਕਿ ਅੱਜ ਦੀ ਕਲਾਸ ਵਿਚ ਹੈਰੀਟੇਜ ਦਾ ਮਸਲਾ ਵਿਚਾਰਿਆ ਜਾਏ। ਮੇਰਾ ਕਲਾਸਾਂ ਲਗਾਉਣ ਦਾ ਜ਼ਾਤੀ ਤਜਰਬਾ ਇਹ ਦੱਸਦਾ ਹੈ ਕਿ ਜੇਕਰ ਆਰੰਭ ਦੇ ਵਿਚ ਹੀ ਕੋਈ ਬਹਿਸ ਛਿੜ ਜਾਏ, ਅਗਲੇ ਦਿਨਾਂ ਦੇ ਦੌਰਾਨ ਕਲਾਸ ਵਿਚ ਬਹੁਤ ਘੱਟ ਲੋਕੀਂ ਪੜ੍ਹਨ ਲਈ ਆਉਂਦੇ ਹਨ। ਕੋਈ ਵੀ ਬੇਲੋੜੀ ਬਹਿਸ ਸਾਨੂੰ ਅਸਲੀ ਮੁੱਦੇ ਨਾਲੋਂ ਬਹੁਤ ਦੂਰ ਲੈ ਜਾਂਦੀ ਹੈ। ਪੜ੍ਹਨ ਵਾਲੇ ਦੋ-ਚਿੱਤੀ ਦਾ ਸ਼ਿਕਾਰ ਹੋ ਕੇ ਹਮੇਸ਼ਾ ਲਈ ਕਲਾਸਾਂ ਛੱਡ ਜਾਂਦੇ ਹਨ। ਜੇ ਗੁਰਬਾਣੀ ਦਾ ਆਧਾਰ ਬਣਾ ਕੇ ਕੋਈ ਵੀਚਾਰ ਕੀਤੀ ਜਾਏ ਤਾਂ ਦੂਰ-ਰਸ ਆਸ਼ਾਵਾਦੀ ਸਿੱਟੇ ਨਿਕਲਦੇ ਹਨ। ਮੈਂ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਇਸ ਵਿਸ਼ੇ ਬਾਰੇ ਮੈਨੂੰ ਪੂਰੀ ਜਾਣਕਾਰੀ ਨਹੀਂ, ਵਿਸ਼ਾ ਮਾਹਿਰ ਆਦਮੀ ਹੀ ਇਸ ਵਿਸ਼ੇ 'ਤੇ ਸਹੀ ਜਾਣਕਾਰੀ ਦੇ ਸਕਦਾ ਹੈ। ਉਂਜ ਵੀ ਸਾਡਾ ਬਹੁਤ ਵੱਡਾ ਇਕ ਦੁਖਾਂਤ ਹੈ ਕਿ ਜਿਸ ਵਿਸ਼ੇ ਬਾਰੇ ਪੂਰਾ ਗਿਆਨ ਨਹੀਂ, ਮਨੁੱਖ ਉਸੇ ਵਿਸ਼ੇ ਸੰਬੰਧੀ ਆਲਮਾਨਾ ਭਾਸ਼ਨ ਕਰਦਾ ਦਿਖਾਈ ਦੇ ਰਿਹਾ ਹੈ। ਗ਼ਲਤ ਦਵਾਈ ਦਿੱਤਿਆਂ ਰੋਗੀ ਦੀ ਜਾਨ ਨੂੰ ਖ਼ਤਰਾ ਬਣ ਜਾਂਦਾ ਹੈ। ਸਵਾਲ ਕਰਨ ਵਾਲੇ ਵੀਰ ਨੇ ਬਹੁਤ ਹੀ ਆਰਾਮ ਨਾਲ ਇਸ ਸੁਝਾਅ

ਨੂੰ ਖਿੜੇ-ਮੱਥੇ ਪ੍ਰਵਾਨ ਕਰ ਲਿਆ। ਕਲਾਸ ਗੁਰਬਾਣੀ ਸੰਥਿਆ ਦੀ ਸ਼ੁਰੂ ਕੀਤੀ ਗਈ, ਉਂਜ ਇਸ ਸੰਥਿਆ ਦੇ ਵਿਚ ਹੀ ਬਹੁਤ ਸਾਰੇ ਵਿਸ਼ੇ ਆ ਜਾਂਦੇ ਹਨ। ਮੂਲ-ਮੰਤਰ ਭਾਵ ਜਪੁਜੀ ਦੇ ਮੰਗਲ ਤੋਂ ਕਲਾਸ ਦਾ ਆਰੰਭ ਕੀਤਾ ਗਿਆ। ਸਟੁਟਗਾਰਡ ਵਿਚ ਇਹ ਪਹਿਲਾ ਉੱਦਮ ਸੀ। ਅਜੇਹੀ ਕਲਾਸ ਨੂੰ ਕਈਆਂ ਨੇ ਪਹਿਲੀ ਵਾਰ ਦੇਖਿਆ ਸੀ।

ਕਲਾਸਾਂ ਲਗਾਉਣ ਦੇ ਮਾਮਲੇ ਵਿਚ ਮੈਂ ਕਦੇ ਵੀ ਨਿਰਉਤਸ਼ਾਹਿਤ ਨਹੀਂ ਹੁੰਦਾ। ਮੈਂ ਇਸ ਆਸ ਨਾਲ ਕਲਾਸ ਦਾ ਆਰੰਭ ਕਰਦਾ ਹਾਂ ਕਿ ਜੇਕਰ ਪੰਜ ਸੱਤ ਜਣੇ ਵੀ ਆ ਗਏ ਤਾਂ ਸਾਡੀ ਕਲਾਸ ਸਫਲ ਰਹਿ ਸਕਦੀ ਹੈ। ਮੈਂ ਬੋਰਡ 'ਤੇ ਲਿਖ ਕੇ ਇਕੱਲੇ-ਇਕੱਲੇ ਸ਼ਬਦ ਦੀ ਵਿਆਖਿਆ ਤੇ ਸਾਡੀ ਜ਼ਿੰਦਗੀ ਵਿਚ ਇਨ੍ਹਾਂ ਗੱਲਾਂ ਦਾ ਕੀ ਪ੍ਰਭਾਵ ਪੈਂਦਾ ਹੈ, ਵਿਸਥਾਰ ਨਾਲ ਦੱਸਣ ਦਾ ਯਤਨ ਕੀਤਾ। ਇਸੇ ਹੀ ਸ਼ਬਦ ਭਾਵ ਮੂਲ-ਮੰਤਰ 'ਤੇ ਹੀ ਉਨ੍ਹਾਂ ਸਾਰਿਆਂ ਕੋਲੋਂ ਮਨ ਵਿਚ ਆਏ ਸਵਾਲਾਂ ਨੂੰ ਪੁੱਛਿਆ। ਦਰਅਸਲ ਸੰਗਤ ਦਾ ਕਸੂਰ ਨਹੀਂ ਹੈ। ਸੰਗਤ ਨੂੰ ਦੱਸਿਆ ਹੀ ਇਹ ਗਿਆ ਹੈ ਕਿ ਇਸ ਮੂਲ-ਮੰਤਰ ਦਾ ਤੋਤਾ ਰਟਨ ਕੀਤਾ ਜਾਏ ਤਾਂ ਸਾਡਾ ਕਾਰੋਬਾਰ ਵੱਧ ਜਾਂਦਾ ਹੈ, ਬੱਚਿਆਂ ਦੇ ਵਿਆਹ ਵਧੀਆ ਘਰਾਂ ਵਿਚ ਹੋ ਜਾਂਦੇ ਹਨ। ਜਿਸ ਕਿਸੇ ਦਾ ਕੋਈ ਮੁਕੱਦਮਾ ਚੱਲ ਰਿਹਾ ਹੋਵੇ ਤਾਂ ਇਤਨੀ ਵਾਰ ਮੂਲ-ਮੰਤਰ ਨੂੰ ਵਿਧੀ-ਵਿਧਾਨ ਨਾਲ ਪੜ੍ਹਿਆ ਜਾਏ, ਉਸ ਦਾ ਮੁਕੱਦਮਾ ਜਿੱਤਿਆ ਜਾਂਦਾ ਹੈ। ਕਲਾਸ ਨੂੰ ਸਮਝਾਉਣ ਦਾ ਯਤਨ ਕੀਤਾ ਗਿਆ ਕਿ ਸਮੁੱਚੀ ਗੁਰਬਾਣੀ ਸਾਰੇ ਸੰਸਾਰ ਨੂੰ ਆਦਰਸ਼ਕ ਜ਼ਿੰਦਗੀ ਜਿਊਣ ਦਾ ਸੁਨੇਹਾ ਦੇਂਦੀ ਹੈ। ਮਿਸਾਲ ਦੇ ਤੌਰ 'ਤੇ ਕਰਤਾ ਪੁਰਖ ਹੀ ਲੈ ਲਉ—ਇਸ ਵਿੱਚੋਂ ਜੀਵਨ ਸੇਧ ਕੀ ਮਿਲਦੀ ਹੈ—ਇਕ ਵੀਰ ਨੇ ਸਵਾਲ ਕੀਤਾ—ਉਸਨੇ ਤਰਕ ਬਹੁਤ ਕਮਾਲ ਦਾ ਕੀਤਾ। ਸੰਖੇਪ ਸ਼ਬਦਾਂ ਵਿਚ ਦੱਸਿਆ ਗਿਆ ਕਿ ਕਰਤਾ ਪੁਰਖ ਦਾ ਅਰਥ ਹੈ, ਸ੍ਰਿਸ਼ਟੀ ਨੂੰ ਸਾਜਣ ਵਾਲਾ। ਸਾਜਿਆ ਵੀ ਐਸਾ ਹੈ ਕਿ ਵਿਚ ਆਪ ਬੈਠਾ ਹੈ। ਇਸਦਾ ਭਾਵ-ਅਰਥ ਲੈਂਦਿਆਂ ਸਮਝਾਇਆ ਗਿਆ ਕਿ ਪਰਮਾਤਮਾ ਨੇ ਸੰਸਾਰ ਨੂੰ ਬਣਾਇਆ ਹੈ—ਇਸ ਵਿੱਚੋਂ ਵਿਕਾਸ ਦਾ ਗੁਣ ਉਤਪੰਨ ਹੁੰਦਾ ਹੈ ਤੇ ਕੀ ਅਸੀਂ ਵਿਕਾਸ ਦੇ ਗੁਣ ਨੂੰ ਅਪਣਾ ਨਹੀਂ ਸਕਦੇ ? ਕਰਤਾ ਪੁਰਖ ਦਾ ਨਿਰਾ ਰਟਨ ਹੀ ਨਹੀਂ ਕਰਨਾ, ਸਗੋਂ ਇਸ ਗੁਣ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾ ਕੇ ਹਮੇਸ਼ਾ ਹੀ ਇਸ ਉੱਦਮ ਵਿਚ ਵਿਚਰਨ ਦਾ ਯਤਨ ਕਰਦੇ ਰਹਿਣਾ ਹੈ। ਜਿਹੜਾ ਮਨੁੱਖ ਵੀ ਸਮਾਜ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ, ਉਸਨੇ ਹੀ ਅਸਲ ਕਰਤਾ ਪੁਰਖ ਨੂੰ ਪਹਿਚਾਣਿਆ ਹੈ। ਗੁਰਦੁਆਰਿਆਂ ਦੀਆਂ ਅਧੂਰੀਆਂ ਪਈਆਂ ਲਾਇਬ੍ਰੇਰੀਆਂ ਨੂੰ ਬਣਾਉਣ ਵਾਲਾ ਹੀ ਕਰਤਾ ਪੁਰਖ ਦੀ ਪਹਿਚਾਣ ਕਰ ਸਕਦਾ ਹੈ। ਸਮੁੱਚੀ ਗੁਰਬਾਣੀ ਮਨੁੱਖੀ ਜੀਵਨ ਦਾ ਆਧਾਰ ਹੈ। ਜ਼ਰਾ ਕੁ ਗਹੁ

ਕਰਕੇ ਦੇਖਿਆ ਗਿਆ ਤਾਂ ਕਲਾਸ ਵਿਚ ਬੈਠਾ ਹਰ ਭੈਣ ਭਰਾ ਬਹੁਤ ਹੀ ਧਿਆਨ ਨਾਲ ਵਿਚਾਰਾਂ ਨੂੰ ਸੁਣਨ ਦਾ ਯਤਨ ਕਰ ਰਿਹਾ ਸੀ।

ਦੋ ਘੰਟੇ ਦੀ ਕਲਾਸ ਖ਼ਤਮ ਹੋਈ। ਚਾਹ ਦਾ ਲੰਗਰ ਛਕਦਿਆਂ ਬਹੁਤਿਆਂ ਨੇ ਇਸ ਉੱਦਮ ਦੀ ਜੰਮ ਕੇ ਤਾਰੀਫ਼ ਕੀਤੀ। ਹਰ ਭੈਣ ਵੀਰ ਨੇ ਇਸ ਕਲਾਸ ਨੂੰ ਚਾਲੂ ਰੱਖਣ 'ਤੇ ਜ਼ੋਰ ਦਿੱਤਾ। ਸਾਰਿਆਂ ਦੀ ਸਹਿਮਤੀ ਨਾਲ ਫ਼ੈਸਲਾ ਇਹ ਹੋਇਆ ਕਿ ਕਲਾਸ ਹਰ ਰੋਜ਼ ਸਵੇਰੇ ਨੌਂ ਵਜੇ ਤੋਂ ਦਸ ਵਜੇ ਤਕ ਲੱਗਿਆ ਕਰੇਗੀ। ਕਈ ਪ੍ਰਕਾਰ ਦੇ ਵਿਚਾਰ-ਵਟਾਂਦਰੇ ਕਰਦਿਆਂ ਹੋਇਆਂ ਸੰਗਤਾਂ ਆਪੋ-ਆਪਣੇ ਘਰਾਂ ਨੂੰ ਚਲੀਆਂ ਗਈਆਂ।

ਸਿੱਖੀ ਵਿਚ ਸ਼ਰਧਾ ਨਾਂ ਦਾ ਐਸਾ ਬੀਜ ਬੀਜਿਆ ਗਿਆ ਹੈ ਕਿ ਆਤਮਿਕ ਤਰੱਕੀ ਦੇ ਰਾਹ ਹੀ ਰੋਕ ਲਏ ਹਨ। ਹਰ ਤਰਕ ਨੂੰ ਸ਼ਰਧਾ ਦਾ ਨਾਂ ਦੇ ਕੇ ਆਤਮਿਕ ਗਿਆਨ ਦੇ ਰਸਤੇ ਵਿਚ ਵੱਡੀਆਂ ਰੁਕਾਵਟਾਂ ਖੜੀਆਂ ਕਰ ਲਈਆਂ ਹਨ। ਆਮ ਸਿੱਖ ਨੇ ਵਿਚਾਰ ਕਰਨ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ, ਸਗੋਂ ਕਿਹਾ ਜਾਂਦਾ ਹੈ ਕਿ ਵੀਰ ਜੀ, ਸ਼ਰਧਾ ਹੋਣੀ ਚਾਹੀਦੀ ਹੈ। ਗੁਰਦੁਆਰਿਆਂ ਵਿਚ ਸਿਰਫ਼ ਰੋਜ਼ਮੱਰਾ ਦੀ ਮਰਯਾਦਾ ਹੀ ਨਿਬਾਹੀ ਜਾ ਰਹੀ ਹੈ ਨਾ ਕਿ ਪ੍ਰਚਾਰ ਵੱਲ ਕੋਈ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਕੀਮਤੀ ਗੁਰ-ਇਤਿਹਾਸ ਨੂੰ ਪੌਰਾਣਿਕ ਕਰਮ-ਕਾਂਡ ਦੀਆਂ ਗਾਥਾਵਾਂ ਵਿਚ ਲਬੇੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਲਈ ਆਮ ਸਿੱਖ ਦੀ ਮਾਨਸਿਕਤਾ ਏਥੇ ਅਟਕ ਗਈ ਹੈ ਕਿ ਗੁਰਮਤਿ ਦੀ ਵਿਚਾਰ ਸੁਣਨ ਲਈ ਤਿਆਰ ਹੀ ਨਹੀਂ ਹੈ। ਬਹੁਤ ਘੱਟ ਗੁਰਦੁਆਰੇ ਹਨ ਜਿਥੇ ਗੁਰ-ਗਿਆਨ ਦੀ ਗੱਲ ਕੀਤੀ ਜਾ ਸਕਦੀ ਹੈ, ਨਹੀਂ ਤਾਂ ਸਟੇਜ ਉੱਤੇ ਪ੍ਰਬੰਧਕਾਂ ਤੇ ਸੰਗਤ ਦੀ ਇੱਛਾ ਅਨੁਸਾਰ ਹੀ ਬੋਲਿਆ ਜਾਂਦਾ ਹੈ। ਮੇਰੇ ਖ਼ਿਆਲ ਅਨੁਸਾਰ ਸਿੱਖ ਸਿਧਾਂਤ ਦੀ ਗੱਲ ਕਲਾਸਾਂ ਵਿਚ ਹੀ ਕੀਤੀ ਜਾ ਸਕਦੀ ਹੈ। ਮਿਸ਼ਨਰੀ ਕਾਲਜ, ਲੁਧਿਆਣਾ ਦਾ ਜਾਂ ਹੋਰ ਜਿਤਨੇ ਵੀ ਮਿਸ਼ਨਰੀ ਕਾਲਜ ਸਿੱਖੀ ਸਿਧਾਂਤ ਦੀ ਗੱਲ ਕਰ ਰਹੇ ਹਨ, ਇਹ ਉਨ੍ਹਾਂ ਦਾ ਸਾਰਥਿਕ ਯਤਨ ਹੈ। ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਾਲੇ ਤਾਂ ਪਿੰਡਾਂ ਵਿਚ ਕੈਂਪ ਲਗਾ ਕੇ ਇਹ ਮਹਾਨ ਸੇਵਾ ਕਰ ਰਹੇ ਹਨ ਜੋ ਕਿ ਸ਼ਲਾਘਾਯੋਗ ਉੱਦਮੀ ਕਦਮ ਹੈ। ਕਲਾਸਾਂ ਦਾ ਤਰੀਕਾ ਬਹੁਤ ਵਧੀਆ ਸਾਬਤ ਹੋਇਆ ਹੈ, ਇਸ ਦੇ ਨਤੀਜੇ ਬਹੁਤ ਦੂਰ-ਰਸ ਨਿਕਲੇ ਹਨ।

7 ਫ਼ਰਵਰੀ, ਸੋਮਵਾਰ ਦਾ ਦਿਨ ਚੜ੍ਹਿਆ। ਕਲਾਸ ਦਾ ਬਿਗਲ ਵੱਜਿਆ। ਪੂਰੀ ਤਿਆਰੀ ਕਰ ਕੇ ਕਲਾਸ ਵਿਚ ਪਹੁੰਚਿਆ ਤਾਂ ਅੱਗੇ ਸਿਰਫ਼ ਦੋ ਵੀਰ ਪੜ੍ਹਨ ਲਈ ਹਾਜ਼ਰ ਹੋਏ ਸਨ। ਮੈਂ ਸਦਕੇ ਜਾਵਾਂ ਉਨ੍ਹਾਂ ਦੇ, ਘੱਟੋ ਘੱਟ ਕਲਾਸ ਦਾ ਆਰੰਭ ਤਾਂ ਹੋਇਆ। ਜਪੁਜੀ ਦੀ ਬਾਣੀ ਸ਼ੁਰੂ ਕੀਤੀ ਹੋਈ ਸੀ, ਓਥੋਂ ਹੀ ਪੜ੍ਹਨਾ ਸ਼ੁਰੂ ਕੀਤਾ। ਕਾਫ਼ੀ ਵਿਚਾਰਾਂ ਵੀ ਨਾਲ ਦੀ ਨਾਲ ਕਰਨ

ਦਾ ਯਤਨ ਕੀਤਾ ਗਿਆ। ਹੌਂਸਲਾ ਨਹੀਂ ਹਾਰਿਆ, ਹਿੰਮਤ ਰੱਖ ਕੇ ਇਸ ਕਲਾਸ ਨੂੰ ਜਾਰੀ ਰੱਖਣ ਦਾ ਭਰਪੂਰ ਯਤਨ ਕੀਤਾ ਗਿਆ। ਹੌਲੀ-ਹੌਲੀ ਕਲਾਸ ਵਿਚ ਵਾਧਾ ਹੁੰਦਾ ਗਿਆ। ਹਫ਼ਤੇ ਦੇ ਅੰਦਰ-ਅੰਦਰ ਹੀ ਗੁਰਬਾਣੀ ਸੰਥਿਆ ਦੀ ਕਲਾਸ ਨੂੰ ਪੂਰਾ ਪੂਰਾ ਹੁੰਗਾਰਾ ਮਿਲਿਆ। ਬਹੁਤ ਸਾਰੇ ਭੈਣ ਭਰਾਵਾਂ ਨੇ ਜ਼ਿੰਦਗੀ ਦੇ ਰੁਝੇਵਿਆਂ ਵਿੱਚੋਂ ਕੀਮਤੀ ਸਮਾਂ ਕੱਢਿਆ ਤੇ ਦੂਰ-ਦੁਰਾਡਿਉਂ ਆ ਕੇ ਗੁਰਮਤਿ ਵਿਚਾਰਾਂ ਨਾਲ ਸਾਂਝ ਪਾਈ।

ਇਕ ਦਿਨ ਵਿਚ ਇਕ ਕਲਾਸ ਸ਼ੁਰੂ ਕੀਤੀ ਗਈ ਸੀ ਪਰ ਹਫ਼ਤੇ ਦੇ ਵਿਚ ਵਿਚ ਹੀ ਇਕ ਦਿਨ ਵਿਚ ਤਿੰਨ ਕਲਾਸਾਂ ਸ਼ੁਰੂ ਹੋ ਗਈਆਂ। ਖ਼ਾਸ ਦੇਖਣ ਵਾਲੀ ਗੱਲ ਇਹ ਸੀ ਕਿ ਮਾਤਾਵਾਂ ਭੈਣਾਂ ਨੇ ਜੋ ਉਤਸ਼ਾਹ ਦਿਖਾਇਆ, ਉਹ ਬਹੁਤ ਹੀ ਸਲਾਹੁਣਯੋਗ ਸੀ। ਮੇਰਾ ਆਪਣਾ ਖ਼ਿਆਲ ਸੀ ਕਿ ਘੱਟੋ-ਘੱਟ ਨਿਤਨੇਮ ਦੀ ਸੰਥਿਆ ਤੇ ਰਹਿਤ-ਮਰਯਾਦਾ ਜ਼ਰੂਰ ਕਰਾਈ ਜਾਏ ਤਾਂ ਕਿ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਮਿਲ ਸਕੇ।

ਨਿੱਕੀ ਨਿੱਕੀ ਗੱਲ 'ਤੇ ਅਸੀਂ ਕਈ ਵਾਰੀ ਆਪਣੀ ਇੱਜ਼ਤ ਤੇ ਸਵੈਮਾਣ ਦਾ ਸਵਾਲ ਬਣਾ ਲੈਂਦੇ ਹਾਂ, ਜਿਸ ਨਾਲ ਦੂਰੀਆਂ ਘਟਣ ਦੀ ਬਜਾਏ ਦੂਰੀਆਂ ਵੱਧ ਜਾਂਦੀਆਂ ਹਨ। ਸਟੁਟਗਾਰਡ ਦੀ ਸੰਗਤ ਵਿਚ ਵੀ ਕੁਝ ਐਸਾ ਹੀ ਹੋਇਆ। ਥੋੜੇ ਜੇਹੇ ਕਾਰਨਾਂ ਕਰਕੇ ਦੂਸਰਾ ਗੁਰਦੁਆਰਾ ਬਣ ਗਿਆ, ਪਰ ਦੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿਚ ਆਪਸੀ ਪਿਆਰ ਨਹੀਂ ਘਟਿਆ, ਉਸੇ ਤਰ੍ਹਾਂ ਹੀ ਸੰਗਤ ਦਾ ਆਪਸ ਵਿਚ ਪਿਆਰ ਗੂੜ੍ਹਾ ਹੈ। ਜਦ ਦੂਸਰੇ ਗੁਰਦੁਆਰਾ ਸਾਹਿਬ ਦੇ ਵੀਰਾਂ ਨੂੰ ਪਤਾ ਲੱਗਿਆ ਕਿ ਗੁਰਮਤਿ ਦੀ ਕਲਾਸ ਲੱਗ ਰਹੀ ਹੈ ਤਾਂ ਬਹੁਤ ਹੀ ਉਤਸ਼ਾਹ ਨਾਲ ਉਸ ਗੁਰਦੁਆਰਾ ਸਾਹਿਬ ਦੀ ਸੰਗਤ ਵੀ ਕਲਾਸ ਵਿਚ ਹਾਜ਼ਰ ਹੋ ਗਈ। ਦੇਖਦਿਆਂ-ਦੇਖਦਿਆਂ ਇਕ ਮੁਕੰਮਲ ਕਲਾਸ ਬਣ ਗਈ। ਕਲਾਸ ਵਿਚ ਆਏ ਪਰਿਵਾਰਾਂ ਨੇ ਇਕ ਇੱਛਾ ਜ਼ਾਹਿਰ ਕੀਤੀ ਕਿ ਸ਼ਾਮ ਨੂੰ ਬੱਚਿਆਂ ਦੀ ਕਲਾਸ ਵੀ ਆਰੰਭ ਕੀਤੀ ਜਾਏ।

ਥੋੜੇ ਸਮੇਂ ਵਿਚ ਹੀ ਬਹੁਤ ਸਾਰੇ ਬੱਚੇ ਸ਼ਾਮ ਦੀ ਕਲਾਸ ਵਿਚ ਆਉਣੇ ਸ਼ੁਰੂ ਹੋ ਗਏ। ਗਹੁ ਕਰਕੇ ਜਦ ਦੇਖਿਆ ਤਾਂ ਪਤਾ ਲੱਗਾ ਕਿ ਇਨ੍ਹਾਂ ਬੱਚਿਆਂ ਨੂੰ ਪੰਜਾਬੀ ਨਹੀਂ ਆਉਂਦੀ ਪਰ ਪਾਠ ਸਿਖਾਇਆ ਤੇ ਪੜ੍ਹਾਇਆ ਜਾ ਰਿਹਾ ਹੈ। ਆਮ ਗੁਰਦੁਆਰਿਆਂ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਂਦੀ ਹੈ, ਪਰ ਮੁਹਾਰਨੀ ਨਹੀਂ ਪੜ੍ਹਾਈ ਜਾਂਦੀ, ਜਿਸ ਕਰਕੇ ਬੱਚਿਆਂ ਨੂੰ ਪੰਜਾਬੀ ਤੇ ਗੁਰਬਾਣੀ ਪੜ੍ਹਨੀ ਬਹੁਤ ਮੁਸ਼ਕਲ ਲੱਗਦੀ ਹੈ। ਸਾਲਾਂ-ਬੱਧੀ ਬੱਚੇ ਗੁਰਦੁਆਰਿਆਂ ਵਿਚ ਪੜ੍ਹਨ ਲਈ ਆ ਰਹੇ ਹਨ ਪਰ ਉਸਦਾ ਬਹੁਤਾ ਲਾਭ ਨਹੀਂ ਹੋ ਰਿਹਾ, ਕਿਉਂਕਿ ਸਹੀ ਢੰਗ ਨਾਲ ਪੰਜਾਬੀ ਨਹੀਂ ਪੜ੍ਹਾਈ ਜਾਂਦੀ। ਗੁਰਦੁਆਰੇ ਭਾਵੇਂ ਦੋ ਹਨ, ਪਰ ਸੰਗਤ ਇੱਕੋ ਹੀ ਹੈ। ਦੋਨਾਂ ਪਾਸਿਆਂ ਦੀ ਸੰਗਤ ਦੇ ਬੱਚੇ ਬਿਨਾਂ ਭੇਦ-

ਭਾਵ ਦੇ ਆਉਣੇ ਸ਼ੁਰੂ ਹੋ ਗਏ। ਇਕ ਹਫ਼ਤੇ ਦੇ ਵਿਚ ਵਿਚ ਪੰਜਾਬੀ ਪੜ੍ਹਨੀ ਸਿੱਖ ਗਏ। ਸਿਰਫ਼ ਮੁਹਾਰਨੀ ਸਹੀ ਢੰਗ ਨਾਲ ਸਿਖਾ ਦਿੱਤੀ, ਅੱਖਰਾਂ ਦੀ ਪਹਿਚਾਣ ਉਨ੍ਹਾਂ ਨੂੰ ਪਹਿਲਾਂ ਹੀ ਸੀ। ਜੇਕਰ ਬੱਚਾ ਆਪ ਪੰਜਾਬੀ ਪੜ੍ਹਨੀ ਸਿੱਖ ਲਏ ਤਾਂ ਪਾਠ ਪੜ੍ਹਨਾ ਉਸ ਲਈ ਬਹੁਤ ਹੀ ਸੌਖਾ ਹੋ ਜਾਂਦਾ ਹੈ। ਅਸੀਂ ਘੋਟਾ ਲਗਾ ਕੇ ਬੱਚਿਆਂ ਨੂੰ ਪਾਠ ਸਿਖਾਉਣ ਦਾ ਯਤਨ ਕਰਦੇ ਹਾਂ, ਜਿਸ ਕਰਕੇ ਮਿਹਨਤ ਜ਼ਿਆਦਾ ਲੱਗਦੀ ਹੈ ਤੇ ਬੱਚੇ ਦੇ ਪੱਲੇ ਵੀ ਕੁਝ ਨਹੀਂ ਪੈਂਦਾ। ਦੋ ਹਫ਼ਤਿਆਂ ਦੇ ਵਿਚ ਆਸ ਨਾਲੋਂ ਨਤੀਜਾ ਵਧੀਆ ਨਿਕਲਿਆ। ਜਿਹੜੇ ਬੱਚੇ ਆਖਿਆਂ ਵੇਖਿਆਂ ਵੀ ਕਲਾਸ ਵਿਚ ਨਹੀਂ ਆਉਂਦੇ ਸਨ, ਉਹੀ ਬੱਚੇ ਕਲਾਸ ਦੇ ਸਮੇਂ ਤੋਂ ਪਹਿਲਾਂ ਹੀ ਆ ਜਾਂਦੇ ਸਨ। ਬੱਚਿਆਂ ਦੇ ਮਾਪੇ ਇਹ ਗੱਲ ਆਖ ਰਹੇ ਸਨ ਕਿ ਹੁਣ ਜਦੋਂ ਬੱਚਾ ਸਕੂਲੋਂ ਆਉਂਦਾ ਹੈ ਤਾਂ ਉਸੇ ਵੇਲੇ ਹੀ ਕਹਿਣਾ ਸ਼ੁਰੂ ਕਰ ਦੇਂਦਾ ਹੈ ਕਿ ਮੈਂ ਕਲਾਸ ਤੋਂ ਲੇਟ ਨਾ ਹੋ ਜਾਵਾਂ, ਜਲਦੀ ਮੈਨੂੰ ਗੁਰਦੁਆਰੇ ਲੈ ਕੇ ਚੱਲੋ। ਇਹ ਤਾਂ ਕਿਹਾ ਨਹੀਂ ਜਾ ਸਕਦਾ ਕਿ ਬੱਚਿਆਂ ਨੂੰ ਸਾਰਾ ਕੁਝ ਸਿਖਾ ਦਿੱਤਾ ਹੈ, ਜਾਂ ਸਾਰਾ ਕੁਝ ਉਨ੍ਹਾਂ ਨੇ ਸਿੱਖ ਲਿਆ ਹੈ। ਹਾਂ, ਇੰਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਸ਼ੁਰੂਆਤ ਚੰਗੀ ਹੋ ਗਈ ਹੈ। ਬੱਚਿਆਂ ਨੂੰ ਪਾਠ, ਸਾਖੀਆਂ ਤੇ ਸਿੱਖੀ ਦੇ ਮੁੱਢਲੇ ਅਸੂਲਾਂ ਸੰਬੰਧੀ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ। ਬਹੁਤ ਹੀ ਲਗਨ ਦੇ ਨਾਲ ਜਿਥੇ ਗੁਰਮਤਿ ਗ੍ਰਹਿਣ ਕੀਤੀ, ਉਥੇ ਬੱਚਿਆਂ ਨੇ ਕਵਿਤਾਵਾਂ ਤਿਆਰ ਕਰਕੇ ਦੋਨਾਂ ਗੁਰਦੁਆਰਿਆਂ ਵਿਚ ਸੁਣਾਈਆਂ ਤੇ ਬਹੁਤ ਸੁੰਦਰ ਰੰਗ ਬੰਨ੍ਹਿਆ।

ਬੱਚਿਆਂ ਨੂੰ ਜਪੁਜੀ ਸਾਹਿਬ ਦਾ ਪਾਠ ਮਿਸ਼ਨਰੀ ਕਾਲਜ ਦੁਆਰਾ ਤਿਆਰ ਕੀਤੇ ਗੁਟਕੇ ਤੋਂ ਸਿਖਾਇਆ ਗਿਆ। ਸ਼ੁਧ ਉਚਾਰਣ ਦਾ ਖ਼ਾਸ ਧਿਆਨ ਰੱਖਿਆ ਗਿਆ। ਦੋਨਾਂ ਗੁਰਦੁਆਰਿਆਂ ਵਿਚ ਵੱਖ-ਵੱਖ ਐਤਵਾਰ ਵਾਲੇ ਦਿਨ ਭਰੇ ਦੀਵਾਨ ਵਿਚ ਬੱਚਿਆਂ ਨੇ ਵਿਸ਼ਰਾਮ ਲਗਾ ਕੇ ਜਪੁਜੀ ਸਾਹਿਬ ਦਾ ਸਾਰਾ ਪਾਠ ਭਰੀ ਸੰਗਤ ਨੂੰ ਸੁਣਾਇਆ। ਸਹੀ ਅਰਥਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲਗਾਇਆ ਗਿਆ। ਸਿੱਖੀ ਦੇ ਮੁੱਢਲੇ ਸਿਧਾਂਤ ਤੇ ਸੰਖੇਪ ਰਹਿਤ-ਮਰਯਾਦਾ ਦੱਸਣ ਦਾ ਯਤਨ ਕੀਤਾ ਗਿਆ। ਇਥੋਂ ਦੇ ਬੱਚਿਆਂ ਦਾ ਉਤਸ਼ਾਹ ਦੇਖ ਕੇ ਕਹਿਣਾ ਪਏਗਾ ਕਿ ਏਥੇ ਸਿੱਖੀ ਦਾ ਭਵਿੱਖਤ ਬਹੁਤ ਉੱਜਲ ਹੈ।

ਏਸੇ ਸਮੇਂ ਵਿਚ ਵੀਰ ਬਲਕਾਰ ਸਿੰਘ, ਵੀਰ ਤ੍ਰਿਲੋਕ ਸਿੰਘ, ਅਵਤਾਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਵੱਧ ਰਹੇ ਡੇਰਾਵਾਦ, ਸੰਤ ਮਤ ਦੇ ਪਾਖੰਡ ਬਾਰੇ ਜਾਣਕਾਰੀ ਦੇਣ ਲਈ ਇਕ ਸੈਮੀਨਾਰ ਕਰਵਾਇਆ, ਜਿਸ ਵਿਚ ਬਹੁਤ ਸਾਰੀ ਸੰਗਤ ਨੇ ਭਾਗ ਲਿਆ। ਖ਼ੂਬ ਵਿਚਾਰ ਚਰਚਾ ਹੋਈ, ਸਵਾਲ ਜੁਆਬ

ਹੋਏ। ਮਨਾਂ ਵਿਚ ਚਿਰਾਂ ਦੇ ਬੈਠੇ ਹੋਏ ਸ਼ੰਕੇ ਦੂਰ ਕੀਤੇ। ਬਹੁਤ ਸਾਰੀਆਂ ਥਾਵਾਂ 'ਤੇ ਭੋਲੀ ਜਨਤਾ ਲੋਟੂ ਸੰਤ ਲਾਣੇ ਦੇ ਤੰਦੂਏ ਜਾਲ ਵਿਚ ਫਸੀ ਪਈ ਹੈ। ਆਮ ਲੋਕਾਈ ਇਹ ਪ੍ਰਭਾਵ ਮੰਨ ਬੈਠੀ ਹੈ ਕਿ ਸੰਤ ਲਾਣੇ ਦੀਆਂ ਕੀਤੀਆਂ ਅਰਦਾਸਾਂ ਦਾ ਸਦਕਾ ਹੀ ਸਾਡਾ ਕਾਰੋਬਾਰ ਚੱਲ ਰਿਹਾ ਹੈ। ਆਪਣੀ ਹੱਡ-ਭੰਨਵੀਂ ਕਿਰਤ ਨੂੰ ਇਨ੍ਹਾਂ ਦੇ ਡੇਰਿਆਂ ਵਿਚ ਤਬਦੀਲ ਕਰ ਰਹੇ ਹਨ। ਫਿਰ ਪੰਜਾਬ ਰੇਡੀਓ ਯੂ.ਕੇ. ਤੋਂ ਵੀ 'ਕਦੇ ਸੋਚਿਆ ਹੈ ਅਸੀਂ ਕੀ ਕਰ ਰਹੇ ਹਾਂ' ਗੁਰਮਤਿ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ।

ਦੇਖਿਆ ਗਿਆ ਹੈ ਕਿ ਆਮ ਪ੍ਰਚਾਰ ਸੰਗਤ ਨੂੰ ਖ਼ੁਸ਼ ਕਰਨ ਲਈ ਕੀਤਾ ਜਾਂਦਾ ਹੈ। ਸਟੇਜ 'ਤੇ ਭਾਵਨਾਤਮਿਕ ਤੇ ਗਿਆਨ-ਹੀਣ ਸ਼ਰਧਾ ਦੀਆਂ ਹੀ ਗੱਲਾਂ ਕਰ ਕੇ ਡੰਗ ਸਾਰਿਆ ਜਾਂਦਾ ਹੈ। ਬ੍ਰਾਹਮਣੀ ਕਰਮ-ਕਾਂਡ ਦੀ ਵਾੜ ਵਿਚ ਬੁਰੀ ਤਰ੍ਹਾਂ ਸਿੱਖ ਫਸ ਗਿਆ ਹੈ। ਗਰੁੜ ਪੁਰਾਣ ਦੇ ਗਪੌੜ, ਮਨੋ-ਕਲਪਿਤ ਬਣਾਇਆ ਹੋਇਆ ਮਿਥਿਹਾਸ ਧੂੰਆਂ-ਧਾਰ ਭਾਸ਼ਨਾਂ ਰਾਹੀਂ ਸਿੱਖ ਸੰਗਤ ਦੇ ਗਲ ਮੜ੍ਹਿਆ ਜਾ ਰਿਹਾ ਹੈ। ਆਮ ਰਿਵਾਜ ਬਣਦਾ ਜਾ ਰਿਹਾ ਹੈ ਕਿ ਸ਼ਰਧਾ ਨਹੀਂ ਤੋੜਨੀ ਚਾਹੀਦੀ। ਸਿੱਖ ਸਿਧਾਂਤ ਭਾਵੇਂ ਖੇਹ-ਖੱਖੜੀ ਹੋ ਜਾਏ, ਕੋਈ ਪ੍ਰਵਾਹ ਨਹੀਂ; ਆਮ ਪ੍ਰਚਾਰਕ ਨਾਰਾਜ਼ਗੀਆਂ ਮੁੱਲ ਨਹੀਂ ਲੈਣਾ ਚਾਹੁੰਦਾ।

ਗੁਰਮਤਿ ਪ੍ਰਚਾਰ ਲਈ ਗੁਰਦੁਆਰਿਆਂ ਵਿਚ ਕਲਾਸਾਂ ਦਾ ਲੱਗਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਕਲਾਸਾਂ ਵਿਚ ਘੱਟੋ-ਘੱਟ ਸਿੱਖ ਰਹਿਤ ਮਰਯਾਦਾ ਜ਼ਰੂਰ ਪੜ੍ਹਾਈ ਜਾਣੀ ਚਾਹੀਦੀ ਹੈ। ਜੇਕਰ ਅਸੀਂ ਸਿੱਖੀ ਦਾ ਨਿਆਰਾਪਨ ਕਾਇਮ ਰੱਖਣਾ ਚਾਹੁੰਦੇ ਹਾਂ ਤਾਂ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਵਾਲਾ ਕੋਰਸ ਹਰ ਗੁਰਦੁਆਰੇ ਵਿਚ ਹੋਣਾ ਚਾਹੀਦਾ ਹੈ। ਹਰ ਪਰਿਵਾਰ ਨੂੰ ਇਹ ਕੋਰਸ ਕਰਨਾ ਚਾਹੀਦਾ ਹੈ। ਪਿਛਲੇ ਸਾਲ ਨਾਰਵੇ ਜਾਣ ਦਾ ਮੌਕਾ ਮਿਲਿਆ, ਉਤਸ਼ਾਹੀ ਵੀਰਾਂ ਨੇ ਸਿੱਖੀ ਪ੍ਰਚਾਰ ਲਈ ਕੁਝ ਕਰਨ ਦਾ ਮਨ ਬਣਾਇਆ। ਕਿਉਂ ਨਾ ਪੰਜਾਬ ਵਿਚ ਪਰਿਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਲਈ *ਸਿੱਖ ਫੁਲਵਾੜੀ* ਦੇ ਜੀਵਨ ਭਰ ਲਈ ਮੈਂਬਰ ਬਣਾਇਆ ਜਾਏ। ਉਨ੍ਹਾਂ ਵੀਰਾਂ ਨੇ ਇਸ ਨੂੰ ਅਮਲੀ ਰੂਪ ਦੇ ਦਿੱਤਾ ਹੈ ਤੇ ਉਹ ਹਰ ਸਾਲ ਹੀ ਪੰਜਾਬ ਵਿਚ ਸੈਂਕੜਿਆਂ ਦੀ ਗਿਣਤੀ ਵਿਚ *ਸਿੱਖ ਫੁਲਵਾੜੀ* ਦੇ ਲਾਈਫ਼ ਮੈਂਬਰ ਬਣਾ ਰਹੇ ਹਨ।

ਜਰਮਨ ਵਿਚ ਜਿਥੇ ਹਰ ਭੈਣ ਭਰਾ ਨੇ ਗੁਰਮਤਿ ਦਾ ਲਾਭ ਉਠਾਇਆ, ਉਥੇ ਪਿੰਡ ਭਾਗਸਿੰਘ ਪੁਰਾ ਦੇ ਭਾਈ ਰਾਮਪਾਲ ਨੇ ਗੁਰਬਾਣੀ ਨੂੰ ਸਮਝਣ ਦੀ ਵਿਸ਼ੇਸ਼ ਰੁਚੀ ਦਿਖਾਈ। ਉਸਦੇ ਦੱਸਣ ਮੁਤਾਬਿਕ ਕਿ ਮੈਂ ਪਹਿਲੀ ਵਾਰ ਗੁਰਬਾਣੀ ਨੂੰ ਧਿਆਨ ਨਾਲ ਪੜ੍ਹਿਆ, ਵਿਚਾਰਿਆ ਤੇ ਸੁਣਿਆ ਹੈ, ਕਿਉਂਕਿ ਪੱਛੜੀ ਸ਼੍ਰੇਣੀ ਨਾਲ ਸੰਬੰਧਿਤ ਹੋਣ ਕਰਕੇ ਇੰਜ ਲੱਗਦਾ ਸੀ ਕਿ ਗੁਰਬਾਣੀ

ਸ਼ਾਇਦ ਉੱਚੀਆਂ ਜਾਤਾਂ ਵਾਸਤੇ ਹੀ ਹੈ। ਭਾਈ ਰਾਮਪਾਲ ਨੇ ਸਿੱਖੀ ਸਰੂਪ ਧਾਰਨ ਕੀਤਾ।

ਅੱਜ ਅਸੀਂ ਗੁਰਪੁਰਬਾਂ 'ਤੇ ਕੀਰਤਨ ਦਰਬਾਰ, ਨਗਰ ਕੀਰਤਨ ਤੇ ਭੀੜ ਜੁਟਾਉਣ ਤਕ ਸੀਮਤ ਹੋ ਕੇ ਰਹਿ ਗਏ ਹਾਂ। ਤਿੰਨ ਤਿੰਨ ਦਿਨ ਖ਼ਾਸ ਕਿਸਮ ਦੀਆਂ ਲੜੀਆਂ ਲਗਾ ਕੇ ਅਤੇ ਹਲਕੇ ਕਿਸਮ ਦੀ ਡੈਕੋਰੇਸ਼ਨ ਕਰ ਕੇ ਸੰਗਤ ਦੀ ਕਿਰਤ ਕਮਾਈ ਦਾ ਪੈਸਾ ਵਿਅਰਥ ਵਿਚ ਗਵਾ ਰਹੇ ਹਾਂ। ਇਹ ਸਾਰਾ ਕੁਝ ਦਿਖਾਵੇ ਮਾਤਰ ਹੀ ਰਹਿ ਗਿਆ ਹੈ। ਸਿੱਖੀ ਕਰਮ-ਕਾਂਡ, ਵਹਿਮ-ਭਰਮ, ਜਾਤ-ਪਾਤ ਤੇ ਡੇਰਾਵਾਦ ਵਿਚ ਫਸ ਕੇ ਰਹਿ ਗਈ ਹੈ। ਕਿੰਨਾ ਚੰਗਾ ਹੋਵੇ ਕਿ ਜੇ ਪ੍ਰਬੰਧਕ ਸ਼੍ਰੇਣੀ ਗੁਰਪੁਰਬਾਂ ਸਮੇਂ ਘੱਟੋ-ਘੱਟ ਸਿੱਖ ਇਤਿਹਾਸ, ਫ਼ਿਲਾਸਫ਼ੀ ਤੇ ਰਹਿਤ-ਮਰਯਾਦਾ 'ਤੇ ਸੈਮੀਨਾਰ ਕਰਵਾਵੇ ਤਾਂ ਕਿ ਸੰਗਤ ਨੂੰ ਨਿਆਰੇ ਖ਼ਾਲਸੇ ਦੀ ਹੋਂਦ ਦਾ ਪਤਾ ਲੱਗ ਸਕੇ।

ਜਰਮਨ ਵਿਚ ਕਲਾਸਾਂ ਦਾ ਤਜਰਬਾ ਬਹੁਤ ਹੀ ਸਫਲ ਰਿਹਾ। ਸੰਗਤ ਨੇ ਗੁਰਮਤਿ ਦੀ ਜਾਣਕਾਰੀ ਹਾਸਲ ਕੀਤੀ। ਨੌਜਵਾਨ ਵੀਰਾਂ, ਪ੍ਰਬੰਧਕਾਂ ਤੇ ਸਾਰੀ ਸੰਗਤ ਨੇ ਉਤਸ਼ਾਹ, ਪਿਆਰ ਤੇ ਅਪਣੱਤ ਨਾਲ ਕਲਾਸਾਂ ਦੇ ਕਾਰਜ ਨੂੰ ਸਿਰੇ ਚੜ੍ਹਾਇਆ :

ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ ਚਿਤਿ ॥
ਗਾਲੑੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥

(ਗਉੜੀ ਕੀ ਵਾਰ, ਮ: ੫, ਪੰਨਾ 320)

ਰੋਗ ਅਤੇ ਨਾਮ

ਗੁਰਬਾਣੀ ਸਾਰੀ ਤਰਤੀਬ ਵਿਚ ਹੈ, ਇਸ ਵਿਚ ਕਿਸੇ ਵੀ ਅੱਖਰ ਦਾ ਵਾਧਾ ਘਾਟਾ ਨਹੀਂ ਹੋ ਸਕਦਾ। ਗੁਰਬਾਣੀ ਸਲੋਕ, ਸ਼ਬਦ, ਅਸ਼ਟਪਦੀਆਂ, ਸਵੱਯੇ, ਛੰਤ ਤੇ ਪਉੜੀਆਂ ਦੇ ਵੱਖ-ਵੱਖ ਰੂਪਾਂ ਵਿਚ ਉਚਾਰਨ ਕੀਤੀ ਗਈ ਹੈ। ਇਸ ਲਈ ਗੁਰਬਾਣੀ ਦੇ ਸ਼ਬਦ ਵਿਚ ਆਏ ਵਿਸ਼ਾ-ਵਸਤੂ ਨੂੰ ਮੁੱਖ ਰੱਖ ਕੇ ਸਮਝਣ ਦੀ ਜ਼ਰੂਰਤ ਹੈ। ਸਲੋਕ ਤੇ ਛੰਤ ਦਾ ਆਪਸ ਵਿਚ ਪੂਰਾ ਤਾਲ-ਮੇਲ ਹੋਣ ਦੇ ਨਾਤੇ ਇਹ ਇਕ ਮੁਕੰਮਲ ਵਿਸ਼ਾ ਹੁੰਦਾ ਹੈ, ਜਦ ਕਿ ਗੁਰਬਾਣੀ ਦਾ ਹਰ ਸ਼ਬਦ ਇਕ ਨਵਾਂ ਵਿਸ਼ਾ ਲੈ ਕੇ ਸੰਸਾਰ ਨੂੰ ਜੀਵਨ-ਜੁਗਤ ਦੱਸ ਰਿਹਾ ਹੈ। ਕਬੀਰ ਜੀ ਤੇ ਫ਼ਰੀਦ ਜੀ ਦੇ ਸਲੋਕਾਂ ਨੂੰ ਹੀ ਲੈ ਲਈਏ, ਕਈ ਸਲੋਕਾਂ ਨੂੰ ਇਕੱਠਿਆਂ ਵਿਚਾਰਾਂਗੇ ਤਾਂ ਉਨ੍ਹਾਂ ਵਿੱਚੋਂ ਪੂਰੇ ਵਿਸ਼ੇ ਦੀ ਸਮਝ ਆਉਂਦੀ ਹੈ। ਵਾਰ ਦੇ ਵਿਸ਼ਾ-ਵਸਤੂ ਨੂੰ ਸਮਝਣ ਲਈ ਪਉੜੀ ਤੇ ਉਸ ਨਾਲ ਆਏ ਸਲੋਕਾਂ ਨੂੰ ਇਕੱਠਿਆਂ ਕਰ ਕੇ ਵਿਚਾਰਾਂਗੇ ਤਾਂ ਉਸ ਵਿੱਚੋਂ ਪੂਰਾ ਸਬਜੈਕਟ ਮਿਲੇਗਾ। ਸ਼ਬਦ ਦੀਆਂ ਰਹਾਉ ਵਾਲੀਆਂ ਤੁਕਾਂ ਵਿਚ ਸ਼ਬਦ ਦਾ ਕੇਂਦਰੀ-ਭਾਵ ਹੁੰਦਾ ਹੈ ਤੇ ਬਾਕੀ ਸ਼ਬਦ ਵਿਚ ਇਸ ਕੇਂਦਰੀ-ਭਾਵ ਨੂੰ ਵਿਸਥਾਰ ਨਾਲ ਖੋਲ੍ਹਿਆ ਗਿਆ ਹੁੰਦਾ ਹੈ। ਇੰਜ ਹੀ ਸੁਖਮਨੀ ਸਾਹਿਬ ਜੀ ਦੀ ਬਾਣੀ ਵਿਚ ਸਲੋਕਾਂ ਤੇ ਅਸ਼ਟਪਦੀਆਂ ਨੂੰ ਇਕੱਠਾ ਕਰ ਕੇ ਵਿਚਾਰਾਂਗੇ ਤਾਂ ਉਸ ਵਿੱਚੋਂ .ਇਕ ਮੁਕੰਮਲ ਵਿਸ਼ੇ ਦੀ ਸਮਝ ਆਏਗੀ।

ਹੋਇਆ ਇਹ ਹੈ ਕਿ ਪਿਛਲੇ ਸਮੇਂ ਤੋਂ ਅਸੀਂ ਆਪਣੀ ਮਰਜ਼ੀ ਨਾਲ ਇਕ ਤੁਕ ਨੂੰ ਲੈ ਕੇ ਉਸ ਦਾ ਕੀਰਤਨ ਜਾਂ ਕਥਾ ਕੀਤੀ ਹੈ, ਜਿਸ ਨਾਲ ਸ਼ਬਦ ਦਾ ਵਿਸ਼ਾ-ਵਸਤੂ ਹੀ ਬਦਲ ਕੇ ਰੱਖ ਦਿੱਤਾ ਹੈ। ਮਿਸਾਲ ਦੇ ਤੌਰ 'ਤੇ "ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ॥" ਇਸ ਦਾ ਅਰਥ ਹੈ—ਹੇ ਭਾਈ! ਜਿਨ੍ਹਾਂ ਗੁਰਸਿੱਖਾਂ ਨੇ ਪਿਆਰੇ ਗੁਰੂ ਦਾ ਦਰਸ਼ਨ ਕਰ ਲਿਆ ਹੈ, ਉਨ੍ਹਾਂ ਦੇ ਮਨ ਵਿਚ ਸਦਾ ਚੜ੍ਹਦੀ ਕਲਾ ਬਣੀ ਰਹਿੰਦੀ ਹੈ। ਹੁਣ ਕਿਸੇ ਦੇ ਘਰ ਵਿਚ ਵਿਆਹ ਹੈ, ਅਸਾਂ ਘਰਦਿਆਂ ਨੂੰ ਖ਼ੁਸ਼ ਕਰਨ ਲਈ ਆਪਣੇ ਮਨ ਦੀ ਕਾਢ ਨਾਲ ਸ਼ਬਦ ਸ਼ੁਰੂ ਕੀਤਾ ਹੈ—ਵਾਧਾਈਆਂ-ਆਂ-ਆਂ, ਵਾਧਾਈਆਂ-ਆਂ-ਆਂ, ਵਾਧਾਈਆਂ-ਆਂ-ਆਂ-ਆਂ—ਦਾ ਹੀ ਕੀਰਤਨ ਕਰੀ

ਜਾਂਦੇ ਹਾਂ, ਤੇ ਕਿੰਨੇ ਚਿਰ ਬਾਅਦ ਜਾ ਕੇ ਬੋਲਦੇ ਹਾਂ 'ਗੁਰਸਿਖਾ ਮਨਿ ਵਾਧਾਈਆ'। ਘਰ ਦੇ ਸਮਝ ਰਹੇ ਹਨ ਕਿ ਸਾਨੂੰ ਵਧਾਈਆਂ ਮਿਲ ਰਹੀਆਂ ਹਨ। ਇੰਜ ਹੀ "ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ" ਦਾ ਕੀਰਤਨ ਕਰ ਕੇ ਪਰਿਵਾਰ ਨੂੰ ਇਹ ਪ੍ਰਭਾਵ ਦੇਣ ਦਾ ਯਤਨ ਕਰਦੇ ਹੁੰਦੇ ਹਾਂ ਕਿ ਲੱਖਾਂ ਖ਼ੁਸ਼ੀਆਂ ਗੁਰੂ ਜੀ ਨੇ ਤੁਹਾਨੂੰ ਹੀ ਦਿੱਤੀਆਂ ਹਨ। ਜਦ ਕਿ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਵਿਚ ਤਾਂ ਇਹ ਦੱਸਿਆ ਜਾ ਰਿਹਾ ਹੈ ਕਿ "ਮੇਰੇ ਮਨ ਏਕਸ ਸਿਉ ਚਿਤੁ ਲਾਇ॥ ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ॥" 'ਸਭ ਧੰਧੁ' ਤੇ 'ਮਿਥਿਆ ਮੋਹੁ' ਨੂੰ ਇਕ ਪਾਸੇ ਰੱਖ ਕੇ ਸਿਰਫ਼ 'ਲਖ ਖੁਸੀਆ ਪਾਤਸਾਹੀਆ' ਸ਼ਬਦ ਦਾ ਹੀ ਕੀਰਤਨ ਕੀਤਾ ਜਾ ਰਿਹਾ ਹੈ, ਜੋ ਸਾਡੀ ਕਮ-ਅਕਲੀ ਦਾ ਸਬੂਤ ਹੈ।

ਬਹੁਤੀ ਥਾਂਈਂ ਕਥਾ ਕੀਰਤਨ ਸੁਣਦਿਆਂ ਅਕਸਰ ਇਹ ਹੀ ਮੁੜ-ਮੁੜ ਦ੍ਰਿੜ ਕਰਾਇਆ ਜਾਂਦਾ ਹੈ ਕਿ ਭਾਈ ਨਾਮ ਜਪਣ ਤੋਂ ਬਿਨਾਂ ਤੁਹਾਨੂੰ ਸਵਰਗ ਦੀ ਪ੍ਰਾਪਤੀ ਨਹੀਂ ਹੋ ਸਕਦੀ। ਦੂਸਰਾ ਸਾਡੇ ਸਰੀਰ ਦੇ ਜਿੰਨੇ ਵੀ ਭਿਆਨਕ ਤੋਂ ਭਿਆਨਕ ਰੋਗ ਹਨ, ਉਹ ਨਾਮ ਸਿਮਰਨ ਦੁਆਰਾ ਦੂਰ ਹੋ ਜਾਂਦੇ ਹਨ। ਜਿਸ ਤਰ੍ਹਾਂ ਕੈਂਸਰ, ਟੀ.ਬੀ, ਦਾੜ੍ਹ, ਗਿੱਟਿਆਂ-ਗੋਡਿਆਂ ਤੇ ਸਿਰ ਦੀ ਦਰਦ, ਸਾਹ ਦਾ ਚੜ੍ਹਨਾ, ਹਾਰਟ ਟ੍ਰਬਲ, ਬੁਖ਼ਾਰ ਤੇ ਕੋਹੜ ਵਰਗੀਆਂ ਦੀਰਘ ਬਿਮਾਰੀਆਂ ਦੂਰ ਹੋ ਜਾਂਦੀਆਂ ਹਨ ਤੇ ਗੁਰਬਾਣੀ ਦੀ ਇਹ ਤੁਕ ਪੜ੍ਹ ਕੇ ਸੁਣਾ ਦੇਂਦੇ ਹਾਂ, "ਸਰਬ ਰੋਗ ਕਾ ਅਉਖਦੁ ਨਾਮੁ॥" ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਸੁਖਮਨੀ ਸਾਹਿਬ ਦੀ ਬਾਣੀ ਵਿਚ ਆਈ ਇਸ ਤੁਕ ਦੀ ਸਿਧਾਂਤਕ ਵਿਚਾਰ ਕੀਤੀ ਜਾਏ ਤਾਂ ਕਿ ਗੁਰੂ ਸਾਹਿਬ ਜੀ ਦਾ ਸਦੀਵ ਕਾਲ ਜੋ ਸੁਨੇਹਾ ਸੰਸਾਰ ਨੂੰ ਮਿਲਿਆ ਹੈ, ਉਸ ਤੋਂ ਲਾਭ ਉਠਾ ਕੇ ਆਤਮਿਕ ਉੱਨਤੀ ਕੀਤੀ ਜਾ ਸਕੇ।

ਮਨੁੱਖੀ ਸਰੀਰ ਦੀ ਬਣਤਰ ਵੱਲ ਧਿਆਨ ਮਾਰਿਆ ਜਾਏ ਤਾਂ ਇਹ ਦੋ ਭਾਗਾਂ ਵਿਚ ਵੰਡੀ ਦਿੱਸਦੀ ਹੈ, ਜਿਸ ਦਾ ਇਕ ਭਾਗ ਅੰਦਰਲਾ ਤੇ ਦੂਜਾ ਭਾਗ ਬਾਹਰਲਾ ਦਿੱਸਦਾ ਹੈ, ਜਿਸ ਨੂੰ ਸੂਖਸ਼ਮ ਤੇ ਅਸਥੂਲ ਕਿਹਾ ਗਿਆ ਹੈ। ਗੁਰਬਾਣੀ ਇਨ੍ਹਾਂ ਹੀ ਭਾਗਾਂ ਨੂੰ ਈਹਾਂ-ਊਹਾਂ, ਐਥੇ-ਉਥੇ, ਲੋਕ-ਪ੍ਰਲੋਕ ਦੇ ਅਲੰਕਾਰਾਂ ਵਿਚ ਵੀ ਪ੍ਰਗਟ ਕਰਦੀ ਹੈ। ਇੰਜ ਕਹਿ ਲਿਆ ਜਾਏ ਕਿ ਆਦਮੀ ਹਮੇਸ਼ਾ ਦੋ ਤਲਾਂ 'ਤੇ ਜ਼ਿੰਦਗੀ ਜੀਊ ਰਿਹਾ ਹੈ, ਅੰਦਰਲੇ ਸੁਭਾਅ ਵਿਚ ਕੁਝ ਹੋਰ ਹੈ ਤੇ ਬਾਹਰਲੇ ਸੁਭਾਅ ਵਿਚ ਕੁਝ ਹੋਰ ਹੈ। ਗੁਰਬਾਣੀ ਦੀ ਇਹ ਇਕ ਮਹਾਨ ਵਡਿਆਈ ਹੈ ਕਿ ਇਹ ਮਨੁੱਖ ਨੂੰ ਅੰਦਰੋਂ ਤੇ ਬਾਹਰੋਂ ਇਕ ਕਰਨ ਜਾਂ ਹੋਣ ਦੀ ਤਾਕੀਦ ਕਰਦੀ ਹੈ।

ਕੁਝ ਬਿਮਾਰੀਆਂ ਮਨੁੱਖੀ ਸਰੀਰ ਦੀਆਂ ਹਨ ਤੇ ਕੁਝ ਬਿਮਾਰੀਆਂ ਇਸ

ਮਨ ਅਥਵਾ ਆਤਮਾ ਦੀਆਂ ਹਨ। ਸਰੀਰਕ ਬਿਮਾਰੀਆਂ ਵੱਖ-ਵੱਖ ਕਿਸਮਾਂ ਦੀਆਂ ਹਨ ਤੇ ਉਨ੍ਹਾਂ ਦੇ ਇਲਾਜ ਲਈ ਵੱਖ-ਵੱਖ ਹੀ ਹਸਪਤਾਲ ਹਨ। ਇਥੋਂ ਤਕ ਕਿ ਸਰੀਰ ਦੇ ਇਕ-ਇਕ ਅੰਗ ਜਾਂ ਇਕ-ਇਕ ਬਿਮਾਰੀ ਦੇ ਸਪੈਸ਼ਲਿਸਟ ਡਾਕਟਰ ਵੀ ਵੱਖਰੇ-ਵੱਖਰੇ ਹੁੰਦੇ ਹਨ। ਚੰਗੇ ਹਸਪਤਾਲਾਂ ਦੀ ਇਹ ਖ਼ੂਬੀ ਹੁੰਦੀ ਹੈ ਕਿ ਉਹ ਹਰ ਬਿਮਾਰੀ ਦੇ ਮਾਹਰ ਡਾਕਟਰ ਹੀ ਰੱਖਦੇ ਹਨ, ਜੋ ਬਿਮਾਰ ਤੋਂ ਬਿਮਾਰ ਆਦਮੀ ਦਾ ਯੋਗ ਤੇ ਢੁੱਕਵਾਂ ਇਲਾਜ ਕਰ ਸਕਣ। ਸੰਸਾਰ ਨੂੰ ਵੀ ਰੋਗੀ ਜਾਣਦਿਆਂ ਹੋਇਆਂ ਗੁਰੂ ਸਾਹਿਬ ਜੀ ਨੇ ਇਸ ਦਾ ਇਲਾਜ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਵਰਗਾ ਮਹਾਨ ਗ੍ਰੰਥ ਸੰਸਾਰ ਦੀ ਝੋਲੀ ਵਿਚ ਪਾਇਆ ਹੈ ਤਾਂ ਕਿ ਸੰਸਾਰੀ ਲੋਕ ਇਸ ਮਹਾਨ ਗ੍ਰੰਥ ਵਿੱਚੋਂ ਆਤਮਿਕ ਜੀਵਨ ਦੀ ਸੂਝ ਲੈ ਕੇ ਆਪਣੀਆਂ ਅੰਦਰਲੀਆਂ ਸੁਭਾਵਿਕ ਬਿਮਾਰੀਆਂ ਦੂਰ ਕਰ ਸਕਣ। ਗੁਰਵਾਕ ਹੈ—"ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥"—ਸਮਾਜ, ਧਰਮ, ਰਾਜਨੀਤੀ ਵਿਚ ਆਈ ਗਿਰਾਵਟ ਨੂੰ ਵੀ ਬਿਮਾਰੀ ਦਾ ਹੀ ਨਾਂ ਦਿੱਤਾ ਗਿਆ ਹੈ।

ਸੁਖਮਨੀ ਸਾਹਿਬ ਜੀ ਦੀ ਮਹਾਨ ਰਚਨਾ ਜੋ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਕੀਤੀ ਹੈ, ਇਸ ਦਾ ਮੁੱਖ ਭਾਵ ਮਨੁੱਖ ਨੂੰ ਆਪਣੇ ਮਨ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਦਾ ਹੈ। ਇਸ ਰਚਨਾ ਵਿਚ ਇਕ 'ਰਹਾਉ' ਆਉਂਦਾ ਏ, ਜੋ ਇਸ ਪ੍ਰਕਾਰ ਹੈ:

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥ *(ਪੰਨਾ 262)*

ਪਰਮਾਤਮਾ ਦਾ ਅਮਰ ਕਰਨ ਵਾਲਾ ਤੇ ਸੁਖਦਾਈ ਨਾਮ, ਸਭ ਸੁੱਖਾਂ ਦੀ ਮਣੀ ਹੈ, ਇਸਦਾ ਟਿਕਾਣਾ ਭਗਤਾਂ ਦੇ ਹਿਰਦੇ ਵਿਚ ਹੈ। 'ਅੰਮ੍ਰਿਤ' ਸ਼ਬਦ ਦਾ ਭਾਵ ਹੈ ਆਤਮਿਕ ਸੁਖ ਦੇਣ ਵਾਲਾ ਪਰਮਾਤਮਾ ਦਾ ਨਾਮ, ਜੋ ਭਗਤਾਂ ਨੇ ਆਪਣੇ ਹਿਰਦੇ ਵਿਚ ਟਿਕਾਇਆ ਹੁੰਦਾ ਹੈ। ਆਮ ਆਦਮੀ ਕਈ ਪ੍ਰਕਾਰ ਦੀਆਂ ਮੁਸ਼ਕਲਾਂ, ਸੰਸਿਆਂ, ਚਿੰਤਾਵਾਂ ਵਿਚ ਘਿਰਿਆ ਹੋਇਆ ਆਤਮਿਕ ਤਲ 'ਤੇ ਕਈ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਹੈ, ਪਰ ਭਗਤ ਜਨ ਇਨ੍ਹਾਂ ਬਿਮਾਰੀਆਂ ਤੋਂ ਉਪਰ ਉੱਠ ਜਾਂਦੇ ਹਨ। ਸਾਰੇ ਸੁਖਮਨੀ ਸਾਹਿਬ ਵਿਚ ਮਨ ਦੀਆਂ ਬਿਮਾਰੀਆਂ ਅਥਵਾ ਰੋਗਾਂ ਦੀ ਗੱਲ ਕਰਦਿਆਂ ਉਨ੍ਹਾਂ ਦੇ ਸਮਾਧਾਨ ਦੀ ਗੱਲ ਕੀਤੀ ਗਈ ਹੈ। ਕਈ ਭੋਲੇ ਵੀਰਾਂ ਨੇ ਸਿਰਫ਼ ਇਸ ਤੁਕ ਨੂੰ ਹੀ ਲੈ ਕੇ ਸਰੀਰਕ ਬਿਮਾਰੀਆਂ ਬਾਰੇ ਕਿਹਾ-ਸੁਣਿਆ ਹੈ ਤੇ ਡਾਕਟਰੀ ਇਲਾਜ ਨਾ ਕਰਾਉਣ ਦੀ ਸਾਲਾਹ ਵੀ ਦੇਂਦੇ ਹਨ, ਜਦ ਕਿ ਗੁਰਬਾਣੀ ਮਨੁੱਖੀ ਮਨ ਦੇ ਰੋਗਾਂ ਦੀ ਗੱਲ ਕਰਦੀ ਹੈ। 'ਸਰਬ ਰੋਗ ਕਾ ਅਉਖਦੁ ਨਾਮੁ' ਵਾਲੀ ਤੁਕ

ਨੂੰ ਸਮਝਣ ਲਈ ਇਸ ਸਾਰੀ ਅਸਟਪਦੀ ਨੂੰ ਧਿਆਨ ਵਿਚ ਲਿਆਉਣ ਦੀ ਲੋੜ ਹੈ। ਅੱਖਰੀ ਅਰਥ ਤਾਂ ਇਹੀ ਬਣਨਗੇ ਕਿ ਸਾਰੇ ਰੋਗਾਂ ਦੀ ਦਵਾਈ ਕੇਵਲ ਪਰਮਾਤਮਾ ਦਾ ਨਾਮ ਹੀ ਹੈ। ਜੇ ਸਾਰੀ ਅਸਟਪਦੀ ਨੂੰ ਧਿਆਨ ਵਿਚ ਵਿਚਾਰਿਆ ਜਾਏ ਤਾਂ, ਰੋਗ ਵਿੱਚੋਂ 'ਅਪਰਸੁ' ਸੁੱਚ ਰੱਖਣ ਦਾ ਨਿਕਲਦਾ ਹੈ। ਨਾਲ ਹੀ ਏਸੇ ਅਸਟਪਦੀ ਦੇ ਸਤਵੇਂ ਬੰਦ ਵਿਚ ਜੀਵਨ ਮੁਕਤੀ ਦਾ ਸੰਕਲਪ ਰੱਖਿਆ ਹੋਇਆ ਦਿੱਸਦਾ ਹੈ। 'ਸਰਬ ਰੋਗ ਕਾ ਅਉਖਦੁ ਨਾਮੁ' ਨੂੰ ਵਿਚਾਰਨ ਲਈ ਇਸ ਅਸਟਪਦੀ ਦੇ ਹਰੇਕ ਬੰਦ ਦੀ ਵਿਚਾਰ ਕੀਤੀ ਜਾਏਗੀ। ਇਸ ਅਸਟਪਦੀ ਦਾ ਭਾਵ-ਅਰਥ ਸਲੋਕ ਵਿਚ ਆਉਂਦਾ ਹੈ, ਜੋ ਸਮੁੱਚੇ ਭਾਵ ਨੂੰ ਆਪਣੇ ਵਿਚ ਸਮਾਈ ਬੈਠਾ ਹੈ। ਸਲੋਕ ਤੇ ਅਸਟਪਦੀ ਵਿਚ ਪੂਰਾ ਸੈੱਟ ਹੋਣ ਕਰਕੇ ਮੁਕੰਮਲ ਵਿਸ਼ਾ ਹੈ :

ਸਲੋਕੁ ॥
ਉਰਿ ਧਾਰੈ ਜੋ ਅੰਤਰਿ ਨਾਮੁ ॥ ਸਰਬ ਮੈ ਪੇਖੈ ਭਗਵਾਨੁ ॥
ਨਿਮਖ ਨਿਮਖ ਠਾਕੁਰ ਨਮਸਕਾਰੈ ॥
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥੧॥ *(ਪੰਨਾ 274)*

ਜੋ ਮਨੁੱਖ ਪਰਮਾਤਮਾ ਦੇ ਨਾਮ, ਭਾਵ, ਉਹਦੇ ਗੁਣਾਂ ਨੂੰ ਹਿਰਦੇ ਵਿਚ ਧਾਰਨ ਕਰਦਾ ਹੈ, ਉਹ ਭਗਵਾਨ ਨੂੰ ਸਾਰਿਆਂ ਵਿਚ ਵਿਆਪਕ ਦੇਖਦਾ ਹੈ ਤੇ ਹਰੇਕ ਪਲ ਉਹਦੀ ਯਾਦ ਵਿਚ ਗੁਜ਼ਾਰਦਾ ਹੋਇਆ 'ਅਪਰਸੁ' (ਸੁੱਚਾ) ਹੋ ਜਾਂਦਾ ਹੈ। ਉਹ ਫਿਰ ਹੋਰਨਾਂ ਜੀਵਾਂ ਨੂੰ ਸੰਸਾਰ ਦੇ ਵਿਕਾਰਾਂ ਵੱਲੋਂ ਹਟਾ ਕੇ ਮੁਕਤੀ ਵਾਲੇ ਰਸਤੇ 'ਤੇ ਤੋਰਦਾ ਹੈ। ਇਸ ਵਿਚ ਸ਼ਬਦ 'ਅਪਰਸੁ' ਆਇਆ ਹੈ, ਜਿਸਦਾ ਸੰਬੰਧ ਸੁੱਚ ਤੇ ਭਿੱਟ ਨਾਲ ਆਉਂਦਾ ਹੈ। ਹਿੰਦੂ ਮਤ ਵਿਚ ਕਈ ਮਨੁੱਖ ਬੜੀ ਸੁੱਚ ਰੱਖਣ ਦੇ ਅਜੇਹੇ ਭਰਮ ਵਿਚ ਪੈ ਜਾਂਦੇ ਹਨ ਕਿ ਕਿਸੇ ਹੋਰ ਦੇ ਹੱਥ ਦੇ ਬਣੇ ਹੋਏ ਪ੍ਰਸ਼ਾਦੇ ਨੂੰ ਖਾਣਾ ਤਾਂ ਇਕ ਪਾਸੇ ਰਿਹਾ, ਵਿਚਾਰੇ ਛੋਂਹਦੇ ਵੀ ਨਹੀਂ ਹਨ; ਗੁਰਮਤਿ ਅਨੁਸਾਰ ਅਸਲੀ ਸੁੱਚਾ ਉਹ ਮਨੁੱਖ ਹੈ ਜੋ ਹਰ ਵੇਲੇ ਪ੍ਰਭੂ ਦਾ ਨਾਮ ਆਪਣੇ ਹਿਰਦੇ ਵਿਚ ਪ੍ਰੋ ਰੱਖਦਾ ਹੈ। ਇਸ ਅਸਟਪਦੀ ਵਿਚ ਸਭ ਤੋਂ ਭਿਆਨਕ ਰੋਗ ਸਾਡੇ ਸਾਹਮਣੇ ਅਖੌਤੀ ਭਿੱਟ, ਸੁੱਚ (ਅਪਰਸੁ) ਦਾ ਆਉਂਦਾ ਹੈ, ਜੋ ਹਉਮੈ ਦੇ ਰੂਪ ਵਿਚ ਵੀ ਪ੍ਰਗਟ ਹੁੰਦੀ ਹੈ। ਗੁਰਬਾਣੀ ਹਉਮੈ ਨੂੰ ਦੀਰਘ ਰੋਗ ਦੱਸਦੀ ਹੈ ਜੋ ਆਤਮਿਕ ਬਿਮਾਰੀਆਂ ਦੀ ਜੜ੍ਹ ਮੰਨੀ ਗਈ ਹੈ। ਇਸ ਪ੍ਰਥਾਏ ਕੁਝ ਪ੍ਰਮਾਣ ਵੀ ਵਾਚਣ ਯੋਗ ਹਨ :

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
(ਆਸਾ ਕੀ ਵਾਰ, ਮ: ੨, ਪੰਨਾ 466)

ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ ॥

(ਵਡਹੰਸ ਕੀ ਵਾਰ, ਮ: ੩, ਪੰਨਾ 589)

ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ ॥
ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥

(ਵਡਹੰਸ ਕੀ ਵਾਰ, ਮ: ੩, ਪੰਨਾ 592)

ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥

(ਮਲਾਰ ਮਹਲਾ ੩, ਪੰਨਾ 1258)

ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਨਾ ॥

(ਗਉੜੀ ਕੀ ਵਾਰ ਮ: ੪, ਪੰਨਾ 301)

ਬਹੁਤ ਸਾਰੇ ਪ੍ਰਮਾਣ ਗੁਰਬਾਣੀ ਵਿੱਚੋਂ ਮਿਲਦੇ ਹਨ, ਜਿਨ੍ਹਾਂ ਤੋਂ ਸਾਨੂੰ ਇਹ ਪਤਾ ਚੱਲਦਾ ਹੈ ਕਿ ਗੁਰਬਾਣੀ ਸਰੀਰਕ ਰੋਗਾਂ ਦੀ ਗੱਲ ਨਹੀਂ ਕਰਦੀ, ਇਹ ਤਾਂ ਸਗੋਂ ਅੰਦਰਲੇ ਰੋਗਾਂ ਦੀ ਗੱਲ ਕਰ ਰਹੀ ਹੈ। ਹੁਣ ਇਸ ਅਸਟਪਦੀ ਵਿਚ ਮੁੱਖ ਰੋਗ ਨੀਵੀਂ ਜਾਤੀ ਦੇ ਬੰਦੇ ਦੇ ਛੋਹ ਜਾਣ ਦਾ ਹੈ—ਜੇਕਰ ਨੀਵੀਂ ਜਾਤੀ ਦੇ ਕਿਸੇ ਆਦਮੀ ਦਾ ਪਰਛਾਵਾਂ ਅਚਾਨਕ ਉੱਚੀ ਕੁਲ ਦੇ ਆਦਮੀ ਉੱਤੇ ਪੈ ਜਾਂਦਾ ਸੀ ਤਾਂ ਉਹ ਭਿੱਟਿਆ ਹੋਇਆ ਸਮਝਿਆ ਜਾਂਦਾ ਸੀ, ਇਕ ਅੱਖ ਦੇ ਇਸ਼ਾਰੇ ਨਾਲ ਹੀ ਉਸ ਦੀ ਪਵਿੱਤਰਤਾ ਭੰਗ ਹੋ ਜਾਂਦੀ ਸੀ। ਬਨਾਵਟੀ ਸੁੱਚ ਦੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਇਨ੍ਹਾਂ ਵਿਚਾਰਿਆਂ ਨੂੰ ਕਈ ਵਾਰ ਗੰਗਾ 'ਤੇ ਜਾ ਕੇ ਇਸ਼ਨਾਨ ਕਰਨਾ ਪੈਂਦਾ ਸੀ, ਪਰ ਇਸ ਭਿਆਨਕ ਬਿਮਾਰੀ ਦੇ ਦਰਸ਼ਨ ਅੱਜ ਵੀ ਖੁੱਲ੍ਹੇ ਰੂਪ ਵਿਚ ਸਿੱਖਾਂ ਦੇ ਗੁਰਦੁਆਰਿਆਂ ਵਿੱਚੋਂ ਕੀਤੇ ਜਾ ਸਕਦੇ ਹਨ। ਇਸ ਅਸਟਪਦੀ ਦਾ ਸਲੋਕ ਇਹ ਦੱਸਦਾ ਹੈ ਕਿ ਆਪਣੇ ਮਨ ਵਿਚ ਪਰਮਾਤਮਾ ਦਾ ਨਾਮ ਰੱਖ ਕੇ ਸੁੱਚਾ ਹੋਇਆ ਜਾ ਸਕਦਾ ਹੈ, ਭਾਵ ਗੁਰੂ ਜੀ ਵੱਲੋਂ ਦੱਸੀ ਹੋਈ ਨਿਯਮਾਵਲੀ ਨੂੰ ਅਪਣਾਇਆਂ ਅਸੀਂ ਵਿਕਾਰਾਂ ਵੱਲੋਂ ਅਪਰਸ ਹੋ ਸਕਦੇ ਹਾਂ। ਇਸ ਅਸਟਪਦੀ ਦੇ ਪਹਿਲੇ ਬੰਦ ਵਿਚ ਕੁਝ ਨੁਕਤੇ ਦਿੱਤੇ ਗਏ ਹਨ, ਜੋ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਆਉਂਦੇ ਹੀ ਰਹਿੰਦੇ ਹਨ।

ਜ਼ਬਾਨ ਨੂੰ ਝੂਠ ਬੋਲਣ ਦਾ ਚਸਕਾ, ਪਿਆਰੀਆਂ ਅੱਖਾਂ ਨੂੰ ਪਰਾਇਆ ਰੂਪ ਤੱਕਣ ਦਾ ਚਸਕਾ, ਕੰਨਾਂ ਨੂੰ ਆਪਣੀ ਤਾਰੀਫ਼ ਤੇ ਗੁਆਂਢੀਆਂ ਦੀ ਨਿੰਦਿਆ ਸੁਣਨ ਦੀ ਭੈੜੀ ਆਦਤ, ਮਨ ਦੀਆਂ ਮਲੀਨ ਵਾਸ਼ਨਾਵਾਂ ਤੇ ਘਟੀਆ ਸੋਚਾਂ ਦੇ ਭਿਆਨਕ ਰੋਗ ਇਸ ਨੂੰ ਚਿੰਬੜੇ ਹੋਏ ਹਨ। ਗੁਰੂ ਸਾਹਿਬ ਜੀ ਇਨ੍ਹਾਂ ਰੋਗਾਂ ਤੋਂ ਛੁਟਕਾਰੇ ਦੀ ਇਕ ਤਰਕੀਬ ਦੱਸਦੇ ਹਨ। ਜੇ ਰੱਬੀ ਦੀਦਾਰ ਦੀ ਚਾਹਨਾ ਰੱਖਦਾ ਏਂ, ਤਾਂ ਸੰਗਤ ਦੀ ਸੇਵਾ ਕਰ, ਆਪਣੇ ਆਪ ਨੂੰ ਸਾਰਿਆਂ

ਤੋਂ ਨੀਵਾਂ ਸਮਝ ਤੇ ਗੁਰੂ ਦੀ ਸੋਚ ਨੂੰ ਅਪਣਾ, ਫਿਰ ਇਨ੍ਹਾਂ ਰੋਗਾਂ ਤੋਂ ਬਚਿਆ ਜਾ ਸਕਦਾ ਹੈ। ਏਸੇ ਹੀ ਬੰਦ ਦੀਆਂ ਅਖ਼ੀਰਲੀਆਂ ਤੁਕਾਂ ਵਿਚ ਗੁਰੂ ਸਾਹਿਬ ਜੀ ਆਖਦੇ ਹਨ ਕਿ ਭਲੇ ਬੰਦੇ! ਆਪਣੇ ਗਿਆਨ-ਇੰਦਰਿਆਂ ਨੂੰ ਸਹੀ ਤੇ ਉਸਾਰੂ ਸੋਚ ਵੱਲ ਗੁਰੂ ਜੀ ਦੇ ਗਿਆਨ ਦੁਆਰਾ ਮੋੜਨ ਦਾ ਯਤਨ ਕਰ, ਜਿਸ ਨੂੰ 'ਗੁਰ ਪ੍ਰਸਾਦਿ ਬਿਖਿਆ ਪਰਹਰੈ' ਕਿਹਾ ਗਿਆ ਹੈ:

ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥
ਨਾਨਕ ਕੋਟਿ ਮਧੇ ਕੋ ਐਸਾ ਅਪਰਸ॥ *(ਪੰਨਾ 274)*

ਮਨੁੱਖ ਬਾਹਰਲੀ ਸੁੱਚ 'ਤੇ ਜ਼ੋਰ ਦੇ ਰਿਹਾ ਹੈ ਜਦ ਕਿ ਗੁਰਬਾਣੀ ਇਸ ਨੂੰ ਅੰਦਰੋਂ ਸੁੱਚਾ ਹੋਣ ਲਈ ਕਹਿ ਰਹੀ ਹੈ। ਵਿਸ਼ਨੂੰ ਦੀ ਪੂਜਾ ਕਰਨ ਵਾਲੇ ਨੂੰ ਆਮ ਕਰਕੇ ਵੈਸ਼ਨੂੰ ਕਿਹਾ ਜਾਂਦਾ ਹੈ। ਦਰਅਸਲ ਵਿਸ਼ਨੂੰ ਦਾ ਪੁਜਾਰੀ ਬਾਹਰਲੀ ਸੁੱਚ-ਭਿੱਟ ਰੱਖ ਕੇ ਆਪਣੇ ਆਪ ਨੂੰ ਪਵਿੱਤਰ ਸਮਝ ਰਿਹਾ ਹੈ। ਵੈਸ਼ਨੂੰ ਭਗਤ ਇਕ ਹੋਰ ਰੋਗ ਵਿਚ ਗ੍ਰਸਤ ਹੈ ਕਿ ਇਹ ਕਰਮ ਕਰਨ ਨਾਲ ਸਾਨੂੰ ਇਸ ਫਲ ਦੀ ਪ੍ਰਾਪਤੀ ਹੋ ਸਕਦੀ ਹੈ। ਇਹ ਇਕ ਐਸਾ ਮਾਨਸਿਕ ਰੋਗ ਹੈ ਜੋ ਸਾਰੀ ਉਮਰ ਇਸ ਦਾ ਖਹਿੜਾ ਨਹੀਂ ਛੱਡਦਾ। ਸੁਜਾਨ ਵੈਦ ਗੁਰੂ ਨੇ ਇਸ ਦੀ ਬਿਮਾਰੀ ਨੂੰ ਦੇਖਦਿਆਂ ਹੋਇਆਂ ਇਸ ਨੂੰ ਇਕ ਸੁਝਾਅ ਦਿੱਤਾ ਹੈ ਕਿ ਭਲੇ ਆਦਮੀ, ਅਸਲ ਵੈਸ਼ਨੂੰ (ਪਵਿੱਤਰ) ਉਹ ਹੀ ਹੈ ਜੋ ਧਰਮ ਅਨੁਸਾਰ ਆਪਣੇ ਫ਼ਰਜ਼ ਦੀ ਪਹਿਚਾਣ ਕਰ ਕੇ ਪਵਿੱਤਰ ਕਰਮ ਕਰਦਾ ਹੋਇਆ ਕਿਸੇ ਫਲ ਦੀ ਆਸ ਨਹੀਂ ਰੱਖਦਾ। ਦੂਸਰੇ ਬੰਦ ਵਿਚ ਬੜਾ ਕੀਮਤੀ ਖ਼ਿਆਲ ਦਿੱਤਾ ਗਿਆ ਹੈ:

ਕਰਮ ਕਰਤ ਹੋਵੈ ਨਿਹਕਰਮ॥
ਤਿਸੁ ਬੈਸਨੋ ਕਾ ਨਿਰਮਲ ਧਰਮ॥ *(ਪੰਨਾ 274)*

ਧਰਮ ਦੀ ਦੁਨੀਆ ਵਿਚ ਅਸੀਂ ਬਹੁਤ ਸਾਰੇ ਵਹਿਮ ਵੀ ਪਾਲੇ ਹੋਏ ਹਨ ਤੇ ਇਹ ਵਹਿਮ ਹੀ ਸਾਡੇ ਮਾਨਸਿਕ ਰੋਗ ਹਨ। ਕਈ ਦਫ਼ਾ ਬੰਦਾ ਅਰਦਾਸ ਕਰਦਿਆਂ ਇਹ ਆਖਦਾ ਹੈ ਕਿ ਹੇ ਵਾਹਿਗੁਰੂ ਜੀ! ਮੇਰੀ ਮੰਗ ਹੁਣੇ ਹੀ ਪੂਰੀ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਜੀ ਕਹਿ ਰਹੇ ਹਨ ਕਿ ਤੂੰ ਮੰਗ ਦੀ ਥਾਂ 'ਤੇ ਆਪਣੇ ਮਨ ਵਿਚ ਉਹਦੇ ਸ਼ੁਭ ਗੁਣਾਂ ਨੂੰ ਅਪਣਾ ਲੈ, ਬਿਨਾਂ ਭਿੰਨ-ਭਾਵ ਦੇ ਸਾਰਿਆਂ ਵਿਚ ਉਸ ਪਰਮਾਤਮਾ ਨੂੰ ਦੇਖਣ ਦਾ ਯਤਨ ਕਰ। ਜ਼ਿੰਦਗੀ ਵਿਚ ਇਹ ਅਨੋਖੇ ਪਰਮ ਗਤਿ ਦੀ ਪ੍ਰਾਪਤੀ ਏ, ਜਿਹਾ ਕਿ ਵਾਕ ਹੈ:

ਮਨ ਤਨ ਅੰਤਰਿ ਸਿਮਰਨ ਗੋਪਾਲ॥ *(ਪੰਨਾ 274)*

ਅਤੇ

ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ॥ *(ਪੰਨਾ 274)*

ਇਸ ਪਵਿੱਤਰ ਅਸਟਪਦੀ ਦੇ ਤੀਸਰੇ ਬੰਦ ਵਿਚ ਮੰਦ-ਕਰਮੀਆਂ ਦੀ ਸੰਗਤ ਛੱਡਣ ਦਾ ਸੰਕੇਤ ਆਉਂਦਾ ਹੈ, "ਸਗਲ ਤਿਆਗੈ ਦੁਸਟ ਕਾ ਸੰਗੁ ॥" ਸਿਆਣੇ ਕਹਿੰਦੇ ਹਨ—ਵਹਿਮ ਦਾ ਇਲਾਜ ਤਾਂ ਲੁਕਮਾਨ ਹਕੀਮ ਦੇ ਪਾਸ ਵੀ ਨਹੀਂ ਸੀ ਤੇ ਵਹਿਮ ਦੀ ਜੜ੍ਹ ਕੈਂਸਰ ਦੇ ਰੋਗ ਵਾਂਗ ਵਧਦੀ ਹੀ ਜਾਂਦੀ ਹੈ, ਆਮ ਆਦਮੀ ਵਹਿਮੀ ਹੋਣ ਕਰਕੇ ਹੀ ਰੋਗੀ ਹੈ। ਗੁਰੂ ਜੀ ਆਖਦੇ ਹਨ ਕਿ ਵਹਿਮ ਅਥਵਾ ਭਰਮ ਦੂਰ ਹੋ ਜਾਂਦੇ ਹਨ, ਜੇਕਰ ਗੁਰੂ ਦੀ ਸੰਗਤ ਕੀਤੀ ਜਾਏ। "ਮਨ ਤੇ ਬਿਨਸੈ ਸਗਲਾ ਭਰਮੁ ॥" ਤੇ ਭਰਮ ਵਹਿਮ ਮਨ ਵਿੱਚੋਂ ਮਿਟਦਿਆਂ ਭਗਤ ਜਨ ਦੀ ਮਤ ਉੱਚੀ ਹੁੰਦੀ ਹੈ। "ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥" ਆਪਣਾ ਮਨ ਤੇ ਤਨ ਪ੍ਰਭੂ ਪਿਆਰ ਤੋਂ ਵਾਰ ਦੇਂਦਾ ਹੈ। "ਮਨੁ ਤਨੁ ਅਰਪੈ ਬਿਸਨੁ ਪਰੀਤਿ ॥" ਮਨ ਤਨ ਅਰਪਣ ਦਾ ਭਾਵ ਹੈ, ਆਪਣੇ ਆਪ ਨੂੰ ਨਿਯਮਬੱਧ ਕਰਨਾ, ਅਜਿਹਾ ਤਾਂ ਹੀ ਹੋ ਸਕਦਾ ਹੈ ਜੇ ਪਰਮਾਤਮਾ ਦੇ ਚਰਨਾਂ ਨੂੰ ਆਪਣੇ ਹਿਰਦੇ ਵਿਚ ਵਸਾ ਲਏ, "ਹਰਿ ਕੇ ਚਰਨ ਹਿਰਦੈ ਬਸਾਵੈ ॥" ਪਰਮਾਤਮਾ ਦੇ ਸਰੀਰਕ ਤਲ 'ਤੇ ਚਰਨ ਹੈ ਹੀ ਕੋਈ ਨਹੀਂ। ਇਸ ਲਈ ਪ੍ਰਭੂ ਜੀ ਦੇ ਗੁਣਾਂ ਅਥਵਾ ਉਸ ਦੀ ਨਿਯਮਾਵਲੀ ਨੂੰ ਆਪਣੀ ਜ਼ਿੰਦਗੀ ਦਾ ਅੰਗ ਬਣਾਉਣਾ ਏਹੀ ਉਹਦੇ ਚਰਨ ਹਨ। ਇਸ ਬੰਦ ਵਿਚ ਭੈੜੀ ਦੋਸਤੀ ਤੇ ਵਹਿਮ ਭਰਮ ਦੇ ਰੋਗਾਂ ਤੋਂ ਖ਼ਲਾਸੀ ਪਾਉਣ ਨੂੰ ਕਿਹਾ ਗਿਆ ਜਾਪਦਾ ਹੈ।

ਸੁਖਮਨੀ ਸਾਹਿਬ ਦੀ ਇਸ ਨੌਵੀਂ ਅਸਟਪਦੀ ਦੇ ਚੌਥੇ ਬੰਦ ਵਿਚ ਉਸ ਰੋਗੀ ਦਾ ਜ਼ਿਕਰ ਕੀਤਾ ਹੈ, ਜੋ ਆਪਣੇ ਆਪ ਨੂੰ ਧਰਮ ਦਾ ਸ਼ਾਸਤਰੀ ਅਖਵਾਉਂਦਾ ਹੈ। ਐ ਧਾਰਮਿਕ ਸਿੱਖਿਆ ਦਾਤਾ! ਤੂੰ ਆਪਣੇ ਮਨ ਦੇ ਰੋਗ ਦਾ ਇਲਾਜ ਕਰ, ਪਹਿਲਾਂ ਇਸ ਮਨ ਨੂੰ ਪ੍ਰਬੋਧ, ਧਰਮੀ ਪ੍ਰਚਾਰਕ ਜੀਉ! ਤੁਸੀਂ ਆਪਣੇ ਮਨ ਦੀ ਸੁੱਚ-ਭਿੱਟ ਨੂੰ ਦੂਰ ਕਰਦਿਆਂ, ਮਨ ਦੀਆਂ ਵਾਸ਼ਨਾਵਾਂ ਨੂੰ ਕਾਬੂ ਕਰੋ ਤਾਂ ਜੋ ਤੁਸੀਂ ਧਰਮੀ ਪੰਡਤ, ਅਥਵਾ ਪ੍ਰਚਾਰਕ ਬਣ ਸਕੋ :

ਸੋ ਪੰਡਿਤੁ ਜੋ ਮਨੁ ਪਰਬੋਧੈ ॥
ਰਾਮ ਨਾਮੁ ਆਤਮ ਮਹਿ ਸੋਧੈ ॥ *(ਪੰਨਾ 274)*

ਗੱਲ ਫਿਰ ਮੁੜ ਕੇ ਹਿਰਦੇ ਦੀ ਆਉਂਦੀ ਹੈ ਪਰ ਅਸੀਂ ਸਰੀਰ ਦੇ ਰੋਗ ਦੀ ਗੱਲ ਕਰ ਰਹੇ ਹੁੰਦੇ ਹਾਂ, "ਹਰਿ ਕੀ ਕਥਾ ਹਿਰਦੈ ਬਸਾਵੈ ॥" ਦਾ ਅਭਿਆਸ ਕੀਤਿਆਂ ਹੰਕਾਰ ਤਥਾ ਆਤਮਿਕ ਮੌਤ ਦੀਆਂ ਜੂਨਾਂ ਵਿਚ ਨਹੀਂ ਆਉਂਦਾ। "ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥" ਸਾਡੇ ਮੁਲਕ ਵਿਚ ਤਾਂ ਬਹੁਤ ਸਾਰੇ ਭ੍ਰਿੰਗੀ ਗੁਰੂ ਬਣੀ ਬੈਠੇ ਹਨ ਜੋ ਸਿਰਫ਼ ਉੱਚ ਜਾਤੀਆਂ ਨੂੰ ਹੀ ਉਪਦੇਸ਼ ਦੇਂਦੇ ਹਨ। ਦੇਖੋ ਧਾਰਮਿਕ ਪ੍ਰਚਾਰਕਾਂ ਨੂੰ ਕਿੱਡਾ ਵੱਡਾ ਰੋਗ ਚਿੰਬੜਿਆ ਹੋਇਆ ਹੈ। ਗੁਰੂ ਸਾਹਿਬ ਜੀ ਨੇ ਇਸ ਰੋਗ ਤੋਂ ਮੁਕਤੀ ਦਿਵਾਉਂਦਿਆਂ ਹੋਇਆਂ ਬੜਾ

ਪਿਆਰਾ ਫ਼ਾਰਮੂਲਾ ਇਨ੍ਹਾਂ ਦੇ ਸਾਹਮਣੇ ਰੱਖਿਆ ਹੈ ਕਿ ਹੇ ਪੰਡਤ, ਗਿਆਨੀ, ਗ੍ਰੰਥੀ, ਮੁੱਲਾਂ, ਗੱਲ ਕੀ, ਹਰੇਕ ਧਰਮ ਦੇ ਪੁਜਾਰੀਓ ! ਸਾਰੀ ਮਨੁੱਖਤਾ ਨੂੰ ਰੱਬ ਦਾ ਰੂਪ ਜਾਣਦਿਆਂ ਹੋਇਆਂ, ਮਨੁੱਖਤਾ ਦੀਆਂ ਕਦਰਾਂ-ਕੀਮਤਾਂ ਦਾ ਸਾਂਝਾ ਉਪਦੇਸ਼ ਕਿਉਂ ਨਹੀਂ ਤੁਸੀਂ ਦੇ ਰਹੇ, "ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥" ਹਾਂ, ਜਿਹੜਾ ਇਸ ਸਾਂਝੀਆਂ ਰੱਬੀ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖ ਰਿਹਾ ਹੈ, ਮੈਂ ਉਸ ਨੂੰ ਨਮਸਕਾਰ ਕਰਦਾ ਹਾਂ, ਭਾਵ ਆਦਰ ਕਰਦਾ ਹਾਂ।

ਪੰਜਵੇਂ ਬੰਦ ਵਿਚ ਚਾਰ ਕਿਸਮ ਦੇ ਹੋਰ ਰੋਗੀ ਸਾਡੇ ਸਾਹਮਣੇ ਰੱਖੇ ਗਏ ਹਨ, "ਕਰਿ ਕਿਰਪਾ ਅੰਤਰਿ ਉਰ ਧਾਰੈ ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥" ਅੱਜ ਤੀਕ ਕਿਸੇ ਨੇ ਪੱਥਰ ਤਰਦਾ ਨਹੀਂ ਦੇਖਿਆ ਤੇ ਪ੍ਰੇਤ ਦੀ ਸ਼ਕਲ ਵੀ ਕਿਸੇ ਨੇ ਨਹੀਂ ਦੇਖੀ। ਮੰਨ ਲਉ, ਜੇ ਪ੍ਰੇਤ ਦਿਖਾਈ ਦੇ ਦੇਵੇ ਤਾਂ ਮਨੁੱਖ ਦਾ ਕਈ ਦਿਨ ਬੁਖ਼ਾਰ ਹੀ ਨਹੀਂ ਉਤਰਨਾ, ਪਸ਼ੂਆਂ ਤੋਂ ਮਨੁੱਖ ਬਣਿਆ ਕੋਈ ਨਹੀਂ ਹੈ। ਇਨ੍ਹਾਂ ਦੇ ਭਾਵ-ਅਰਥ ਲਿਆਂ ਗੱਲ ਸਮਝ ਵਿਚ ਆ ਸਕਦੀ ਹੈ। ਪਸ਼ੂ ਨੂੰ ਮਾੜੀ ਜੇਹੀ ਵੀ ਖੁੱਲ੍ਹ ਮਿਲ ਜਾਏ, ਉਹ ਉਸੇ ਵੇਲੇ ਹੀ ਕੀ ਆਪਣੀਆਂ ਤੇ ਕੀ ਬਿਗਾਨੀਆਂ ਸਭ ਫ਼ਸਲਾਂ ਦੀ ਤਬਾਹੀ ਮਚਾਏਗਾ। ਪਸ਼ੂ ਬਿਰਤੀ ਵਾਲਾ ਮਨੁੱਖ ਵੀ ਬਿਨਾਂ ਸੋਚਣ ਦੇ ਨੁਕਸਾਨ ਕਰੇਗਾ। ਪੱਥਰ ਅਬੋਧ ਹੋਣ ਕਰਕੇ ਆਰਾਮ ਨਾਲ ਘੂਕ ਸੁੱਤਾ ਪਿਆ ਹੈ; ਬਨਸਪਤੀ ਦਾ ਇਕ ਹਿੱਸਾ ਜਾਗਦਾ ਹੈ ਤੇ ਤਿੰਨ ਹਿੱਸੇ ਇਸ ਦੇ ਸੁੱਤੇ ਹੋਏ ਹਨ, ਪਸ਼ੂ ਦੋ ਹਿੱਸੇ ਜਾਗਦਾ ਹੈ ਤੇ ਦੋ ਹਿੱਸੇ ਸੁੱਤਾ ਹੋਇਆ ਹੈ ਤੇ ਮਨੁੱਖ ਦੇ ਤਿੰਨ ਹਿੱਸੇ ਜਾਗਦੇ ਹਨ ਤੇ ਇਕ ਹਿੱਸਾ ਇਸਦਾ ਵੀ ਸੁੱਤਾ ਹੋਇਆ ਹੈ। ਜੇ ਮਨੁੱਖ ਦਾ ਸੁੱਤਾ ਹੋਇਆ ਹਿੱਸਾ ਜਾਗ ਪਏ ਤਾਂ ਏਹੀ ਦੇਵਤਾ ਸਵਰੂਪ ਬਣ ਸਕਦਾ ਹੈ। ਜੇਕਰ ਇਸਦਾ ਇਕ ਹੋਰ ਹਿੱਸਾ ਸੌਂ ਜਾਏ ਤਾਂ ਇਹ ਪਸ਼ੂ ਬਿਰਤੀ ਵਿਚ ਵਿਚਰੇਗਾ। ਰੱਬ ਨਾ ਕਰੇ ਜੇਕਰ ਇਸ ਦੇ ਤਿੰਨ ਹਿੱਸੇ ਸੌਂ ਜਾਣ ਤਾਂ ਇਹ ਸਮਝੋ, ਰੁੱਖਾਂ ਵਾਂਗ ਇਕ ਥਾਂ 'ਤੇ ਖੜਾ ਹੀ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਜੇ ਇਹ ਸਾਰਾ ਹੀ ਸੌਂ ਜਾਏ ਤਾਂ ਇਹ ਪੱਥਰ ਤੋਂ ਵੱਧ ਕੁਝ ਵੀ ਨਹੀਂ ਹੈ। ਗੁਰੂ ਜੀ ਕਹਿ ਰਹੇ ਹਨ ਕਿ 'ਕਰਿ ਕਿਰਪਾ ਅੰਤਰਿ ਉਰ ਧਾਰੈ,' ਹਿਰਦੇ ਵਿਚ ਪਰਮਾਤਮਾ ਦੇ ਨਾਮ ਨੂੰ ਰੱਖ ਤੇ ਇੰਜ ਕਰਨ ਨਾਲ ਤੇਰੇ ਘੱਟੋ-ਘੱਟ ਚਾਰ ਰੋਗ ਤਾਂ ਦੂਰ ਹੋਣਗੇ। ਪਸ਼ੂ ਬਿਰਤੀ ਦਾ ਰੋਗ, ਚੰਦਰੀ ਰੂਹ (ਪ੍ਰੇਤ) ਦਾ ਰੋਗ, ਮਨ ਦੇ ਮੂਰਖ ਪੁਣੇ ਦਾ ਰੋਗ, ਪੱਥਰ ਬਿਰਤੀ ਦਾ ਰੋਗ, ਇਨ੍ਹਾਂ ਸਾਰੀਆਂ ਆਤਮਿਕ ਕਮਜ਼ੋਰੀਆਂ, ਭਾਵ ਅੰਦਰਲੇ ਰੋਗਾਂ ਤੋਂ ਖਹਿੜਾ ਛੁੱਟ ਸਕਦਾ ਹੈ ਤੇ ਅਸੀਂ ਸੰਸਾਰ ਵਿੱਚੋਂ ਤਰ ਸਕਦੇ ਹਾਂ।

ਗੁਰੂ ਸਾਹਿਬ ਜੀ ਨੇ ਇਨ੍ਹਾਂ ਸਾਰੀਆਂ ਬਿਮਾਰੀਆਂ ਦਾ ਸਮਾਧਾਨ ਰੱਬੀ ਗਿਆਨ, 'ਬੀਜ ਮੰਤ੍ਰ ਸਰਬ ਕੋ ਗਿਆਨੁ' ਦੱਸਿਆ ਹੈ। ਜਿਹੜਾ ਵੀ ਇਸ

ਅਭਿਆਸ ਵਿਚ ਪੈ ਗਿਆ, ਉਸ ਦੀ ਹੀ ਗਤਿ ਭਾਵ ਹਾਲਤ ਬਦਲ ਜਾਏਗੀ। 'ਜੋ ਜੋ ਜਪੈ' ਗਿਆਨ ਦਾ ਅਭਿਆਸ ਕਰਨਾ, ਉਸ ਨੂੰ ਸਮਝਣਾ, 'ਤਿਸ ਕੀ ਗਤਿ ਹੋਇ' ਆਤਮਿਕ ਸਥਿਤੀ ਦਾ ਸੁਧਾਰ ਤੇ ਆਤਮਿਕ ਰੋਗਾਂ ਦਾ ਦੂਰ ਹੋਣਾ ਹੈ। ਰੋਗਾਂ ਵੱਲੋਂ ਮੁਕਤ ਹੋਣ ਲਈ, ਉੱਦਮ ਦੀ ਜ਼ਰੂਰਤ 'ਤੇ ਜ਼ੋਰ ਦੇਂਦਿਆਂ ਸੰਗਤ ਦਾ ਵਿਧੀ-ਵਿਧਾਨ ਦਿੱਤਾ ਗਿਆ ਹੈ। ਜਿਹਾ ਕਿ ਏਸੇ ਹੀ ਬੰਦ ਵਿਚ ਆਇਆ ਹੈ, 'ਸਾਧ ਸੰਗਿ ਪਾਵੈ ਜਨੁ ਕੋਇ' ਵਿੱਚੋਂ; 'ਪਾਵੈ ਜਨੁ ਕੋਇ' ਉੱਦਮੀ ਹੋਣ ਦਾ ਦਮ ਭਰਦਾ ਹੈ। ਮਨੁੱਖੀ ਸੁਭਾਅ ਵਿਚ ਵੱਖ-ਵੱਖ ਨੀਵੀਆਂ ਪ੍ਰਵਿਰਤੀਆਂ ਦਾ ਆ ਜਾਣਾ ਮਨ ਦੀ ਕਮਜ਼ੋਰੀ ਦੇ ਰੋਗ ਹਨ। ਇਨ੍ਹਾਂ ਰੋਗਾਂ ਦਾ ਇਲਾਜ ਵੀ ਗੁਰੂ ਸਾਹਿਬ ਜੀ ਸਾਨੂੰ ਦੱਸਦੇ ਹਨ, "ਸਰਬ ਰੋਗ ਕਾ ਅਉਖਦੁ ਨਾਮ॥ ਕਲਿਆਨ ਰੂਪ ਮੰਗਲ ਗੁਣ ਗਾਮ॥" ਪ੍ਰਭੂ ਦਾ ਨਾਮ ਸਾਰੇ ਰੋਗਾਂ ਦੀ ਦਵਾਈ ਹੈ, ਪ੍ਰਭੂ ਦੇ ਗੁਣ ਗਾਉਣੇ ਚੰਗੇ ਭਾਗਾਂ ਤੇ ਸੁਖ ਦਾ ਰੂਪ ਹਨ। ਪਰਮਾਤਮਾ ਦੇ ਨਾਮ ਦਾ ਅਰਥ ਹੈ ਉਸ ਦੇ ਸਦੀਵਕਾਲ ਗੁਣਾਂ ਦਾ ਧਾਰਨੀ ਹੋਣਾ; ਤੇ ਇਨ੍ਹਾਂ ਦੇ ਭਾਵ-ਅਰਥ ਲੈ ਕੇ ਹੀ ਅਸੀਂ ਨਾਮ ਦੀ ਦਵਾਈ ਨੂੰ ਸਮਝ ਸਕਦੇ ਹਾਂ। ਸ਼ਬਦ ਆਉਂਦਾ ਹੈ:

ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥

(ਸੂਹੀ ਮਹਲਾ ੫, ਪੰਨਾ 762)

ਗੁਣ ਗਾਵਾ ਦਿਨੁ ਰੈਣਿ ਏਤੈ ਕੰਮਿ ਲਾਇ॥

(ਰਾਮਕਲੀ ਕੀ ਵਾਰ, ਮ: ੫, ਪੰਨਾ 961)

ਗੁਣ ਗੋੁਪਾਲ ਦਿਨੁ ਰੈਨਿ ਧਿਆਇਆ॥ *(ਭੈਰਉ ਮ: ੫, ਪੰਨਾ 1150)*

ਚੌਵੀ ਘੰਟੇ ਕੋਈ ਵੀ ਮਨੁੱਖ ਗਾ ਨਹੀਂ ਸਕਦਾ। ਰੋਟੀ ਖਾਣੀ, ਨੌਕਰੀ ਕਰਨੀ, ਸੌਣਾ ਤੇ ਘਰ ਦੇ ਕਈ ਪ੍ਰਕਾਰ ਦੇ ਹੋਰ ਕੰਮ ਕਰਨੇ; ਕੀ ਮਨੁੱਖ ਆਪਣੇ ਗਲ ਵਿਚ ਢੋਲਕੀ ਪਾ ਕੇ ਜਾਂ ਹੱਥ ਵਿਚ ਖੜਤਾਲਾਂ ਪਕੜ ਕੇ ਸਾਰਾ-ਸਾਰਾ ਦਿਨ ਗਾਉਂਦਾ ਹੀ ਰਹੇ? ਇੰਜ ਨਹੀਂ ਹੋ ਸਕਦਾ, ਕਿਉਂਕਿ ਗੁਰੂ ਸਾਹਿਬ ਜੀ ਨੇ ਸਿੱਖ ਨੂੰ ਕਿਰਤ, ਨਾਮ ਤੇ ਫਿਰ ਵੰਡ ਕੇ ਛਕਣ ਦਾ ਫ਼ਾਰਮੂਲਾ ਦਿੱਤਾ ਹੈ। ਹੁਣ ਕਿਰਤ ਦਾ ਰਿਸ਼ਤਾ ਆਰਥਿਕਤਾ ਨਾਲ ਜੁੜਿਆ ਹੋਇਆ ਹੈ; ਤੇ ਨਾਮ ਜਪਣ ਵਿੱਚੋਂ ਧਰਮ ਦਾ ਫੁੱਲ ਖਿੜਦਾ ਦਿਖਾਈ ਦੇਂਦਾ ਹੈ। ਵੰਡ ਕੇ ਛਕਣਾ ਸਮਾਜਿਕ ਬਰਾਬਰੀ ਦਾ ਸੰਘਣਾ ਬੱਦਲ ਹੈ; ਜਿਸ ਨੇ ਬਰਸ ਕੇ ਸਾਰਿਆਂ ਨੂੰ ਜਲਥਲ ਕਰਨਾ ਹੈ।

'ਸਰਬ ਰੋਗ ਕਾ ਅਉਖਦੁ ਨਾਮ' ਸਾਡੀਆਂ ਮਾਨਸਿਕ ਬਿਮਾਰੀਆਂ ਦਾ ਸਮਾਧਾਨ ਹੈ ਜੋ ਰੱਬ ਜੀ ਦੇ ਗੁਣ ਗਾਉਂਦਿਆਂ-ਗਾਉਂਦਿਆਂ ਦੂਰ ਕਰਨੀਆਂ ਹਨ। "ਕਲਿਆਨ ਰੂਪ ਮੰਗਲ ਗੁਣ ਗਾਮ' ਗੁਰੂ ਜੀ ਤਾਂ ਦੱਸ ਰਹੇ ਹਨ ਕਿ

ਐ ਭਲੇ ਮਨੁੱਖ! ਸੱਚ ਤਾਂ ਇਹ ਹੈ ਕਿ 'ਕਰਤੂਤਿ ਪਸੂ ਕੀ ਮਾਨਸ ਜਾਤਿ' ਪਸ਼ੂ ਬਿਰਤੀ ਦਾ ਰੋਗ ਤੇਰੇ ਮਨ ਵਿਚ ਹੈ ਪਰ ਦੇਖਣ ਨੂੰ ਤੂੰ ਮਨੁੱਖ ਲੱਗਦਾ ਏਂ। ਮਾਨਸਿਕ ਬਿਮਾਰੀਆਂ ਦਾ ਇਲਾਜ ਕਰਦਿਆਂ ਗੁਰੂ ਸਾਹਿਬ ਜੀ ਨੇ ਰੱਬ ਦੇ ਗੁਣਾਂ ਦਾ ਹਰ ਵੇਲੇ ਅਭਿਆਸ ਕਰਦੇ ਰਹਿਣਾ ਦੱਸਿਆ ਹੈ ਤੇ ਏਸੇ ਨੂੰ ਹੀ ਉਹਦਾ ਨਾਮ ਜਪਣਾ ਆਖਿਆ ਹੈ। ਹੋਰ ਰਸਮਾਂ-ਰਿਵਾਜਾਂ ਨਾਲ; ਜਿਵੇਂ ਠੰਡੇ ਪਾਣੀ ਵਿਚ ਖਲੋ ਕੇ ਬੰਦਗੀ ਕਰਨੀ ਜਾਂ ਧੂਣੀਆਂ ਤਪਾ ਸਰੀਰ ਨੂੰ ਕਸ਼ਟ ਦੇਣੇ; ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨਾ; ਸਾਰੀ-ਸਾਰੀ ਰਾਤ ਗਾਉਂਦੇ ਰਹਿਣ ਨਾਲ ਧਰਮ ਦੀ ਪ੍ਰਾਪਤੀ ਨਹੀਂ ਕਹੀ ਜਾ ਸਕਦੀ; "ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥" ਮਨ ਦੀਆਂ ਬਿਮਾਰੀਆਂ ਦੂਰ ਕਰਨ ਦੀ ਜਿਸ ਦਿਨ ਤੋਂ ਸਮਝ ਆ ਗਈ, ਉਸ ਨੂੰ ਧੁਰ (ਮੁੱਢ) ਕਿਹਾ ਗਿਆ ਹੈ। ਇਕ ਮਨੁੱਖ ਨੂੰ ਚੋਰੀ ਕਰਨ ਦੀ ਆਦਤ ਜਾਂ ਸ਼ਰਾਬ ਪੀਣ ਦੀ ਭੈੜੀ ਵਾਦੀ ਪਈ ਹੋਈ ਹੈ, ਪਰ ਅੱਜ ਉਸ ਨੂੰ ਗੁਰੂ ਦੀ ਮਤਿ ਦੁਆਰਾ ਸਮਝ ਆ ਗਈ ਕਿ ਮੈਂ ਸਮਾਜ, ਪਰਿਵਾਰ ਤੇ ਆਪਣੇ ਆਪ ਉੱਤੇ ਬੋਝ ਹਾਂ, ਉਹ ਇਨ੍ਹਾਂ ਭੈੜੀਆਂ ਬਿਮਾਰੀਆਂ ਤੋਂ ਮੁਕਤੀ ਹਾਸਲ ਕਰਨ ਦੇ ਯਤਨ ਵਿਚ ਰਹੇਗਾ। ਜਦੋਂ ਆਪਣੇ ਆਪ ਨੂੰ ਇਸ ਅਭਿਆਸ ਵਿਚ ਪਾ ਕੇ ਅਭਿਆਸੀ ਬਣ ਗਿਆ ਤਾਂ ਇਸ ਦੀ ਮੁੱਢਲੀ ਤਬਦੀਲੀ ਨੂੰ ਆਰੰਭਤਾ ਜਾਂ ਧੁਰ ਕਰਮ ਦਾ ਨਾਂ ਦਿੱਤਾ ਹੈ। "ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥"; ਕਿਉਂਕਿ ਬੁਰਾ ਤੇ ਭਲਾ ਦੋਵੇਂ ਬੀਜ ਸਾਡੇ ਮਨ ਦੇ ਵਿਚ ਹੀ ਪਏ ਹੋਏ ਹਨ, ਜਿਹੜੀ ਸੰਗਤ ਮਿਲ ਗਈ, ਉਸੇ ਬੀਜ ਨੇ ਹੀ ਪੁੰਗਰ ਪੈਣਾ ਹੈ ਤੇ ਉਹੀ ਦਰੱਖ਼ਤ ਵੱਡਾ ਹੋ ਜਾਣਾ ਹੈ। "ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥" ਇਕ ਆਦਮੀ ਤਾਸ਼ ਖੇਡ ਰਿਹਾ ਹੈ, ਉਸ ਨੂੰ ਕਿਹਾ ਜਾਏ ਭਾਈ ਸਮਾਜ ਦੀ ਸੇਵਾ ਵੀ ਕਰ ਲਿਆ ਕਰ ਤੇ ਉਹ ਅੱਗੋਂ ਘੜਿਆ ਘੜਾਇਆ ਉੱਤਰ ਦੇਂਦਾ ਹੈ ਕਿ ਮੇਰੇ ਭਾਗਾਂ ਵਿਚ ਸੇਵਾ ਨਹੀਂ ਲਿਖੀ। ਕੀ ਉਸ ਭੱਦਰ ਪੁਰਸ਼ ਨੂੰ ਪੁੱਛਿਆ ਜਾ ਸਕਦਾ ਹੈ ਕਿ ਤੇਰੇ ਭਾਗਾਂ ਵਿਚ ਤਾਸ਼ ਖੇਡਣੀ ਲਿਖੀ ਹੋਈ ਹੈ ? ਦਰਅਸਲ ਮਨੁੱਖ ਆਪਣੇ ਆਪ ਨੂੰ ਬਦਲਣ ਲਈ ਤਿਆਰ ਨਹੀਂ ਹੈ, ਇਸ ਲਈ ਸਾਰਾ ਕੁਝ ਰੱਬ 'ਤੇ ਸੁੱਟ ਆਪ ਸੁਰਖ਼ਰੂ ਹੋਣਾ ਚਾਹੁੰਦਾ ਹੈ। ਰੱਬੀ ਗੁਣਾਂ ਦੇ ਧਾਰਨੀ ਹੋਣ ਵਾਲੇ ਨੂੰ ਹੀ ਰਾਮ ਜੀ ਦਾ ਦਾਸ ਦੱਸਿਆ ਹੈ, ਜਿਹਾ ਪੰਜਵੇਂ ਬੰਦ ਵਿਚ ਆਇਆ ਹੈ :

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ॥
ਤਿਸ ਕਾ ਨਾਮੁ ਸਤਿ ਰਾਮਦਾਸੁ॥ *(ਪੰਨਾ 275)*

ਦਰਗਾਹ, ਸਮਾਜਿਕ ਭਾਈਚਾਰੇ ਵਿਚ ਉਸ ਨੂੰ ਪ੍ਰਵਾਨਗੀ ਮਿਲਦੀ ਹੈ ਕਿਉਂਕਿ ਉਹ ਰਾਮ ਜੀ ਨੂੰ ਹਰ ਵੇਲੇ ਆਪਣੇ ਆਲੇ-ਦੁਆਲੇ ਦੇਖਦਾ ਹੈ। "ਆਤਮ

ਰਾਮੁ ਤਿਸੁ ਨਦਰੀ ਆਇਆ" ਅਤੇ "ਸੋ ਦਾਸੁ ਦਰਗਹ ਪਰਵਾਨੁ" ਵਾਲੀ ਪਦਵੀ 'ਤੇ ਪਹੁੰਚਦਾ ਹੈ। ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਬਾਹੁੰਦਾ ਹੋਇਆ ਵੀ ਸੰਸਾਰ ਵਿਚ ਨਿਰਲੇਪ ਰਹਿੰਦਾ ਹੈ ਤੇ ਅਜੇਹੀ ਸੂਝ ਆਉਣ ਵਾਲੇ ਨੂੰ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਦੀ ਜਾਚ ਆ ਜਾਂਦੀ ਹੈ। "ਤਿਸੁ ਦਾਸ ਕਉ ਸਭ ਸੋਝੀ ਪਰੈ॥" ਆਤਮਿਕ ਰੋਗਾਂ ਤੋਂ ਛੁਟਕਾਰਾ ਪਾਉਣ ਵਾਲੇ ਨੂੰ ਕਿਹਾ ਹੈ। "ਐਸੀ ਜੁਗਤਿ ਨਾਨਕ ਰਾਮਦਾਸੁ॥" ਹੇ ਨਾਨਕ, ਇਹੋ ਜਿਹੀ ਜੀਵਨ ਜੁਗਤੀ ਆਉਣ ਨਾਲ ਉਹ ਅਸਲੀ ਰਾਮ ਦਾ ਦਾਸ ਬਣ ਜਾਂਦਾ ਹੈ।

ਹਾਥੀ, ਮੱਛੀ, ਭੌਰਾ, ਹਿਰਨ ਤੇ ਪਤੰਗਾ ਇਕ ਇਕ ਰੋਗ ਦੇ ਮਰੀਜ਼ ਹੋਣ ਕਰਕੇ ਵਿਚਾਰੇ ਆਪਣੀ ਜਾਨ ਗਵਾ ਲੈਂਦੇ ਹਨ; ਜਿਹਾ ਕਿ ਵਾਕ ਹੈ: "ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ॥" ਪਰ ਦੇਖੋ, ਇਸ ਖ਼ੁਦਾਵੰਦ ਕਰੀਮ ਦੇ ਬੇਟੇ ਨੂੰ ਪੰਜੇ ਹੀ ਇਹ ਅਸਾਧ ਰੋਗ ਚਿੰਬੜੇ ਹੋਏ ਹਨ, ਕੀ ਇਸ ਦੇ ਬਚਣ ਦੀ ਕੋਈ ਆਸ ਹੋ ਸਕਦੀ ਹੈ? "ਪੰਚ ਦੋਖ ਅਸਾਧ ਜਾ ਮਹਿ, ਤਾ ਕੀ ਕੇਤਕ ਆਸ॥" ਆਤਮਿਕ ਬਿਮਾਰੀਆਂ ਨਾਲ ਇਸ ਦੀ ਖ਼ਸਤਾ ਹੋਈ ਹਾਲਤ ਦੇਖ ਕੇ ਗੁਰੂ ਸਾਹਿਬ ਜੀ ਨੇ ਇਕ ਹੋਰ ਵਾਕ ਰਾਹੀਂ ਇਸ ਦੀ ਅਸਲੀ ਤਸਵੀਰ ਸਾਹਮਣੇ ਰੱਖ ਕੇ ਕਿਹਾ ਹੈ ਕਿ ਹੇ ਪਰਮਾਤਮਾ, ਇਸ ਵਿਚਾਰੇ ਦੀਆਂ ਇਹ ਬਿਮਾਰੀਆਂ ਦੂਰ ਕਰ ਦਿਓ। "ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ॥" ਸਰੀਰਕ ਰੋਗੀ ਦਾ ਇਲਾਜ ਕਰਦਿਆਂ ਡਾਕਟਰ ਲੋਕ ਜਿਥੇ ਦਵਾਈ ਦੇਂਦੇ ਹਨ, ਉਥੇ ਕੁਝ ਪ੍ਰਹੇਜ਼ ਵੀ ਦੱਸਦੇ ਹਨ; ਇਨ੍ਹਾਂ ਦੋਨਾਂ ਵਿਧੀਆਂ ਦਾ ਪ੍ਰਯੋਗ ਕਰਦਿਆਂ ਮਰੀਜ਼ ਦਿਨ-ਬਦਿਨ ਠੀਕ ਹੋਣਾ ਸ਼ੁਰੂ ਹੋ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਵੀ ਸਾਰੇ ਰੋਗਾਂ ਤੋਂ ਛੁਟਕਾਰਾ ਦਿਵਾਉਂਦਿਆਂ ਹੋਇਆਂ ਦਵਾਈ ਤੇ ਪ੍ਰਹੇਜ਼ ਵੀ ਦੱਸੇ ਹਨ, ਜੋ ਗੁਰਬਾਣੀ ਲੋਅ ਵਿਚ ਤੁਰਦਿਆਂ, ਰੱਬੀ ਗੁਣਾਂ ਨੂੰ ਧਾਰਨ ਕਰਨ ਦੇ ਹਨ। ਜਿਸ ਨੇ ਵੀ ਇਸ ਇਲਾਜ ਨੂੰ ਮਨੋਂ ਸਵੀਕਾਰ ਕੀਤਾ, ਉਸ ਨੇ ਹੀ ਅਰੋਗਤਾ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ। ਅਜਿਹੇ ਮਾਨਸਿਕ ਤੌਰ 'ਤੇ ਤੰਦਰੁਸਤ ਹੋਏ ਮਨੁੱਖ ਨੇ ਜ਼ਿੰਦਗੀ ਦੇ ਮਹੱਤਵ ਨੂੰ ਸਮਝਿਆ ਤੇ ਵਿਕਾਰਾਂ ਵੱਲੋਂ ਮੁਕਤੀ ਪ੍ਰਾਪਤ ਕੀਤੀ। ਐਸੀ ਆਦਰਸ਼ਕ ਜ਼ਿੰਦਗੀ ਜਿਊਣ ਵਾਲੇ ਨੂੰ ਆਪਣੇ ਇਸ ਜੀਵਨ ਦੇ ਵਿਚ ਹੀ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ; ਜੋ ਸੱਤਵੇਂ ਬੰਦ ਵਿਚ ਵਿਸਥਾਰ ਸਹਿਤ ਆਈ ਹੈ:

ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥

(ਪੰਨਾ 275)

ਸਰੀਰਕ ਰੋਗਾਂ ਦੀ ਕਹਾਣੀ ਨਹੀਂ ਹੈ, ਏਥੇ ਤਾਂ ਆਤਮਿਕ ਤਲ 'ਤੇ ਬਿਮਾਰ ਪਏ ਮਨੁੱਖ ਦਾ ਗੁਰੂ ਸਾਹਿਬ ਜੀ ਇਲਾਜ ਕਰ ਰਹੇ ਹਨ; ਗੱਲ ਇਸ ਜੀਵਨ ਦੇ ਵਿਚ ਹੀ ਮੁਕਤੀ ਹਾਸਲ ਕਰਨ ਦੀ ਹੈ। ਪਰਮਾਤਮਾ ਦੀ ਆਗਿਆ ਨੂੰ ਮਿੱਠਾ ਕਰਕੇ ਮੰਨਣਾ ਭਾਵ ਗੁਰਬਾਣੀ ਦੇ ਦੱਸੇ ਰਾਹ 'ਤੇ ਤੁਰਨਾ; ਖ਼ੁਸ਼ੀ ਗ਼ਮੀ ਨੂੰ ਇਕਸਾਰਤਾ ਨਾਲ ਲੈਣਾ; ਸੋਨੇ ਮਿੱਟੀ ਨੂੰ ਬਰਾਬਰ ਹੀ ਜਾਨਣਾ, (ਸੋਨਾ) ਲਾਲਚ ਤੋਂ ਉਪਰ ਉੱਠ ਜਾਣਾ; ਮਿੱਠੇ ਕੌੜੇ ਦੇ ਚਸਕਿਆਂ ਦਾ ਤਿਆਗ ਕਰ ਜਾਣਾ; ਕੋਈ ਆਦਰ ਦੇ ਰਿਹਾ ਹੈ ਜਾਂ ਫੋਕੀ ਫੂਕ (ਅਭਿਮਾਨ) ਛਕਾ ਰਿਹਾ ਹੈ, ਇਸ ਤੋਂ ਦੂਰ ਰਹਿਣਾ; ਅਮੀਰ ਗ਼ਰੀਬ ਵਿਚ ਫ਼ਰਕ ਨਾ ਸਮਝਣਾ; ਜੋ ਪ੍ਰਭੂ ਰਜ਼ਾ ਵਰਤਾਉਂਦਾ ਹੈ, ਉਸ ਨੂੰ ਹੀ ਜ਼ਿੰਦਗੀ ਦਾ ਗਾਡੀ ਰਾਹ ਸਮਝਣਾ ਹੈ; ਹੇ ਨਾਨਕ, ਉਹ ਮਨੁੱਖ ਜਿਊਂਦਾ ਹੀ ਮੁਕਤ ਹੋ ਜਾਂਦਾ ਹੈ।

ਸਾਰੇ ਸਰੀਰ ਉਸ ਪਰਮਾਤਮਾ ਦੇ ਹੀ ਪੈਦਾ ਕੀਤੇ ਹੋਏ ਹਨ, ਉਸ ਦੇ ਹੁਕਮ ਵਿਚ ਹੀ ਸਾਰਾ ਕੁਝ ਹੋ ਰਿਹਾ ਹੈ। ਜਿਸ ਤਰ੍ਹਾਂ ਸੋਨਾ ਤੇ ਗਹਿਣੇ; ਪਾਣੀ ਤੇ ਉਸ ਦੀਆਂ ਲਹਿਰਾਂ ਵੱਖ-ਵੱਖ ਰੂਪ ਨਹੀਂ ਹਨ, ਏਸੇ ਤਰ੍ਹਾਂ ਹੀ ਸਾਰਾ ਸੰਸਾਰ ਤੇ ਪਰਮਾਤਮਾ ਦੋ ਵੱਖਰੇ-ਵੱਖਰੇ ਰੂਪ ਨਹੀਂ ਹਨ, ਇਹ ਸਾਰਾ ਉਸੇ ਦਾ ਹੀ ਪਸਰਿਆ ਹੋਇਆ ਪਾਸਾਰਾ ਹੈ; "ਪਸਰਿਓ ਆਪਿ ਹੋਇ ਅਨਤ ਤਰੰਗ ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥" ਪਰਮਾਤਮਾ ਦਾ ਹੁਕਮ ਨਾ ਕਦੇ ਮਰਦਾ; ਤੇ ਨਾ ਹੀ ਜੂਨਾਂ ਵਿਚ ਆਉਂਦਾ ਹੈ। ਜੀਵਾਂ 'ਤੇ ਦਇਆ ਕਰਨ ਵਾਲੇ ਨੂੰ ਹਰ ਵੇਲੇ ਯਾਦ ਰੱਖਣਾ ਚਾਹੀਦਾ ਹੈ। "ਸਦਾ ਸਦਾ ਸਦਾ ਦਇਆਲ ॥ ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥"

1. ਸੋ ਸੁਖਮਨੀ ਸਾਹਿਬ ਦੀ ਬਾਣੀ ਦਾ ਮੁੱਖ ਭਾਵ ਜੋ ਇਸ ਦੇ ਰਹਾਉ ਵਿਚ ਆਇਆ ਹੈ, ਕਿ ਪਰਮਾਤਮਾ ਦਾ ਨਾਮ ਸੁਖ ਦੇਣ ਵਾਲਾ ਹੈ ਤੇ ਇਹ ਭਗਤ ਜਨਾਂ ਦੇ ਹਿਰਦੇ ਵਿਚ ਟਿਕਿਆ ਹੁੰਦਾ ਹੈ ਭਾਵ ਰੱਬ ਜੀ ਦੇ ਗੁਣ ਮਨੁੱਖ ਨੂੰ ਭਟਕਣਾ ਤੋਂ ਬਚਾਉਂਦੇ ਹਨ।
2. ਨੌਵੀਂ ਅਸਟਪਦੀ ਦੇ ਸਲੋਕ ਵਿਚ ਸੁੱਚ-ਭਿੱਟ ਦੀ ਅਖੌਤੀ ਬਿਮਾਰੀ ਤੋਂ ਬਚਣ ਲਈ ਕਿਹਾ ਗਿਆ ਹੈ, ਸੁਭਾਅ ਕਰਕੇ ਰੱਬੀ ਨਾਮ ਭਾਵ ਸਦਾ ਰਹਿਣ ਵਾਲੇ ਗੁਣਾਂ ਨੂੰ ਧਾਰਨ ਕਰਨਾ ਹੈ।
3. ਅਸਟਪਦੀ ਦੇ ਪਹਿਲੇ ਬੰਦ ਵਿਚ ਸਰੀਰ ਦੇ ਗਿਆਨ-ਇੰਦ੍ਰਿਆਂ ਨੂੰ ਵੱਖ-ਵੱਖ ਚਸਕਿਆਂ ਦੇ ਜੋ ਭਿਆਨਕ ਰੋਗ ਲੱਗੇ ਹੋਏ ਹਨ, ਇਨ੍ਹਾਂ ਤੋਂ ਦੂਰੀ ਬਣਾ ਕੇ ਚੱਲਣਾ ਹੈ।
4. ਨਿਰਾ ਵਿਸ਼ਨੂੰ ਦਾ ਭਗਤ ਅਖਵਾਇਆਂ ਮਨ ਵਿਚ ਪਵਿੱਤਰਤਾ ਨਹੀਂ ਆ ਸਕਦੀ, ਜਿੰਨਾ ਚਿਰ ਦਿਖਾਵੇ ਦੇ ਧਰਮ ਕਰਮ ਨੂੰ ਛੱਡ ਕੇ ਸੰਸਾਰਕ ਖ਼ਾਹਿਸ਼ਾਂ ਤੋਂ ਉਪਰ ਨਹੀਂ ਉੱਠਦਾ।

5. ਗੁਰੂ ਉਪਦੇਸ਼ ਰਾਹੀਂ ਮੰਦ-ਕਰਮੀਆਂ ਦੀ ਸੰਗਤ ਤਿਆਗਣੀ, ਮਲੀਨ ਸੋਚ ਨੂੰ ਖ਼ਤਮ ਕਰਨਾ ਤੇ ਮਤ ਨੂੰ ਉੱਚਿਆਂ ਚੁੱਕ ਕੇ ਲੋਕ-ਭਲਾਈ ਦੇ ਕੰਮਾਂ ਵਿਚ ਰੁਚੀ ਪੈਦਾ ਕਰਨੀ, ਗੁਰੂ ਜੀ ਨੂੰ ਮਨੋਂ-ਤਨੋਂ ਸਮਰਪਣ ਹੋਣਾ।
6. ਅਸਲੀ ਧਰਮੀ ਬੰਦਾ ਉਹ ਹੈ ਜੋ ਪਹਿਲਾਂ ਆਪਣੇ ਮਨ ਦੀ ਬਿਮਾਰੀ ਨੂੰ ਦੂਰ ਕਰਦਾ ਹੈ ਤੇ ਫਿਰ ਸਾਰੀ ਮਨੁੱਖਤਾ ਦਾ ਭਲਾ ਲੋਚਦਾ ਹੋਇਆ ਇੱਕੋ ਜੇਹਾ ਦੇਖਦਾ ਹੈ।
7. ਪਸ਼ੂ, ਭੂਤ, ਪੱਥਰ ਤੇ ਪ੍ਰੇਤ ਵਰਗੇ ਸੁਭਾਉ ਜੋ ਮਾਨਸਿਕ ਬਿਮਾਰੀਆਂ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ, ਉਹ ਸਾਰੇ ਗੁਰੂ ਗਿਆਨ ਦੁਆਰਾ ਦੂਰ ਹੋ ਜਾਂਦੇ ਹਨ, ਸਿਰਫ਼ ਆਪਣੇ ਆਪ ਨੂੰ ਨਿਯਮਬੱਧ ਕਰਨ ਦੀ ਲੋੜ ਹੈ, ਜਿਸ ਨੂੰ 'ਗੁਣ ਗਾਮ' ਕਿਹਾ ਹੈ।
8. ਜਿਸ ਨੇ ਆਪਣੇ ਆਪ ਨੂੰ ਰੱਬੀ ਗੁਣਾਂ ਦੇ ਅਭਿਆਸ ਵਿਚ ਪਾ ਲਿਆ ਹੈ, ਉਸ ਨੇ ਮਨ ਦੇ ਰੋਗ ਦੂਰ ਕਰਦਿਆਂ, ਜ਼ਿੰਦਗੀ ਦੀ ਹਕੀਕਤ ਨੂੰ ਸਮਝਦਿਆਂ, ਸਮਾਜ ਵਿੱਚੋਂ ਚੰਗੇ ਇਨਸਾਨ ਦੀ ਪ੍ਰਵਾਨਗੀ ਲੈ ਲਈ ਹੈ।
9. ਮਾਨਸਿਕ ਰੋਗਾਂ ਤੋਂ ਛੁਟਕਾਰਾ ਮਿਲਦਿਆਂ, ਜੀਵਨ ਦੇ ਹਰ ਪੜਾਅ ਵਿਚ ਤਬਦੀਲੀ ਦੀ ਸਾਫ਼ ਝਲਕ ਦਿਖਾਈ ਦੇਂਦੀ ਹੈ। ਲਾਲਚ, ਖ਼ੁਸ਼ਾਮਦ, ਗ਼ਮੀ ਤੇ ਚਿੰਤਾ ਵਰਗੇ ਰੋਗ ਆਪਣੇ ਆਪ ਭੱਜ ਨਿਕਲਦੇ ਹਨ।
10. ਪਰਮਾਤਮਾ ਸਮੁੰਦਰ ਹੈ ਤੇ ਅਸੀਂ ਉਸ ਦੀਆਂ ਲਹਿਰਾਂ ਹਾਂ, ਗੁਰੂ ਗਿਆਨ ਵਿਚ ਮਤ ਉੱਚੀ ਕੀਤਿਆਂ ਸਦਾ ਖ਼ੁਸ਼ੀਆਂ ਖੇੜੇ ਬਣੇ ਰਹਿੰਦੇ ਹਨ।

ਗੁਰਬਾਣੀ ਅਭਿਆਸ ਕਰਦਿਆਂ ਭਾਵ ਇਸ ਦੇ ਅਰਥ-ਭਾਵ ਨੂੰ ਸਮਝਦਿਆਂ, ਮਨੁੱਖ ਦਾ ਮਾਨਸਿਕ ਬਲ ਵੱਧ ਜਾਂਦਾ ਹੈ ਤੇ ਉਹ ਸਰੀਰਕ ਰੋਗਾਂ ਦੀ ਮਾਰ ਦਾ ਸਾਹਮਣਾ ਕਰਦਿਆਂ ਘਰ ਵਿਚ ਆਏ ਸੰਕਟ ਦਾ ਫਿਰ ਮੁਕਾਬਲਾ ਕਰ ਸਕਦਾ ਹੈ। ਹੁਕਮ ਮੰਨਣ ਦੀ ਜਾਚ ਆਉਂਦੀ ਹੈ:

ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥ *(ਪੰਨਾ 274)*

ਜ਼ਰਾ ਕੁ ਧਿਆਨ ਨਾਲ ਵਾਚੀਏ ਤਾਂ ਗੱਲ ਸਮਝ ਵਿਚ ਆ ਸਕਦੀ ਹੈ ਕਿ ਇਹ ਸਰੀਰ ਦੇ ਰੋਗਾਂ ਦੀ ਗੱਲ ਨਹੀਂ ਕੀਤੀ, ਏਥੇ ਤਾਂ ਪਰਮਾਤਮਾ ਦੇ ਗੁਣ ਗਾਂਇਆਂ ਭਾਵ ਗੁਰੂ ਉਪਦੇਸ਼ ਵਿਚ ਚੱਲਿਆਂ ਆਤਮਿਕ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਹਨ। ਸਾਰੇ ਰੋਗਾਂ (ਵਿਕਾਰਾਂ) ਦੀ ਦਵਾਈ ਨਾਮ ਹੈ ਤੇ ਨਾਮ ਤੋਂ ਮੁਰਾਦ ਗੁਰੂ ਗਿਆਨ ਹੈ। ਸੋਰਠਿ ਰਾਗ ਵਿਚ ਗੁਰੂ ਅਰਜਨ ਪਾਤਿਸ਼ਾਹ

ਜੀ ਫ਼ੁਰਮਾਉਂਦੇ ਹਨ ਕਿ ਗੁਰੂ ਤਾਂ ਇਕ ਅਜਿਹਾ 'ਬੈਦੁ' ਹੈ ਜੋ ਨਾਮ ਦੀ ਦਵਾਈ ਦੇ ਕੇ ਆਤਮਿਕ ਰੋਗਾਂ ਤੋਂ ਸਦਾ ਲਈ ਖ਼ਲਾਸੀ ਕਰਾ ਦੇਂਦਾ ਹੈ:

ਮੇਰਾ ਬੈਦੁ ਗੁਰੂ ਗੋਵਿੰਦਾ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ॥

(ਸੋਰਠਿ ਮ: ੫, ਪੰਨਾ 618)

ਹੇ ਭਾਈ! ਗੋਬਿੰਦ ਦਾ ਰੂਪ, ਮੇਰਾ ਗੁਰੂ ਪੂਰਾ ਹਕੀਮ ਹੈ। ਇਹ ਹਕੀਮ ਜਿਸ ਮਨੁੱਖ ਦੇ ਮੂੰਹ ਵਿਚ ਹਰਿ ਨਾਮ ਦੀ ਦਵਾਈ ਪਾਂਦਾ ਹੈ, ਉਸ ਦੀ ਜਮਾਂ ਦੀ ਫਾਹੀ ਕੱਟ ਦੇਂਦਾ ਹੈ (ਭਾਵ ਆਤਮਿਕ ਮੌਤ ਲਿਆਉਣ ਵਾਲੇ ਵਿਕਾਰਾਂ ਦੀ ਫਾਹੀ ਅੰਦਰੋਂ ਕੱਟ ਦੇਂਦਾ ਹੈ)। ਸੋ, ਗੁਰਬਾਣੀ ਸਰੀਰਕ ਰੋਗਾਂ ਦੀ ਗੱਲ ਨਹੀਂ ਕਰ ਰਹੀ, ਇਹ ਤਾਂ ਆਤਮਿਕ ਰੋਗਾਂ ਨੂੰ ਖ਼ਤਮ ਕਰਨ ਦੀ ਜਾਚ ਦੱਸ ਰਹੀ ਹੈ। ਸਰੀਰਕ ਰੋਗਾਂ ਦੇ ਇਲਾਜ ਲਈ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਤਰਨ ਤਾਰਨ ਵਿਖੇ ਕੋਹੜੀ ਘਰ ਬਣਾਇਆ, ਗੁਰੂ ਹਰਿ ਰਾਇ ਸਾਹਿਬ ਜੀ ਨੇ ਕੀਰਤਪੁਰ ਦਵਾਖ਼ਾਨਾ ਬਣਾਇਆ, ਜਿਥੋਂ ਦਾਰਾ ਸ਼ਿਕੋਹ ਦੇ ਇਲਾਜ ਦੀ ਦਵਾਈ ਭੇਜੀ ਗਈ ਸੀ। ਅੱਜ ਦੇ ਵਿਗਿਆਨਕ ਯੁੱਗ ਵਿਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ ਤੇ ਇਸ ਤਰੱਕੀ ਦਾ ਹਰ ਮਨੁੱਖ ਨੂੰ ਲਾਭ ਲੈਣਾ ਚਾਹੀਦਾ ਹੈ। ਸਰੀਰ ਦੇ ਰੋਗਾਂ ਲਈ ਹਸਪਤਾਲ ਹਨ, ਜਦ ਕਿ ਆਤਮਿਕ ਰੋਗਾਂ ਲਈ ਗੁਰੂ ਸਾਹਿਬ ਜੀ ਦਾ ਨਾਮ ਰੂਪੀ ਉਪਦੇਸ਼ ਹੈ। ਇਸ ਪ੍ਰਥਾਇ ਗੁਰੂ ਰਾਮਦਾਸ ਜੀ ਦਾ ਇਕ ਪਿਆਰਾ ਵਾਕ ਹੈ:

ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ,
ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ॥
ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ,
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ,
ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ॥

(ਸਾਰੰਗ ਮਹਲਾ ੪, ਪੰਨਾ 1201)

ਸਿੰਘ ਸਭਾ ਲਹਿਰ ਦੀ ਮਹਾਨਤਾ

ਸ. ਨਾਹਰ ਸਿੰਘ ਜੀ ਨੇ ਆਪਣੀ ਪੁਸਤਕ *ਸਾਡੀ ਦਸ਼ਾ* ਵਿਚ ਪੰਨਾ 44-45 'ਤੇ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ :

ਸੰਨ 1850 ਤੋਂ 1880 ਤਕ ਸਿੱਖ ਮਤ ਅੰਦਰ ਰਿਲੀਜੀਅਸ ਪੈਟਰੀਅਜ਼ (ਧਾਰਮਿਕ ਬਾਪਾਂ) ਦਾ ਭਾਰੀ ਜ਼ੋਰ ਚੱਲਿਆ। ਬੇਦੀਆਂ, ਸੋਢੀਆਂ, ਭੱਲਿਆਂ, ਗੁਰੂ ਕਿਆਂ ਸਾਹਿਬਜ਼ਾਦਿਆਂ, ਲੋਕਲ ਗੁਰੂਆਂ, ਸਾਧਾਂ ਦੀਆਂ ਜਮਾਤਾਂ ਨੇ ਸਿੱਖ ਪੰਥ ਨੂੰ ਲੁੱਟ ਖਾਧਾ। ਇਹ ਸਭ ਆਪਣੇ-ਆਪਣੇ ਇਲਾਕਿਆਂ ਵਿਚ ਗੁਰੂ ਬਣ ਬੈਠੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੀ ਗੱਦੀਆਂ ਲਾ ਕੇ ਬੈਠਦੇ ਸਨ। ਇਹ ਦੰਭੀ ਗੁਰੂ, ਸਿੱਖਾਂ ਤੋਂ ਆਪਣੇ ਪੈਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਪੂਜਵਾਂਦੇ ਅਤੇ ਪੂਜਾ ਦਾ ਧਾਨ ਆਪ ਹੀ ਹਜ਼ਮ ਕਰ ਜਾਂਦੇ ਸਨ। ਇਸ ਸਮੇਂ ਗੁਰਸਿੱਖਾਂ ਦਾ ਕੋਈ ਧਾਰਮਿਕ ਜੱਥਾ ਜਾਂ ਸੁਸਾਇਟੀ ਨਾ ਰਹੀ ਅਤੇ ਆਪਾ-ਧਾਪੀ ਵਿਚ ਮਾਇਆ ਖਾਣ ਨੂੰ ਹਰ ਇਕ ਤਿਆਰ ਹੋ ਬੈਠਾ। ਤਖ਼ਤਾਂ, ਧਾਮਾਂ, ਬੁੰਗਿਆਂ, ਡੇਰਿਆਂ ਨੂੰ ਮਹੰਤ ਜਾਂ ਨਜ਼ਾਮ ਆਪਣੀ ਜੱਦੀ ਜਾਇਦਾਦ ਸਮਝਣ ਲੱਗ ਪਏ। ਕੁਰੀਤੀਆਂ ਪ੍ਰਚੱਲਤ ਹੋ ਗਈਆਂ ਅਤੇ ਸਿੱਖ ਵਿਚਾਰੇ ਅੰਧ-ਕੂਪ ਦੇ ਰਾਹ ਵਿਚ ਭਟਕਣ ਲਈ ਮਜਬੂਰ ਹੋ ਗਏ, ਕਿਉਂਕਿ *ਗੁਰਬਿਲਾਸ* ਵਰਗੀਆਂ ਪੁਸਤਕਾਂ ਦੀ ਕਥਾ ਗੁਰਦੁਆਰਿਆਂ ਵਿਚ ਹੋ ਰਹੀ ਸੀ।

ਗੱਲ ਕੀ, ਡਿੱਗਦੇ-ਡਿੱਗਦੇ ਸਿੱਖ ਇਥੋਂ ਤਕ ਨੀਵੇਂ ਚਲੇ ਗਏ ਕਿ ਸ਼ਕਲ ਸਿੱਖ ਦੀ ਰਹਿ ਗਈ, ਪਰ ਵਿੱਚੋ-ਵਿਚੀ ਬ੍ਰਾਹਮਣੀ ਕਰਮ-ਕਾਂਡ ਦੀ ਡੂੰਘੀ ਦਲਦਲ ਵਿਚ ਬੁਰੀ ਤਰ੍ਹਾਂ ਫਸ ਗਏ ਸਨ। ਰਾਮ ਚੰਦਰ, ਕ੍ਰਿਸ਼ਨ ਭਗਵਾਨ ਦੀਆਂ ਮਨਘੜਤ ਕਥਾ-ਕਹਾਣੀਆਂ, ਗਰੁੜ ਪੁਰਾਣ ਦੇ ਗਪੌੜ, ਦੇਵੀ ਦੇਵਤਿਆਂ ਦੀ ਪੂਜਾ, ਦੀਵਾਲੀ, ਦੁਸਹਿਰਾ ਦੇ ਮੱਕੜੀ ਜਾਲ ਵਿਚ ਉਲਝ ਕੇ ਰਹਿ ਗਏ ਸਨ। ਵਿਆਹ ਸ਼ਾਦੀਆਂ ਦੀਆਂ ਰਸਮਾਂ, ਜੰਮਣਾ ਮਰਨਾ, ਗੱਲ ਕੀ, ਹਰ ਪ੍ਰਕਾਰ ਦੀ ਰਸਮ ਨਿਬਾਹੁਣ ਲਈ ਬ੍ਰਾਹਮਣ ਦੇ ਰਹਿਮੋ-ਕਰਮ 'ਤੇ ਸਿੱਖ ਰਹਿ ਗਏ। ਧੌਣ ਨੀਵੀਂ ਸੁੱਟ ਕੇ ਸਾਊ ਪੁੱਤ ਵਾਂਗ ਬ੍ਰਾਹਮਣ ਦੀ ਹਰ ਚਾਲ ਵਿਚ ਸਿੱਖ ਫਸਦੇ ਗਏ।

ਸਮੇਂ ਦੀ ਨਬਜ਼ ਪਹਿਚਾਣਦਿਆਂ ਸਿੱਖ ਸਮਾਜ ਵਿਚ ਸੁਧਾਰ ਦੀਆਂ

ਲਹਿਰਾਂ ਉੱਠੀਆਂ, ਜਿਨ੍ਹਾਂ ਵਿਚ ਨਿਰੰਕਾਰੀ, ਨਾਮਧਾਰੀ ਲਹਿਰ ਦਾ ਜ਼ਿਕਰ ਕਰਨਾ ਬਣਦਾ ਹੈ। ਨਿਰੰਕਾਰੀ ਲਹਿਰ ਨੇ ਅਨੰਦ ਕਾਰਜ ਦੀ ਮਰਯਾਦਾ ਨੂੰ ਅਗਨੀ ਦੇ ਫੇਰਿਆਂ ਤੋਂ ਮੁਕਤ ਕਰਾਇਆ, ਜਦ ਕਿ ਨਾਮਧਾਰੀ ਲਹਿਰ ਨੇ ਸਾਦਾ ਜੀਵਨ, ਸੱਚਾ ਆਚਰਣ ਤੇ ਕਿਰਤ ਵਰਗੀਆਂ ਹਕੀਕਤਾਂ 'ਤੇ ਤਨੋਂ-ਮਨੋਂ ਜ਼ੋਰ ਦਿੱਤਾ। ਸਮੇਂ ਅਨੁਸਾਰ ਇਹ ਦੋਵੇਂ ਲਹਿਰਾਂ ਹੌਲੀ-ਹੌਲੀ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਕੇ ਦਮ ਤੋੜ ਗਈਆਂ। 9 ਫ਼ਰਵਰੀ, 1852 ਨੂੰ ਅਮਰੀਕਨ ਪਰੈਸਬਾਈਟੈਰੀਅਨ ਨੂੰ ਸਰਕਾਰੀ ਕਰਮਚਾਰੀਆਂ ਨੇ ਪੰਜਾਬ ਬੁਲਾ ਕੇ ਚਰਚ ਐਸੋਸੀਏਸ਼ਨ ਦੀ ਨੀਂਹ ਰੱਖੀ। ਤਿੰਨ ਵਰ੍ਹਿਆਂ ਵਿਚ 375 ਪਿੰਡਾਂ ਵਿੱਚੋਂ 27000 ਈਸਾਈ ਬਣ ਗਏ।

1862 ਤੋਂ ਲੈ ਕੇ 1881 ਦੇ ਵਿਚ-ਵਿਚ ਸਿੱਖਾਂ ਦੀ ਗਿਣਤੀ ਇਕ ਕਰੋੜ ਤੋਂ ਘਟ ਕੇ 1853428 ਰਹਿ ਗਈ ਸੀ। ਇਨ੍ਹਾਂ ਸਾਰੇ ਹਾਲਾਤ ਨੂੰ ਮੁੱਖ ਰੱਖਦਿਆਂ ਡਿੱਗ ਚੁੱਕੀ ਸਿੱਖ ਕੌਮ ਦੀ ਸਾਖ ਨੂੰ ਬਚਾਉਣ, ਨਵੇਂ ਸਿਰੇ ਤੋਂ ਸੰਵਾਰਨ ਲਈ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਜੀ ਤੇ ਭਾਈ ਜਵਾਹਰ ਸਿੰਘ ਨੇ ਚੋਣਵੇਂ ਸਿੱਖਾਂ ਨੂੰ ਨਾਲ ਲੈ ਕੇ 30 ਜੁਲਾਈ, 1873 ਨੂੰ ਇਕ ਵੱਡਾ ਇਕੱਠ ਕਰ ਕੇ ਸਿੰਘ ਸਭਾ ਲਹਿਰ ਦਾ ਬਿਗਲ ਵਜਾ ਦਿੱਤਾ। ਇਸਦੇ ਉਦੇਸ਼ ਕੀ ਸਨ: ਭੇਖੀ ਸਾਧਾਂ ਦੇ ਟੋਲਿਆਂ, ਡੇਰਾਵਾਦ, ਮਹੰਤਗੀਰੀ ਤੇ ਬ੍ਰਾਹਮਣੀ ਸਰਾਲ ਦੇ ਤਿੱਖੇ ਦੰਦਾਂ ਤੋਂ ਸਿੱਖ ਕੌਮ ਨੂੰ ਬਚਾਉਣਾ; ਪੰਜਾਬੀ ਬੋਲੀ ਵਿਚ ਸਾਹਿੱਤ ਪੈਦਾ ਕਰਨਾ; ਸਿੱਖਾਂ ਨੂੰ ਧਾਰਮਿਕ ਤੇ ਵਿਵਹਾਰਕ ਵਿਦਿਆ ਦੇਣ ਦਾ ਯਤਨ ਕਰਨਾ; ਅਨਮਤ ਜਾਂ ਮਨਮਤ ਵਿਚ ਘੁਲ-ਮਿਲ ਰਹੇ ਸਿੱਖਾਂ ਨੂੰ ਇਸ ਪਾਸਿਉਂ ਰੋਕ ਕੇ ਪੱਕੇ ਸਿੱਖ ਬਣਾਉਣਾ; ਵੇਲੇ ਦੀ ਅੰਗਰੇਜ਼ੀ ਹਕੂਮਤ ਦਾ ਬਿਨਾਂ ਵਿਰੋਧ ਕੀਤੇ ਸਿੱਖ ਧਰਮ ਦੇ ਪ੍ਰਚਾਰ ਦੀਆਂ ਜੜ੍ਹਾਂ ਨੂੰ ਪਾਤਾਲ ਵਿਚ ਲਾਉਣਾ।

ਪੁਜਾਰੀਵਾਦ ਨੇ ਇਸਦਾ ਤਗੜਾ ਵਿਰੋਧ ਕੀਤਾ ਤੇ ਪੰਥ ਵਿੱਚੋਂ ਇਨ੍ਹਾਂ ਹੀਰਿਆਂ ਨੂੰ ਛੇਕਣ ਵਰਗੀਆਂ ਕੋਝੀਆਂ ਕਾਰਵਾਈਆਂ ਵੀ ਕੀਤੀਆਂ ਗਈਆਂ। ਨਿਰਸੰਦੇਹ ਇਸ ਸਿੰਘ ਸਭਾ ਲਹਿਰ ਨੇ ਨਵੇਂ ਸਿਰੇ ਤੋਂ ਸਿੱਖ ਕੌਮ ਵਿਚ ਜਾਗਰਤੀ ਲਿਆਂਦੀ। ਸਾਂਝੀਵਾਲਤਾ ਦੇ ਉਦੇਸ਼ ਸਾਹਮਣੇ ਰੱਖ ਕੇ ਗੁਰਦੁਆਰਿਆਂ ਦੇ ਨਾਂ ਵੀ ਸਿੰਘ ਸਭਾ ਰੱਖੇ ਗਏ। ਮੌਜੂਦਾ ਤੇਜ਼ ਤਰਾਰ ਵਿਗਿਆਨਕ ਯੁੱਗ ਵਿਚ ਵੀ ਵੱਡਾ ਹੰਭਲਾ ਮਾਰ ਕੇ ਅਜਿਹੀ ਸੁਧਾਰ ਲਹਿਰ ਪੈਦਾ ਕਰਨ ਦੀ ਲੋੜ ਹੈ ਤਾਂ ਜੋ ਸਿੱਖੀ ਪ੍ਰਚਾਰ ਦੀਆਂ ਉਨ੍ਹਾਂ ਪ੍ਰੰਪਰਾਵਾਂ ਨੂੰ ਬਰਕਰਾਰ ਰੱਖਿਆ ਜਾਏ, ਜਿਨ੍ਹਾਂ ਆਦਰਸ਼ਾਂ ਨੂੰ ਮੁੱਖ ਰੱਖ ਕੇ ਸਿੰਘ ਸਭਾਵਾਂ ਹੋਂਦ ਵਿਚ ਆਈਆਂ ਸਨ। ਅੱਜ ਫਿਰ ਨਵੇਂ ਸਿਰੇ ਤੋਂ ਬ੍ਰਾਹਮਣੀ ਕਰਮ-ਕਾਂਡ ਨਾਲ ਲਿਬੜੀਆਂ ਹੋਈਆਂ ਟਕਸਾਲਾਂ, ਚਿਮਟਿਆਂ ਵਾਲੇ ਅਖੌਤੀ ਸਾਧ-ਸੰਤ,

ਕਾਰ-ਸੇਵਾ ਵਾਲੇ ਠੱਗ ਬਾਬੇ, ਪਾਖੰਡੀ ਸਿਮਰਨ ਵਾਲਿਆਂ ਤੋਂ ਕੌਮ ਨੂੰ ਬਚਾਉਣ ਦੀ ਲੋੜ ਹੈ।

ਸਿੰਘ ਸਭਾਵਾਂ ਦੀ ਕੌਮ ਪ੍ਰਤੀ ਬਹੁਤ ਵੱਡੀ ਜ਼ਿੰਮੇਵਾਰੀ ਹੈ ਕਿ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਨੂੰ ਗੁਰਦੁਆਰਿਆਂ ਵਿਚ ਲਾਗੂ ਕੀਤਾ ਜਾਏ। ਗੁਰਬਾਣੀ ਪ੍ਰਚਾਰ ਤੇ ਨੌਜਵਾਨ ਪੀੜ੍ਹੀ ਦੀ ਸੰਭਾਲ ਕੀਤੀ ਜਾਏ। ਬਦਕਿਸਮਤੀ ਨਾਲ, ਹੁਣ ਦੇਖਣ ਵਿਚ ਆ ਰਿਹਾ ਹੈ ਕਿ ਸਿੰਘ ਸਭਾਵਾਂ ਦੀਆਂ ਸਟੇਜਾਂ ਦੀ ਅੱਜ ਦੁਰਵਰਤੋਂ ਹੋ ਰਹੀ ਹੈ। ਇਸ ਤੋਂ ਸਾਨੂੰ ਸੁਚੇਤ ਹੋਣ ਦੀ ਲੋੜ ਹੈ।

ਕਿਸੇ ਵੀ ਉਸ ਸਾਧ ਸੰਤ, ਪ੍ਰਚਾਰਕ, ਰਾਗੀ, ਕਥਾਕਾਰ, ਢਾਡੀ, ਰਾਜਨੀਤਕ ਨੇਤਾ ਨੂੰ ਸਿੱਖ ਸਟੇਜ 'ਤੇ ਬੋਲਣ ਦਾ ਮੌਕਾ ਨਾ ਦਿੱਤਾ ਜਾਏ, ਜਿਸ ਨੂੰ ਸਿੱਖ ਰਹਿਤ ਮਰਯਾਦਾ, ਗੁਰ-ਇਤਿਹਾਸ ਤੇ ਗੁਰਬਾਣੀ ਸੰਬੰਧੀ ਜਾਣਕਾਰੀ ਨਾ ਹੋਵੇ। ਅੱਜ ਖ਼ਾਸ ਤੌਰ 'ਤੇ ਉਨ੍ਹਾਂ ਸਾਧਾਂ ਤੋਂ ਕੌਮ ਨੂੰ ਬਚਾਉਣ ਦੀ ਜ਼ਰੂਰਤ ਹੈ ਜੋ ਸਿੱਖ ਰਹਿਤ ਮਰਯਾਦਾ ਨੂੰ ਮੰਨਦੇ ਹੀ ਨਹੀਂ ਹਨ ਤੇ ਮਨਘੜਤ ਕਥਾ-ਕਹਾਣੀਆਂ ਮਿਥਿਹਾਸਕ ਕਰਾਮਾਤੀ ਗਪੌੜ ਸੁਣਾ ਕੇ ਤੁਰਦੇ ਬਣਦੇ ਹਨ।

ਸਿੰਘ ਸਭਾਵਾਂ ਦੇ ਪ੍ਰਚਾਰ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਾਹਿਬ ਵਿਖੇ ਮਿਸ਼ਨਰੀ ਕਾਲਜ ਤੋਂ ਤਰੀਕੇ ਨਾਲ ਪੜ੍ਹੇ-ਲਿਖੇ ਪ੍ਰਚਾਰਕਾਂ ਪਾਸੋਂ ਗੁਰਬਾਣੀ ਸੰਥਿਆ ਤੇ ਗੁਰਮਤਿ ਕਲਾਸਾਂ ਲਗਾਉਣ ਦਾ ਯੋਗ ਪ੍ਰਬੰਧ ਕੀਤਾ ਜਾਏ।

ਸਿੰਘ ਸਭਾ ਦੀ ਹਦੂਦ ਵਿਚ ਪੰਥ ਪ੍ਰਵਾਨਿਤ ਤੇ ਗੁਰਬਾਣੀ ਆਧਾਰਤ ਲਿਟਰੇਚਰ ਤੇ ਕੈਸਟਾਂ ਵੇਚਣ ਦੀ ਹੀ ਆਗਿਆ ਹੋਣੀ ਚਾਹੀਦੀ ਹੈ। ਗੁਰਬਾਣੀ ਤੁਕਾਂ, ਖੰਡਿਆਂ ਵਾਲੇ ਰੁਮਾਲ, ਮਾਲਾ, ਗੁਰੂਆਂ ਦੀਆਂ ਮਨਘੜਤ ਤਸਵੀਰਾਂ, ਬਾਜ਼ਾਰੂ ਲਿਟਰੇਚਰ ਤੇ ਕੈਸਟਾਂ ਵੇਚਣ ਦੀ ਸਖ਼ਤ ਮਨਾਹੀ ਹੋਣੀ ਚਾਹੀਦੀ ਹੈ।

ਗੁਰਮਤਿ ਵਿਰੁੱਧ ਹੋ ਰਹੀਆਂ ਕੁਰੀਤੀਆਂ, ਮਿਰਤਕ ਸਰੀਰ ਨੂੰ ਗੁਰਦੁਆਰਾ ਸਾਹਿਬ ਵਿਚ ਲੈ ਕੇ ਆਉਣਾ, ਨਿਸ਼ਾਨ ਸਾਹਿਬ ਨੂੰ ਕੱਚੀ ਲੱਸੀ ਆਦਿ ਨਾਲ ਇਸ਼ਨਾਨ ਕਰਾਉਣਾ ਜਾਂ ਮੱਥਾ ਟੇਕਣਾ, ਅਖੌਤੀ ਬਾਬਿਆਂ ਦੀਆਂ ਬਰਸੀਆਂ ਮਨਾਉਣੀਆਂ ਇਤਿਆਦਿਕ ਨੂੰ ਯੋਗ ਢੰਗ ਨਾਲ ਰੋਕਣਾ ਤੇ ਕੁਰੀਤੀਆਂ ਨੂੰ ਉਸਾਰੂ ਪ੍ਰਚਾਰ ਰਾਹੀਂ ਦੂਰ ਕਰਨਾ ਤੇ ਸੰਗਤਾਂ ਨੂੰ ਸਹੀ ਗੁਰਮਤਿ ਦੀ ਜਾਣਕਾਰੀ ਦੇਣੀ ਚਾਹੀਦੀ ਹੈ।

ਪੱਕੇ ਤੌਰ 'ਤੇ ਬੱਚਿਆਂ ਦੀਆਂ ਪੰਜਾਬੀ ਅਤੇ ਗੁਰਮਤਿ ਸਿਧਾਂਤ ਅਤੇ ਗੁਰਮਤਿ ਸੰਗੀਤ ਕਲਾਸਾਂ ਲਗਾਉਣ ਦਾ ਢੁਕਵਾਂ ਪ੍ਰਬੰਧ ਅਤੇ ਗੁਰਬਾਣੀ ਲਿਟਰੇਚਰ ਨੂੰ ਵਾਜਿਬ ਕੀਮਤਾਂ 'ਤੇ ਘਰ ਘਰ ਪਹੁੰਚਾਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

ਰਸਮੀ ਅਖੰਡਪਾਠ, ਸੁਖਮਨੀ ਪਾਠ ਤੇ ਸਿਮਰਨ ਦੀ ਥਾਂ 'ਤੇ ਗੁਰਬਾਣੀ ਦੀ ਲੋਅ ਵਿਚ ਆਧੁਨਿਕ ਯੁੱਗ ਨੂੰ ਮੁੱਖ ਰੱਖਦਿਆਂ ਗੁਰਮਤਿ ਸੈਮੀਨਾਰ ਕਰਵਾ ਕੇ ਸ਼ਬਦ ਦੀ ਵਿਚਾਰ ਰਾਹੀਂ ਸੰਗਤ ਨੂੰ ਭਰਮ-ਭੁਲੇਖਿਆਂ ਤੋਂ ਮੁਕਤ ਕਰਾਉਣਾ ਚਾਹੀਦਾ ਹੈ।

ਦੇਸ਼ ਵਿਚ ਹੀ ਨਹੀਂ, ਸਗੋਂ ਸੰਸਾਰ ਪੱਧਰ 'ਤੇ ਯੂ.ਕੇ. ਦੀਆਂ ਸਿੰਘ ਸਭਾਵਾਂ ਦਾ ਆਪਣਾ ਇਕ ਸਥਾਨ ਹੈ। ਇਸ ਨੇ ਸਿੱਖੀ ਦੇ ਪ੍ਰਚਾਰ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਬਾਕੀ ਗੁਰਦੁਆਰਿਆਂ ਨੇ ਵੀ ਇਨ੍ਹਾਂ ਤੋਂ ਸਮੇਂ-ਸਮੇਂ ਸਿਰ ਸੇਧ ਲਈ ਹੈ। ਜਿਥੇ ਸਿੰਘ ਸਭਾਵਾਂ ਇਸ ਵੇਲੇ ਤਨੋਂ-ਮਨੋਂ ਗੁਰਮਤਿ ਪ੍ਰਚਾਰ ਲਈ ਜ਼ੋਰ ਲਗਾ ਰਹੀਆਂ ਹਨ, ਉਥੇ ਇਕ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਨਾਮ-ਧਰੀਕ ਚਿਮਟਿਆਂ ਵਾਲੇ ਸਾਧ ਸੰਤ, ਅਖੌਤੀ ਪ੍ਰਚਾਰਕਾਂ ਨੂੰ ਸਟੇਜ 'ਤੇ ਬੋਲਣ ਦਾ ਸਮਾਂ ਨਾ ਦਿੱਤਾ ਜਾਏ, ਜੋ ਕਰਮ-ਕਾਂਡ ਤੇ ਬ੍ਰਾਹਮਣੀ ਮਤ ਦਾ ਪ੍ਰਚਾਰ ਕਰਦੇ ਹਨ। ਗੁਰਮਤਿ ਪ੍ਰਚਾਰ ਨੂੰ ਹੀ ਮੁੱਖ ਰੱਖਿਆ ਜਾਏ। ਸਿੱਖ ਸਮਾਜ ਵਿਚ ਆ ਰਹੀਆਂ ਕੁਰੀਤੀਆਂ ਨੂੰ ਜੜ੍ਹੋਂ ਪੁੱਟਿਆ ਜਾਏ। ਇਕ ਵਾਰ ਫਿਰ ਸਿੰਘ ਸਭਾ ਲਹਿਰ ਨੂੰ ਚਲਾਇਆ ਜਾਏ। ਆਸ ਹੈ ਕਿ ਉਪਰੋਕਤ ਬੇਨਤੀਆਂ ਵੱਲ ਜ਼ਰੂਰ ਧਿਆਨ ਦਿੱਤਾ ਜਾਏਗਾ। ਅਸੀਂ ਸਭ ਧੰਨਵਾਦੀ ਹੋਵਾਂਗੇ।

ਮਾਰਚ 2006 ਨੂੰ ਵੀਰ ਗੁਰਵਿੰਦਰ ਸਿੰਘ ਜੀ 'ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਜਰਮਨੀ' ਵਾਲਿਆਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਜਰਮਨ ਵਿਚ ਗੁਰਮਤਿ ਪ੍ਰਚਾਰ ਫੇਰੀ ਦਾ ਪ੍ਰੋਗਰਾਮ ਬਣਾਇਆ; ਜੋ ਕਿ ਇਹ ਮੇਰੀ ਜਰਮਨ ਦੀ ਦੂਸਰੀ ਪ੍ਰਚਾਰ ਫੇਰੀ ਸੀ। ਉਹ ਪੰਥ ਦਾ ਮਨੋਂ ਦਰਦ ਰੱਖਦੇ ਹਨ। ਉਨ੍ਹਾਂ ਦੀਆਂ ਗੁਰਮਤਿ ਪ੍ਰਤੀ ਬੜੀਆਂ ਪਿਆਰੀ ਕਵਿਤਾਵਾਂ ਹਨ, ਜਿਨ੍ਹਾਂ ਵਿੱਚੋਂ ਕੁਝ ਸਤਰਾਂ ਲਿਖੀਆਂ ਗਈਆਂ ਹਨ:

ਗਲੀ ਗਲੀ ਅੰਦਰ ਬਣਿਆ ਗੁਰਦੁਆਰਾ,
ਕਰਮ ਕਾਂਡਾਂ ਦੀ ਪਈ ਦੁਹਾਈ ਹੋਈ ਐ।
ਮੱਥਾ ਦਸ ਥਾਵਾਂ 'ਤੇ ਰਗੜੀ ਰਗੜਾਈ ਜਾਂਦੇ,
ਪਰ ਗੱਲ, ਗੁਰੂ ਦੇ ਅਦਬ ਦੀ ਮੁਕਾਈ ਹੋਈ ਐ।
ਬਾਣੀ ਰਚੀ ਸੀ ਗੁਰਾਂ, ਜੀਵਨ ਜਾਚ ਦੇ ਲਈ,
ਅਸਾਂ ਮੰਤ੍ਰਾਂ ਤੋਂ ਛੋਟੀ ਬਣਾਈ ਹੋਈ ਐ।
ਅਖੰਡਪਾਠ ਤੇ ਕੋਈ ਸੁਖਮਨੀ ਦਾ ਪਾਠ ਸੁੱਖੇ,
ਪ੍ਰਬੰਧਕਾਂ ਗੁਰਦੁਆਰਾ ਦੁਕਾਨ ਬਣਾਈ ਹੋਈ ਐ।
'ਗੁਰਵਿੰਦਰ ਸਿੰਘਾ', ਗੱਲ ਕਰੇ ਨਾ ਗੁਰੂ ਸਿਧਾਂਤਾਂ ਦੀ ਕੋਈ,
ਫੋਕੀ ਸ਼ਰਧਾ ਹੀ ਮਨੀਂ ਟਿਕਾਈ ਹੋਈ ਐ।

ਤਾ ਕੈ ਮੂਲਿ ਨ ਲਗੀਐ ਪਾਇ

ਗੁਰੂ ਨਾਨਕ ਸਾਹਿਬ ਜੀ ਨੇ ਦੁਨੀਆ ਨੂੰ ਤਿੰਨ ਨਿਰਮਲ ਸਿਧਾਂਤ ਦਿੱਤੇ, ਜਿਸ ਵਿਚ ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਕੇ ਛਕਣਾ ਆਉਂਦਾ ਹੈ। ਇਹ ਤਿੰਨੇ ਵਿਚਾਰ ਆਪਣੇ ਅੰਦਰ ਇਕ ਵੱਡਾ ਰਹੱਸ ਸਮਾਈ ਬੈਠੇ ਹਨ। ਕਿਰਤ ਦਾ ਅਰਥ ਦੁਨੀਆ ਦੀ ਆਰਥਿਕਤਾ ਨਾਲ ਜੁੜਿਆ ਹੋਇਆ ਹੈ। ਸਿੱਖ ਦਾ ਇਸ ਵਿਸ਼ੇ ਨਾਲ ਗਹਿਰਾ ਸੰਬੰਧ ਹੈ। ਕਿਰਤ ਕਰਨ ਵਾਲੇ ਕਿਰਤੀ ਤੇ ਕੰਮ ਕਰਨ ਵਾਲੇ ਨੂੰ 'ਕੰਮੀ' ਕਿਹਾ ਗਿਆ ਹੈ। ਉਂਜ 'ਕੰਮੀ' ਸ਼ਬਦ ਉੱਚ ਜਾਤੀ ਵਾਲਿਆਂ ਨੇ ਪੱਛੜੇ ਵਰਗ ਨਾਲ ਸੰਬੰਧਿਤ ਕਰ ਦਿੱਤਾ ਹੈ। ਕਿਰਤੀ ਜਾਂ ਕੰਮੀ ਦੀ ਕਮਾਈ 'ਤੇ ਪਲਣ ਵਾਲੇ ਨੂੰ 'ਕਮੀਨਾ' ਕਿਹਾ ਗਿਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਜਿਥੇ ਕਿਰਤੀ ਜਾਂ ਕੰਮੀ ਨੂੰ ਸਾਲਾਹਿਆ ਹੈ, ਉਥੇ ਪਿਆਰ ਗਲਵੱਕੜੀ ਵਿਚ ਲੈ ਕੇ ਅਥਾਹ ਪਿਆਰ ਕੀਤਾ ਹੈ। ਇਸ ਕਿਰਤ ਦਾ ਸਦਕਾ ਹੀ ਦੁਨੀਆ ਦੇ ਹਰ ਖੇਤਰ ਵਿਚ ਸਿੱਖਾਂ ਨੇ ਬੇ-ਓੜਕ ਤਰੱਕੀਆਂ ਕਰ ਕੇ ਸਤਿਕਾਰਯੋਗ ਨਾਮਣਾ ਖੱਟਿਆ ਹੈ। ਸਾਂਦਲ ਬਾਰ ਤੋਂ ਲੈ ਕੇ ਯੂ.ਪੀ. ਦੇ ਜੰਗਲਾਂ ਨੂੰ ਆਬਾਦ ਕਰਦਿਆਂ ਅਮਰੀਕਾ ਦੇ ਕੈਲੇਫ਼ੋਰਨੀਆ ਦੀ ਧਰਤੀ ਨੂੰ ਫਲਦਾਰ ਬਾਗ਼ਾਂ ਵਿਚ ਤਬਦੀਲ ਕਰਨਾ, ਵੱਡੀਆਂ ਦੁਕਾਨਾਂ, ਸਟੋਰਾਂ ਤੇ ਕਾਰਖ਼ਾਨੇ ਦਾ ਨਿਕਲਦਾ ਧੂੰਆਂ ਇਸ ਦੀ ਕਿਰਤ ਦੀ ਮੂੰਹ-ਬੋਲਦੀ ਤਸਵੀਰ ਸਾਡੇ ਸਾਹਮਣੇ ਹੈ।

ਦੂਸਰਾ ਵਿਚਾਰ ਨਾਮ ਜਪਣ ਦਾ ਆਉਂਦਾ ਹੈ। ਬਾਹਰਲੇ ਤਲ 'ਤੇ ਇੰਜ ਮਹਿਸੂਸ ਹੁੰਦਾ ਹੈ ਕਿ ਜ਼ਬਾਨ ਨਾਲ ਕੇਵਲ ਰਾਮ-ਰਾਮ, ਅੱਲ੍ਹਾ ਜਾਂ ਵਾਹਿਗੁਰੂ ਵਾਹਿਗੁਰੂ ਕਰ ਲਿਆ ਤੇ ਨਾਮ ਜਪਿਆ ਗਿਆ, ਸਮਝ ਲਿਆ ਜਾਂਦਾ ਹੈ। ਨਾਮ ਜਪਣ ਦੀ ਗਹਿਰਾਈ ਵਿਚ ਧਰਮ ਦੇ ਪਹਿਚਾਣ ਦੀ ਡੂੰਘੀ ਫ਼ਿਲਾਸਫ਼ੀ ਲੁਕੀ ਹੋਈ ਹੈ। ਫ਼ਰਜ਼ ਪ੍ਰਤੀ ਸੁਚੇਤਤਾ, ਈਮਾਨਦਾਰੀ, ਵਫ਼ਾਦਾਰੀ ਤੇ ਸਖ਼ਤ ਮਿਹਨਤ ਦਾ ਸੰਕਲਪ ਪ੍ਰਗਟ ਹੁੰਦਾ ਹੈ। ਕਿਰਤ ਵਿਚ 'ਨਾਮ' ਈਮਾਨਦਾਰੀ ਤੇ ਸਖ਼ਤ ਮਿਹਨਤ ਦੇ ਰੂਪ ਵਿਚ ਲਿਆ ਗਿਆ ਹੈ। ਕਿਸੇ ਅਧਿਆਪਕ ਨੂੰ ਸਕੂਲ ਵਿਚ ਹਿਸਾਬ ਪੜ੍ਹਾਉਣ ਦੀ ਡਿਊਟੀ ਮਿਲੀ ਹੋਈ ਹੈ; ਉਹ ਜਮਾਤ ਵਿਚ ਹਿਸਾਬ ਪੜ੍ਹਾਉਣ ਦੀ ਬਜਾਏ ਸੁਖਮਨੀ ਸਾਹਿਬ ਦਾ ਗੁਟਕਾ ਲੈ ਕੇ ਪਾਠ

ਕਰਨਾ ਸ਼ੁਰੂ ਕਰ ਦਏ ਤੇ ਬੱਚਿਆਂ ਨੂੰ ਕਹੇ ਕਿ 'ਚੁੱਪ ਕਰੋ ਓਏ ! ਮੈਂ ਗੁਰਬਾਣੀ ਪੜ੍ਹ ਰਿਹਾ ਹਾਂ।' ਇਸ ਤੋਂ ਵੱਡੀ ਕੁਰਪਸ਼ਨ ਹੋਰ ਕੀ ਹੋ ਸਕਦੀ ਹੈ। ਈਮਾਨਦਾਰੀ ਨਾਲ ਬੱਚਿਆਂ ਨੂੰ ਕਰਾਈ ਸਖ਼ਤ ਮਿਹਨਤ ਹੀ ਸਫਲ ਅਧਿਆਪਕ ਦਾ ਨਾਮ ਜਪਣ ਵਿਚ ਆ ਜਾਂਦਾ ਹੈ। ਨਾਮ ਜਪਣ ਦਾ ਅਰਥ ਹੀ ਆਪਣੇ ਫ਼ਰਜ਼ ਦੀ ਪਹਿਚਾਣ ਵਿਚ ਆਉਂਦਾ ਹੈ।

ਤੀਸਰਾ ਨੁਕਤਾ ਵੰਡ ਕੇ ਛਕਣ ਦਾ ਆਉਂਦਾ ਹੈ, ਜਿਸ ਵਿੱਚੋਂ ਸਮਾਜਿਕ ਬਰਾਬਰੀ ਦੀਆਂ ਕਿਰਨਾਂ ਚਮਕਦੀਆਂ ਨਜ਼ਰ ਆਉਂਦੀਆਂ ਹਨ। ਗੁਰੂ ਨਾਨਕ ਸਾਹਿਬ ਜੀ ਨੂੰ ਸਿੱਧਾਂ ਨੇ ਕਿਹਾ ਕਿ ਵੰਡ ਕੇ ਛਕਣ ਦੀ ਮਰਯਾਦਾ ਸਾਰੇ ਥਾਈਂ ਲਾਗੂ ਨਹੀਂ ਹੋ ਸਕਦੀ, ਕਿਉਂਕਿ ਜੇ ਤਿਲਾਂ ਦਾ ਦਾਨਾ ਹੀ ਇਕ ਹੋਵੇ ਤਾਂ ਇਹ ਕਿਵੇਂ ਵੰਡਿਆ ਜਾ ਸਕਦਾ ਹੈ—ਤਰਕ ਕਰ ਕੇ ਸਵਾਲ ਪੁੱਛਿਆ ? ਗੁਰੂ ਸਾਹਿਬ ਜੀ ਨੇ ਕਿਹਾ, "ਸਿੱਧੋ ! ਜਦੋਂ ਤੁਸੀਂ ਕਦੇ ਬਦਾਮਾਂ ਦੀ ਸ਼ਰਦਾਈ ਤਿਆਰ ਕਰ ਰਹੇ ਹੋਵੋ ਤਾਂ ਓਦੋਂ ਤਿਲ ਦੇ ਇਕ ਦਾਨੇ ਨੂੰ ਵੀ ਵਿਚ ਪਾ ਕੇ ਨਾਲ ਹੀ ਪੂਰੀ ਤਰ੍ਹਾਂ ਘੋਟ ਲਓ ਤੇ ਵੰਡ ਕੇ ਸਾਰੇ ਛਕ ਲਓ। ਜੇਕਰ ਵੰਡ ਕੇ ਛਕਣ ਦੀ ਨੀਅਤ ਹੋਵੇ ਤਾਂ ਇਕ ਤਿਲ ਦਾ ਦਾਨਾ ਵੀ ਵੰਡਿਆ ਜਾ ਸਕਦਾ ਹੈ। ਜੇਕਰ ਨੀਅਤ ਨਹੀਂ ਤਾਂ ਲੱਖਾਂ ਹੋਣ ਦੇ ਬਾਵਜੂਦ ਵੀ ਨਹੀਂ ਵੰਡਿਆ ਜਾ ਸਕਦਾ।" ਵੰਡ ਕੇ ਛਕਣ ਦਾ ਭਾਵ ਆਪਣੇ ਤੋਂ ਪਿੱਛੇ ਰਹਿ ਗਏ ਭਰਾਵਾਂ ਨੂੰ ਉਪਰ ਉਠਾਣਾ ਹੈ। ਇਸ ਵਿੱਚੋਂ ਸਾਂਝੀਵਾਲਤਾ ਦਾ ਮੂਲ ਰੂਪ ਪ੍ਰਗਟ ਹੁੰਦਾ ਹੈ।

ਗੁਰਬਾਣੀ ਲਿਖੀ ਹੈ ਗੁਰੂ ਸਾਹਿਬ ਜੀ ਨੇ ਤੇ ਇਤਿਹਾਸ ਲਿਖਿਆ ਹੈ ਇਤਿਹਾਸਕਾਰਾਂ ਨੇ। ਅਸੀਂ ਇਤਿਹਾਸ ਨੂੰ ਪੂਰੀ ਮਾਨਤਾ ਦੇ ਰਹੇ ਹਾਂ, ਪਰ ਗੁਰਬਾਣੀ ਦੇ ਸਿਧਾਂਤ ਨੂੰ ਵਿਸਾਰੀ ਬੈਠੇ ਹਾਂ। ਏਸੇ ਲਈ ਅੱਜ ਦਾ ਪੜ੍ਹਿਆ ਲਿਖਿਆ ਵਿਦਿਆਰਥੀ ਉਸੇ ਹੀ ਦਲੀਲ ਨੂੰ ਮੰਨਦਾ ਹੈ ਜੋ ਪਰਖ ਦੀ ਕਸਵੱਟੀ 'ਤੇ ਪੂਰੀ ਉਤਰਦੀ ਹੋਵੇ। ਹੁਣ ਗੁਰਬਾਣੀ ਕਿਰਤ ਨੂੰ ਤਰਜੀਹ ਦੇ ਰਹੀ ਹੈ ਤੇ ਸਾਖੀ ਅਸੀਂ ਵਿਹਲੜ ਸਾਧਾਂ ਦੀ ਸੁਣਾ ਰਹੇ ਹਾਂ। ਕਈ ਸੌ ਸਾਲਾਂ ਤੋਂ ਇਹ ਸਾਖੀ ਹਰ ਗੁਰਪੁਰਬ 'ਤੇ ਸੁਣਾਈ ਜਾਂਦੀ ਰਹੀ ਹੈ ਕਿ ਗੁਰੂ ਜੀ ਨੂੰ ਪਿਤਾ ਕਲਿਆਣ ਦਾਸ ਜੀ ਨੇ ਵੀਹ ਰੁਪਏ ਦਿੱਤੇ ਤੇ ਸੱਚਾ ਸੌਦਾ ਕਰਨ ਲਈ ਕਿਹਾ। ਗੁਰੂ ਜੀ ਨੇ ਕਈਆਂ ਦਿਨਾਂ ਦੇ ਭੁੱਖਿਆਂ ਸਾਧੂਆਂ ਨੂੰ ਭੋਜਨ ਖੁਆ ਦਿੱਤਾ ਤੇ ਇਸ ਨੂੰ ਸੱਚਾ ਸੌਦਾ ਕਿਹਾ। ਇਸ ਸਾਖੀ ਦਾ ਅਸਰ ਇਹ ਹੋਇਆ ਕਿ ਵਿਹਲੜ ਲੋਕਾਂ ਦੀਆਂ ਭੀੜਾਂ ਇਕੱਠੀਆਂ ਹੋ ਗਈਆਂ ਭੁੱਖੇ ਸਾਧੂਆਂ ਦੇ ਰੂਪ ਵਿਚ, ਜਿਨ੍ਹਾਂ ਨੇ ਇਹ ਧਾਰ ਲਿਆ ਕਿ ਕਿਰਤੀ ਸਾਨੂੰ ਬੈਠਿਆਂ ਬਿਠਾਇਆਂ ਨੂੰ ਭੋਜਨ ਦੇਣ, ਕਿਉਂਕਿ ਅਸੀਂ ਨਾਮ ਜਪ ਕੇ ਸੰਸਾਰ ਦਾ ਬੇੜਾ ਪਾਰ ਲਗਾ ਰਹੇ ਹਾਂ। ਵਿਹਲੇ ਭੁੱਖੇ ਸਾਧੂਆਂ ਨੂੰ ਸਮਾਜ ਦਾ ਅਹਿਮ ਅੰਗ ਬਣਾ ਦਿੱਤਾ। ਗੁਰੂ ਨਾਨਕ ਸਾਹਿਬ ਜੀ ਦੀ ਇਸ ਸਾਖੀ ਰਾਹੀਂ ਕੰਮ-ਚੋਰ ਤੇ ਵਿਹਲੜ ਸਾਧੂ

ਲਾਣੇ ਨੇ ਆਪਣੀ ਸੇਵਾ ਕਰਵਾਈ ਤੇ ਆਪਣਾ ਤੋਰੀ-ਫੁਲਕਾ ਚੱਲਦਾ ਰੱਖਿਆ। ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਜੋ ਫ਼ੁਰਮਾਇਆ ਹੈ, ਉਸ ਨੂੰ ਸਮਝਣ ਦੀ ਜ਼ਰੂਰਤ ਹੈ:

ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥

(ਸਾਰੰਗ ਕੀ ਵਾਰ, ਮ: ੧, ਪੰਨਾ 1245)

ਗੁਰੂ ਨਾਨਕ ਸਾਹਿਬ ਜੀ ਨੇ ਪੰਡਤ, ਜੋਗੀ ਤੇ ਮੁੱਲਾਂ ਨੂੰ ਨੇੜੇ ਹੋ ਕੇ ਵੇਖਿਆ ਕਿ ਇਹ ਲੋਕ ਧਰਮ ਦੇ ਨਾਂ 'ਤੇ ਜੋ ਕਰਮ ਕਰ ਰਹੇ ਹਨ, ਇਹ ਸਿਰਫ਼ ਆਪਣੀ ਰੋਜ਼ੀ-ਰੋਟੀ ਦੀ ਖ਼ਾਤਰ ਹੀ ਕਰ ਰਹੇ ਹਨ। ਜੀਵਨ-ਜਾਚ ਤੇ ਆਤਮਿਕ ਗਿਆਨ ਤੋਂ ਕੋਰੇ ਹਨ। ਪਹਿਲਾ ਜ਼ਿਕਰ ਗੁਰੂ ਸਾਹਿਬ ਜੀ ਨੇ ਪੰਡਤ ਮਹਾਰਾਜ ਜੀ ਦਾ ਲਿਆ ਹੈ। ਪੰਡਤ ਜੋ ਭਜਨ ਗਾ ਰਿਹਾ ਹੈ, ਇਸ ਦਾ ਲੋਕਾਈ ਨੂੰ ਭੋਰਾ ਵੀ ਫ਼ਾਇਦਾ ਨਹੀਂ ਹੈ ਕਿਉਂਕਿ ਉਹ ਸਿਰਫ਼ ਉਦਰ ਪੂਰਤੀ ਲਈ ਹੀ ਗਾ ਰਿਹਾ ਹੈ। 'ਗਿਆਨ ਵਿਹੂਣਾ ਗਾਵੈ ਗੀਤ,' ਪੰਡਤ ਤਾਂ ਹਮੇਸ਼ਾ ਏਸੇ ਹੀ ਤਾਕ ਵਿਚ ਬੈਠਾ ਹੈ ਕਿ ਨਵੇਂ ਤੋਂ ਨਵਾਂ ਕਰਮ-ਕਾਂਡ ਲੋਕਾਂ ਨੂੰ ਕਿਸ ਤਰ੍ਹਾਂ ਦਿੱਤਾ ਜਾਏ ਤਾਂ ਕਿ ਲੋਕ ਉਸ ਵਿਚ ਉਲਝੇ ਰਹਿਣ। ਮਿਸ਼ਰ ਦੇਵਤਾ ਜੀ ਨੇ ਧਰਮ ਨੂੰ ਰੋਜ਼ੀ ਦਾ ਵਸੀਲਾ ਬਣਾ ਲਿਆ ਤੇ ਇਹ ਗਿਆਨ ਤੋਂ ਵਿਹੂਣਾ ਰੱਬੀ ਭਜਨ ਗਾ ਰਿਹਾ ਹੈ; ਜਿਸ ਤਰ੍ਹਾਂ ਅਣ-ਸਿਖਾਂਦਰੂ ਪਾਠੀ ਸਿਰਫ਼ ਰੋਜ਼ੀ ਦੀ ਖ਼ਾਤਰ ਹੀ ਪਾਠ ਪੂਜਾ ਕਰ ਰਹੇ ਹਨ ਤੇ ਆਪ ਗੁਰਬਾਣੀ ਸੂਝ ਤੋਂ ਬਿਲਕੁਲ ਕੋਰੇ ਹਨ। ਜੇ ਗੁਰਬਾਣੀ ਗਿਆਨ ਹੋਵੇ ਤਾਂ ਕੁੰਭ-ਨਾਰੀਅਲ-ਜੋਤ ਇਤਿਆਦਿਕ ਨਾ ਰੱਖਣ। ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤਕ, ਇਤਿਹਾਸਕ ਗੁਰਦੁਆਰਿਆਂ ਤੋਂ ਲੈ ਕੇ ਡੇਰਿਆਂ ਤਕ ਗੁਰਬਾਣੀ ਗਿਆਨ ਨੂੰ ਛੱਡ ਕੇ ਗੁਰਬਾਣੀ ਦੀ ਹਜ਼ੂਰੀ ਵਿਚ ਹੀ ਕਰਮ-ਕਾਂਡ ਦਾ ਪੂਰਾ ਬੋਲ-ਬਾਲਾ ਹੈ। ਜਿਸ ਤਰ੍ਹਾਂ ਪੰਡਤ ਗਿਆਨ ਤੋਂ ਬਿਨਾਂ ਕਰਮ ਸਿਰਫ਼ ਆਪਣੀ ਰੋਟੀ ਦੀ ਖ਼ਾਤਰ ਨਿਬਾਹ ਰਿਹਾ ਹੈ, ਏਸੇ ਤਰ੍ਹਾਂ ਹੀ ਸਾਡੇ ਪਾਠੀ ਵੀਰ ਇਹ ਕਰਮ ਨਿਬਾਹ ਰਹੇ ਹਨ। ਗਿਆਨ ਤੋਂ ਬਿਨਾਂ ਧਰਮ ਦੇ ਨਾਂ 'ਤੇ ਕਿਤੇ ਇਕੋਤਰੀ, ਕਿਤੇ ਇਕਵੰਜਾ ਤੇ ਕਿਤੇ ਗਿਆਰਾਂ ਪਾਠਾਂ ਦੀਆਂ ਲੜੀਆਂ ਚਲਾ-ਚਲਾ ਕੇ ਪੂਰੇ ਗੀਤ ਗਾ ਰਹੇ ਹਾਂ। ਇਹ ਉਪਦੇਸ਼ ਸਿਰਫ਼ ਪੰਡਤ ਵਾਸਤੇ ਨਹੀਂ ਹੈ, ਸਾਡੇ 'ਤੇ ਵੀ ਉਤਨਾ ਹੀ ਲਾਗੂ ਹੁੰਦਾ ਹੈ।

ਗੁਰੂ ਸਾਹਿਬ ਜੀ ਨੇ ਕਿਸੇ ਧਰਮ ਨੂੰ ਮਾੜਾ ਨਹੀਂ ਕਿਹਾ, ਬਲਕਿ ਉਸ

ਵਿਚ ਆਈਆਂ ਕਮਜ਼ੋਰੀਆਂ ਨੂੰ ਉਨ੍ਹਾਂ ਦੇ ਸਾਹਮਣੇ ਰੱਖ ਕੇ ਚੰਗਾ ਜੀਵਨ ਜਿਊਣ ਦੀ ਜਾਚ ਸਿਖਾਈ ਹੈ। ਜਿਸ ਤਰ੍ਹਾਂ ਮੁਸਲਮਾਨ ਵੀਰਾਂ ਦੇ ਧਾਰਮਿਕ ਆਗੂ ਮੁੱਲਾਂ ਦੀ ਗੱਲ ਕਰਦਿਆਂ ਬੇਬਾਕੀ ਨਾਲ ਬੇ-ਖ਼ੌਫ਼ ਹੋ ਕੇ ਇਹ ਕਿਹਾ ਕਿ ਭਰਾਵਾ ਤੇਰੀ ਬਾਂਗ ਦੇਣ ਦਾ ਮੈਂ ਢੰਗ ਤਰੀਕਾ ਦੇਖਿਆ ਹੈ। ਮੈਂ ਇਹ ਮਹਿਸੂਸ ਕੀਤਾ ਹੈ ਕਿ ਇਹ ਬਾਂਗ ਤੇਰੇ ਆਪਣੇ ਲਈ ਕੋਈ ਅਰਥ ਨਹੀਂ ਰੱਖਦੀ। ਤੂੰ ਸਿਰਫ਼ ਆਪਣੇ ਭੁੱਖੇ ਪੇਟ ਦੀ ਖ਼ਾਤਰ ਹੀ ਬਾਂਗ ਦੇ ਰਿਹਾ ਏਂ, ਜੋ ਤੇਰਾ ਰੋਜ਼ਗਾਰ ਹੈ। ਮੁੱਲਾਂ ਨੂੰ ਮਸੀਤ ਜਾਂ ਉਸ ਦੀ ਕਿਸੇ ਪ੍ਰਕ੍ਰਿਆ ਨਾਲ ਬਹੁਤਾ ਵਾਸਤਾ ਨਹੀਂ ਹੁੰਦਾ, ਕਿਉਂਕਿ ਉਸ ਨੇ ਸਮੇਂ ਨਾਲ ਬਾਂਗ ਦੇ ਕੇ ਲੋਕਾਂ ਨੂੰ ਮਸੀਤ ਵਿਚ ਇਕੱਠਾ ਹੀ ਕਰਨਾ ਹੁੰਦਾ ਹੈ। ਮੁੱਲਾਂ ਦੇ ਸੰਬੰਧੀ ਏਸੇ ਹੀ ਸ਼ਬਦ ਵਿਚ ਲਿਖਿਆ ਹੈ ਕਿ :

ਭੁਖੇ ਮੁਲਾਂ ਘਰੇ ਮਸੀਤਿ ॥

'ਘਰੇ ਮਸੀਤਿ'—ਆਪਣੇ ਹੀ ਘਰ ਦੀ ਖ਼ਾਤਰ ਭਾਵ ਰੋਜ਼ੀ ਦੀ ਖ਼ਾਤਰ ਬਾਂਗ ਦੇ ਰਿਹਾ ਹੈ ਪਰ ਬਾਂਗ ਦੇ ਅਰਥ ਭਾਵ ਨੂੰ ਨਹੀਂ ਸਮਝ ਰਿਹਾ। ਆਤਮਿਕ ਸੂਝ ਤੇ ਜੀਵਨ ਜਾਚ ਤੋਂ ਕੋਹਾਂ ਦੂਰ ਬੈਠੇ ਮੁੱਲਾਂ ਦੀ ਅਸਲੀਅਤ ਉਸ ਦੇ ਸਾਹਮਣੇ ਰੱਖ ਦਿੱਤੀ ਹੈ।

ਕਹਿੰਦੇ ਹਨ, ਭਾਦਰੋਂ ਦੇ ਚੁਮਾਸਿਆਂ ਦਾ ਸਤਾਇਆ ਹੋਇਆ ਜੱਟ ਜੋਗੀ ਬਣ ਜਾਂਦਾ ਹੈ, ਭਾਵ ਔਖੀ ਸਾਧਨਾ ਦੇਖ ਕੇ ਸੌਖੀ ਸਾਧਨਾ ਫ਼ਕੀਰਾਂ ਵਾਲੀ ਧਾਰਨ ਕਰ, ਕੰਨਾਂ ਵਿਚ ਮੁੰਦਰੇ, ਸਰੀਰ 'ਤੇ ਸੁਆਹ ਮਲ ਕੇ ਜੋਗੀ ਬਣ ਜਾਂਦਾ ਹੈ। ਭੋਲੇ ਲੋਕ ਇਸ ਭੇਖ ਨੂੰ ਰੱਬ ਦਾ ਖ਼ਾਸ ਦੂਤ ਸਮਝਦਿਆਂ ਪੂਰੀ ਸੇਵਾ ਵਿਚ ਲੱਗ ਜਾਂਦੇ ਹਨ। ਐਸੇ ਵਿਹਲੜ ਮਖੱਟੂਆਂ ਦੀ ਗੁਰੂ ਜੀ ਨੇ ਝਾੜ-ਝੰਬ ਕਰਦਿਆਂ ਕਿਹਾ ਹੈ ਕਿ 'ਭੈੜਿਓ ! ਕੁਝ ਸੋਚੋ ! ਤੁਸਾਂ ਤਾਂ ਆਪਣੀ ਕੁਲ ਨੂੰ ਦਾਗ਼ ਹੀ ਨਹੀਂ ਲਗਾਇਆ ਬਲਕਿ ਆਪਣੀ ਅਣਖ ਵੀ ਗਵਾ ਲਈ ਹੈ।' ਪਿੰਡਾਂ ਵਿਚ ਹਾੜ੍ਹੀ-ਸਾਉਣੀ ਦੀ ਫ਼ਸਲ ਜਦੋਂ ਘਰਾਂ ਵਿਚ ਆ ਜਾਂਦੀ ਹੈ ਤਾਂ ਅਜੇਹੇ ਕੰਮ-ਚੋਰਾਂ ਦੀਆਂ ਭਰਮਾਰਾਂ ਵੀ ਆਉਣ ਲੱਗ ਜਾਂਦੀਆਂ ਹਨ। ਬੰਮ ਬੰਮ ਕਰਦੇ ਵਰ-ਸਰਾਪਾਂ ਦੀਆਂ ਝੜੀਆਂ ਲਗਾਈ ਅਗਾਂਹ ਤੁਰੇ ਜਾਂਦੇ ਹਨ। ਕੀ ਅਜੇਹੇ ਭੁੱਖੇ ਸਾਧੂਆਂ ਨੂੰ ਗੁਰੂ ਸਾਹਿਬ ਜੀ ਨੇ ਆਪਣੇ ਪਿਤਾ ਜੀ ਦੀ ਕੀਤੀ ਕਮਾਈ ਨੂੰ ਇਨ੍ਹਾਂ 'ਤੇ ਲੁਟਾ ਦਿੱਤਾ ? ਕੀ ਮਖੱਟੂਆਂ ਨੂੰ ਰਾਸ਼ਨ ਛਕਾਉਣਾ ਹੀ ਸੱਚਾ ਸੌਦਾ ਹੈ ? ਗੁਰੂ ਸਾਹਿਬ ਜੀ ਦਾ ਇਨ੍ਹਾਂ ਵਿਹਲੜ ਪੁਰਸ਼ਾਂ ਪ੍ਰਤੀ ਕੀ ਖ਼ਿਆਲ ਹੈ—ਲਓ ਪੜ੍ਹੋ ਧਿਆਨ ਨਾਲ :

ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥

ਮਖਟੂ—ਹੱਡ ਹਰਾਮ ਜਿਹੜਾ ਕੰਮ ਕਰਨ ਨੂੰ ਜੀਅ ਨਾ ਕਰਦਾ ਹੋਵੇ—ਸਮਾਜ, ਪਰਿਵਾਰ 'ਤੇ ਬੋਝ ਬਣਨ ਲਈ ਕੰਨਾਂ ਵਿਚ ਮੁੰਦਰਾਂ ਪਾ ਲਵੇ। ਭੇਖੀ ਫ਼ਕੀਰ ਬਣ ਕੇ ਆਪਣੀ ਅਣਖ ਤੇ ਗ਼ੈਰਤ ਨੂੰ ਗਵਾ ਲੈਣ ਵਾਲਾ ਸਾਧ ਨਹੀਂ ਹੋ ਸਕਦਾ। ਕੀ ਅਜੇਹੇ ਕੰਮ-ਚੋਰ ਕੰਨਪਾਟਿਆਂ ਨੂੰ ਮੁਫ਼ਤ ਦਾ ਲੰਗਰ ਛਕਾਉਣਾ ਸੱਚਾ ਸੌਦਾ ਹੈ ? ਇਸ ਦਾ ਅਰਥ ਤਾਂ ਇਹ ਹੋਇਆ ਕਿ ਜਦ ਵਿਹਲੇ ਰਿਹਾਂ ਹੀ ਪ੍ਰਸ਼ਾਦਾ ਮਿਲ ਜਾਣਾ ਹੈ ਤਾਂ ਹੱਡ ਭੰਨਣ ਦੀ ਕੀ ਜ਼ਰੂਰਤ ਹੈ ? ਗੁਰੂ ਸਾਹਿਬ ਜੀ ਨੇ ਤਾਂ ਇਕ ਖ਼ਾਸ ਤਾਕੀਦ ਕਰਦਿਆਂ ਹੋਇਆਂ ਫ਼ੁਰਮਾਇਆ ਹੈ ਕਿ ਬਚੋ ਇਨ੍ਹਾਂ ਤੋਂ, ਇਹ ਤਾਂ ਆਪੇ ਹੀ ਗੁਰੂ ਬਣ ਬੈਠੇ ਹਨ। ਕੀ ਲੋੜ ਪਈ ਹੈ ਇਨ੍ਹਾਂ ਦੇ ਪੈਰੀਂ ਲੱਗਣ ਦੀ ? ਸਪੱਸ਼ਟ ਐਲਾਨ ਹੈ :

ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥

ਕਈਆਂ ਨੂੰ ਆਪੇ ਗੁਰੂ ਬਣਨ ਦਾ ਬੜਾ ਸ਼ੌਕ ਹੁੰਦਾ ਹੈ। ਏਸੇ ਤਰ੍ਹਾਂ ਹੀ ਇਕ ਆਦਮੀ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਹੁਣ ਤਕ ਜਿੰਨੇ ਵੀ ਸੰਸਾਰ ਵਿਚ ਪੀਰ ਪੈਗ਼ੰਬਰ ਆਏ ਹਨ, ਉਹ ਸਾਰੇ ਮੇਰੀ ਰਜ਼ਾ ਨਾਲ ਹੀ ਆਏ ਹਨ। ਫਿਰ ਕੀ ਸੀ, ਰਾਜੇ ਨੇ ਆਪੇ ਬਣੇ ਗੁਰੂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ। ਜੇਲ੍ਹ ਵਿਚ ਅੱਗੇ ਇਕ ਉਸਦਾ ਵੀ ਉਸਤਾਦ ਬੈਠਾ ਹੋਇਆ ਸੀ। ਆਪਸੀ ਗੱਲਬਾਤ ਹੁੰਦਿਆਂ ਪਹਿਲੇ ਕੈਦੀ ਨੂੰ ਜਦ ਇਹ ਪਤਾ ਲੱਗਾ ਕਿ ਇਹ ਆਪਣੇ ਆਪ ਨੂੰ ਖ਼ੁਦਾ ਆਖਣ ਦੇ ਕੇਸ ਵਿਚ ਜੇਲ੍ਹ ਯਾਤਰਾ ਕਰ ਰਿਹਾ ਹੈ ਤਾਂ ਪਹਿਲੇ ਨੇ ਦੁਹਾਈ ਦੇਣੀ ਸ਼ੁਰੂ ਕਰ ਦਿੱਤੀ ਕਿ ਹੁਣ ਤਕ ਜਿੰਨੇ ਵੀ ਪੀਰ ਫ਼ਕੀਰ ਪੈਗ਼ੰਬਰ ਮੈਂ ਭੇਜੇ ਹਨ, ਉਨ੍ਹਾਂ ਸਾਰਿਆਂ ਦੀ ਲਿਸਟ ਮੇਰੇ ਪਾਸ ਹੈ। ਇਹ ਤਾਂ ਮੈਂ ਭੇਜਿਆ ਹੀ ਨਹੀਂ ਹੈ, ਯਾਨੀ ਕਿ ਪਹਿਲਾ ਉਸ ਦਾ ਵੀ ਬਾਪ ਨਿਕਲਿਆ। ਹਨੇਰੀ ਆਇਆਂ ਸੜਕ 'ਤੇ ਦਰੱਖ਼ਤ ਡਿੱਗ ਪੈਂਦੇ ਹਨ ਤਾਂ ਉਨ੍ਹਾਂ ਨੂੰ ਰਾਹ ਵਿੱਚੋਂ ਦੂਰ ਕਰ ਲਿਆ ਜਾਂਦਾ ਹੈ ਤਾਂ ਕਿ ਮੁਸਾਫ਼ਰ ਨੂੰ ਰਾਹ ਵਿਚ ਅੜਿਕਾ ਨਾ ਆਵੇ। ਇੰਜ ਹੀ ਗੁਰੂ ਨਾਨਕ ਸਾਹਿਬ ਜੀ ਨੇ ਭੇਖੀ ਸਾਧ ਲਾਣੇ ਤੋਂ ਬਚਾਉਂਦਿਆਂ ਦੋ ਟੁੱਕ ਫ਼ੈਸਲਾ ਦਿੱਤਾ ਹੈ ਕਿ ਇਨ੍ਹਾਂ ਦੇ ਕਦਾਚਿਤ ਵੀ ਕਦਮਾਂ ਵਿਚ ਨਹੀਂ ਡਿੱਗਣਾ। ਡਿੱਗੇ ਹੋਏ ਦਰੱਖ਼ਤ ਨੂੰ ਲਾਂਭੇ ਕਰਨ ਵਾਂਗ ਇਨ੍ਹਾਂ ਨੂੰ ਵੀ ਆਪਣੀ ਜ਼ਿੰਦਗੀ ਵਿੱਚੋਂ ਬਾਹਰ ਦਾ ਰਸਤਾ ਦਿਖਾਓ, ਭੁੱਲ ਕੇ ਵੀ ਇਨ੍ਹਾਂ ਦੇ ਪੈਰੀਂ ਨਾ ਲੱਗਿਆ ਜਾਏ। "ਤਾ ਕੈ ਮੂਲਿ ਨ ਲਗੀਐ ਪਾਇ ॥"

ਆਪਣੇ ਆਪ ਨੂੰ ਗੁਰੂ ਪੀਰ ਸਦਵਾ ਰਹੇ ਹਨ, ਪਰ ਰੋਜ਼ੀ-ਰੋਟੀ ਦੀ ਖ਼ਾਤਰ ਮੰਗਣ ਲਈ ਗ੍ਰਿਹਸਤੀਆਂ ਦੇ ਦਰ 'ਤੇ ਆ ਜਾਂਦੇ ਹਨ—"ਤਾ ਕੈ ਮੂਲਿ ਨ ਲਗੀਐ ਪਾਇ ॥" ਇਨ੍ਹਾਂ ਤੋਂ ਬਚਣ ਦੀ ਬਹੁਤ ਵੱਡੀ ਜ਼ਰੂਰਤ ਹੈ। ਜਿਨ੍ਹਾਂ ਦੇ

ਕੋਲ ਬੈਠਣ ਤੋਂ ਵੀ ਮਨ੍ਹਾਂ ਕੀਤਾ ਗਿਆ ਹੈ—ਕੀ ਜਿਨ੍ਹਾਂ ਤੋਂ ਬਚਣ ਲਈ ਕਿਹਾ ਹੈ ਉਨ੍ਹਾਂ ਨੂੰ ਭੋਜਨ ਛਕਾ ਦੇਣਾ ਹੀ ਸੱਚਾ ਸੌਦਾ ਹੈ ? ਜ਼ਰਾ ਸੋਚਣ ਦੀ ਲੋੜ ਹੈ। ਗੁਰੂ ਸਾਹਿਬ ਜੀ ਨੇ ਜੋ ਵਿਧਾਨ ਦਿੱਤਾ ਹੈ, ਇਸ ਸਲੋਕ ਦੀ ਅਖ਼ੀਰਲੀ ਤੁਕ ਵਿਚ ਦੁਨੀਆ ਵਿਚ ਚਾਨਣ-ਮੁਨਾਰਾ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

ਜ਼ਿੰਦਗੀ ਦਾ ਸਹੀ ਰਸਤਾ ਕਮਾਉਣਾ ਤੇ ਕੁਝ ਦੇਣਾ ਹੈ। 'ਘਾਲਿ ਖਾਇ' ਸਖ਼ਤ ਮਿਹਨਤ ਵੱਲ ਇਸ਼ਾਰਾ ਹੈ। ਮਿਹਨਤ ਕਰਨ ਨੂੰ ਮਿਹਣਾ ਕੋਈ ਨਹੀਂ ਹੈ। ਵੱਖ-ਵੱਖ ਦੇਸ਼ਾਂ ਵਿਚ ਵਿਚਰਨ ਦਾ ਸਮਾਂ ਮਿਲਿਆ ਹੈ। ਪੰਜਾਬੀਆਂ ਨੇ ਜਾਨ ਮਾਰ ਕੇ ਮਿਹਨਤਾਂ ਕੀਤੀਆਂ ਹਨ। ਅਰਬ ਮੁਲਕਾਂ ਦੇ ਮਾਰੂਥਲਾਂ ਵਿਚਲੀ ਮਿਹਨਤ ਬਹੁਤ ਔਖੀ ਗਿਣੀ ਗਈ ਹੈ। ਯੂ.ਪੀ. ਦੇ ਜੰਗਲਾਂ ਨੂੰ ਆਬਾਦ ਕਰਦਿਆਂ ਤੇ ਠੰਡੇ ਮੁਲਕਾਂ ਦੀ ਬਰਫ਼ ਨੂੰ ਮਿੱਧਦਿਆਂ 'ਘਾਲਿ' ਦੇ ਆਦਰਸ਼ ਨੂੰ ਕਾਇਮ ਰੱਖਦਿਆਂ ਕਈ ਵੀਰਾਂ ਨੂੰ ਜਾਨਾਂ ਵੀ ਗਵਾਉਣੀਆਂ ਪਈਆਂ। ਸਿਆਣਿਆਂ ਦਾ ਕਥਨ ਹੈ ਕਿ ਪੈਸਾ ਕਮਾ ਲੈਣਾ ਵੱਡੀ ਗੱਲ ਨਹੀਂ ਹੈ, ਪਰ ਪੈਸੇ ਨੂੰ ਸਹੀ ਤਰਤੀਬ ਦੇ ਕੇ ਵੰਡ ਕਰਨੀ ਵੱਡੀ ਗੱਲ ਮੰਨੀ ਗਈ ਹੈ। ਇਸ ਤਰ੍ਹਾਂ ਦੀ ਸਖ਼ਤ ਮਿਹਨਤ ਕਰਕੇ ਵਿਹਲੜ ਬ੍ਰਹਮ ਗਿਆਨੀਆਂ ਨੂੰ ਲੁਟਾ ਦੇਣੀ ਹੱਥੋਂ ਦੇਣ ਦਾ ਸਿਧਾਂਤ ਨਹੀਂ ਹੈ। 'ਹਥਹੁ ਦੇਇ' ਦਾ ਭਾਵ ਸਮਾਜਿਕ ਬਰਾਬਰੀ ਜਾਂ ਆਪਣੇ ਤੋਂ ਪਿੱਛੇ ਰਹੇ ਮਨੁੱਖ ਦੀ ਅਵਸਥਾ ਨੂੰ ਉਪਰ ਚੁੱਕਣ ਦਾ ਹੈ। 'ਹਥਹੁ ਦੇਇ' ਦਾ ਭਾਵ ਸਮਾਜ ਦੀਆਂ ਸਾਂਝੀਆਂ ਲੋੜਾਂ ਨੂੰ ਪੂਰਾ ਕਰਨਾ ਹੈ। ਸਕੂਲ, ਕਾਲਜ ਤੇ ਹਸਪਤਾਲ ਏਸੇ ਕੜੀ ਵਿਚ ਆਉਂਦੇ ਹਨ। ਵਿਕਾਸ ਦੀ ਚਰਮ-ਸੀਮਾ 'ਤੇ ਪਹੁੰਚੇ ਮੁਲਕਾਂ ਦਾ ਰਾਜ਼ ਸਖ਼ਤ ਮਿਹਨਤ ਹੀ ਹੈ। ਜਿਥੇ ਉਹ ਕੰਮ ਦੇ ਰਹੇ ਹਨ, ਉਥੇ ਨਾਲ ਬਾਕਾਇਦਾ ਟੈਕਸ ਵੀ ਕੱਟ ਲੈਂਦੇ ਹਨ। ਵੱਡੀਆਂ ਕੰਪਨੀਆਂ ਕਾਰਖ਼ਾਨੇ ਜੋ ਕੁਝ ਵੀ ਚੱਲ ਰਿਹਾ ਹੈ, ਇਹ ਸਾਰਾ ਕੁਝ 'ਘਾਲਿ' ਦਾ ਹੀ ਨਤੀਜਾ ਹੈ।

ਗੁਰੂ ਨਾਨਕ ਸਾਹਿਬ ਜੀ ਨੂੰ ਜਦੋਂ ਪਿਤਾ ਜੀ ਨੇ ਵੀਹ ਰੁਪਏ ਦਿੱਤੇ ਸਨ ਤਾਂ ਉਸ ਸਮੇਂ ਦੇ ਹਾਲਾਤ ਬਾਰੇ ਵੀ ਸਮਝਣ ਦੀ ਜ਼ਰੂਰਤ ਹੈ। ਪਿੰਡਾਂ ਵਿਚ ਵਿਕਾਸ ਦੀ ਦਰ ਨਾਂ-ਮਾਤਰ ਹੀ ਸੀ। ਟਾਵੇਂ-ਟਾਵੇਂ ਖੂਹ ਤੇ ਮੀਂਹ ਉੱਤੇ ਖੇਤੀ ਨਿਰਭਰ ਕਰਦੀ ਸੀ। ਗੁਰੂ ਸਾਹਿਬ ਜੀ ਦੇ ਕੋਮਲ ਹਿਰਦੇ ਨੇ ਪਿੰਡਾਂ ਦੀ ਨਿਘਰ ਰਹੀ ਹਾਲਤ ਨੂੰ ਦੇਖ ਕੇ ਉਨ੍ਹਾਂ ਦੀ ਸੇਵਾ ਕਰਨ ਦਾ ਮਨ ਬਣਾ ਲਿਆ। ਉਸ ਜ਼ਮਾਨੇ ਵਿਚ ਵੀਹ ਰੁਪਏ ਦੀ ਰਕਮ ਕੋਈ ਛੋਟੀ-ਮੋਟੀ ਰਕਮ ਨਹੀਂ ਸੀ। ਇਸ ਬਹੁਤ ਵੱਡੀ ਰਕਮ ਦੇ ਨਾਲ ਪਿੰਡ ਵਿਚ ਕੋਈ ਸਾਂਝਾ ਕਾਰਜ ਕਰਦਿਆਂ ਸਾਂਝਾ

ਲੰਗਰ ਵੀ ਲਗਾ ਦਿੱਤਾ ਹੋਏਗਾ। ਉਸ ਚੱਲ ਰਹੇ ਲੰਗਰ ਵਿੱਚੋਂ ਕੋਈ ਵਿਹਲੜ ਪੁਰਸ਼ ਵੀ ਖਾ ਗਿਆ ਹੋਏਗਾ। ਗੁਰੂ ਸਾਹਿਬ ਜੀ ਦਾ ਇਹ ਪਵਿੱਤਰ ਸਿਧਾਂਤ ਸਮਾਜਿਕ ਉੱਨਤੀ ਦੀ ਤਸਵੀਰ ਪ੍ਰਗਟ ਕਰਦਾ ਹੈ। ਪਰ ਅਸੀਂ ਇਸ ਸਿਧਾਂਤ ਨੂੰ ਅਲੋਪ ਕਰ ਕੇ ਭੁੱਖੇ ਸਾਧੂਆਂ ਦੀ ਸੇਵਾ ਨੂੰ ਹੀ ਮੁੜ-ਮੁੜ ਦੁਹਰਾਈ ਜਾਂਦੇ ਹਾਂ।

ਜ਼ਿੰਦਗੀ ਦੇ ਅਖ਼ੀਰਲੇ ਸਮੇਂ ਵਿਚ ਕਰਤਾਰਪੁਰ ਵਸਾ ਕੇ ਗੁਰੂ ਸਾਹਿਬ ਜੀ ਨੇ ਹੱਥੀਂ ਮਿਹਨਤ ਦੀ ਮਹਾਨਤਾ ਨੂੰ ਸਮਝਾਇਆ। ਗੁਰੂ ਅੰਗਦ ਸਾਹਿਬ ਜੀ ਨੇ ਸਰੀਰ ਦੀ ਸੰਭਾਲ ਲਈ ਮੱਲ-ਅਖਾੜੇ ਤਿਆਰ ਕਰਾਏ, ਕਿਉਂਕਿ ਨਿਰੋਇਆ ਸਰੀਰ ਹੀ ਸਖ਼ਤ ਮਿਹਨਤ ਕਰਨ ਦੇ ਸਮਰੱਥ ਹੁੰਦਾ ਹੈ। ਗੁਰੂ ਅਮਰਦਾਸ ਜੀ ਨੇ ਵਪਾਰੀ ਗੰਗੂ ਸ਼ਾਹ, ਜੋ ਵਪਾਰ ਵਿਚ ਘਾਟਾ ਖਾ ਗਿਆ ਸੀ, ਨੂੰ ਮਾਇਆ ਦੇ ਕੇ ਮੁੜ ਸਥਾਪਤ ਕੀਤਾ। 'ਘਾਲਿ ਖਾਇ' ਦੇ ਆਦਰਸ਼ ਨੂੰ ਹੀ ਅੱਗੇ ਰੱਖਦਿਆਂ ਗੁਰੂ ਰਾਮਦਾਸ ਜੀ ਨੇ ਬਵੰਜਾ ਕਿਸਮ ਦੇ ਕਿਰਤੀਆਂ ਨੂੰ ਅੰਮ੍ਰਿਤਸਰ ਵਸਾਇਆ। 'ਕਿਛੁ ਹਥਹੁ ਦੇਇ' ਗੁਰੂ ਅਰਜਨ ਪਾਤਸ਼ਾਹ ਜੀ ਨੇ ਕਿਰਸਾਨੀ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਛੇਹਰਟਾ ਖੂਹ ਲਗਾਇਆ। ਨਿਆਰੇ ਖ਼ਾਲਸੇ ਦੀ ਤਾਰੀਫ਼ ਮਿਹਨਤ, ਇਮਾਨਦਾਰੀ ਤੇ ਸਾਂਝੀਵਾਲਤਾ ਦੇ ਕੰਮਾਂ ਵਿਚ ਵਧ ਚੜ੍ਹ ਕੇ ਆਪਣਾ ਯੋਗਦਾਨ ਪਾਉਣਾ ਹੈ। ਪੰਜਾਬ 'ਤੇ ਪੰਛੀ-ਝਾਤ ਮਾਰਿਆਂ ਦੂਰੋਂ ਚਿੱਟੇ ਚੋਲ਼ੇ ਉੱਡਦੇ, ਸਿਰਾਂ 'ਤੇ ਖ਼ਾਸ ਕਿਸਮ ਦੀਆਂ ਨਿੱਕੀਆਂ-ਨਿੱਕੀਆਂ ਦਸਤਾਰਾਂ ਸਜਾਈ ਤੇ ਹੱਥਾਂ ਵਿਚ ਮਾਲਾ ਲਮਕਾਈ, ਤਵੀਤਾਂ ਦੀ ਥਾਂ 'ਤੇ ਸ਼ਬਦ ਕਰ-ਕਰ ਕੇ ਦੇਣੇ, ਮਹਿੰਗੀਆਂ ਗੱਡੀਆਂ ਵਿਚ ਬੈਠੇ ਵਿਹਲੜ ਸਾਧਾਂ ਨੂੰ ਨਿਆਰਾ ਖ਼ਾਲਸਾ ਨਹੀਂ ਕਿਹਾ ਗਿਆ। ਐਸੇ ਭੱਦਰ ਪੁਰਸ਼ਾਂ ਲਈ ਗੁਰੂ ਜੀ ਦੇ ਜੋ ਖ਼ਿਆਲ ਹਨ, ਸਾਨੂੰ ਉਨ੍ਹਾਂ ਵੱਲ ਜ਼ਰਾ ਕੁ ਧਿਆਨ ਦੇਣ ਦੀ ਲੋੜ ਹੈ:

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥
ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥
ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥

(ਸਲੋਕ ਮ: ੧, ਪੰਨਾ 1245)

ਐਸੇ ਵਿਗੜੇ ਹੋਏ ਸਾਧ-ਲਾਣੇ ਨੂੰ ਤਗੜੀ ਫਿਟਕਾਰ ਪਾਉਂਦਿਆਂ ਲਾਹਨਤੀ ਕਿਹਾ ਹੈ, ਕਿਉਂਕਿ ਪਰਮਾਤਮਾ ਦੇ ਨਾਮ ਨੂੰ ਧਾਗੇ-ਤਵੀਤਾਂ ਰਾਹੀਂ

ਵੇਚ ਰਹੇ ਸਨ। ਹੁਣ ਸ਼ਬਦ ਕਰ ਕੇ ਦਿੱਤੇ ਜਾ ਰਹੇ ਹਨ। ਜੇਕਰ ਉੱਗ ਰਹੀ ਖੇਤੀ ਨੂੰ ਹੀ ਕਿਰਸਾਨ ਵੱਢਣਾ ਸ਼ੁਰੂ ਕਰ ਦੇਵੇ, ਤਾਂ ਕੀ ਉਹੀ ਕਿਰਸਾਨ ਕਣਕ ਦਾ ਖਲਵਾੜਾ ਲਗਾ ਸਕਦਾ ਹੈ ? ਇੰਜ ਹੀ ਨਾਮ ਵੀ ਜਪੀ ਜਾਣਾ ਤੇ ਨਾਲ ਦੀ ਨਾਲ ਧਾਗੇ-ਤਵੀਤ ਦਈ ਜਾਣੇ, ਕੀ ਜੀਵਨ-ਜਾਚ ਆ ਸਕਦੀ ਹੈ ? ਸੱਚੀ ਮਿਹਨਤ ਤੋਂ ਬਿਨਾਂ ਕੋਈ ਢੋਈ ਨਹੀਂ ਮਿਲਣੀ। ਗਿਆਨ ਤੋਂ ਬਿਨਾਂ ਦਿੱਤਾ ਹੋਇਆ ਦਾਨ ਰੇਤ 'ਤੇ ਪਾਣੀ ਪਾਉਣ ਵਾਂਗ ਵਿਅਰਥ ਵਿਚ ਗਵਾਚ ਜਾਂਦਾ ਹੈ। ਗੁਰੂ ਗਿਆਨ ਦੁਆਰਾ ਜਿਥੇ ਜੀਵਨ ਦੀ ਸੂਝ ਆਉਂਦੀ ਹੈ, ਉਥੇ ਮਾਨ-ਸਨਮਾਨ ਵੀ ਮਿਲਦਾ ਹੈ। ਬਾਕੀ ਗੱਲਾਂ ਸਭ ਸ਼ੈਤਾਨੀਆਂ ਵਾਲੀਆਂ ਹਨ। ਵਿਹਲੜ ਸਾਧਾਂ ਦੇ ਕਦੇ ਵੀ ਚਰਨਾਂ 'ਤੇ ਨਹੀਂ ਡਿੱਗਣਾ ਚਾਹੀਦਾ। ਨਿਆਰੇ ਖ਼ਾਲਸੇ ਦਾ ਸਿਧਾਂਤ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਕੇ ਛਕਣ ਦਾ ਹੈ, ਜਿਸ ਦਾ ਉਪਰ ਵਿਸਥਾਰ ਆ ਗਿਆ ਹੈ।

ਵਿਚਿ ਦੁਨੀਆ ਸੇਵ ਕਮਾਈਐ

ਬਹੁਤ ਪੁਰਾਣਾ ਇਕ ਲੇਖ ਪੜ੍ਹਿਆ ਸੀ ਕਿ ਧਰਮ ਦਾ ਪ੍ਰਚਾਰ ਕਿਵੇਂ ਕੀਤਾ ਜਾਏ। ਉਸ ਲੇਖ ਵਿਚ ਲੇਖਕ ਨੇ ਈਸਾਈ ਮਤ ਦੀ ਇਕ ਉਦਾਹਰਣ ਦੇਂਦਿਆ ਲਿਖਿਆ ਸੀ ਕਿ ਉਹ ਧਰਮ ਦਾ ਪ੍ਰਚਾਰ ਕਿਵੇਂ ਕਰਦੇ ਹਨ। ਅੱਜ ਤੋਂ ਬਹੁਤ ਸਮਾਂ ਪਹਿਲਾਂ ਅਮਰੀਕਾ ਦੇ ਇਕ ਪਿੰਡ ਵਿਚ ਕਿਸੇ ਆਦਮੀ ਨੂੰ ਲਾ-ਇਲਾਜ ਬਿਮਾਰੀ ਲੱਗ ਗਈ। ਪਿੰਡ ਵਾਲਿਆਂ ਨਾਲ ਰਲ ਕੇ ਪਰਿਵਾਰ ਨੇ ਆਪਣੇ ਹੀ ਪਰਿਵਾਰ ਦੇ ਮੈਂਬਰ ਨੂੰ ਪਿੰਡੋਂ ਬਾਹਰ ਕੱਢ ਕੇ ਰੱਬ ਜੀ ਦੇ ਆਸਰੇ ਛੱਡ ਦਿੱਤਾ। ਉਹ ਵਿਚਾਰਾ ਕੁਰਲਾ ਰਿਹਾ ਸੀ, ਲੋਕ ਵੇਖਦੇ ਹੋਇਆਂ ਵੀ ਪਰ੍ਹੇ ਦੀ ਲੰਘ ਜਾਂਦੇ ਸਨ। ਕਿਸੇ ਦੇ ਮਨ ਵਿਚ ਵੀ ਉਸ ਪ੍ਰਤੀ ਕੋਈ ਤਰਸ, ਦਇਆ ਦੀ ਭਾਵਨਾ ਨਹੀਂ ਆਈ ਸੀ। ਅਚਾਨਕ ਈਸਾਈ ਮਤ ਦਾ ਇਕ ਪ੍ਰਚਾਰਕ ਨੇੜੇ ਦੀ ਲੰਘ ਰਿਹਾ ਸੀ ਤਾਂ ਉਸ ਨੇ ਦੇਖਿਆ ਕਿ ਬਿਮਾਰ ਆਦਮੀ ਦਰਦਾਂ ਨਾਲ ਕੁਰਲਾ ਰਿਹਾ ਹੈ। ਉਹ ਪ੍ਰਚਾਰਕ ਚਰਚ ਵਿਚ ਗਿਆ ਤੇ ਆਪਣੇ ਨਾਲ ਦੋ ਸਿਸਟਰਜ਼ ਨੂੰ ਲੈ ਕੇ ਆਇਆ। ਉਸ ਦੀ ਸੰਭਾਲ ਕਰਦਿਆਂ ਉਸ ਨੂੰ ਗਿਰਜੇਘਰ ਵਿਚ ਲੈ ਆਏ। ਮਨੁੱਖੀ ਹਮਦਰਦੀ ਜਤਲਾਉਂਦਿਆਂ ਹੋਇਆਂ ਉਸ ਦੀ ਮਲ੍ਹਮ ਪੱਟੀ ਕਰਨੀ ਸ਼ੁਰੂ ਕਰ ਦਿੱਤੀ। ਕੁਝ ਦਿਨਾਂ ਦੀ ਮਿਹਨਤ ਦਾ ਸਦਕਾ ਉਸ ਦੀ ਬਿਮਾਰੀ 'ਤੇ ਉਨ੍ਹਾਂ ਨੇ ਕੰਟਰੋਲ ਕਰ ਲਿਆ। ਬਿਲਕੁਲ ਠੀਕ ਹੋ ਜਾਣ 'ਤੇ ਉਨ੍ਹਾਂ ਨੇ ਉਸ ਨੂੰ ਈਸਾਈ ਮਤ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਬਿਮਾਰ ਆਦਮੀ ਨੇ ਉਨ੍ਹਾਂ ਦੀ ਹਮਦਰਦੀ, ਸੇਵਾ ਭਾਵਨਾ ਨੂੰ ਪ੍ਰਤੱਖ ਦੇਖ ਕੇ ਈਸਾਈ ਮਤ ਨੂੰ ਪੜ੍ਹਿਆ ਹੀ ਨਹੀਂ ਬਲਕਿ ਗ੍ਰਹਿਣ ਵੀ ਕਰ ਲਿਆ। ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਉਹ ਆਪਣੇ ਪਿੰਡ ਮੁੜ ਆਇਆ ਤੇ ਉਸ ਨੇ ਦੱਸਿਆ ਕਿ ਮੈਂ ਈਸਾਈ ਧਰਮ ਨੂੰ ਅਪਣਾ ਲਿਆ ਹੈ। ਪਿੰਡ ਵਾਲਿਆਂ ਨੇ ਉਸ ਨੂੰ ਬਹੁਤ ਬੁਰਾ-ਭਲਾ ਕਿਹਾ ਤੇ ਨਾਲ ਹੀ ਪਿੰਡ ਛੱਡ ਜਾਣ ਲਈ ਕਹਿ ਦਿੱਤਾ, ਕਿਉਂਕਿ ਉਸ ਨੇ ਪਿਤਾ-ਪੁਰਖੀ ਧਰਮ ਛੱਡ ਕੇ ਕਿਸੇ ਦੂਸਰੇ ਧਰਮ ਨੂੰ ਅਪਣਾ ਲਿਆ ਸੀ। ਬਿਮਾਰੀ ਤੋਂ ਠੀਕ ਹੋਏ ਆਦਮੀ ਨੇ ਪਿੰਡ ਵਾਲਿਆਂ ਨੂੰ ਇਕ ਬਹੁਤ ਚੁੱਭਵੀਂ ਤੇ ਦਿਲ ਨੂੰ ਹਿਲਾ ਦੇਣ ਵਾਲੀ ਗੱਲ ਕਹੀ ਕਿ 'ਮੈਨੂੰ ਨਹੀਂ ਪਤਾ ਮੈਂ ਕਿਹੜਾ ਧਰਮ ਅਪਣਾ ਲਿਆ ਹੈ, ਪਰ ਮੈਨੂੰ ਇਤਨਾ ਜ਼ਰੂਰ ਯਕੀਨ ਹੋ ਗਿਆ ਹੈ ਕਿ ਉਹ ਲੋਕ ਤੁਹਾਡੇ ਨਾਲੋਂ ਬਹੁਤ ਚੰਗੇ ਹਨ।

ਸਿੱਖ ਧਰਮ ਵਿਚ ਸੇਵਾ ਦਾ ਖੇਤਰ ਬਹੁਤ ਹੀ ਵਿਸ਼ਾਲ ਹੈ। ਗੁਰੂਆਂ ਦੇ ਜੀਵਨ ਤੋਂ ਸ਼ੁਰੂ ਕਰੀਏ ਤਾਂ ਗੁਰੂ ਨਾਨਕ ਜੀ ਦੀ ਕੋਹੜੀ ਨਾਲ ਹਮਦਰਦੀ ਜੱਗ-ਜ਼ਾਹਿਰ ਹੈ। ਮਾਝੇ ਦੇ ਇਕ ਪਿੰਡ ਵਿਚ ਇਕ ਕੋਹੜੀ ਜੋ ਦਰਦਾਂ ਨਾਲ ਹਰ ਵੇਲੇ ਕੁਰਲਾਉਂਦਾ ਰਹਿੰਦਾ ਸੀ। ਘਰਵਾਲੇ ਰੋਜ਼ ਦਾ ਕਲੇਸ਼ ਮੁਕਾਉਣ ਲਈ ਉਸ ਨੂੰ ਦਰਿਆ ਬਿਆਸ ਵਿਚ ਸੁੱਟਣ ਤੁਰੇ ਜਾ ਰਹੇ ਸਨ। ਗੁਰੂ ਅਰਜਨ ਪਾਤਸ਼ਾਹ ਜੀ ਨੇ ਇਸ ਘਟਨਾ ਨੂੰ ਦੇਖਿਆ ਤਾਂ ਉਨ੍ਹਾਂ ਨੇ ਕਿਹਾ ਕਿ ਬੰਦਾ ਮਾਰਨ ਨਾਲ ਕੋਹੜ ਦੀ ਬਿਮਾਰੀ ਖ਼ਤਮ ਨਹੀਂ ਹੋ ਸਕਦੀ। ਇਸ ਦੇ ਇਲਾਜ ਲਈ ਹਸਪਤਾਲ ਦੀ ਜ਼ਰੂਰਤ ਹੈ। ਦੁਨੀਆ ਦਾ ਪਹਿਲਾ ਕੋਹੜੀ-ਘਰ ਤਰਨ ਤਾਰਨ ਵਿਖੇ ਗੁਰੂ ਸਾਹਿਬ ਜੀ ਨੇ ਬਣਵਾਇਆ ਜੋ ਸਾਡੇ ਸਾਹਮਣੇ ਦੁਨੀਆ ਵਿਚ ਸੇਵਾ ਦੀ ਪ੍ਰਤੱਖ ਮਿਸਾਲ ਹੈ। ਗੁਰੂ ਹਰਿ ਰਾਇ ਸਾਹਿਬ ਜੀ ਦੇ ਦਵਾਖ਼ਾਨੇ ਵਿੱਚੋਂ ਦਾਰਾ ਸ਼ਿਕੋਹ ਦੇ ਇਲਾਜ ਲਈ ਦਵਾਈ ਦਾ ਪ੍ਰਬੰਧ ਕੀਤਾ ਗਿਆ।

ਗੁਰੂ ਨਾਨਕ ਸਾਹਿਬ ਨੇ ਦੁਨੀਆ ਵਿਚ ਸੇਵਾ ਕਰਨ ਦਾ ਜੋ ਆਦਰਸ਼ ਦਿੱਤਾ ਸੀ, ਉਹ ਅਸੀਂ ਸਿਰਫ਼ ਗੁਰਦੁਆਰਿਆਂ ਦੀ ਚਾਰ-ਦੀਵਾਰੀ ਤਕ ਸੀਮਤ ਕਰ ਕੇ ਰੱਖ ਦਿੱਤਾ ਹੈ। ਹਾਂ, ਗੁਰਦੁਆਰਿਆਂ ਵਿੱਚੋਂ ਸੇਵਾ ਦਾ ਵਲ ਸਿੱਖ ਕੇ ਅਗਾਂਹ ਦੁਨੀਆ ਵਿਚ ਇਸ ਮਹਾਨ ਸੇਵਾ ਨੂੰ ਪ੍ਰਗਟ ਕਰਨਾ ਸੀ ਜੋ ਅਸੀਂ ਕਰ ਨਹੀਂ ਸਕੇ। ਗੁਰਮਤਿ ਅਨੁਸਾਰ ਸੇਵਾ ਦਾ ਆਦਰਸ਼ ਕੀ ਹੈ ? ਇਸ ਲਈ ਸੇਵਾ ਦੇ ਵਿਸ਼ਾਲ ਖੇਤਰ ਨੂੰ ਸਮਝਣ ਲਈ ਸਿਰੀ ਰਾਗ ਦੇ ਇਕ ਸ਼ਬਦ ਦੀ ਵੀਚਾਰ ਸਾਂਝੀ ਕਰਾਂਗੇ :

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥
ਬਿਨੁ ਤੇਲ ਦੀਵਾ ਕਿਉ ਜਲੈ ॥੧॥ਰਹਾਉ॥
ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਨਿ ਜਲਾਈਐ ॥੨॥
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ਰਹਾਉ॥
ਇਤੁ ਤਨਿ ਲਾਗੈ ਬਾਣੀਆ ॥
ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥੩॥
ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥੪॥ *(ਸਿਰੀਰਾਗੁ ਮਹਲਾ ੧, ਪੰਨਾ 25)*

ਇਸ ਸ਼ਬਦ ਵਿਚ ਦੋ ਰਹਾਉ ਦੀਆਂ ਤੁਕਾਂ ਆਈਆਂ ਹਨ। ਇਕ ਵਿਚ ਸਵਾਲ ਉਠਾਇਆ ਗਿਆ ਹੈ ਤੇ ਦੂਜੀ ਵਿਚ ਉਸ ਦਾ ਉੱਤਰ ਦੇਂਦਿਆਂ ਦੁਨੀਆ ਦੀ ਸੇਵਾ ਜਾਂ ਕਿਸੇ ਦੇ ਕੰਮ ਆ ਸਕਣ ਦਾ ਮਨੋਰਥ ਰੱਖਿਆ ਗਿਆ ਹੈ। ਰਾਤ ਦੇ ਹਨੇਰੇ ਨੂੰ ਦੂਰ ਕਰਨ ਲਈ ਦੀਵਾ ਜਗਾਇਆ ਜਾਂਦਾ ਹੈ, ਪਰ ਦੀਵਾ ਜਗੇਗਾ ਤਾਂ ਜੇ ਉਸ ਵਿਚ ਤੇਲ, ਵੱਟੀ ਹੋਏਗਾ :

ਬਿਨੁ ਤੇਲ ਦੀਵਾ ਕਿਉ ਜਲੈ ॥

'ਦੀਵਾ' ਮਨੁੱਖੀ ਸਰੀਰ ਨੂੰ ਕਿਹਾ ਗਿਆ ਹੈ ਤੇ 'ਤੇਲ' ਉਸ ਵਿਚ ਆਤਮਿਕ ਸੂਝ ਨੂੰ ਕਿਹਾ ਗਿਆ ਹੈ। ਦੀਵੇ ਵਿਚ ਤੇਲ ਹੋਏਗਾ ਤਾਂ ਉਹ ਚਾਨਣ ਦਏਗਾ। ਇੰਜ ਹੀ ਮਨੁੱਖੀ ਸਰੀਰ ਵਿਚ ਗੁਰੂ ਜੀ ਦਾ ਉਪਦੇਸ਼ ਹੋਏਗਾ ਤਾਂ ਹੀ ਉਸ ਦਾ ਲਾਭ ਹੈ, ਨਹੀਂ ਤਾਂ ਮਿੱਟੀ ਦੇ ਮਾਧੋ ਤੋਂ ਵੱਧ ਕੁਝ ਵੀ ਨਹੀਂ ਹੈ। ਸਵਾਲ ਹੈ ਗੁਰੂ ਜੀ ਦੇ ਗਿਆਨ ਤੋਂ ਬਿਨਾਂ ਆਤਮਿਕ ਸੂਝ ਨਹੀਂ ਆ ਸਕਦੀ। "ਬਿਨੁ ਤੇਲੁ ਦੀਵਾ ਕਿਉ ਜਲੈ ॥" ਦੀਵਾ ਤੇਲ ਤੋਂ ਬਿਨਾਂ ਨਹੀਂ ਜਗ ਸਕਦਾ ਤੇ ਮਨੁੱਖ ਨੂੰ ਗਿਆਨ ਤੋਂ ਬਿਨਾਂ ਸੂਝ ਨਹੀਂ ਆ ਸਕਦੀ। ਇਸ ਆਤਮਿਕ ਸੂਝ ਤੋਂ ਬਿਨਾਂ ਮਨੁੱਖ ਜੋ ਸੁਭਾਅ ਕਬੂਲ ਕਰਦਾ ਹੈ, ਉਸ ਦਾ ਜ਼ਿਕਰ ਪਹਿਲੀ ਤੁਕ ਵਿਚ ਆਇਆ ਹੈ :

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥

ਇਨ੍ਹਾਂ ਤੁਕਾਂ ਵਿਚ ਮਾਇਆ ਦੇ ਪ੍ਰਭਾਵ ਦੀ ਗੱਲ ਕੀਤੀ ਗਈ ਹੈ। ਮਾਇਆ ਕਿਸੇ ਤੋਂ ਛਲੀ ਨਹੀਂ ਗਈ, ਮਾਇਆ ਨੂੰ ਕੋਈ ਜ਼ਖ਼ਮੀ ਵੀ ਨਹੀਂ ਕਰ ਸਕਦਾ, ਪਰ ਲੋਭੀ ਜੀਅੜਾ ਇਸ ਦੇ ਅੱਗੇ ਭੰਗੜਾ ਪਾਉਂਦਾ ਫਿਰਦਾ ਹੈ। ਪਰਮਾਤਮਾ ਦੀ ਮਿਥੀ ਹੋਈ ਮਰਯਾਦਾ ਸਭ ਜੀਵਾਂ ਦੇ ਅੱਗੇ ਪ੍ਰਗਟ ਹੋ ਰਹੀ ਹੈ। ਬਹੁਤ ਬਰੀਕ ਸਵਾਲ ਉੱਠਦਾ ਹੈ ਕਿ ਇਹ ਮਾਇਆ ਹੈ ਕੀ ਚੀਜ਼ ? ਦਰਅਸਲ, ਮਨ ਵਿਚ ਹਰ ਵੇਲੇ ਕਈ ਖ਼ਿਆਲ ਚੱਲਦੇ ਹੀ ਰਹਿੰਦੇ ਹਨ। ਕੁਝ ਵਿਚਾਰ ਅਜੇਹੇ ਹੁੰਦੇ ਹਨ, ਜੋ ਬਹੁਤ ਹੀ ਮਲੀਨ ਹੁੰਦੇ ਹਨ। ਇੰਜ ਵੀ ਸਮਝਿਆ ਜਾ ਸਕਦਾ ਹੈ ਕਿ ਜਿਨ੍ਹਾਂ ਵਿਚਾਰਾਂ ਦੁਆਰਾ ਮਨੁੱਖ ਪਾਸੋਂ ਰੱਬੀ ਗੁਣ ਵਿਸਰ ਜਾਂਦੇ ਹਨ ਜਾਂ ਰੁਕਾਵਟ ਬਣਦੇ ਹਨ, ਉਹ ਸਾਰੇ ਹੀ ਮਾਇਆ ਰੂਪ ਵਿਚ ਪ੍ਰਗਟ ਹੁੰਦੇ ਹਨ। ਇਸ ਪ੍ਰਥਾਏ ਗੁਰੂ ਅਮਰਦਾਸ ਜੀ ਦਾ ਬੜਾ ਸੁੰਦਰ ਫ਼ੁਰਮਾਨ ਹੈ :

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥

(ਪੰਨਾ 921)

ਉਹ ਸਾਰਾ ਕੁਝ ਮਾਇਆ ਵਿਚ ਹੀ ਆ ਜਾਂਦਾ ਹੈ, ਜਿਸ ਦੁਆਰਾ ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਭੁੱਲ ਜਾਣ। ਮਨੁੱਖ ਕਰਮ ਕਰਨ ਵਿਚ ਅਜ਼ਾਦ

ਹੈ ਤੇ ਅਜ਼ਾਦ ਕਰਮ ਕਰਦਿਆਂ ਸਾਨੂੰ ਫਲ ਵੀ ਉਸੇ ਹੀ ਕਰਮ ਦਾ ਮਿਲੇਗਾ ਜੋ ਅਸੀਂ ਕਰ ਰਹੇ ਹਾਂ। ਫਿਰ ਇਸ ਕਰਮ ਦੇ ਫਲ ਵਿਚ ਰੱਬ ਜੀ ਦਾ ਕੋਈ ਕਸੂਰ ਨਹੀਂ ਹੈ। ਉਸ ਦੀ ਬਣਾਈ ਹੋਈ ਨਿਯਮਾਵਲੀ ਵਿਚ ਜੇਹੋ ਜੇਹਾ ਅਸੀਂ ਕਰਮ ਕਰਾਂਗੇ, ਫਲ ਸਾਨੂੰ ਉਹੋ ਜੇਹਾ ਹੀ ਮਿਲਣਾ ਹੈ। ਸਮਾਜ ਦੀਆਂ ਬੇਲੋੜੀਆਂ ਰਸਮਾਂ ਵਿਚ ਮਨੁੱਖ ਫਸਿਆ ਪਿਆ ਹੈ। ਧਾਰਮਿਕ ਰਸਮਾਂ ਨਿਬਾਹੁਣ ਵਾਲੇ ਇਸ ਮਾਇਆ ਅੱਗੇ ਨੱਚ ਰਹੇ ਹਨ, ਰਾਜਨੀਤਿਕ ਆਗੂ ਅਗਲੀ ਚੋਣ ਲੜਨ ਲਈ ਮਾਇਆ ਇਕੱਠੀ ਕਰਨ ਦੇ ਚੱਕਰ ਵਿਚ ਮਾਇਆ ਦੇ ਅੱਗੇ ਲੋਭੀ ਜੀਅੜਾ ਬਣ ਕੇ ਨੱਚ ਰਹੇ ਹਨ ਤੇ ਜੋ ਸੇਵਾ ਇਨ੍ਹਾਂ ਮਨੁੱਖਤਾ ਦੀ ਕਰਨੀ ਸੀ, ਉਹ ਛੱਡ ਗਏ। ਰਾਜਨੀਤਿਕ ਨੇਤਾ ਜਨ ਵਿਚ ਖ਼ੁਦਗ਼ਰਜ਼ੀ ਇਤਨੀ ਆ ਗਈ ਹੈ ਕਿ ਲੋਕ ਭਲਾਈ ਦੇ ਕੰਮਾਂ ਨੂੰ ਹੀ ਭੁੱਲ ਗਏ ਹਨ। 'ਇਸੁ ਲੋਭੀ ਕਾ ਜੀਉ ਟਲ ਪਲੈ' ਨਿਜ ਸੁਆਰਥ ਤੋਂ ਉਪਰ ਉੱਠ ਕੇ ਦੁਨੀਆ ਦੀ ਸੇਵਾ ਵੱਲ ਨੂੰ ਵਧਣਾ ਸੀ। ਅਜਿਹਾ ਆਤਮਿਕ ਸੂਝ ਦੀ ਘਾਟ ਕਰਕੇ ਹੀ ਹੋ ਰਿਹਾ ਹੈ। ਦੀਵਾ ਚਾਨਣ ਦੇਣ ਦੇ ਸਮਰੱਥ ਨਹੀਂ ਹੈ, ਕਿਉਂਕਿ ਘਟੀਆ ਮਾਇਆ ਰੂਪੀ ਖ਼ਿਆਲਾਂ ਦੀ ਘੁੰਮਣ-ਘੇਰੀ ਵਿਚ ਫਸ ਗਿਆ ਹੈ। ਏਸੇ ਹੀ ਸ਼ਬਦ ਦੇ ਦੂਸਰੇ ਬੰਦ ਵਿਚ ਆਤਮਿਕ ਦੀਵੇ ਨੂੰ ਜਗਾਉਣ ਲਈ ਗਿਆਨ ਰੂਪੀ ਤੇਲ, ਵੱਟੀ ਤੇ ਅੱਗ ਦਾ ਫ਼ਾਰਮੂਲਾ ਵੀ ਰੱਖਿਆ ਗਿਆ ਹੈ। ਹੁਕਮੀ ਫ਼ੁਰਮਾਨ ਹੈ:

ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥

ਸਰੀਰ ਰੂਪੀ ਦੀਵੇ ਵਿਚ ਤੇਲ 'ਪੋਥੀ ਪੁਰਾਣ' ਦਾ ਪਾਉਣਾ, ਭਾਵ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨੂੰ ਸਮਝਣਾ ਤੇ ਅਪਣਾਉਣਾ ਹੈ। ਪੁਰਾਣੇ ਸਮਿਆਂ ਵਿਚ ਮਿੱਟੀ ਦੇ ਦੀਵੇ ਹੁੰਦੇ ਸਨ ਤੇ ਉਨ੍ਹਾਂ ਵਿਚ ਸਰ੍ਹੋਂ ਦਾ ਤੇਲ ਤੇ ਰੂੰ ਦੀ ਵੱਟੀ ਵੱਟ ਕੇ ਪਾ ਲਈ ਜਾਂਦੀ ਸੀ। ਚੁੱਲ੍ਹੇ ਵਿੱਚੋਂ ਅੱਗ ਲੈ ਕੇ ਦੀਵਾ ਜਗਾ ਲਿਆ ਜਾਂਦਾ ਸੀ। ਜਿਥੇ ਗੁਰੂ ਦੀ ਸੂਝ 'ਤੇ ਜ਼ੋਰ ਦਿੱਤਾ ਹੈ, ਉਥੇ ਇਸ ਸਰੀਰ ਵਿਚ ਰੱਬੀ ਭੈਅ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਵੀ ਕਿਹਾ ਗਿਆ ਹੈ। ਇਸ ਦੀਵੇ ਵਿਚ ਤੇਲ ਤੇ ਵੱਟੀ ਤੋਂ ਲੋਅ ਲੈਣ ਲਈ ਸੱਚ ਰੂਪੀ ਅੱਗ ਦੀ ਜ਼ਰੂਰਤ ਹੈ। ਗੱਲ ਸਿੱਧੀ ਮੁੱਕਦੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਦੁਨੀਆ ਵਿਚ ਸੇਵਾ ਕਰਨ ਲਈ ਆਤਮਿਕ ਸੂਝ ਦੀ ਲੋੜ, ਗੁਰ-ਗਿਆਨ, ਰੱਬੀ ਨਿਯਮਾਵਲੀ ਤੇ ਸੱਚ ਬੋਲਣ ਦੀ ਲੀਕ ਖਿੱਚ ਕੇ ਇਕ ਮਾਡਲ ਤਿਆਰ ਕੀਤਾ ਹੈ।

ਦੂਸਰੇ ਰਹਾਉ ਵਿਚ ਜਗ ਰਹੇ ਦੀਵੇ ਦੀ ਅਵਸਥਾ ਦਾ ਵਿਸਥਾਰ ਆਇਆ ਹੈ, ਜੋ ਪਰਮਾਤਮਾ ਦੇ ਮਿਲਾਪ ਦੀ ਨਿਸ਼ਾਨੀ ਦੱਸੀ ਗਈ ਹੈ:

ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥

ਤੇਲ, ਵੱਟੀ ਤੇ ਅਗਨੀ ਨਾਲ ਦੀਵਾ ਜਗਾ ਲੈਣਾ ਮੁਕੰਮਲ ਹਨੇਰੇ ਦਾ ਖ਼ਾਤਮਾ—ਪ੍ਰਕਾਸ਼ ਦੀ ਪ੍ਰਾਪਤੀ ਹੈ। ਚਾਨਣੇ ਵਿਚ ਕਦੇ ਕਿਸੇ ਨੂੰ ਠੇਡਾ ਨਹੀਂ ਲੱਗਦਾ, ਨਾ ਹੀ ਕੋਈ ਚੀਜ਼ ਗੁਆਚਦੀ ਹੈ। ਏਸੇ ਲਈ ਚੰਗੀਆਂ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਗਲੀਆਂ ਵਿਚ ਰੌਸ਼ਨੀ ਦਾ ਚੰਗੇਰਾ ਪ੍ਰਬੰਧ ਕਰ ਦੇਂਦੀਆਂ ਹਨ, ਤਾਂ ਕਿ ਚੋਰੀ ਇਤਿਆਦਿਕ ਤੋਂ ਬਚਿਆ ਜਾ ਸਕੇ। ਦੀਵਾ ਤਾਂ ਮਨੁੱਖ ਨੂੰ ਸਮਝਾਉਣ ਲਈ ਇਕ ਉਦਾਹਰਨ ਵਜੋਂ ਲਿਆ ਗਿਆ ਹੈ। 'ਦੀਵਾ ਬਲੇ ਅੰਧੇਰਾ ਜਾਇ' ਅੰਦਰਲੇ ਸੁਭਾਅ ਵਿਚ ਦੀਵਾ ਜਗਾਉਣ ਦੀ ਗੱਲ ਕੀਤੀ ਗਈ ਹੈ। ਬੁਝੇ ਹੋਏ ਦੀਵੇ ਨੂੰ ਬਾਹਰਲੀ ਅੱਗ ਲੈ ਕੇ ਜਗਾਇਆ ਜਾਂਦਾ ਹੈ। ਇੰਜ ਆਤਮਿਕ ਸੂਝ ਦਾ ਗੁਰ-ਉਪਦੇਸ਼, ਰੱਬੀ ਨਿਯਮਾਵਲੀ ਤੇ ਸੱਚ ਧਾਰਨ ਕਰਨ ਦੀ ਬਿਰਤੀ ਦਾ ਨਾਂ ਦੀਵਾ ਜਗਣਾ ਹੈ। 'ਕਰਿ ਚਾਨਣੁ ਸਾਹਿਬੁ ਤਉ ਮਿਲੈ' ਵਾਹਿਗੁਰੂ ਜੀ ਦੇ ਮਿਲਾਪ ਦੀ ਨਿਸ਼ਾਨੀ ਰੱਖੀ ਗਈ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਨੂੰ ਇਸ ਧਰਤੀ 'ਤੇ ਰਹਿੰਦਿਆਂ ਹੀ ਚਾਨਣੇ ਵਿਚ ਵਿਚਰਨ ਦਾ ਵਲ਼ ਸਮਝਾਇਆ ਹੈ। ਇਸ ਚਾਨਣੇ ਵਿਚ ਤੁਰਨਾ ਹੀ ਰੱਬੀ ਮਿਲਾਪ ਹੈ। ਜਿਸ ਨੂੰ ਇਹ ਸਮਝ ਆ ਜਾਂਦੀ ਹੈ, ਉਹ ਜਗਤ ਨੂੰ ਮਿੱਥਿਆ ਮੰਨ ਕੇ ਚੱਲਣ ਦਾ ਭਲਾ ਸਮਝਦਾ ਹੈ। ਨਿੱਜੀ ਮੋਹ ਦੀਆਂ ਤੰਦਾਂ ਛੱਡ ਕੇ ਦੁਨੀਆ ਦੀ ਸੇਵਾ ਵੱਲ ਨੂੰ ਵਧਣ ਦੇ ਸਾਰਥਿਕ ਯਤਨ ਕਰਦਾ ਹੈ। ਤੀਸਰੇ ਬੰਦ ਵਿਚ ਹੋਰ ਵੀ ਸੌਖਾ ਸੂਤਰ ਦੱਸਿਆ ਗਿਆ ਹੈ:

ਇਤੁ ਤਨਿ ਲਾਗੈ ਬਾਣੀਆ ॥
ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥

ਇਸ ਸਰੀਰ ਨੂੰ ਨਾਸ਼ਵਾਨ ਸਮਝਦਿਆਂ, ਦੁਨੀਆ ਵਿਚ ਸੇਵਾ ਵਾਲੇ ਪਾਸੇ ਲਗਾ ਕੇ ਆਤਮਿਕ ਅਨੰਦ ਮਾਣਦਾ ਹੈ, ਜੋ ਕਿ ਪ੍ਰਭੂ-ਮਿਲਾਪ ਦੀ ਸਿਖਰ ਹੈ। ਅਖ਼ੀਰਲੀਆਂ ਤੁਕਾਂ ਵਿਚ ਗੁਰੂ ਜੀ ਨੇ ਜੋ ਉਪਦੇਸ਼ ਦਿੱਤਾ ਹੈ, ਉਹ ਦੁਨੀਆ ਵਿਚ ਸੇਵਾ ਦਾ ਹੀ ਨਿਸ਼ਾਨਾ ਰੱਖਿਆ ਗਿਆ ਹੈ:

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥

ਇਨ੍ਹਾਂ ਤੁਕਾਂ ਵਿਚ ਤਿੰਨ ਗੱਲਾਂ ਦਾ ਸਿਧਾਂਤ ਸਾਡੇ ਸਾਹਮਣੇ ਉਘੜ ਕੇ ਆਉਂਦਾ ਹੈ—ਇਕ ਸੇਵਾ, ਦੂਜਾ ਰੱਬੀ ਦਰਗਾਹ ਤੇ ਤੀਜਾ ਸੰਸਾਰ ਵੱਲੋਂ

ਚਿੰਤਾਵਾਂ ਦੀ ਮੁਕਤੀ। ਪਰਮਾਤਮਾ ਦਾ ਕੋਈ ਖ਼ਾਸ ਟਿਕਾਣਾ ਨਹੀਂ ਹੈ, ਉਹ ਤਾਂ ਸਗੋਂ ਕੁਦਰਤ ਰਾਹੀਂ ਇਸ ਧਰਤੀ 'ਤੇ ਹੀ ਦੇਖਿਆ ਮਾਣਿਆ ਜਾ ਸਕਦਾ ਹੈ। ਗੁਰੂ ਸਾਹਿਬ ਜੀ ਦਾ ਸਾਫ਼ ਫ਼ੁਰਮਾਨ ਹੈ :

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥ *(ਪੰਨਾ 677)*

ਤਥਾ :

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥ *(ਪੰਨਾ 133)*

ਸਮੁੰਦਰੀ ਬੇੜਾ ਤਰਦਾ ਤੇ ਡੁੱਬਦਾ ਪਾਣੀ ਵਿਚ ਹੀ ਹੈ। ਏਸੇ ਤਰ੍ਹਾਂ ਹੀ ਸੰਸਾਰ-ਰੂਪੀ ਸਮੁੰਦਰ ਵਿਚ ਹੀ ਮਨੁੱਖ ਤਰ ਸਕਦਾ ਹੈ ਤੇ ਵਿਕਾਰਾਂ ਦੀਆਂ ਲਹਿਰਾਂ ਵਿਚ ਡੁੱਬ ਵੀ ਸਕਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ 'ਵਿਚਿ ਦੁਨੀਆ ਸੇਵ ਕਮਾਈਐ,' ਭਾਵ ਰੱਬ ਦੇ ਬਣਾਏ ਹੋਏ ਬੰਦਿਆਂ ਦੀ ਸੇਵਾ ਹੀ ਪਰਮਾਤਮਾ ਦੀ ਸੇਵਾ ਹੈ। 'ਤਾ ਦਰਗਹ ਬੈਸਣੁ ਪਾਈਐ' ਸਾਡਾ ਸਮਾਜ, ਭਾਈਚਾਰਾ, ਮੁਲਕਾਂ ਦੀ ਸਾਂਝ, ਆਪਣੇ ਪਿੰਡ ਸ਼ਹਿਰ, ਗੱਲ ਕੀ, ਇਸ ਧਰਤੀ ਦੇ ਤਲ ਨੂੰ ਰੱਬੀ ਦਰਗਾਹ ਕਿਹਾ ਗਿਆ ਹੈ। ਏਥੇ ਹੀ ਚਿੰਤਾਵਾਂ ਤੋਂ ਮੁਕਤ ਹੋਣਾ ਹੈ। ਸੰਨ ਇਕੱਤਰ ਵਿਚ ਦਸਵੀਂ ਜਮਾਤ ਵਿਚ ਪੜ੍ਹਦਿਆਂ ਅੰਗਰੇਜ਼ੀ ਕਿਤਾਬ ਵਿੱਚੋਂ ਇਕ ਬਹੁਤ ਖ਼ੂਬਸੂਰਤ ਕਵਿਤਾ ਪੜ੍ਹੀ ਸੀ, ਜਿਸ ਦਾ ਸਾਰ ਇਸ ਤਰ੍ਹਾਂ ਸੀ : ਇਕ ਦਿਨ ਅਬੂ-ਬਿਨ ਅਦਮ ਨਾਂ ਦਾ ਇਕ ਭਲਾ ਮਨੁੱਖ ਆਪਣੇ ਘਰ ਵਿਚ ਬੈਠਾ ਹੋਇਆ ਸੀ। ਉਸ ਨੂੰ ਮਿਲਣ ਲਈ ਇਕ ਫ਼ਰਿਸ਼ਤਾ ਆਇਆ ਤੇ ਕਹਿਣ ਲੱਗਾ ਕਿ ਮੈਂ ਕੁਝ ਉਨ੍ਹਾਂ ਲੋਕਾਂ ਦੇ ਨਾਮ ਲਿਖ ਰਿਹਾ ਹਾਂ, ਜੋ ਰੱਬ ਦੀ ਬੰਦਗੀ ਕਰਦੇ ਹਨ। ਅਬੂ-ਬਿਨ ਅਦਮ ਕਹਿਣ ਲੱਗਾ ਕਿ ਕੀ ਬੰਦਗੀ ਕਰਨ ਵਾਲਿਆਂ ਦੇ ਨਾਲ ਮੇਰਾ ਵੀ ਇਸ ਵਿਚ ਨਾਮ ਲਿਖਿਆ ਹੋਇਆ ਹੈ ? ਤਾਂ ਫ਼ਰਿਸ਼ਤੇ ਨੇ ਹੱਥ ਵਿਚ ਫੜੀ ਹੋਈ ਸੁਨਹਿਰੀ ਕਿਤਾਬ ਫਰੋਲਦਿਆਂ ਕਿਹਾ ਕਿ ਭਲੇ ਲੋਕ, ਤੇਰਾ ਇਸ ਵਿਚ ਕੋਈ ਨਾਮ ਨਹੀਂ ਲਿਖਿਆ ਹੋਇਆ। ਤਾਂ ਅੱਗੋਂ ਅਬੂ ਨੇ ਬਹੁਤ ਹੀ ਹਲੀਮੀ ਨਾਲ ਕਿਹਾ ਕਿ ਬੇਸ਼ੱਕ ਬੰਦਗੀ ਕਰਨ ਵਾਲਿਆਂ ਵਿਚ ਨਾਮ ਨਾ ਲਿਖ, ਪਰ ਮੇਰਾ ਉਨ੍ਹਾਂ ਲੋਕਾਂ ਵਿਚ ਨਾਮ ਲਿਖ ਲੈ, ਜੋ ਰੱਬ ਦੇ ਬਣਾਏ ਬੰਦਿਆਂ ਨਾਲ ਪਿਆਰ ਕਰਦਿਆਂ ਉਸ ਦੀ ਸੇਵਾ ਵਿਚ ਜੁਟੇ ਰਹਿੰਦੇ ਹਨ। ਫ਼ਰਿਸ਼ਤੇ ਨੇ ਕਿਹਾ ਕਿ ਮੈਂ ਆਪਣੇ ਮਾਲਕ ਪਾਸੋਂ ਪੁੱਛ ਕੇ ਹੀ ਤੇਰਾ ਨਾਮ ਲਿਖ ਸਕਦਾ ਹਾਂ।

ਅਗਲੇ ਦਿਨ ਫ਼ਰਿਸ਼ਤਾ ਆਇਆ ਤੇ ਇਹ ਕਹਿਣ ਲੱਗਾ ਕਿ ਪਿਆਰੇ ਅਬੂ, ਤੇਰਾ ਨਾਮ ਮੇਰੇ ਮਾਲਕ ਨੇ ਸਭ ਤੋਂ ਪਹਿਲੇ ਨੰਬਰ 'ਤੇ ਲਿਖਿਆ ਹੋਇਆ ਹੈ ਕਿਉਂਕਿ ਰੱਬ ਦੇ ਬਣਾਏ ਹੋਏ ਬੰਦਿਆਂ ਨੂੰ ਤੂੰ ਪਿਆਰ ਹੀ ਨਹੀਂ ਕਰਦਾ ਬਲਕਿ ਤੂੰ ਉਨ੍ਹਾਂ ਦੀ ਸੇਵਾ ਵੀ ਕਰਦਾ ਰਹਿੰਦਾ ਏਂ। ਜ਼ਰੂਰੀ ਨਹੀਂ ਕਿ ਇਹ

ਘਟਨਾ ਇੰਜ ਵਾਪਰੀ ਹੋਵੇ, ਪਰ ਇਸ ਵਿੱਚੋਂ ਇਕ ਤੱਤ ਦੀ ਗੱਲ ਮਿਲਦੀ ਹੈ ਕਿ ਦੁਨੀਆ ਦੀ ਸੇਵਾ ਇਕ ਮਹਾਨ ਰੁਤਬਾ ਰੱਖਦੀ ਹੈ। ਗੁਰੂ ਜੀ ਦਾ ਸੇਵਾ ਸੰਬੰਧੀ ਕੈਸਾ ਫ਼ੈਸਲਾ ਹੈ :

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥

ਹਾਂ, ਜੇ ਅੱਜ ਦੇ ਯੁੱਗ ਵਿਚ ਕਿਸੇ ਨੇ ਅਬੂ ਦੇ ਦਰਸ਼ਨ ਕਰਨੇ ਹੋਣ ਤਾਂ ਅੰਮ੍ਰਿਤਸਰ ਪਿੰਗਲਵਾੜੇ ਦੇ ਬਾਨੀ ਭਗਤ ਪੂਰਨ ਸਿੰਘ ਜੀ ਦੇ ਜੀਵਨ ਵਿੱਚੋਂ ਕੀਤੇ ਜਾ ਸਕਦੇ ਹਨ। ਅਸਲ ਨੋਬਲ ਇਨਾਮ ਦੇ ਇਹ ਹੱਕਦਾਰ ਸਨ, ਪਰ ਅਜੇਹੇ ਕੌਮੀ ਹੀਰੇ ਇਨ੍ਹਾਂ ਇਨਾਮਾਂ ਨੂੰ ਤੁੱਛ ਜਾਣਦੇ ਸੀ। ਸਿੱਖ ਕੌਮ ਦੀ ਬਦ-ਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ 'ਵਿਚਿ ਦੁਨੀਆ ਸੇਵ ਕਮਾਈਐ' ਵਾਲੇ ਡੂੰਘੇ ਫ਼ਲਸਫ਼ੇ ਨੂੰ ਨਹੀਂ ਸਮਝ ਸਕੀ। ਮਨੁੱਖੀ ਸੇਵਾ ਵਰਗੇ ਮਹਾਨ ਫ਼ਲਸਫ਼ੇ ਨੂੰ ਗੁਰਦੁਆਰੇ ਦੀ ਚਾਰ-ਦੀਵਾਰੀ ਵਿਚ ਬੰਦ ਕਰ ਕੇ ਰੱਖ ਦਿੱਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਸੇਵਾ ਤਾਂ ਪ੍ਰਬੰਧਕ ਬਣਿਆਂ ਹੀ ਕੀਤੀ ਜਾ ਸਕਦੀ ਹੈ, ਉਂਜ ਕਿਥੇ ਸਮਾਂ ਮਿਲਦਾ ਹੈ। ਸੇਵਾ ਕਰਨ ਨੂੰ ਸਾਡੇ ਧੰਨ ਭਾਗ ਹਨ ਕਿ ਸੰਗਤ ਨੇ ਸਾਨੂੰ ਸੇਵਾ ਦਿੱਤੀ ਹੋਈ ਹੈ ਜੀ।

ਆਪਣੀ ਮਰਜ਼ੀ ਨਾਲ ਸੇਵਾ ਦੀਆਂ ਸਾਖੀਆਂ ਦਾ ਕਲਚਰ ਤਿਆਰ ਕਰ ਕੇ ਸਾਧ ਤਬਕੇ ਨੇ ਲੋਕਾਂ ਨੂੰ ਆਪਣੀਆਂ ਲੱਤਾਂ, ਗੋਡੇ ਘੁੱਟਣ ਤੇ ਚੋਲ਼ੇ ਕਛਹਿਰੇ ਧੋਣ ਤਕ ਸੇਵਾ ਨੂੰ ਸੀਮਤ ਕਰ ਦਿੱਤਾ ਹੈ। ਸਿੱਖੀ ਸਿਧਾਂਤ ਵਿਚ ਇਹ ਨਿਸ਼ਾਨਾ ਦੁਨੀਆ ਦੀ ਸੇਵਾ ਦਾ ਹੈ। ਪ੍ਰੋ. ਇੰਦਰ ਸਿੰਘ ਜੀ ਘੱਗਾ ਨੇ *ਸਾਡਾ ਬੇੜਾ ਇਉਂ ਗ਼ਰਕਿਆ* ਵਿਚ ਸੇਵਾ ਦੇ ਪ੍ਰਸੰਗ ਨੂੰ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ ਕਿ ਚਿੱਕੜ ਵਿੱਚੋਂ ਕੌਲਾ ਕੱਢ ਦਿੱਤਾ, ਗੁਰਤਾ ਮਿਲ ਗਈ ਜਾਂ ਥੜ੍ਹਾ ਬਣਾ ਦਿੱਤਾ ਤੇ ਖ਼ੁਸ਼ ਹੁੰਦਿਆਂ ਉਸੇ ਵੇਲੇ ਹੀ ਗੁਰਿਆਈ ਸੌਂਪ ਦਿੱਤੀ। ਗੁਰਿਆਈ ਦਾ ਮੀਟਰ ਤਾਂ ਗੁਰਬਾਣੀ ਸੂਝ, ਇਸ ਦਾ ਆਤਮਿਕ ਗਿਆਨ ਤੇ ਗੁਰੂ ਨਾਨਕ ਸਾਹਿਬ ਜੀ ਦੀ ਫ਼ਿਲਾਸਫ਼ੀ ਨੂੰ ਸਮਝ ਕੇ ਜੀਵਨ ਵਿਚ ਢਾਲਣ ਦਾ ਹੈ, ਜੋ ਭਾਈ ਲਹਿਣਾ ਜੀ ਨੇ ਤਨੋਂ-ਮਨੋਂ ਕਰ ਦਿਖਾਇਆ। ਜਦੋਂ ਗੁਰੂ ਨਾਨਕ ਸਾਹਿਬ ਜੀ ਦੀ ਨਰੋਈ ਵਿਚਾਰਧਾਰਾ ਤੇ ਕੁਦਰਤੀ ਫ਼ਲਸਫ਼ੇ ਦੀ ਸਮਝ ਆ ਗਈ ਤਾਂ ਹੁਕਮ ਮੰਨਣ ਤੇ ਸੇਵਾ ਭਾਵਨਾ ਦੇ ਕੀਮਤੀ ਆਦਰਸ਼ ਨੂੰ ਮਨ ਵਿਚ ਵਸਾ ਲਿਆ। ਫਿਰ ਇਕ ਮਿੰਟ ਲਾਇਆ ਏ ਭਾਈ ਲਹਿਣਾ ਜੀ ਨੇ ਮਰੀ ਹੋਈ ਚੂਹੀ ਨੂੰ ਚੁੱਕ ਬਾਹਰ ਸੁੱਟਣ ਦਾ। ਗੁਰੂ ਨਾਨਕ ਸਾਹਿਬ ਜੀ ਨੂੰ ਸੰਪੂਰਨ ਤੌਰ 'ਤੇ, ਭਾਵ ਉਨ੍ਹਾਂ ਦੇ ਸੰਪੂਰਨ ਫ਼ਲਸਫ਼ੇ ਨੂੰ ਹਿਰਦੇ ਵਿਚ ਸਮਾਈ ਬੈਠੇ ਭਾਈ ਲਹਿਣਾ ਜੀ ਨੇ ਗੰਦੇ ਨਾਲੇ ਵਿੱਚੋਂ ਕੌਲ ਕੱਢਣ ਦਾ ਕੋਈ ਉਜਰ

ਨਹੀਂ ਕੀਤਾ, ਕਿਉਂਕਿ ਗੁਰੂ ਨਾਨਕ ਸਾਹਿਬ ਜੀ ਦੀ ਸੋਚ ਨੂੰ ਹਿਰਦੇ ਵਿਚ ਪ੍ਰਪੱਕ ਕਰ ਲਿਆ ਹੋਇਆ ਸੀ। ਸ੍ਰੀਚੰਦ ਨੇ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਨਹੀਂ ਮੰਨਿਆ, ਸਗੋਂ ਸਿਰ ਪਿੰਡੇ 'ਤੇ ਸੁਆਹ ਮਲਣ ਦੀ ਨਵੀਂ ਵਿਚਾਰਧਾਰਾ ਨੂੰ ਤੋਰ ਕੇ ਉਦਾਸੀ ਮਤ ਚਲਾ ਦਿੱਤਾ। ਗੁਰੂ ਰਾਮਦਾਸ ਜੀ ਨੇ ਬਹੁਤ ਹੀ ਸਰਲ ਭਾਸ਼ਾ ਵਿਚ ਸੇਵਾ ਕਰਨ ਵਾਲੇ ਨੂੰ ਸਤਿਗੁਰੂ ਦੀ ਪ੍ਰਵਾਨਗੀ ਲੈਣ ਲਈ ਕਿਹਾ ਹੈ। ਇਸ ਵਾਕ ਵਿਚ ਕੈਸੀ ਭਾਵਨਾ ਪ੍ਰਗਟ ਕੀਤੀ ਗਈ ਹੈ :

> **ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥**
> **ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥**
> **ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥**
> **ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥**
> **ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥**

(ਰਾਗ ਗਉੜੀ ਮਹਲਾ 4, ਪੰਨਾ 314)

ਕੀ ਜੋ ਸੇਵਾ ਅਸੀਂ ਕਰ ਰਹੇ ਹਾਂ, ਇਸ ਨਾਲ ਗੁਰੂ ਸਾਹਿਬ ਜੀ ਦਾ ਮਨ ਮੰਨ ਸਕਦਾ ਹੈ। ਜੇ ਗੁਰੂ ਸਾਹਿਬ ਜੀ ਦਾ ਮਨ ਨਹੀਂ ਮੰਨਿਆ ਤਾਂ ਸੇਵਾ ਕਰਨ ਦਾ ਕੋਈ ਲਾਭ ਨਹੀਂ ਹੈ। "ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥" ਗੁਰੂ ਸਾਹਿਬ ਜੀ ਸਰੀਰ ਦੇ ਤਲ 'ਤੇ ਹੋਣ ਤਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਦਾ ਮੰਨ ਨਹੀਂ ਮੰਨਦਾ। 'ਸਤਿਗੁਰ ਕਾ ਮਨੁ ਮੰਨੇ' ਦਾ ਭਾਵ-ਅਰਥ ਗੁਰੂ ਸਾਹਿਬ ਜੀ ਦੇ ਆਦਰਸ਼ਾਂ ਨੂੰ ਸਮਝ ਕੇ ਸੇਵਾ ਕਰਨ ਦਾ ਹੈ। ਅਜੋਕੇ ਸਮੇਂ ਵਿਚ ਪਿਛਲੇ ਤੀਹ ਕੁ ਸਾਲ ਤੋਂ ਸੇਵਾ ਦੇ ਨਾਂ 'ਤੇ ਕੀਰਤਨ ਦਰਬਾਰਾਂ ਦੀ ਖ਼ੂਬ ਵਰਖਾ ਹੋਈ ਹੈ। ਕੀ ਅਜੇਹੇ ਕਰਮ-ਕਾਂਡ ਨਾਲ ਸਤਿਗੁਰੂ ਜੀ ਦਾ ਮਨ ਮਨਾਇਆ ਜਾ ਸਕਦਾ ਹੈ ? ਕੀ ਅਜੇਹੀ ਸੇਵਾ ਦੁਨੀਆ ਦੀ ਸੇਵਾ ਹੋ ਸਕਦੀ ਹੈ ? ਕੁਝ ਪਰਿਵਾਰਾਂ ਤੇ ਕੁਝ ਪ੍ਰਬੰਧਕਾਂ ਨੂੰ ਲਾਭ ਦੀ ਸੇਵਾ ਹੋ ਸਕਦੀ ਹੈ, ਸਾਰੀ ਦੁਨੀਆ ਦੀ ਇਹ ਸੇਵਾ ਨਹੀਂ ਹੋ ਸਕਦੀ, ਕਿਉਂਕਿ ਬਹੁਤ ਥਾਈਂ ਇਹ ਇਕ ਲਾਹੇਵੰਦਾ ਪਵਿੱਤਰ ਧੰਧਾ ਬਣ ਕੇ ਰਹਿ ਗਿਆ ਹੈ। ਸੇਵਾ ਕੀਤੀ ਸਫਲ ਉਸ ਨੂੰ ਗਿਣਿਆ ਗਿਆ ਹੈ ਜੋ ਦੁਨੀਆ ਦੀ ਹੋਵੇ, ਪਰ ਸਿੱਖ ਧਰਮ ਵਿਚ ਅੱਜ ਸੇਵਾ ਉਹ ਕੀਤੀ ਜਾ ਰਹੀ ਹੈ ਜਿਸ ਦੁਆਰਾ ਸਾਡਾ ਨਾਂ ਹੀ ਅੱਗੇ ਆਵੇ। ਪੰਜਾਬ ਦੀ ਧਰਤੀ 'ਤੇ ਸੇਵਾ ਦਾ ਇਕ ਨਵਾਂ ਰੁਝਾਨ ਚੱਲਿਆ ਹੈ ਕਿ ਪਿੰਡ ਦੇ ਬਾਹਰਵਾਰ ਉੱਚੇ-ਉੱਚੇ ਗੇਟ ਬਣਾਉਣ ਦਾ, ਜਿਸ 'ਤੇ ਆਪਣੇ ਗੁਜ਼ਰ ਚੁੱਕੇ ਬਜ਼ੁਰਗ ਦਾ ਨਾਂ ਮੋਟੇ-ਮੋਟੇ ਅੱਖਰਾਂ ਵਿਚ ਲਿਖਿਆ ਹੁੰਦਾ ਹੈ ਕਿ ਇਹ ਸੇਵਾ ਕਰਾਈ ਅਮਰੀਕਾ ਨਿਵਾਸੀ ਅਮਕੇ ਪਰਿਵਾਰ ਨੇ। ਸਿਧਾਂਤਿਕ ਤੌਰ 'ਤੇ ਇਸ ਗੇਟ ਦਾ ਕਿਸੇ ਨੂੰ ਕੋਈ ਲਾਭ ਨਹੀਂ ਹੈ, ਕਿਉਂਕਿ ਇਹ ਗੇਟ ਧੁੱਪ,

ਮੀਂਹ ਤੋਂ ਕੋਈ ਬਚਾ ਨਹੀਂ ਕਰ ਸਕਦਾ। ਇਸ ਦੀ ਜਗ੍ਹਾ ਛੋਟਾ ਜੇਹਾ ਬੱਸ ਸਟੈਂਡ ਬਣਾ ਦਿੱਤਾ ਜਾਂਦਾ ਤਾਂ ਇਸ ਦਾ ਲਾਭ ਸਾਰੇ ਲੋਕਾਂ ਨੂੰ ਹੋਣਾ ਸੀ। ਕੀ ਇਹ ਸੇਵਾ ਕੀਤੀ ਸਫਲ ਹੈ ? ਸਤਿਗੁਰੂ ਦਾ ਮਨ ਤਾਂ ਮੰਨ ਸਕਦਾ ਸੀ ਜੇਕਰ ਇਸ ਦਿਖਾਵੇ ਦੇ ਗੇਟ ਦੀ ਥਾਂ 'ਤੇ ਆਪਣੇ ਹੀ ਪਿੰਡ ਵਿਚ ਸਕੂਲ ਦੇ ਬੱਚਿਆਂ ਲਈ ਵਧੀਆ ਕਮਰੇ, ਲਾਇਬ੍ਰੇਰੀ, ਲੈਬਾਰਟਰੀ, ਪਾਣੀ ਪੀਣ ਦਾ ਚੰਗਾ ਪ੍ਰਬੰਧ, ਗਰਾਊਂਡ ਤੇ ਹੋਰ ਕਈ ਪ੍ਰਕਾਰ ਦੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾਂਦੀਆਂ।

ਸਿੱਖਾਂ ਵਿਚ ਸੁੱਖਣਾ ਸੁੱਖਣ ਦਾ ਆਮ ਰਿਵਾਜ ਜਿਹਾ ਬਣ ਗਿਆ ਹੈ। ਚੋਖੇ ਪੈਸੇ ਭਰ ਕੇ ਗਿਆ, ਅਰਬ ਦੇਸ਼ਾਂ ਵਿਚ ਖ਼ੂਨ-ਪਸੀਨੇ ਦੀ ਕਮਾਈ ਕਰ ਕੇ ਵੀਰਾ ਜਦ ਘਰ ਮੁੜਦਾ ਹੈ ਤਾਂ ਪਰਿਵਾਰ ਵਾਲੇ ਸੁੱਖਣਾ ਲਾਹੁਣ ਲਈ ਸ੍ਰੀ ਅਖੰਡਪਾਠ ਕਰਾਉਂਦੇ ਹਨ। ਕੀ ਘਰ, ਡੇਰਾ, ਇਤਿਹਾਸਕ ਗੁਰਦੁਆਰੇ ਇਨ੍ਹਾਂ ਸਾਰਿਆਂ ਵਿਚ ਇਹ ਗੱਲ ਅਕਸਰ ਸੁਣਨ ਨੂੰ ਮਿਲਦੀ ਹੈ ਕਿ ਇਸ ਪਰਿਵਾਰ ਵੱਲੋਂ ਸ੍ਰੀ ਅਖੰਡਪਾਠ ਦੀ ਮਹਾਨ ਸੇਵਾ ਹੋਈ ਹੈ। ਗੁਰੂ ਸਾਹਿਬਾਨ ਦੀ ਬਾਣੀ ਤਾਂ ਇਹ ਗੱਲ ਆਖ ਰਹੀ ਹੈ ਕਿ 'ਵਿਚਿ ਦੁਨੀਆ ਸੇਵ ਕਮਾਈਐ' ਅਥਵਾ ਸੇਵਾ ਕੀਤੀ ਸਫਲ ਹੈ "ਜਿਤੁ ਸਤਿਗੁਰ ਕਾ ਮਨੁ ਮੰਨੇ"—ਕੀ ਆਪਣੀ ਸੁੱਖਣਾ ਲਾਹੁਣੀ ਪੰਥਕ ਸੇਵਾ ਹੈ ?

ਸੇਵਾ ਨਾਲ ਸਤਿਗੁਰੂ ਦਾ ਮਨ ਮੰਨਣਾ ਜ਼ਰੂਰੀ ਹੈ। ਹਾਂ, ਸਤਿਗੁਰੂ ਦਾ ਮਨ ਮੰਨ ਜਾਏ ਤਾਂ ਪਾਪਾਂ ਦਾ ਖ਼ਾਤਮਾ ਹੋ ਜਾਂਦਾ ਹੈ, ਭਾਵ ਮਲੀਨ ਸੋਚ ਖ਼ਤਮ ਹੋ ਜਾਂਦੀ ਹੈ। ਸਤਿਗੁਰੂ ਦੇ ਉਪਦੇਸ਼ ਨੂੰ ਧਿਆਨ ਨਾਲ ਸੁਣ ਕੇ ਜੋ ਉਸ ਉਪਰ ਅਮਲ ਕਰਦੇ ਹਨ, ਉਨ੍ਹਾਂ ਦੇ ਜੀਵਨ ਵਿਚ ਸਹਿਜ ਅਵਸਥਾ ਦੀ ਤਬਦੀਲੀ ਆ ਜਾਂਦੀ ਹੈ। ਗੁਰੂ ਜੀ ਨੇ ਦੁਨੀਆ ਦੀ ਸੇਵਾ ਦਾ ਨਿਸ਼ਾਨਾ ਮਿੱਥਿਆ ਸੀ ਪਰ ਇਹ ਰਹਿ ਗਈ ਪ੍ਰਭਾਤ ਫੇਰੀਆਂ ਨੂੰ ਚਾਹ ਪਿਲਾਉਣ ਤਕ। ਤੇਜ਼ ਤਰਾਰ ਦਿਮਾਗ਼ਾਂ ਨੇ ਸੇਵਾ ਨੂੰ ਲਾਹੇਵੰਦ ਧੰਦੇ ਵਿਚ ਤਬਦੀਲ ਕਰ ਲਿਆ ਹੈ।

ਸੇਵਾ ਦੇ ਨਾਂ 'ਤੇ ਗੁਰਦੁਆਰੇ ਬਣਾਉਣ ਲਈ ਦੇਸ਼-ਵਿਦੇਸ਼ ਵਿਚ ਚਿੱਟ ਕੱਪੜੀਏ ਚੋਲਿਆਂ ਵਾਲੇ ਬਾਬੇ ਹੱਥਾਂ ਵਿਚ ਰਸੀਦਾਂ ਫੜੀ ਆਮ ਦੇਖੇ ਜਾ ਸਕਦੇ ਹਨ। ਸਿੱਖੀ ਭੇਸ ਵਿਚ ਹਾੜੀ ਸਾਉਣੀ ਦੀ ਫ਼ਸਲ ਵੇਲੇ ਵੀ ਭੋਲੀ ਜਨਤਾ ਨੂੰ ਲੁੱਟਣ ਆ ਬਹੁੜਦੇ ਹਨ ਤੇ ਕਹਿੰਦੇ ਹਨ ਕਿ ਮਰਨ ਤੋਂ ਉਪ੍ਰੰਤ ਤੇ ਇਸ ਜਨਮ ਨੂੰ ਸਫਲ ਕਰਨ ਲਈ ਦਿਲ ਖੋਲ੍ਹ ਕੇ ਸੇਵਾ ਕਰੋ ਜੀ। ਮਿਲਰ ਗੰਜ, ਲੁਧਿਆਣੇ ਮੇਰੇ ਇਕ ਡਾਕਟਰ ਮਿੱਤਰ ਹਨ, ਉਨ੍ਹਾਂ ਦੇ ਕਲੀਨਿਕ ਵਿਚ ਬੈਠੇ ਸਾਂ ਕਿ ਕੁਦਰਤੀ ਇਕ ਸਾਧ ਲਾਣੇ ਦੇ ਭੇਸ ਵਿਚ ਹੱਟਾ-ਕੱਟਾ ਗੁਰਦੁਆਰੇ ਦੀ ਉਗਰਾਹੀ ਲਈ ਬੇਨਤੀ ਕਰਦਿਆਂ, ਡਾਕਟਰ ਜੀ ਨੂੰ ਹੋਰ ਧਨ-ਦੌਲਤ ਲੈ ਕੇ ਦੇਣ ਲਈ ਰੱਬ ਪਾਸ ਸਿਫ਼ਾਰਸ਼ ਕਰਨ ਲੱਗਾ। ਡਾਕਟਰ ਜੀ ਨੇ ਬਾਬਾ ਜੀ

ਪਾਸੋਂ ਪਿੰਡ ਦਾ ਨਾਂ ਪੁੱਛਿਆ ਤਾਂ ਉਹ ਪਿੰਡ ਡਾਕਟਰ ਜੀ ਦਾ ਨਿਕਲਿਆ। ਸਰਪੰਚ ਦਾ ਨਾਂ ਪੁੱਛਣ 'ਤੇ ਉਗਰਾਹੀ ਵਾਲਾ ਬਾਬਾ ਉਲਝਣ ਵਿਚ ਫਸ ਗਿਆ ਤੇ ਛੇਤੀ ਹੀ ਅਸਲੀਅਤ 'ਤੇ ਆ ਗਿਆ ਤੇ ਕਹਿਣ ਲੱਗਾ ਕਿ ਗੁਰਦੁਆਰਾ ਤਾਂ ਕੋਈ ਨਹੀਂ ਬਣ ਰਿਹਾ, ਮੈਂ ਸੱਚੀ ਗੱਲ ਦੱਸ ਦੇਂਦਾ ਹਾਂ। ਗੁਰਦੁਆਰਾ ਤਾਂ ਅਸਲ ਵਿਚ ਮੇਰਾ ਸਿਰਫ਼ ਢਿੱਡੀ ਸਾਹਿਬ ਗੁਰਦੁਆਰਾ ਹੈ। ਸੇਵਾ ਦੇ ਨਾਂ 'ਤੇ ਸੰਗਤ ਨਾਲ ਬਹੁਤ ਸਾਰੀਆਂ ਠੱਗੀਆਂ ਵੱਜਦੀਆਂ ਹਨ।

ਗੁਰੂ ਸਾਹਿਬ ਜੀ ਨੇ ਸੇਵਾ ਨੂੰ ਬਹੁ-ਮੰਤਵੀ ਬਣਾਇਆ ਸੀ, ਜਿਸ ਦਾ ਸਿਖਰ ਅਨੰਦਪੁਰ ਦੀ ਧਰਤੀ 'ਤੇ ਭਾਈ ਘਨ੍ਹਈਆ ਜੀ ਦੇ ਰੂਪ ਵਿਚ ਨਿਖਰ ਕੇ ਸਾਹਮਣੇ ਆਇਆ, ਜੋ 'ਵਿਚਿ ਦੁਨੀਆ ਸੇਵ ਕਮਾਈਐ' ਦਾ ਸਾਕਾਰ ਰੂਪ ਹੈ। ਗੁਰਦੁਆਰੇ ਤਾਂ ਸੇਵਾ ਦਾ ਇਕ ਪੂਰਨਾ ਸਨ ਜਿਥੋਂ ਸੇਵਾ ਦੇ ਵਲ਼ ਸਿੱਖ ਕੇ ਬਾਹਰ ਖ਼ਲਕਤ ਦੀ ਸੇਵਾ ਕਮਾਉਣੀ ਸੀ। ਕਈ ਵਾਰ ਸੜਕਾਂ 'ਤੇ ਧੱਕੇ ਦੀ ਸੇਵਾ ਵੀ ਦੇਖਣ ਨੂੰ ਮਿਲ ਰਹੀ ਹੈ। ਸੜਕ ਦੇ ਐਨ ਵਿਚਕਾਰ ਅੜਿੱਕੇ ਲਗਾ, ਰੋਕ-ਰੋਕ ਕੇ ਰੱਜਿਆਂ ਨੂੰ ਲੰਗਰ ਛਕਾਇਆ ਜਾ ਰਿਹਾ ਹੈ। ਇਨ੍ਹਾਂ ਵੀਰਾਂ ਨੂੰ ਕਿਤੇ ਕਿਹਾ ਜਾਏ ਕਿ ਤੁਸੀਂ ਸਿੱਖ ਲਿਟਰੇਚਰ ਵੰਡਣ ਦੀ ਸੇਵਾ ਵਾਲੇ ਪਾਸੇ ਜ਼ਰਾ ਆਉ ਤਾਂ ਘੜਿਆ ਘੜਾਇਆ ਉੱਤਰ ਦੇਣਗੇ ਕਿ ਇਹ ਕੰਮ ਤਾਂ ਸ਼੍ਰੋਮਣੀ ਕਮੇਟੀ ਦਾ ਹੈ। ਬਹੁਤ ਸਾਰੇ ਸਾਧੜਿਆਂ ਨੇ ਕਈਆਂ ਨੂੰ ਮਾਨਸਿਕ ਤੌਰ 'ਤੇ ਇਹ ਸਮਝਾ ਦਿੱਤਾ ਹੈ ਕਿ ਸਾਡੀ ਸੇਵਾ ਕਰੀ ਜਾਉਗੇ ਤਾਂ ਗੁਰੂ ਤੁਹਾਨੂੰ ਇਤਨਾ ਫਲ ਦੇ ਦੇਵੇਗਾ ਕਿ ਤੁਹਾਡੇ ਪਾਸੋਂ ਮੁੱਕਣਾ ਹੀ ਨਹੀਂ। ਸਾਡੀ ਮੁੱਠੀ-ਚਾਪੀ ਕੀਤਿਆਂ ਸਵਰਗ ਦੀਆਂ ਸਾਰੀਆਂ ਬਹਾਰਾਂ ਤੁਹਾਡੇ ਕਦਮਾਂ ਵਿਚ ਹੋਣਗੀਆਂ।

ਗੁਰੂ ਨਾਨਕ ਸਾਹਿਬ ਜੀ ਨੇ ਨਿੱਜ ਸਵਾਰਥ ਤੋਂ ਉਪਰ ਉੱਠ ਕੇ ਦੁਨੀਆ ਦੀ ਸੇਵਾ ਕਮਾਉਣ ਲਈ ਕਿਹਾ ਸੀ ਪਰ ਸਾਡੇ ਲੀਡਰਾਂ ਜਥੇਦਾਰਾਂ ਨੇ ਸਿਰਫ਼ ਆਪਣੇ ਪਰਿਵਾਰ ਪਾਲਣ ਤਕ ਸੇਵਾ ਨੂੰ ਸੀਮਿਤ ਕਰਕੇ ਰੱਖ ਦਿੱਤਾ ਹੈ ਤੇ ਇਨ੍ਹਾਂ ਭੱਦਰ ਪੁਰਸ਼ਾਂ ਨੇ ਆਮ ਸੰਗਤ ਨੂੰ ਸਾਧ-ਲਾਣੇ ਵਾਂਗ ਆਪਣੀ ਸੇਵਾ ਵਿਚ ਹੀ ਜੋੜ ਲਿਆ ਹੈ। ਇਕ ਵਿਦਵਾਨ ਵੀਰ ਨੇ ਬਹੁਤ ਪਿਆਰਾ ਮਸ਼ਵਰਾ ਸਿੱਖ ਕੌਮ ਦੇ ਸਾਹਮਣੇ ਰੱਖਿਆ ਹੈ ਕਿ ਜਿਤਨਾ ਲੰਗਰ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਪੁਰਬ 'ਤੇ ਛਕਦੇ ਹਾਂ, ਉਸ ਨੂੰ ਅੱਧਾ ਕਰ ਲਈਏ ਤਾਂ ਇਥੋਪੀਆ ਵਰਗੇ ਕਾਲ-ਗ੍ਰਸਤ ਮੁਲਕ ਦੇ ਭੁੱਖ ਨਾਲ ਤੜਪ ਰਹੇ ਬਾਲਾਂ ਨੂੰ ਲੰਬੇ ਸਮੇਂ ਲਈ ਲੰਗਰ ਮਿਲ ਸਕਦਾ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਸੇਵਾ ਦਾ ਜੋ ਆਦਰਸ਼ ਦੁਨੀਆ ਵਿਚ ਰੱਖਿਆ ਸੀ, ਉਹ ਸਕੂਲ, ਕਾਲਜ, ਹਸਪਤਾਲ ਦੁਆਰਾ ਮਨੁੱਖਤਾ ਦੇ ਭਲੇ ਲਈ ਕੀਤੇ ਕੰਮਾਂ ਵਿੱਚੋਂ ਪ੍ਰਗਟ ਹੋਣਾ ਚਾਹੀਦਾ ਹੈ। ਪਿੰਡਾਂ ਦੇ ਦਲਿਤ ਵਰਗ

ਦੀ ਸੇਵਾ, ਕਰਜ਼ੇ ਦੀ ਮਾਰ ਹੇਠ ਆਈ ਕਿਰਸਾਨੀ ਦੀ ਸੰਭਾਲ ਕਰਨੀ ਅਤੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ, ਅੱਜ ਦੇ ਜ਼ਮਾਨੇ ਦੀਆਂ ਮੁੱਖ ਸੇਵਾਵਾਂ ਆਉਂਦੀਆਂ ਹਨ। ਨਿਆਰੇ ਖ਼ਾਲਸੇ ਨੂੰ ਦੁਨੀਆ ਦੀ ਸੇਵਾ ਦਾ ਆਦਰਸ਼ ਲੈ ਕੇ ਚੱਲਣ ਦੀ ਲੋੜ ਹੈ। ਗੁਰਦੁਆਰੇ ਵਿੱਚੋਂ ਸੇਵਾ ਦਾ ਵਲ਼ ਸਿੱਖ ਕੇ ਦੁਨੀਆ ਦੀ ਸੇਵਾ ਕਰਨ ਲਈ ਤੁਰਨ ਦੀ ਲੋੜ ਹੈ:

ਹਰ ਕੇ ਖ਼ਿਦਮਤ ਕਰਦ ਓ ਮਖ਼ਦੂੰਮ ਸ਼ੁਦ।
ਹਰ ਕੇ ਖ਼ੁਦ ਰਾ ਦੀਦ ਓ ਮਹਿਰੂਮ ਸ਼ੁਦ।

ਸੂਰਜ ਕਿਰਣਿ ਮਿਲੇ

ਜਦੋਂ ਵੀ ਕਿਸੇ ਮਿਰਤਕ ਪ੍ਰਾਣੀ ਦੇ ਭੋਗ 'ਤੇ ਜਾਣਾ ਪਏ ਤਾਂ ਆਮ ਕਰਕੇ ਉਨ੍ਹਾਂ ਸ਼ਬਦਾਂ ਦਾ ਹੀ ਕੀਰਤਨ ਸੁਣਨ ਨੂੰ ਮਿਲਦਾ ਹੈ, ਜਿਨ੍ਹਾਂ ਦਾ ਉਸ ਸਮੇਂ ਨਾਲ ਕੋਈ ਵੀ ਸੰਬੰਧ ਨਹੀਂ ਹੁੰਦਾ। ਉਂਜ ਗੁਰਬਾਣੀ ਦੇ ਕਿਸੇ ਵੀ ਸ਼ਬਦ ਦਾ ਕੀਰਤਨ ਜਾਂ ਪਾਠ ਕੀਤਾ ਜਾ ਸਕਦਾ ਹੈ, ਪਰ ਸ਼ਰਤ ਇਹੋ ਹੋਣੀ ਚਾਹੀਦੀ ਹੈ ਕਿ ਉਸ ਦਾ ਭਾਵ-ਅਰਥ ਜ਼ਰੂਰ ਸਮਝਾਇਆ ਜਾਏ ਤਾਂ ਕਿ ਸੰਗਤ ਨੂੰ ਕੁਝ ਨਾ ਕੁਝ ਸ਼ਬਦ ਵਿੱਚੋਂ ਰੱਬੀ ਗਿਆਨ ਤੇ ਆਤਮਿਕ ਜੀਵਨ ਦਾ ਲਾਭ ਪ੍ਰਾਪਤ ਹੋ ਸਕੇ। ਗੁਰਬਾਣੀ ਉਪਦੇਸ਼ ਸੁਣ ਕੇ ਕਿਸੇ ਨਾ ਕਿਸੇ ਮਨੁੱਖ ਦੇ ਜੀਵਨ ਵਿਚ ਬਦਲਾਅ ਆ ਸਕਦਾ ਹੈ। ਬਹੁਤ ਦਫ਼ਾ ਪਰਿਵਾਰਾਂ ਨੂੰ ਖ਼ੁਸ਼ ਕਰਨ ਲਈ ਹੀ ਉਚੇਚੇ ਤੌਰ 'ਤੇ ਸ਼ਬਦਾਂ ਦੀ ਚੋਣ ਕਰ ਕੇ ਉਨ੍ਹਾਂ ਦਾ ਪਾਠ ਜਾਂ ਗਾਇਨ ਕੀਤਾ ਜਾਂਦਾ ਹੈ। ਸਗੋਂ ਇਹ ਧਿਆਨ ਵੀ ਰੱਖਿਆ ਜਾਂਦਾ ਹੈ ਕਿ ਜੋ ਸ਼ਬਦ ਪੜ੍ਹਿਆ ਜਾ ਰਿਹਾ ਹੈ, ਉਸ ਵਿਚ ਕੋਈ ਨਾ ਕੋਈ ਅਜਿਹਾ ਸ਼ਬਦ ਤਾਂ ਲਾਜ਼ਮੀ ਹੋਣਾ ਚਾਹੀਦਾ ਹੈ, ਜੋ ਪਰਿਵਾਰ ਦੀ ਹਉਮੈ ਨੂੰ ਵਧਾਉਂਦਾ ਹੋਵੇ। ਇੰਜ ਕੀਤਿਆਂ ਪਰਿਵਾਰ ਵਾਲੇ ਖ਼ੁਸ਼ ਹੋ ਕੇ ਵਾਹਵਾ ਸੇਵਾ ਕਰ ਦੇਂਦੇ ਹਨ। ਕਈ ਵਾਰੀ ਤਾਂ ਅਸੀਂ ਮੁਹਾਵਰਿਆਂ ਨੂੰ ਵੀ ਮਾਤ ਪਾ ਜਾਂਦੇ ਹਾਂ।

ਕਹਿੰਦੇ ਹਨ, ਇਕ ਵਾਰੀ ਪੰਡਤ ਤੇ ਤੇਲੀ ਦੀ ਪਿੰਡ ਵਾਲਿਆਂ ਨੇ ਆਪਸ ਵਿਚ ਬਹਿਸ ਕਰਵਾ ਦਿੱਤੀ, ਕਿਉਂਕਿ ਪੰਡਤ ਨੂੰ ਆਪਣੀ ਵਿਦਿਆ 'ਤੇ ਪੂਰਾ-ਪੂਰਾ ਮਾਣ ਸੀ। ਇਸ ਲਈ ਪੰਡਤ ਕਿਸੇ ਵੀ ਮਾਈ ਦੇ ਲਾਲ ਨੂੰ ਖੰਘਣ ਨਹੀਂ ਸੀ ਦੇਂਦਾ, ਜਣੇ-ਖਣੇ ਦੀ ਪੱਤ ਲਾਹੁੰਦਿਆਂ ਹਰ ਮਨੁੱਖ ਨਾਲ ਕਵਿਤਾ ਵਿਚ ਹੀ ਗੱਲ ਕਰਦਾ ਸੀ। ਲੋਕਾਂ ਨੇ ਚੁੱਕ ਚੁਕਾ ਕੇ ਤੇਲੀ ਨੂੰ ਉਸ ਦੇ ਮੁਕਾਬਲੇ ਵਿਚ ਲੈ ਆਂਦਾ। ਪੰਡਤ ਨੇ ਕਵਿਤਾ ਨੂੰ ਢੰਗ ਤਰੀਕੇ ਨਾਲ ਉਚਾਰਿਆ, ਪਰ ਤੇਲੀ ਦੀ ਵਾਰੀ ਆਈ ਤਾਂ ਤੇਲੀ ਕਹਿੰਦਾ—ਪੰਡਤਾ, ਪੰਡਤਾ ਤੇਰੇ ਸਿਰ 'ਤੇ ਕੋਹਲੂ। ਪੰਡਤ ਕਹਿਣ ਲੱਗਾ—ਭਲੇ ਲੋਕ, ਤੇਰੀ ਗੱਲ ਬਣੀ ਕੋਈ ਨਹੀਂ, ਕਿਉਂਕਿ, ਕਵਿਤਾ ਦਾ ਤੋਲ ਪੂਰਾ ਨਹੀਂ ਹੈ। ਤੇਲੀ ਵਿਚਾਰਾ ਕਹਿੰਦਾ—ਗੱਲ ਬਣੇ ਚਾਹੇ ਨਾ ਬਣੇ, ਪਰ ਯਾਦ ਰੱਖੀਂ, ਤੂੰ ਭਾਰ ਨਾਲ ਜ਼ਰੂਰ ਮਰੇਂਗਾ। ਏਦਾਂ ਹੀ ਇਕ ਵੀਰ ਜੀ ਨੂੰ ਪੁੱਛਿਆ—ਵੀਰ, ਐ ਜਿਹੜਾ ਤੁਸਾਂ ਸ਼ਬਦ ਪੜ੍ਹਿਆ

ਹੈ 'ਲਖ ਖੁਸੀਆ ਪਾਤਸਾਹੀਆ' ਇਸ ਦੇ ਅਰਥ ਤਾਂ ਹੋਰ ਬਣਦੇ ਹਨ, ਅੱਗੋਂ ਉਹ ਸਹਿਜ-ਸੁਭਾਅ ਉੱਤਰ ਦੇਂਦੇ ਹਨ—ਚੱਲਦਾ ਏ ਸਭ ਕੁਝ ਏਥੇ, ਇਨ੍ਹਾਂ ਨੂੰ ਕਿਹੜੀ ਸਮਝ ਏ। ਇਹ ਪਰਿਵਾਰ ਵਾਲੇ ਤਾਂ ਭਾਊ ਜੀ ਲੱਖ ਖ਼ੁਸ਼ੀਆਂ ਨਾਲ ਹੀ ਖ਼ੁਸ਼ ਹੋ ਗਏ ਨੇ, ਤੇ ਸਾਡਾ ਵਾਹਵਾ ਤੋਰੀ-ਫੁਲਕੇ ਦਾ ਕੰਮ ਬਣ ਗਿਆ, ਇਨ੍ਹਾਂ ਨੂੰ ਕੀਰਤਨ ਦੀ ਸਮਝ ਹੈ ਕੋਈ ਨਹੀਂ, ਇਨ੍ਹਾਂ ਨੂੰ ਤਾਂ ਸਿਰਫ ਖ਼ੁਸ਼ੀਆਂ ਚਾਹੀਦੀਆਂ ਨੇ, ਉਹ ਅਸੀਂ ਪੂਰੀਆਂ ਹੇਕਾਂ ਲਾ-ਲਾ ਕੇ ਪੜ੍ਹ ਦਿੱਤੀਆਂ, ਅਰਥਾਂ ਨਾਲ ਇਨ੍ਹਾਂ ਵਿਚਾਰਿਆਂ ਦਾ ਕੀ ਵਾਸਤਾ ਹੈ। ਤੇਲੀ ਦੀ ਕਵਿਤਾ ਬਣੇ ਚਾਹੇ ਨਾ ਬਣੇ, ਪਰ ਪੰਡਤ ਭਾਰ ਨਾਲ ਤਾਂ ਜ਼ਰੂਰ ਮਰੇਗਾ ਈ ਨਾ—ਸਾਨੂੰ ਸ਼ਬਦ ਦੇ ਅਰਥਾਂ ਦੀ ਕਹਾਣੀ ਨਾਲ ਕੋਈ ਸਰੋਕਾਰ ਨਹੀਂ, ਸਾਨੂੰ ਤਾਂ ਸਿਰਫ਼ ਪਰਿਵਾਰ ਵਾਲੇ ਖ਼ੁਸ਼ ਚਾਹੀਦੇ ਨੇ।

ਭਲਿਆਂ ਜ਼ਮਾਨਿਆਂ ਵਿਚ ਪੇਂਡੂ ਵੀਰਾਂ ਤੇ ਡਾਕਟਰਾਂ ਦੇ ਵੀ ਕਈ ਲਤੀਫ਼ੇ ਸੁਣਨ ਨੂੰ ਮਿਲ ਜਾਂਦੇ ਸਨ। ਕਹਿੰਦੇ ਹਨ, ਡਾਕਟਰ ਸਾਹਿਬ ਜੀ ਪਾਸ ਉਨ੍ਹਾਂ ਦਾ ਇਕ ਦੋਸਤ ਬੈਠਾ ਹੋਇਆ ਸੀ, ਉਸ ਨੇ ਦੋ ਘਟਨਾਵਾਂ ਦੇਖੀਆਂ। ਪਹਿਲੀ ਘਟਨਾ ਇੰਜ ਵਾਪਰੀ ਕਿ ਡਾਕਟਰ ਸਾਹਿਬ ਜੀ ਪਾਸ ਇਕ ਪੇਂਡੂ ਮਰੀਜ਼ ਦੁਖਦੀ ਦਾੜ੍ਹ ਕਢਾਉਣ ਲਈ ਆਇਆ। ਪੇਂਡੂ ਵੀਰ ਨੇ ਪੈਸੇ ਪੁੱਛੇ। ਅੱਗੋਂ ਡਾਕਟਰ ਜੀ ਕਹਿਣ ਲੱਗੇ ਕਿ ਮੈਂ ਵੀਹ ਰੁਪਏ ਲਵਾਂਗਾ। ਸੌਦਾ ਤਹਿ ਹੋ ਗਿਆ। ਕੁਦਰਤੀ ਡਾਕਟਰ ਜੀ ਪਾਸੋਂ ਦੁਖਦੀ ਦਾੜ੍ਹ ਦੀ ਥਾਂ 'ਤੇ ਤੰਦਰੁਸਤ ਦਾੜ੍ਹ ਨੂੰ ਸੰਨ੍ਹੀ ਪੈ ਗਈ। ਦੁਖਦੀ ਰਹਿ ਗਈ ਤੇ ਤੰਦਰੁਸਤ ਪੁੱਟ ਕੇ ਡਾਕਟਰ ਸਾਹਿਬ ਜੀ ਨੇ ਮਰੀਜ਼ ਦੇ ਹੱਥ ਫੜਾਈ। ਮਰੀਜ਼ ਨੇ ਮਹਿਸੂਸ ਕੀਤਾ ਕਿ ਮੇਰੀ ਦੁਖਦੀ ਦਾੜ੍ਹ ਤਾਂ ਪੁੱਟੀ ਹੀ ਨਹੀਂ ਗਈ, ਜੋ ਦਾੜ੍ਹ ਠੀਕ-ਠਾਕ ਸੀ ਡਾਕਟਰ ਜੀ ਨੇ ਉਹਦਾ ਰਾਮ-ਨਾਮ-ਸਤ ਬੋਲ'ਤਾ। ਮਰੀਜ਼ ਪਰੇਸ਼ਾਨ ਹੋ ਕੇ ਪੁੱਛਦਾ ਹੈ—ਡਾਕਟਰ ਜੀ, ਮੈਨੂੰ ਲੱਗਦਾ ਏ ਕਿ ਮੇਰੀ ਦੁਖਦੀ ਦਾੜ੍ਹ ਤਾਂ ਪੁੱਟੀ ਹੀ ਨਹੀਂ ਗਈ, ਕਿਉਂਕਿ ਉਹ ਤਾਂ ਅਜੇ ਉਸੇ ਤਰ੍ਹਾਂ ਹੀ ਦੁਖ ਰਹੀ ਹੈ। ਡਾਕਟਰ ਆਪਣੇ ਪੂਰੇ ਤਜਰਬੇ ਦਾ ਫ਼ਾਇਦਾ ਉਠਾਉਂਦਿਆਂ ਗ਼ਰੀਬ ਮਰੀਜ਼ ਦੀ ਮਾਨਸਿਕ ਹਾਲਤ ਪੜ੍ਹਦਿਆਂ ਕਹਿਣ ਲੱਗਾ—ਕੋਈ ਨਈਂ ਮਿੱਤਰਾ, ਕੋਈ ਨਈਂ, ਉਂਝ ਤਾਂ ਇਹ ਵੀ ਖ਼ਰਾਬ ਹੀ ਸੀ, ਤੇ ਇਹ ਵੀ ਪੁੱਟਣੀ ਹੀ ਪੈਣੀ ਸੀ, ਚੰਗਾ ਹੋਇਆ ਪਹਿਲਾਂ ਹੀ ਪੁੱਟੀ ਗਈ ਏ। ਦੂਸਰਾ ਕੀੜਾ ਵੀ ਇਹਦੇ 'ਤੇ ਬੈਠ ਕੇ ਹੀ ਦੂਸਰੀ ਦਾੜ੍ਹ ਨੂੰ ਡੰਗ ਮਾਰਦਾ ਸੀ, ਚੱਲ ਤੂੰ ਘਬਰਾ ਨਾ ਮੈਂ ਤੇਰੇ ਪਾਸੋਂ ਪੈਸੇ ਇਕ ਦਾੜ੍ਹ ਪੁੱਟਣ ਦੇ ਹੀ ਲੈ ਲਵਾਂਗਾ, ਕਿਉਂਕਿ ਤੂੰ ਆਪਣੇ ਘਰ ਦਾ ਈ ਆਦਮੀ ਏਂ, ਪੈਸਿਆਂ ਦੀ ਕੋਈ ਬਹੁਤੀ ਗੱਲ ਨਹੀਂ ਏਂ, ਆਰਾਮ ਆਉਣਾ ਚਾਹੀਦਾ ਹੈ। ਮਰੀਜ਼ ਵਿਚਾਰਾ ਡਾਕਟਰ ਦੀਆਂ ਚੋਪੜੀਆਂ-ਚੋਪੜੀਆਂ ਗੱਲਾਂ 'ਤੇ

ਵਿਸ਼ਵਾਸ ਕਰ ਕੇ ਖ਼ੁਸ਼ ਹੋ ਗਿਆ ਤੇ ਇਕ ਦਾੜ੍ਹ ਦੇ ਚਾਈਂ-ਚਾਈਂ ਪੈਸੇ ਦੇ ਕੇ ਆਪਣੇ ਘਰ ਆ ਗਿਆ। ਡਾਕਟਰ ਵੀ ਖ਼ੁਸ਼ ਤੇ ਮਰੀਜ਼ ਵੀ ਖ਼ੁਸ਼।

ਦੋਸਤ ਦੇ ਬੈਠਿਆਂ-ਬੈਠਿਆਂ ਡਾਕਟਰ ਸਾਹਿਬ ਪਾਸ ਇਕ ਹੋਰ ਮਰੀਜ਼ ਆ ਗਿਆ, ਜਿਸ ਦੇ ਗੋਡੇ ਦੁਖਦੇ ਸਨ। ਮਰੀਜ਼ ਕਹਿਣ ਲੱਗਾ—ਡਾਕਟਰ ਜੀ ਮੇਰੇ ਗੋਡੇ ਬਹੁਤ ਦੁਖਦੇ ਰਹਿੰਦੇ ਹਨ, ਕੋਈ ਪੱਕਾ ਇਲਾਜ ਕਰਿਆ ਜੇ, ਮੈਨੂੰ ਟੂਟੀਆਂ ਆਦਿਕ ਵੀ ਲਾ ਕੇ ਦੇਖਿਆ ਜੇ, ਮੈਂ ਠੀਕ ਹੋ ਜਾਵਾਂਗਾ ਕਿ ਨਹੀਂ। ਡਾਕਟਰ ਸਾਹਿਬ ਨੇ ਸਟੈਥੀਓ ਨੂੰ ਕੰਨ ਵਿਚ ਲਾਇਆ ਤੇ ਉਸ ਦੇ ਗੋਡੇ-ਗਿੱਟਿਆਂ ’ਤੇ ਲਾ-ਲਾ ਕੇ ਵੇਖਿਆ। ਮਰੀਜ਼ ਨੂੰ ਕਦੇ ਪੁੱਠਾ ਬੈਠਣ ਲਈ ਕਹੇ ਤੇ ਕਦੇ ਮਰੀਜ਼ ਨੂੰ ਲੰਬਾ ਪੈਣ ਲਈ ਕਹੇ, ਮਰੀਜ਼ ਸਾਊ ਪੁੱਤ ਵਾਂਗ ਡਾਕਟਰ ਸਾਹਿਬ ਦੇ ਹੁਕਮ ਦੀ ਤਾਮੀਲ ਕਰੀ ਜਾਵੇ। ਅਖ਼ੀਰ ਡਾਕਟਰ ਸਾਹਿਬ ਨੇ ਪੇਨ ਕਿਲਰ ਦੀਆਂ ਗੋਲੀਆਂ ਦੇ ਕੇ ਚੌਥੇ ਦਿਨ ਨੂੰ ਦੁਬਾਰਾ ਆਉਣ ਲਈ ਹੁਕਮ ਚਾੜ੍ਹ ਦਿੱਤਾ।

ਹੁਣ ਪਾਸ ਬੈਠੇ ਦੋਸਤ ਦੇ ਸਬਰ ਦਾ ਪਿਆਲਾ ਭਰ ਗਿਆ ਤੇ ਆਪਣੇ ਡਾਕਟਰ ਦੋਸਤ ਨੂੰ ਪੁੱਛਣ ਲੱਗਾ—ਦੋਸਤਾ, ਮੈਂ ਸਦਕੇ ਜਾਵਾਂ ਤੇਰੀ ਡਾਕਟਰੀ ਦੇ, ਤੇ ਸਦਕੇ ਜਾਵਾਂ ਉਨ੍ਹਾਂ ਗ਼ਰੀਬ ਮਰੀਜ਼ਾਂ ਦੇ, ਜੋ ਤੇਰੇ ’ਤੇ ਅਥਾਹ ਸ਼ਰਧਾ ਰੱਖ ਕੇ, ਤੇਰੇ ਪਾਸ ਤੁਰੇ ਆ ਰਹੇ ਹਨ। ਇਕ ਮਰੀਜ਼ ਦੀ ਤੂੰ ਤੰਦਰੁਸਤ ਦਾੜ੍ਹ ਕੱਢ ਕੇ ਰੱਖ ਦਿੱਤੀ ਊ ਤੇ ਦੂਸਰੇ ਮਰੀਜ਼ ਦੇ ਤੂੰ ਸਟੈਥੀਓ ਗਿੱਟਿਆਂ-ਗੋਡਿਆਂ ’ਤੇ ਲਾ-ਲਾ ਕੇ ਉਸ ਨੂੰ ਪੂਰਾ ਬੇਵਕੂਫ਼ ਬਣਾ ਕੇ ਤੋਰ ਦਿੱਤਾ ਈ। ਮੈਨੂੰ ਤੇਰੀ ਥਿਊਰੀ ਦੀ ਭੋਰਾ ਵੀ ਸਮਝ ਨਹੀਂ ਆਈ। ਡਾਕਟਰ ਸਾਹਿਬ ਠਹਾਕਾ ਮਾਰ ਕੇ ਖ਼ੂਬ ਉੱਚੀ-ਉੱਚੀ ਹੱਸੇ ਤੇ ਅਸਲੀ ਭੇਤ ਵਾਲੀ ਗੱਲ ਸੁਣਾਉਣ ਲੱਗੇ ਕਿ ਭਲੇ ਦੋਸਤ, ਸਾਰੇ ਮਰੀਜ਼ ਦੁਆਈਆਂ ਨਾਲ ਠੀਕ ਨਹੀਂ ਹੁੰਦੇ, ਇਨ੍ਹਾਂ ਦਾ ਦਿਮਾਗ਼ੀ ਪੱਧਰ ਸਮਝ ਕੇ ਇਨ੍ਹਾਂ ਨਾਲ ਗੱਲ ਕਰੀਦੀ ਏ। ਹੁਣ ਤੂੰ ਦੇਖ, ਜੋ ਦਾੜ੍ਹ ਵਾਲਾ ਮਰੀਜ਼ ਸੀ, ਉਸ ਦੀ ਮੇਰੇ ਪਾਸੋਂ ਗ਼ਲਤੀ ਨਾਲ ਤੰਦਰੁਸਤ ਦਾੜ੍ਹ ਨਿਕਲ ਗਈ ਸੀ ਪਰ ਉਹ ਮਰੀਜ਼ ਕੇਵਲ ਵੀਹ ਰੁਪਏ ਹੀ ਦੇ ਸਕਦਾ ਸੀ। ਉਸ ਨੂੰ ਦਾੜ੍ਹ ਦਾ ਬਹੁਤਾ ਫ਼ਿਕਰ ਨਹੀਂ ਸੀ ਕਿ ਦਾੜ੍ਹ ਕਿਹੜੀ ਨਿਕਲ ਗਈ ਏ, ਉਸ ਵਿਚਾਰੇ ਨੂੰ ਪੈਸਿਆਂ ਦਾ ਸੰਸਾ ਪੈ ਗਿਆ ਕਿ ਵੀਹ ਰੁਪਏ ਮੈਂ ਹੋਰ ਕਿਥੋਂ ਦਿਆਂਗਾ, ਕਿਉਂਕਿ ਮੇਰੇ ਪਾਸੋਂ ਇਕ ਦਿਨ ਪਹਿਲਾਂ ਪੁੱਛ ਗਿਆ ਸੀ ਕਿ ਪੈਸੇ ਵੱਧ ਤਾਂ ਨਹੀਂ ਲਓਗੇ। ਉਸ ਵਿਚਾਰੇ ਨੂੰ ਦਾੜ੍ਹ ਦਾ ਘੱਟ ਤੇ ਵੀਹਾਂ ਦਾ ਵੱਧ ਫ਼ਿਕਰ ਵੱਢ-ਵੱਢ ਖਾਈ ਜਾ ਰਿਹਾ ਸੀ। ਮੇਰੇ ਕਹਿਣ ’ਤੇ ਕਿ ਭਈ ਕੋਈ ਗੱਲ ਨਹੀਂ, ਤੂੰ ਘਰ ਦਾ ਆਦਮੀ ਈ ਏਂ, ਉਹ ਆਦਮੀ ਖ਼ੁਸ਼ ਹੋ ਗਿਆ ਕਿ ਸ਼ੁਕਰ ਹੈ ਮੇਰੇ ਵੀਹ ਬਚ ਗਏ।

ਗੋਡਿਆਂ ਵਾਲੇ ਨੂੰ ਇਹ ਚਿੰਤਾ ਸੀ ਕਿ ਡਾਕਟਰ ਸਾਹਿਬ ਪਤਾ ਨਹੀਂ

ਮੈਨੂੰ ਟੂਟੀਆਂ ਲਗਾ ਕੇ ਦੇਖਦੇ ਵੀ ਆ ਕਿ ਨਹੀਂ। ਮੇਰੇ ਖ਼ਿਆਲ ਅਨੁਸਾਰ ਉਸ ਨੇ ਦਵਾਈਆਂ ਨਾਲ ਘੱਟ ਤੇ ਟੂਟੀਆਂ ਨਾਲ ਜ਼ਿਆਦਾ ਠੀਕ ਹੋਣਾ ਸੀ। ਉਸ ਦਾ ਮਾਨਸਿਕ ਪੱਧਰ ਟੂਟੀਆਂ ਤਕ ਹੀ ਸੀਮਤ ਸੀ। ਇਸ ਲਈ ਉਸ ਨੂੰ ਮੈਂ ਟੂਟੀਆਂ ਤੇਰੇ ਸਾਹਮਣੇ ਹੀ ਲਗਾ ਕੇ ਦੇਖਿਆ ਤੇ ਇਹ ਯਕੀਨ ਕਰਾ ਦਿੱਤਾ, ਤੂੰ ਜ਼ਰੂਰ ਠੀਕ ਹੋ ਜਾਏਂਗਾ। ਹੁਣ ਇਸ ਆਦਮੀ ਨੇ ਸਾਰਿਆਂ ਨੂੰ ਜਾ ਦੱਸਣਾ ਹੈ ਕਿ ਉਹ ਡਾਕਟਰ ਸਾਹਿਬ ਬਹੁਤ ਵੱਡੇ ਡਾਕਟਰ ਹਨ, ਜਿਨ੍ਹਾਂ ਨੇ ਮੈਨੂੰ ਕਈ-ਕਈ ਵਾਰੀ ਟੂਟੀਆਂ ਲਾ-ਲਾ ਕੇ ਦੇਖਿਆ। ਬੱਸ ਮਿੱਤਰਾ, ਇਸ ਨੂੰ ਦਵਾਈ ਘੱਟ ਤੇ ਟੂਟੀਆਂ ਦੀ ਜ਼ਿਆਦਾ ਜ਼ਰੂਰਤ ਸੀ, ਉਹ ਮੈਂ ਪੂਰੀ ਕਰ ਦਿੱਤੀ।

ਪਹਿਲੀ ਉਦਾਹਰਣ ਤੋਂ ਤਾਂ ਇਹ ਪ੍ਰਤੀਤ ਹੁੰਦਾ ਹੈ ਕਿ ਕਵਿਤਾ ਬਣੇ ਭਾਵੇਂ ਨਾ ਬਣੇ, ਪਰ ਪੰਡਤ ਕੋਹਲੂ ਦਾ ਭਾਰ ਜ਼ਰੂਰ ਮਹਿਸੂਸ ਕਰੇਗਾ। ਇੰਜ ਹੀ ਕੀਰਤਨ ਦੀ ਘਰ ਵਾਲਿਆਂ ਵਿੱਚੋਂ ਕਿਸੇ ਨੂੰ ਸਮਝ ਆਏ ਜਾਂ ਨਾ ਆਏ, ਪਰ ਇਹ ਮਹਿਸੂਸ ਜ਼ਰੂਰ ਕਰਨਗੇ ਕਿ ਬਾਣੀ ਪੜ੍ਹਨ ਵਾਲਿਆਂ ਨੇ ਸਾਡਾ ਬਹੁਤ ਖ਼ਿਆਲ ਰੱਖਿਆ ਹੈ। ਕਿੰਨੇ ਪਿਆਰੇ ਸ਼ਬਦ ਇਨ੍ਹਾਂ ਨੇ ਪੜ੍ਹੇ ਹਨ। ਦੇਖੋ ਜੀ ਮਹਾਰਾਜ ਜੀ ਦੀ ਕਿੰਨੀ ਕਿਰਪਾ ਹੋਈ ਕਿ ਸ਼ਬਦ ਵਿਚ ਵੀ ਸਾਡੇ ਲਈ ਖ਼ੁਸ਼ੀਆਂ ਦਾ ਸ਼ਬਦ ਆਇਆ ਹੈ।

ਡਾਕਟਰ ਮਰੀਜ਼ਾਂ ਦੀ ਮਾਨਸਿਕ ਅਵਸਥਾ ਦੇਖ ਕੇ ਦਵਾਈ ਦੇਂਦਿਆਂ ਉਨ੍ਹਾਂ ਦੀ ਛਿੱਲ ਉਧੇੜੀ ਜਾ ਰਿਹਾ ਹੈ। ਇੰਝ ਸਿੱਖੀ ਪ੍ਰਚਾਰ ਨਾਲ ਸਾਡਾ ਕੋਈ ਸਰੋਕਾਰ ਨਹੀਂ ਹੈ ਕਿ ਸ਼ਬਦ ਦੇ ਕੀ ਅਰਥ ਨਿਕਲਦੇ ਹਨ, ਸਾਡਾ ਇਸ ਦੇ ਨਾਲ ਦੂਰ ਦਾ ਵੀ ਵਾਹ ਵਾਸਤਾ ਨਹੀਂ ਹੈ। ਅਸਾਂ ਤਾਂ ਪਰਿਵਾਰਾਂ ਦੀ ਮਾਨਸਿਕ ਦਸ਼ਾ ਦੇਖ ਕੇ ਹੀ ਕੀਰਤਨ ਕਰਨਾ ਏ, ਇਸ ਲਈ ਅਰਥਾਂ ਦੀ ਬਹੁਤੀ ਜ਼ਰੂਰਤ ਨਹੀਂ ਹੈ। ਪਰ ਲੋਕ ਕਹਿ ਰਹੇ ਹਨ ਕਿ ਦੇਖੋ ਜੀ, ਕੀਰਤਨ ਕਿੰਨਾ ਸੁੰਦਰ ਕੀਤਾ ਹੈ, ਕੋਈ ਜੁਆਬ ਨਹੀਂ ਭਾਈ ਸਾਹਿਬ ਜੀ ਦੀ ਆਵਾਜ਼ ਦਾ।

ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ, ਯਾਨੀ ਕਿ ਚਾਰ ਸੌ ਸਾਲਾ ਸ਼ਹੀਦੀ ਪੁਰਬ, ਸੰਸਾਰ ਪੱਧਰ 'ਤੇ ਮਨਾਇਆ ਗਿਆ। ਇਸ ਚਾਰ ਸੌ ਸਾਲਾ ਸ਼ਤਾਬਦੀ ਪੁਰਬ ਮਨਾਉਣ ਲਈ ਮੈਨੂੰ ਬਹਿਰੀਨ ਜਾਣ ਦਾ ਸਬੱਬ ਬਣਿਆ। ਏਥੇ ਕੋਈ ਛੇ-ਸੱਤ ਥਾਵਾਂ 'ਤੇ ਗੁਰਦੁਆਰੇ ਹਨ, ਜਿਥੇ ਹਫ਼ਤੇ ਦੇ ਹਰ ਦਿਨ ਇਕ ਗੁਰਦੁਆਰੇ ਕਥਾ ਕੀਰਤਨ ਹੁੰਦਾ ਹੈ। ਦੇਖਿਆ ਗਿਆ, ਕਈ ਵੀਰਾਂ ਨੇ ਕੀਰਤਨ ਦਾ ਸਮਾਂ ਲਿਆ। ਉਨ੍ਹਾਂ ਵਿੱਚੋਂ ਬਹੁਤਿਆਂ ਨੇ ਇੱਕੋ ਹੀ ਸ਼ਬਦ ਦੁਆਰਾ ਆਪਣੀ ਕੀਰਤਨ ਦੀ ਹਾਜ਼ਰੀ ਲਗਾਈ। ਹਾਲਾਂਕਿ ਇਸ ਸ਼ਬਦ ਦੇ ਪਹਿਲੇ ਦਿਨ ਹੀ ਅਰਥ ਕਰ ਦਿੱਤੇ ਗਏ ਸਨ, ਫਿਰ ਵੀ ਵੀਰ ਮੁੜ-ਮੁੜ ਇੱਕੋ ਸ਼ਬਦ ਪੜ੍ਹੀ ਜਾ ਰਹੇ ਸਨ : "ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ

ਰਾਮ ॥" ਪਰ ਸਾਨੂੰ ਗੁਰ-ਉਪਦੇਸ਼ ਇਸ ਸ਼ਬਦ ਵਿੱਚੋਂ ਕੀ ਮਿਲਦਾ ਹੈ ? ਇਸ ਲਈ ਅੱਜ ਜ਼ਰੂਰਤ ਹੈ ਸ਼ਬਦ ਨੂੰ ਸਮਝਣ ਦੀ, ਕਿ ਇਸ ਦੀ ਕੀ ਮਹਾਨਤਾ ਹੈ ? ਤੇ ਸਾਡੀ ਜ਼ਿੰਦਗੀ ਵਿਚ ਇਸ ਸ਼ਬਦ ਦੁਆਰਾ ਕਿਵੇਂ ਬਦਲਾਅ ਆ ਸਕਦਾ ਹੈ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥

(ਬਿਲਾਵਲੁ ਮਹਲਾ ੫, ਪੰਨਾ 846)

ਮੈਨੂੰ ਕਈ ਥਾਵਾਂ 'ਤੇ ਇਹ ਸ਼ਬਦ ਸੁਣਨ ਨੂੰ ਮਿਲਿਆ ਤੇ ਹਰੇਕ ਜਗ੍ਹਾ 'ਤੇ ਤਕਰੀਬਨ ਇੱਕੋ ਹੀ ਅਰਥ ਸੁਣਨ ਨੂੰ ਮਿਲੇ। ਕੀਰਤਨੀਏ ਵੀਰ ਅਰਥ ਕਰ ਰਹੇ ਸਨ ਕਿ ਸਾਧ ਸੰਗਤ ਜੀ, ਜਿਸ ਤਰ੍ਹਾਂ ਸੂਰਜ ਵਿੱਚੋਂ ਸਵੇਰੇ ਕਿਰਨਾਂ ਨਿਕਲਦੀਆਂ ਹਨ ਤੇ ਸ਼ਾਮ ਨੂੰ ਉਹ ਕਿਰਨਾਂ ਫਿਰ ਸੂਰਜ ਵਿਚ ਹੀ ਸਮਾ ਜਾਂਦੀਆਂ ਹਨ, ਏਸੇ ਤਰ੍ਹਾਂ ਹੀ ਬੰਦਾ ਜਨਮ ਪਰਮਾਤਮਾ ਵਿੱਚੋਂ ਲੈਂਦਾ ਹੈ ਤੇ ਫਿਰ ਕੇ, ਮੁੜ ਕੇ ਪਰਮਾਤਮਾ ਵਿਚ ਹੀ ਸਮਾ ਜਾਂਦਾ ਹੈ। ਜਿਸ ਤਰ੍ਹਾਂ ਸੂਰਜ ਦੀ ਕਿਰਨ ਸੂਰਜ ਵਿਚ ਸਮਾ ਜਾਂਦੀ ਹੈ, ਇੰਜ ਹੀ ਮਰ ਚੁੱਕੇ ਬੰਦੇ ਦੀ ਜੋਤ ਵੀ ਪਰਮਾਤਮਾ ਵਿਚ ਸਮਾ ਜਾਂਦੀ ਹੈ। 'ਸੂਰਜ ਕਿਰਣਿ' ਤੇ 'ਜੋਤੀ ਜੋਤਿ ਰਲੀ' ਦੋ ਸ਼ਬਦਾਂ ਨੂੰ ਲੈ ਕੇ ਘਰਦਿਆਂ ਨੂੰ ਪੂਰਾ ਯਕੀਨ ਦਿਵਾ ਦਿੱਤਾ ਜਾਂਦਾ ਹੈ ਕਿ ਤੁਹਾਡਾ ਬਜ਼ੁਰਗ ਸੂਰਜ ਦੀ ਕਿਰਨ ਵਾਂਗ ਰੱਬ ਜੀ ਨਾਲ ਮਿਲ ਗਿਆ ਹੈ ਤੇ ਉਸ ਦੀ ਪਵਿੱਤਰ ਜੋਤ ਰੱਬ ਦੀ ਜੋਤ ਵਿਚ ਰਲ ਗਈ ਹੈ। ਕੀਰਤਨ ਰਾਹੀਂ ਘਰਦਿਆਂ ਨੂੰ ਸਮਝਾ ਦਿੱਤਾ ਕਿ ਤੁਹਾਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਤੇ ਹੁਣ ਤੁਸੀਂ ਕਿਸੇ ਕਿਸਮ ਦਾ ਫ਼ਿਕਰ ਵੀ ਨਾ ਕਰਿਆ ਜੇ, ਕਿਉਂਕਿ ਬਜ਼ੁਰਗ ਸਵਰਗ ਵਿਚ ਸਿੱਧੇ ਹੀ ਪਹੁੰਚ ਗਏ ਹਨ। ਦਰਅਸਲ ਇਹ ਪਵਿੱਤਰ ਕੀਰਤਨ, ਪਿੱਛੇ ਰਹਿ ਗਏ ਪਰਿਵਾਰ ਨੂੰ, ਗੁਰਬਾਣੀ ਦੁਆਰਾ ਢਾਰਸ ਦੇਣ ਲਈ ਹੈ, ਨਾ ਕਿ ਮਰ ਚੁੱਕੇ ਆਦਮੀ ਲਈ ਹੈ।

ਇਹੋ ਹੀ ਸ਼ਬਦ ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ 'ਤੇ ਪੜ੍ਹਿਆ ਜਾਂਦਾ ਹੈ ਤੇ ਬਾਕੀ ਗੁਰੂ ਸਾਹਿਬਾਨ ਜੀ ਦੇ ਜੋਤੀ ਜੋਤਿ ਸਮਾਉਣ ਦੇ ਗੁਰਪੁਰਬਾਂ 'ਤੇ ਵੀ ਪੜ੍ਹਿਆ ਜਾਂਦਾ ਹੈ। ਸਰਬ ਕਾਲੀ, ਸਰਬ ਦੇਸੀ, ਸਰਬ ਸਾਂਝੀ ਗੁਰਬਾਣੀ ਦੇ ਇਸ ਮਹਾਨ ਸ਼ਬਦ ਦੀ ਵਿਚਾਰ ਦੇਖੀਏ:

ਇਹ ਤੁਕਾਂ ਬਿਲਾਵਲ ਰਾਗ ਦੇ ਇਕ ਛੰਤ ਦੀਆਂ ਮਗਰਲੇ ਬੰਦ ਦੀਆਂ

ਹਨ। ਇਸ ਵਾਕ ਵਿਚ ਗੁਰੂ ਸਾਹਿਬ ਜੀ ਕਠੋਰ ਮਨ ਦੀ ਅਵਸਥਾ ਬਰਫ਼ ਦਾ ਪ੍ਰਤੀਕ ਲੈ ਕੇ ਦੱਸ ਰਹੇ ਹਨ। ਸੂਰਜ ਦੀਆਂ ਕਿਰਨਾਂ ਜਦੋਂ ਪਾਣੀ ਨਾਲ ਮਿਲਦੀਆਂ ਹਨ ਤਾਂ ਓਦੋਂ ਪਾਣੀ ਦਾ ਪਾਣੀ ਹੋ ਜਾਂਦਾ ਹੈ। ਸਵਾਲ ਉੱਠਦਾ ਹੈ ਕਿ ਪਾਣੀ ਦਾ ਪਾਣੀ ਕਿਵੇਂ ਹੋ ਗਿਆ। ਪਾਣੀ ਠੋਸ, ਤਰਲ ਤੇ ਗੈਸ ਦੇ ਤਿੰਨਾਂ ਰੂਪਾਂ ਵਿਚ ਮਿਲਦਾ ਹੈ। ਪਾਣੀ ਨੂੰ ਗਰਮ ਕੀਤਾ ਜਾਏ ਤਾਂ ਪਾਣੀ ਭਾਫ਼ ਬਣ ਜਾਂਦਾ ਹੈ ਤੇ ਉਸੇ ਹੀ ਪਾਣੀ ਨੂੰ ਮਾਈਨਸ ਡਿਗਰੀ ਤੋਂ ਥੱਲੇ ਲੈ ਆਈਏ ਤਾਂ ਉਹੀ ਪਾਣੀ ਬਰਫ਼ ਦਾ ਰੂਪ ਧਾਰਨ ਕਰ ਜਾਂਦਾ ਹੈ। ਗੁਰੂ ਸਾਹਿਬ ਜੀ ਮਨੁੱਖੀ ਕਠੋਰਤਾ ਦੀ ਗੱਲ ਕਰ ਰਹੇ ਹਨ, ਜਿਸ ਤਰ੍ਹਾਂ ਪਾਣੀ ਜੰਮ ਜਾਏ ਤਾਂ ਸਖ਼ਤ ਬਰਫ਼ ਹੋ ਜਾਂਦਾ ਹੈ, ਏਸੇ ਤਰ੍ਹਾਂ ਹੀ ਗੁਰੂ ਨਾਲੋਂ ਟੁੱਟਿਆ ਮਨੁੱਖ ਦਾ ਮਨ ਵੀ ਸਖ਼ਤ ਬਰਫ਼ ਵਰਗਾ ਕਠੋਰ ਹੋ ਜਾਂਦਾ ਹੈ। ਬਰਫ਼ 'ਤੇ ਜਦੋਂ ਸੂਰਜ ਦੀਆਂ ਕਿਰਨਾਂ ਪੈਂਦੀਆਂ ਹਨ ਤਾਂ ਪਾਣੀ ਪਿਘਲਦਾ ਹੈ, ਬਰਫ਼ ਪਿਘਲ ਕੇ ਆਪਣੇ ਅਸਲੀ ਰੂਪ ਪਾਣੀ ਵਿਚ ਆ ਜਾਂਦੀ ਹੈ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥

'ਜਲ ਕਾ ਜਲੁ ਹੂਆ'—ਪਾਣੀ ਜੰਮਿਆ ਬਰਫ਼ ਸੀ ਤੇ ਗਰਮੀ ਨਾਲ ਪਿਘਲ ਕੇ ਪਾਣੀ ਬਣ ਗਿਆ। ਸੂਰਜ ਗਿਆਨ ਦੇ ਪ੍ਰਤੀਕ ਵਜੋਂ ਆਇਆ ਹੈ। ਜਿੰਨਾ ਚਿਰ ਗੁਰਬਾਣੀ ਗਿਆਨ ਨਹੀਂ ਸੀ, ਮਨ ਹਮੇਸ਼ਾ ਹੀ ਕਠੋਰ ਅਵਸਥਾ ਵਿਚ ਵਿਚਰ ਕੇ ਖ਼ੁਸ਼ ਹੁੰਦਾ ਸੀ। ਹੁਣ ਜਦੋਂ ਦਾ ਗੁਰੂ ਗਿਆਨ ਪ੍ਰਾਪਤ ਹੋ ਗਿਆ ਹੈ, ਮਨ ਦੀ ਕਠੋਰਤਾ ਤੇ ਰੁੱਖਾ-ਪਨ ਖ਼ਤਮ ਹੀ ਨਹੀਂ ਹੋਇਆ, ਸਗੋਂ ਮਨ ਤੇ ਪਰਮਾਤਮਾ ਦੀ ਇਕਮਿਕਤਾ ਹੋ ਗਈ ਹੈ। ਦੂਸਰੀ ਤੁਕ ਵਿਚ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ:

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

ਮਨੁੱਖੀ ਮਨ ਅਸਲ ਵਿਚ ਪਰਮਾਤਮਾ ਦੇ ਗੁਣਾਂ ਦਾ ਸਰੂਪ ਹੈ, ਪਰ ਸੰਸਾਰ ਵਿਚ ਰਹਿੰਦਿਆਂ, ਰੱਬੀ ਗੁਣਾਂ ਨਾਲੋਂ ਟੁੱਟਿਆਂ, ਇਹ ਹਉਮੈ, ਈਰਖਾ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਜਿਸ ਤਰ੍ਹਾਂ ਬਰਫ਼ ਨੂੰ ਸੂਰਜ ਦੀਆਂ ਕਿਰਨਾਂ ਮਿਲਦੀਆਂ ਹਨ ਤੇ ਉਸ ਦਾ ਪਾਣੀ ਬਣ ਜਾਂਦਾ ਹੈ, ਇਸੇ ਤਰ੍ਹਾਂ ਹੀ ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਲੈ ਕੇ ਅਸੀਂ ਆਪਣੇ ਮਨ ਦੀ ਕਠੋਰਤਾ ਦੂਰ ਕਰ ਸਕਦੇ ਹਾਂ। ਜੋ ਰੱਬ ਦੇ ਗੁਣ ਹਨ, ਉਹ ਸਾਰੇ ਗੁਣ ਸਾਡੇ ਵਿਚ ਆ ਸਕਦੇ ਹਨ ਤੇ ਇਸ ਨੂੰ ਕਿਹਾ ਗਿਆ ਹੈ: "ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥" ਰੱਬ ਦੀ ਨਿਯਮਾਵਲੀ, ਸਿਧਾਂਤ, ਹੁਕਮ ਨੂੰ ਸਮਝ ਕੇ ਉਸ ਵਿਚ ਆਪਣੇ ਆਪ ਨੂੰ ਢਾਲਣਾ, ਉਸ ਦਾ ਨਿਤਾਪ੍ਰਤੀ ਅਭਿਆਸ ਕਰਨ ਨੂੰ 'ਜੋਤੀ ਜੋਤਿ ਰਲੀ' ਕਿਹਾ ਜਾ ਸਕਦਾ ਹੈ।

ਮਨੁੱਖੀ ਮਨ ਦੀ ਸਭ ਤੋਂ ਵੱਡੀ ਕਠੋਰਤਾ ਨਫ਼ਰਤ ਦੀ ਹੈ। ਜੇ ਇਹ ਨਫ਼ਰਤ ਵਰਗੀ ਭਿਆਨਕ ਬਿਮਾਰੀ ਦੇ ਕੀਟਾਣੂ ਇਸ ਦੇ ਦਿਮਾਗ਼ ਵਿੱਚੋਂ ਨਿਕਲ ਜਾਣ ਤਾਂ ਇਸ ਰੱਬ ਦੇ ਬੰਦੇ ਨੂੰ ਚਾਰ-ਚੁਫੇਰੇ ਆਪਣੇ ਹੀ ਆਪਣੇ ਨਜ਼ਰ ਆਉਣਗੇ, ਦੁਸ਼ਮਣੀ ਦੀਆਂ ਵਲਗਣਾਂ ਸਦਾ ਲਈ ਢਹਿ ਜਾਣਗੀਆਂ ਤੇ ਹਰ ਪਾਸੇ ਰੱਬ ਦੇ ਹੀ ਦੀਦਾਰੇ ਹੋਣਗੇ। ਇੰਜ ਲੱਗੇਗਾ ਜਿਵੇਂ ਪਰਮਾਤਮਾ ਆਪ ਹੀ ਸੁਣ ਰਿਹਾ ਹੈ, ਉਹ ਆਪ ਹੀ ਵੇਖ ਰਿਹਾ ਹੈ ਤੇ ਫਿਰ ਹਰੇਕ ਵਿਚ ਉਹ ਹੀ ਵੱਸਦਾ ਨਜ਼ਰੀਂ ਆਏਗਾ :

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥

ਸਾਰੇ ਸੰਸਾਰ ਦਾ ਖਿਲਰਿਆ ਹੋਇਆ ਖਿਲਾਰਾ ਪਰਮਾਤਮਾ ਦਾ ਹੀ ਰੂਪ ਨਜ਼ਰ ਆਏਗਾ, ਪਰਮਾਤਮਾ ਦੇ ਗੁਣਾਂ ਤੋਂ ਬਿਨਾਂ ਹੋਰ ਕੁਝ ਨਹੀਂ ਦਿੱਸੇਗਾ। ਫਿਰ ਮਨੁੱਖ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ ਪਰਮਾਤਮਾ ਆਪ ਹੀ ਸਭ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਜੀਵਾਂ ਵਿਚ ਬੈਠ ਕੇ ਆਪ ਹੀ ਰੰਗ ਮਾਣ ਰਿਹਾ ਹੈ ਤੇ ਉਹ ਆਪ ਹੀ ਹਰੇਕ ਕੰਮ ਕਰਨ ਦੀ ਪ੍ਰੇਰਨਾ ਦੇ ਰਿਹਾ ਹੈ :

ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥

ਗੁਰੂ ਅਰਜਨ ਪਾਤਿਸ਼ਾਹ ਜੀ ਫ਼ੁਰਮਾ ਰਹੇ ਹਨ ਕਿ ਇਸ ਅਵਸਥਾ ਨੂੰ ਉਹੀ ਮਨੁੱਖ ਸਮਝਦੇ ਹਨ ਜਿਨ੍ਹਾਂ ਨੇ ਪਰਮਾਤਮਾ ਦੇ ਗੁਣਾਂ ਦਾ ਸੁਆਦ ਚੱਖ ਲਿਆ ਹੈ :

ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥

ਇਸ ਛੰਤ ਵਿਚ ਕਠੋਰਤਾ ਦੇ ਕੁਝ ਰੂਪ ਜਿਵੇਂ ਮਲੀਨਤਾ, ਨਿਜ ਸੁਆਰਥ ਦਾ ਮੋਹ, ਪੰਜ ਵਿਕਾਰ ਤੇ ਭੈੜੀ ਮਤ ਵੀ ਦੱਸੇ ਹਨ। ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਇਹ ਸਦਾ ਲਈ ਨਹੀਂ ਬੈਠ ਸਕਦੇ, ਜੇਕਰ ਅਸੀਂ ਆਪਣੇ ਮਨ ਦੀ ਬਾਂਹ ਗੁਰੂ ਜੀ ਨੂੰ ਫੜਾ ਕੇ ਆਪਣੇ ਆਪ ਨੂੰ ਸਮਰਪਣ ਕਰ ਦਈਏ :

ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥
ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ ॥
ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ ॥
ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ ॥
ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ ॥
ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ ॥

(ਬਿਲਾਵਲੁ ਮ: ੫, ਪੰਨਾ 846)

ਏਸੇ ਹੀ ਛੰਤ ਦੀਆਂ ਅਰੰਭਕ ਤੁਕਾਂ ਵਿਚ ਗੁਰੂ ਸਾਹਿਬ ਜੀ ਦੱਸਦੇ ਹਨ

ਕਿ ਸੂਰਜ ਦੀ ਕਿਰਨ ਜਦੋਂ ਬਰਫ਼ 'ਤੇ ਪੈਂਦੀ ਹੈ ਤਾਂ ਇਕ ਬਦਲਾਅ ਪੈਦਾ ਹੁੰਦਾ ਹੈ, ਭਾਵ ਗੁਰੂ ਜੀ ਦੇ ਸੂਰਜ ਰੂਪੀ ਗਿਆਨ ਦੁਆਰਾ ਮਾਨਸਿਕ ਰੋਗਾਂ ਦਾ ਦੂਰ ਹੋਣਾ, ਬੇਲੋੜੀਆਂ ਚਿੰਤਾਵਾਂ ਦਾ ਭਿਆਨਕ ਦੁੱਖ, ਆਤਮਿਕ ਤਲ 'ਤੇ ਜੰਮਣਾ ਮਰਨਾ ਖ਼ਤਮ ਹੋ ਜਾਂਦੇ ਹਨ। ਸੂਰਜ ਦੀ ਕਿਰਨ ਮਿਲਣ ਦਾ ਹੀ ਅਸਰ ਹੈ ਕਿ ਆਤਮਿਕ ਜੀਵਨ ਦੇਣ ਵਾਲੀ ਭਗਤੀ ਤੇ ਰਿਧੀਆਂ-ਸਿਧੀਆਂ ਦਾ ਖ਼ਜ਼ਾਨਾ ਮਿਲ ਜਾਂਦਾ ਹੈ:

ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥
ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ ॥
ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ ॥
ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ ॥

(ਬਿਲਾਵਲੁ ਮ: ੫, ਪੰਨਾ 846)

ਸੋ, ਸਮਝਿਆ ਜਾ ਸਕਦਾ ਹੈ ਕਿ ਇਸ ਸ਼ਬਦ ਵਿੱਚੋਂ ਮਨ ਦੀ ਹਉਮੈ ਰੂਪੀ ਕਠੋਰਤਾ ਨੂੰ ਦੂਰ ਕਰ ਕੇ ਇਸੇ ਛੰਤ ਦੇ ਅਮਰ ਕਥਨ ਅਨੁਸਾਰ "ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ ਅਮਰ ਪਦਵੀ ਪਾਵਹ" ਆਤਮਿਕ ਪਦਵੀ ਦੀ ਪ੍ਰਾਪਤੀ ਕਰਨੀ ਹੈ:

ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ ॥
ਸੁਖਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ ॥
ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ ॥

(ਬਿਲਾਵਲ ਕੀ ਵਾਰ, ਮ: ੩, ਪੰਨਾ 851)

ਜਪਨੀ ਕਾਠ ਕੀ

ਸਿੱਖ ਧਰਮ ਵਿਚ ਗਿਣਤੀ ਨਾਲ ਨਾਮ-ਜਪ ਤੇ ਮਾਲਾ ਫੇਰਨ ਦਾ ਕੋਈ ਵਿਧਾਨ ਨਹੀਂ ਹੈ ਪਰ ਫਿਰ ਵੀ, ਪਤਾ ਨਹੀਂ ਕਿਉਂ ਕਈ ਸਿੱਖਾਂ ਦੇ ਹੱਥਾਂ ਵਿਚ ਅਕਸਰ ਮਾਲਾ ਦੇਖਣ ਨੂੰ ਮਿਲ ਜਾਂਦੀ ਹੈ। ਗੁਰਬਾਣੀ 'ਤੇ ਆਧਾਰਿਤ ਇਸ ਵਿਸ਼ੇ ਨੂੰ ਸਮਝਣ ਦਾ ਯਤਨ ਕਰੀਏ, ਤਾਂ ਕਿ ਭਰਮ ਭੁਲੇਖੇ ਦੂਰ ਹੋ ਸਕਣ। ਜਪਨੀ—ਜਿਸ ਨਾਲ ਜਪ ਕੀਤਾ ਜਾਏ, ਉਸ ਨੂੰ ਜਪਨੀ ਕਿਹਾ ਗਿਆ ਹੈ। ਜਪਨੀ ਨੂੰ ਵੱਖੋ-ਵੱਖਰੇ ਨਾਵਾਂ ਨਾਲ ਵੀ ਪੇਸ਼ ਕੀਤਾ ਗਿਆ ਹੈ, ਜਿਹਾ ਕਿ ਜਪਮਾਲਾ, ਸਿਮਰਨੀ, ਜਪ ਕਰਨ ਦੀ ਮਾਲਾ, ਜਪਮਾਲੀ ਤੇ ਤਸਬੀ ਆਦਿ ਹਨ। ਸਿੱਖ ਧਰਮ ਵਿਚ ਗਿਣਤੀ ਨਾਲ ਨਾਮ-ਜਪ ਦਾ ਕੋਈ ਵਿਧੀ-ਵਿਧਾਨ ਨਹੀਂ ਹੈ। ਗੁਰਬਾਣੀ ਵਿਚ ਅਨੇਕਾਂ ਥਾਵਾਂ 'ਤੇ ਮੂਰਤੀ ਪੂਜਾ ਤੇ ਮਾਲਾ ਫੇਰਨ ਦਾ ਵਿਰੋਧ ਕੀਤਾ ਗਿਆ ਹੈ। ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਮਾਲਾ ਫੇਰਨ ਦਾ ਢੌਂਗ ਰਚ ਕੇ ਸਿਮਰਨ ਕਰਨ ਦਾ ਕੋਈ ਵੀ ਫ਼ਾਇਦਾ ਨਹੀਂ ਹੁੰਦਾ, ਅਸਾਂ ਨੂੰ ਤਾਂ ਸਗੋਂ ਦਿਲੋਂ ਵਾਹਿਗੁਰੂ ਜੀ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ। ਪਿਆਰਾ ਵਾਕ ਹੈ:

ਕਬੀਰ ਜਪਨੀ ਕਾਠ ਕੀ, ਕਿਆ ਦਿਖਲਾਵਹਿ ਲੋਇ ॥
ਹਿਰਦੈ ਰਾਮੁ ਨ ਚੇਤਹੀ, ਇਹ ਜਪਨੀ ਕਿਆ ਹੋਇ ॥੭੫॥

(ਸਲੋਕ ਕਬੀਰ ਜੀ, ਪੰਨਾ 1368)

ਹੇ ਕਬੀਰ! ਤੂੰ ਤੁਲਸੀ, ਰੁਦ੍ਰਾਖ ਆਦਿਕ ਦੀ ਮਾਲਾ ਹੱਥ ਵਿਚ ਲੈ ਕੇ ਕਿਉਂ ਲੋਕਾਂ ਨੂੰ ਦਿਖਾਂਦਾ ਫਿਰਦਾ ਹੈਂ? ਤੂੰ ਆਪਣੇ ਹਿਰਦੇ ਵਿਚ ਤਾਂ ਪਰਮਾਤਮਾ ਨੂੰ ਯਾਦ ਨਹੀਂ ਕਰਦਾ। ਹੱਥ ਵਿਚ ਫੜੀ ਹੋਈ ਮਾਲਾ ਦਾ ਕੋਈ ਲਾਭ ਨਹੀਂ ਹੋ ਸਕਦਾ।

ਜਦੋਂ ਲਾਊਡ ਸਪੀਕਰਾਂ ਦੀ ਨਵੀਂ-ਨਵੀਂ ਕਾਢ ਨਿਕਲੀ ਸੀ ਤਾਂ ਨਾਲ ਪੱਥਰਾਂ ਦੇ ਤਵੇ ਵੀ ਆ ਗਏ ਸਨ। ਪੱਥਰਾਂ ਦੇ ਤਵਿਆਂ 'ਤੇ ਬਰੀਕ ਤਿੱਖੀ ਸੂਈ ਚੱਲਦੀ ਹੁੰਦੀ ਸੀ ਤੇ ਕਈ ਦਫ਼ਾ ਜਦੋਂ ਪੱਥਰ ਦੇ ਤਵੇ ਦੀ ਝਰੀ ਵਿਚ ਉਹ ਸੂਈ ਫਸ ਜਾਂਦੀ ਸੀ, ਤਾਂ ਘੜੀ-ਮੁੜੀ, ਘੜੀ-ਮੁੜੀ ਇੱਕੋ ਹੀ ਗੱਲ

ਦੁਹਰਾਈ ਜਾਂਦੀ ਸੀ—ਮਿੱਟੀ ਦਿਆ ਘੜਿਆ, ਮਿੱਟੀ ਦਿਆ ਘੜਿਆ, ਮਿੱਟੀ ਦਿਆ ਘੜਿਆ—ਤੇ ਕੋਲ ਬੈਠੇ ਸੁਣ ਰਹੇ ਸਰੋਤਿਆਂ ਨੇ ਕਹਿਣਾ—ਓਏ ਵਾਜੇ ਵਾਲਿਆ, ਸੂਈ ਨੂੰ ਅਗਾਂਹ ਵੀ ਕਰ ਦੇਹ ਕਿ ਇੱਕੋ ਹੀ ਗੱਲ ਸੁਣਾਈ ਜਾਏਂਗਾ, ਵਾਜੇ ਵਾਲੇ ਨੇ ਹੱਥ ਨਾਲ ਝਰੀ ਵਿਚ ਫਸੀ ਹੋਈ ਸੂਈ ਨੂੰ ਚੁੱਕ ਕੇ ਅਗਲੀ ਝਰੀ ਵਿਚ ਪਾ ਦੇਣਾ ਤੇ ਅੱਗੋਂ ਗੀਤ ਸ਼ੁਰੂ ਹੋ ਜਾਣਾ। ਇੰਜ ਮਾਲਾ ਫੇਰਨ ਵਾਲੇ ਦੀ ਵੀ ਆਤਮਿਕ ਸੂਝ ਦੀ ਸੂਈ ਇੱਕੋ ਹੀ ਝਰੀ ਵਿਚ ਫਸ ਕੇ ਰਹਿ ਜਾਂਦੀ ਹੈ ਤੇ ਸਦੀਵ ਕਾਲ ਪਰਮਾਤਮਾ ਦੇ ਗੁਣਾਂ ਦੀ ਸੂਝ ਗੁਰਬਾਣੀ ਵਿੱਚੋਂ ਲੈਣ ਲਈ ਤਿਆਰ ਨਹੀਂ ਹੁੰਦਾ, ਬਲਕਿ ਮਾਲਾ ਫੇਰਦਿਆਂ ਇੱਕੋ ਹੀ ਸ਼ਬਦ ਨੂੰ ਬਾਰ-ਬਾਰ ਬੋਲੀ ਜਾਣ ਨੂੰ ਜਪ ਜਾਂ ਸਿਮਰਨ ਦੱਸ ਰਿਹਾ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ *ਮਹਾਨ ਕੋਸ਼* ਵਿਚ ਵਿਸਥਾਰ ਸਹਿਤ ਲਿਖਦੇ ਹਨ :

> ਜਪਮਾਲ/ਜਪਮਾਲਾ. ਜਪ ਕਰਨ ਦੀ ਮਾਲਾ, ਜਪਨੀ, ਸਿਮਰਨੀ, ਹਿੰਦੂਮਤ ਦੇ ਗ੍ਰੰਥਾਂ ਵਿੱਚ ਮਾਲਾ ਤਿੰਨ ਪ੍ਰਕਾਰ ਦੀ ਲਿਖੀ ਹੈ:
> ੳ—ਕਰਮਾਲਾ (ਅੰਗੁਲੀਆਂ ਉੱਪਰ ਗਿਣਤੀ ਕਰਨੀ)।
> ਅ—ਵਰਣਮਾਲਾ (ਅ ਤੋਂ ਕ ਤੀਕ ਅੱਖਰਾਂ ਨੂੰ ਮਾਲਾ ਕਲਪਨਾ, ਜਿਵੇਂ—ੳ ਤੋਂ ੜ ਤੀਕ ਗਿਣਤੀ ਲਈ ਅੱਖਰ ਥਾਪੀਏ)।
> ੲ—ਅਕਮਾਲਾ (ਮਣਕਿਆਂ ਦੀ ਮਾਲਾ), ਜੋ ਰੁਦ੍ਰਾਕ, ਕਮਲ ਦੇ ਬੀਜ, ਹਾਥੀਦੰਦ, ਸ਼ੰਖ ਦੇ ਟੁਕੜੇ, ਚੰਦਨ, ਤੁਲਸੀ, ਮੋਤੀ, ਬਿਲੌਰ, ਮੂੰਗਾ, ਸੁਵਰਣ (ਸੋਨੇ) ਆਦਿ ਦੇ ਮਣਕਿਆਂ ਤੋਂ ਬਣਾਈ ਜਾਂਦੀ ਹੈ।
> ਯੋਗਿਨੀਤੰਤ੍ਰ ਵਿਚ ਮਹਾਦੇਵ ਦਾ ਵਚਨ ਹੈ ਕਿ ਪੱਚੀ ਮਣਕਿਆਂ ਦੀ ਮਾਲਾ ਮੁਕਤਿਦਾਇਕ, ਸਤਾਈ ਦੀ ਪੁਸ਼੍ਰਿਕਾਰਕ, ਤੀਸ ਦੀ ਧਨਦਾਇਕ, ਪਚਾਸ ਦੀ ਮੰਤ੍ਰਸਿਧੀ ਕਰਨ ਵਾਲੀ ਅਤੇ ਇੱਕ ਸੌ ਅੱਠ ਮਣਕੇ ਦੀ ਸਰਵਸਿਧੀ ਦੇਣ ਵਾਲੀ ਹੈ।
> ਤੰਤ੍ਰਸ਼ਾਸਤ੍ਰ ਵਿਚ ਲਿਖਿਆ ਹੈ ਕਿ:
> अ आ इ ई उ ऊ ऋ ॠ ऌ ॡ ए ऐ ओ औ अं अः क ख ग घ ङ। च छ ज झ ञ। ट ठ ड ढ ण। त थ द ध न। प फ ब भ म। य र ल व श ष स ह क्ष।
> ਇਨ੍ਹਾਂ ਪੰਜਾਹ ਅੱਖਰਾਂ ਅਨੁਲੋਮ, ਪ੍ਰਤਿਲੋਮ (ਸਿੱਧਾ ਪੁੱਠਾ) ਪਾਠ ਕਰਨ ਤੋਂ ਸੌ ਗਿਣਤੀ ਹੁੰਦੀ ਹੈ, ਫੇਰ ਇਨ੍ਹਾਂ ਹੀ ਅੱਖਰਾਂ ਵਿੱਚੋਂ ਵਰਗਾਂ ਦੇ ਮੁੱਢ ਦਾ ਇੱਕ ਇੱਕ ਅੱਖਰ (अ क च ट त प य श) ਲੈਣ ਤੋਂ ਅੱਠ ਦੀ ਗਿਣਤੀ ਹੁੰਦੀ ਹੈ, ਇਸ ਹਿਸਾਬ ਨਾਲ ਸਰਵਮੰਤ੍ਰ ਮਈ ੧੦੮ ਮਣਕੇ ਦੀ ਮਾਲਾ ਹੈ।
> ਇਹ ਭੀ ਲਿਖਿਆ ਹੈ ਕਿ ਇੱਕ ਇੱਕ ਰਾਸ਼ਿ ਦੇ ਨੌਂ ਨੌਂ ਅੱਖਰ ਹਨ, ਬਾਰਾਂ ਨਾਏਂ ੧੦੮ ਗਿਣਤੀ ਹੁੰਦੀ ਹੈ, ਹੋਰ ਪ੍ਰਕਾਰ ਦੱਸਿਆ ਹੈ ਕਿ ਇੱਕ ਇੱਕ ਨਛਤ੍ਰ ਦੇ ਚਾਰ ਚਾਰ ਅੱਖਰ ਹਨ, ਸਤਾਈ ਚੌਕੇ ੧੦੮ ਬਣਦੇ ਹਨ।

ਮੁਸਲਮਾਨਾਂ ਦੀ ਮਾਲਾ (ਤਸਬੀ) ਖ਼ੁਦਾ ਦੇ ੯੯ ਗੁਣਵਾਚਕ ਅਤੇ ਇੱਕ ਖਾਸ ਨਾਉਂ ਅੱਲਾ ਜਪਣ ਲਈ ੧੦੦ ਮਣਕੇ ਦੀ ਹੋਇਆ ਕਰਦੀ ਹੈ, "ਮਾਲਾ ਤਸਬੀ ਤੋੜਕੈ ਜਿਉਂ ਸਉ ਤਿਵੈ ਅਠੋਤਰ ਲਾਇਆ," (ਭਾਗੁ) ਕਈ ਮੁਸਲਮਾਨ ਮੇਰੁ ਸਮੇਤ ੧੦੧ ਮਣਕੇ ਭੀ ਤਸਬੀ ਦੇ ਰਖਦੇ ਹਨ. ਦੇਖੋ, ਤਸਬੀ।

ਈਸਾਈਆਂ ਦੀ ਮਾਲਾ "ਰੋਜ਼ਰੀ" (Rosary) ਡੇਢ ਸੌ ਕਾਠ ਦੇ ਮਣਕਿਆਂ ਦੀ ਹੁੰਦੀ ਹੈ, ਹਰੇਕ ਦਸ ਛੋਟੇ ਮਣਕਿਆਂ ਪਿੱਛੋਂ ਇੱਕ ਵਡਾ ਮਣਕਾ ਹੁੰਦਾ ਹੈ, ਇਸ ਤਰਾਂ ੧੩੫ ਛੋਟੇ ਅਤੇ ੧੫ ਵਡੇ ਮਣਕੇ ਹੁੰਦੇ ਹਨ, ਛੋਟੇ ਮਣਕਿਆਂ ਤੇ Ave Maria (ਧਨਯ ਮੇਰੀ) ਅਤੇ ਵਡੇ ਮਣਕਿਆਂ ਉਤੇ Pater Noster (ਸਾਡਾ ਪਿਤਾ) ਜਾਪ ਹੁੰਦਾ ਹੈ।

ਪਚਵੰਜਾ ਮਣਕੇ ਦੀ ਮਾਲਾ ਭੀ ਈਸਾਈ ਰਖਦੇ ਹਨ, ਜਿਸ ਦਾ ਨਾਮ ਚੈਪਲੇਟ (Chaplet) ਹੈ, ਇਸ ਵਿੱਚ ਪੰਜਾਹ ਛੋਟੇ ਅਤੇ ਪੰਜ ਵਡੇ ਮਣਕੇ ਹੁੰਦੇ ਹਨ, ਅਰ ਉਨ੍ਹਾਂ ਉੱਤੇ ਨਾਮਸਿਮਰਣ ਦੀ ਉਹੀ ਰੀਤਿ ਹੈ, ਜੋ ਡੇਢ ਸੌ ਮਣਕੇ ਦੀ ਮਾਲਾ ਪੁਰ ਹੈ, ਰੋਮਨ ਕੈਥੋਲਿਕ (Roman Catholic) ਮਤ ਦੇ ਈਸਾਈਆਂ ਵਿੱਚ ਜਪਮਾਲਾ ਦੀ ਵਿਸ਼ੇਸ਼ ਪ੍ਰਚਾਰ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ *ਮਹਾਨ ਕੋਸ਼* ਵਿਚ ਅੱਗੇ ਲਿਖਦੇ ਹਨ ਕਿ ਜੈਨੀਆਂ ਦੀ ਮਾਲਾ ਇਕ ਸੌ ਗਿਆਰਾਂ (111) ਮਣਕਿਆਂ ਦੀ ਹੋਇਆ ਕਰਦੀ ਹੈ। ਇਹ ਵਿਚਾਰੇ 111 ਮਣਕਿਆਂ ਦੀ ਮਾਲਾ ਫੇਰਨ ਨੂੰ ਹੀ ਸ੍ਰੇਸ਼ਟ ਧਰਮ-ਕਰਮ ਸਮਝੀ ਬੈਠੇ ਹਨ।

ਸਿੱਖ ਧਰਮ ਵਿਚ ਗਿਣਤੀ ਨਾਲ ਨਾਮ-ਜਪ ਦਾ ਕੋਈ ਵਿਧੀ ਵਿਧਾਨ ਨਹੀਂ ਹੈ। ਏਥੇ ਤਾਂ ਹੱਥ ਕਾਰ ਵੱਲ, ਚਿੱਤ ਕਰਤਾਰ ਵੱਲ ਦੀ ਗੱਲ ਹੈ। ਗੁਰੂ ਅਮਰਦਾਸ ਜੀ ਦਾ ਪਿਆਰਾ ਵਾਕ ਹੈ:

ਹਿਰਦੈ ਜਪਨੀ ਜਪਉ ਗੁਣਤਾਸਾ ॥
ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ,
ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ ॥

(ਬਿਲਾਵਲੁ ਮਹਲਾ ੩, ਪੰਨਾ 841)

ਹੇ ਭਾਈ ! ਮੈਂ ਆਪਣੇ ਹਿਰਦੇ ਵਿਚ ਗੁਣਾਂ ਦੇ ਖ਼ਜ਼ਾਨੇ ਵਾਲੇ ਪਰਮਾਤਮਾ ਦੇ ਨਾਮ ਨੂੰ ਜਪਦਾ ਹਾਂ, ਭਾਵ ਗੁਣਾਂ ਨੂੰ ਸਮਝਦਾ ਹਾਂ, ਤੇ ਏਹੀ ਮੇਰੀ ਮਾਲਾ ਹੈ। ਪਰਮਾਤਮਾ ਅਪਹੁੰਚ ਹੈ, ਪਰੇ ਤੋਂ ਪਰੇ ਹੈ, ਸਭ ਦਾ ਮਾਲਕ ਹੈ, ਉਸ ਤਕ ਗਿਆਨ-ਇੰਦਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਮੈਂ ਤਾਂ ਸੰਤ ਜਨਾਂ ਦੀ ਚਰਨੀਂ ਲੱਗ ਕੇ, ਭਾਵ ਗੁਰਬਾਣੀ ਉਪਦੇਸ਼ ਰਾਹੀਂ ਦਾਸਾਂ ਦਾ ਦਾਸ ਬਣ ਕੇ ਉਸ ਨੂੰ ਸਿਮਰਦਾ ਹਾਂ। ਰੱਬੀ ਗੁਣ ਹੀ ਮੇਰੇ ਲਈ ਮਾਲਾ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਭਰਮਾਂ ਵਿਚ ਵਿਚਰ ਰਹੀ ਦੁਨੀਆ ਨੂੰ ਕੀਮਤੀ ਖ਼ਿਆਲ ਦੇਂਦਿਆਂ ਦੱਸਿਆ ਹੈ ਕਿ ਬਾਹਰਲੇ ਚਿੰਨ੍ਹ ਧਾਰਨ ਕੀਤਿਆਂ

ਬੰਦਾ ਕਦੀ ਵੀ ਧਰਮੀ ਨਹੀਂ ਹੋ ਸਕਦਾ, ਜਿੰਨਾ ਚਿਰ ਸਕਾਰਾਤਮਿਕ ਗੁਣਾਂ ਨੂੰ ਸਮਝਦਾ ਨਹੀਂ। ਭਾਰਤ ਦੇ ਲੋਕਾਂ ਵਿਚ ਇਹ ਖ਼ਿਆਲ ਘਰ ਕਰ ਚੁੱਕਾ ਸੀ ਕਿ ਤਿਲਕ ਲਗਾ ਲੈਣਾ, ਖ਼ਾਸ ਸਮਿਆਂ 'ਤੇ ਖ਼ਾਸ ਰੰਗ ਦੀ ਧੋਤੀ ਬੰਨ੍ਹ ਲੈਣੀ, ਤੀਰਥਾਂ 'ਤੇ ਇਸ਼ਨਾਨ ਕਰ ਲੈਣਾ ਜਾਂ ਗਲਾਂ ਵਿਚ ਲੰਬੀਆਂ ਮਾਲਾ ਪਾ ਕੇ ਹੱਥਾਂ ਵਿਚ ਲਮਕਾਈ ਫਿਰਨਾ ਤੇ ਇਹ ਕਹਿਣਾ ਕਿ ਅਸੀਂ ਧਰਮੀ ਬਣ ਗਏ ਹਾਂ। ਗੁਰੂ ਸਾਹਿਬ ਜੀ ਨੇ ਇਨ੍ਹਾਂ ਸਾਰੇ ਨਕਾਰਾਤਮਿਕ ਕੰਮਾਂ ਨੂੰ ਰੱਦ ਕੀਤਾ ਹੈ। ਗੁਰੂ ਸਾਹਿਬ ਜੀ ਦਾ ਇਕ ਬਹੁਤ ਪਿਆਰਾ ਵਾਕ ਸਾਰੰਗ ਰਾਗ ਵਿਚ ਅੰਕਤ ਹੈ :

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥

(ਸਲੋਕ ਮ: ੧, ਪੰਨਾ 1245)

ਕੋਈ ਜਨਮ ਅਸ਼ਟਮੀ, ਪੂਰਨਮਾਸ਼ੀ, ਮੱਸਿਆ, ਸੰਗਰਾਂਦ, ਮੰਗਲਵਾਰ, ਸ਼ਨੀਵਾਰ ਦਾ ਵਰਤ ਰੱਖ ਕੇ ਰੱਬ ਨੂੰ ਪਾਉਣ ਦਾ ਦਾਅਵਾ ਠੋਕ ਰਿਹਾ ਹੈ। ਇਸ ਸੰਬੰਧੀ ਗੁਰੂ ਸਾਹਿਬ ਜੀ ਸਿੱਧ-ਪੱਧਰਾ ਉੱਤਰ ਦੇ ਰਹੇ ਹਨ ਕਿ ਹੇ ਭਲੇ ਲੋਕ ਤੂੰ ਸੱਚ ਬੋਲਣ ਦਾ ਵਰਤ ਕਿਉਂ ਨਹੀਂ ਰੱਖ ਰਿਹਾ ? ਦੂਸਰਾ, ਤੀਰਥਾਂ ਦੀ ਖੇਹ ਛਾਣਨ ਦੀ ਥਾਂ 'ਤੇ ਸੰਤੋਖ ਦੇ ਪੜਾਅ 'ਤੇ ਪਹੁੰਚ। ਤੀਸਰਾ, ਜੀਵਨ ਗੰਭੀਰਤਾ ਦੀ ਸੂਝ ਵਿਚ, ਡਾਢੀ ਦਿਲਚਸਪੀ ਰੱਖਣ ਦਾ ਹਰ ਵੇਲੇ ਇਸ਼ਨਾਨ ਕਰਦੇ ਰਹਿਣਾ। ਚੌਥਾ, ਦੇਵਤਿਆਂ ਨਾਲ ਮੱਥਾ ਮਾਰਨ ਦੀ ਥਾਂ 'ਤੇ ਲੋਕ-ਭਲਾਈ ਦੇ ਕੰਮਾਂ ਨੂੰ ਉਜਾਗਰ ਕਰ। ਮਹਿੰਗੀਆਂ ਤੇ ਵੰਨ-ਸਵੰਨੀਆਂ ਮਾਲਾ ਦੀ ਥਾਂ 'ਤੇ ਲੋਕਾਂ ਨੂੰ ਖਿਮਾ ਕਰਨ ਦੀ ਆਦਤ ਪਾਏਂਗਾ ਤਾਂ ਚੰਗਿਆਂ ਮਨੁੱਖਾਂ ਵਿਚ ਗਿਣਿਆ ਜਾਏਂਗਾ। ਦੇਵਤਿਆਂ ਦੀ ਪੂਜਾ ਵੇਲੇ ਉਚੇਚੀ ਧੋਤੀ ਬੰਨ੍ਹੀ ਜਾਂਦੀ ਹੈ। ਸਾਹਿਬ ਆਖਦੇ ਹਨ ਕਿ ਇਸ ਦੀ ਜਗ੍ਹਾ 'ਤੇ ਸੁਚੱਜਾ ਜੀਵਨ ਜਿਊਣ ਦੀ ਜਾਚ ਸਿੱਖ ਲਏਂ ਤਾਂ ਵਧੀਆ ਰਹੇਂਗਾ। ਚੌਂਕੇ ਨੂੰ ਸੁੱਚਾ ਰੱਖਣ ਲਈ ਕਈ ਪ੍ਰਕਾਰ ਦੇ ਪਾਪੜ ਵੇਲਦਾ ਫਿਰਦਾ ਏਂ, ਪਰ ਕਮਲਿਆ, ਆਪਣੀ ਸੁਰਤ ਨੂੰ ਸੁੱਚਾ ਰੱਖਣ ਦਾ ਪੋਚਾ ਕਿਉਂ ਨਹੀਂ ਫੇਰਦਾ ? ਆਪਣੇ ਆਚਰਣ ਨੂੰ ਹਰ ਵੇਲੇ ਉੱਚਾ ਸੁੱਚਾ ਰੱਖਣਾ, ਸਮਝ ਲੈ, ਮੱਥੇ 'ਤੇ ਲਾਇਆ ਹੋਇਆ ਤਿਲਕ ਹੀ ਹੈ। ਹੇ ਨਾਨਕ ! ਪ੍ਰੇਮ ਨੂੰ ਜਿਨ੍ਹਾਂ ਨੇ ਆਤਮਾ ਦੀ ਖ਼ੁਰਾਕ ਬਣਾਇਆ ਹੈ, ਉਹ ਮਨੁੱਖ ਚੰਗੇ ਹਨ, ਪਰ ਇਹੋ ਜੇਹੇ ਮਨੁੱਖ ਵਿਰਲੇ ਹੀ ਹੁੰਦੇ ਹਨ। ਮੋਟੇ ਤੌਰ 'ਤੇ ਕਿਸੇ ਨੂੰ ਖਿਮਾ ਕਰ ਦੇਣਾ, ਮੁਆਫ਼ੀ ਦੇਣੀ, ਬਖ਼ਸ਼

ਦੇਣ ਵਰਗੇ ਚਮਕਦੇ ਅਸੂਲਾਂ ਨੂੰ ਧਾਰਨ ਕਰਨਾ ਹੀ ਗੁਰਬਾਣੀ ਵਿਚ ਅਸਲੀ ਮਾਲਾ ਮੰਨੀ ਗਈ ਹੈ।

ਸਿੱਖੀ ਵਿਚ ਕਈ ਡੇਰਿਆਂ ਵਾਲੇ ਮਾਲਾ ਨੂੰ ਗੁਰੂ ਜੀ ਵੱਲੋਂ ਬਖ਼ਸ਼ਿਆ ਹੋਇਆ ਇਕ ਕੀਮਤੀ ਗਹਿਣਾ ਕਰਕੇ ਦੱਸ ਰਹੇ ਹਨ। ਗੁਰੂ ਰਾਮਦਾਸ ਜੀ ਮਣਕਿਆਂ ਵਾਲੀ ਮਾਲਾ ਨੂੰ ਨਿਕਾਰਦਿਆਂ ਹੋਇਆਂ ਨੇਕ ਕਰਮਾਂ ਦੀ ਮਾਲਾ ਧਾਰਨ ਕਰਨ ਲਈ ਆਖ ਰਹੇ ਹਨ, ਜਿਹਾ ਕਿ ਵਾਕ ਹੈ:

ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥
ਹਿਰਦੈ ਫੇਰਿ ਚਲੈ ਤੁਧੁ ਨਾਲੀ॥
ਹਰਿ ਹਰਿ ਨਾਮੁ ਜਪਹੁ ਬਨਵਾਲੀ॥
ਕਰਿ ਕਿਰਪਾ ਮੇਲਹੁ ਸਤਸੰਗਤਿ ਤੂਟਿ ਗਈ ਮਾਇਆ ਜਮ ਜਾਲੀ॥

(ਭੈਰਉ ਮਹਲਾ ੪, ਪੰਨਾ 1134)

ਹੇ ਭਾਈ! ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਸੰਭਾਲ ਕੇ ਰੱਖ, ਇਹੀ ਹੈ ਸਭ ਤੋਂ ਸ੍ਰੇਸ਼ਟ ਕਰਨਯੋਗ ਕੰਮ, ਇਹੀ ਹੈ ਮਾਲਾ। ਭਲਿਆ, ਇਸ ਮਾਲਾ ਨੂੰ ਹਰ ਵੇਲੇ ਆਪਣੇ ਹਿਰਦੇ ਵਿਚ ਫੇਰਿਆ ਕਰ, ਭਾਵ ਪਰਮਾਤਮਾ ਦੀ ਯਾਦ ਹਰ ਸਮੇਂ ਬਣਾਈ ਰੱਖਣਾ ਹੀ ਸਿੱਖ ਦੀ ਮਾਲਾ ਹੈ।

ਸਲੋਕ ਸਹਸਕ੍ਰਿਤੀ ਵਿਚ ਗੁਰੂ ਅਰਜਨ ਪਾਤਿਸ਼ਾਹ ਜੀ ਦੱਸਦੇ ਹਨ ਕਿ ਜਿਹੜਾ ਮਨੁੱਖ ਪਰਮਾਤਮਾ ਦੇ ਗੁਣਾਂ ਨੂੰ ਆਪਣੇ ਗਲੇ ਦੀ ਮਾਲਾ ਬਣਾਉਂਦਾ ਹੈ, ਹਿਰਦੇ ਵਿਚ ਪ੍ਰੇਮ ਟਿਕਾਣ ਨੂੰ ਮਾਲਾ ਦੀ ਥੈਲੀ ਬਣਾਉਂਦਾ ਹੈ ਤੇ ਜੀਭ ਨਾਲ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਾਣੀ ਉਚਾਰਦਾ ਹੈ, ਉਹ ਮਾਇਆ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ। ਫ਼ੁਰਮਾਨ ਹੈ:

ਕੰਠ ਰਮਣੀਯ ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਣੀ॥
ਜੀਹ ਭਣਿ ਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1356)

ਕਈਆਂ ਨੇ ਇਹ ਵਹਿਮ ਵੀ ਪਾਲਿਆ ਹੋਇਆ ਹੈ ਕਿ ਲੁਕਾ ਕੇ ਸਿਮਰਨਾ ਫੇਰਿਆ ਜਾਏ ਤਾਂ ਉਸ ਦਾ ਫਲ ਜ਼ਿਆਦਾ ਮਿਲਦਾ ਹੈ। ਕੱਪੜੇ ਦੀ ਗਊ ਮੁੱਖ ਵਰਗੀ ਗੁਥਲੀ ਬਣਾ ਕੇ, ਉਸ ਵਿਚ ਹੱਥ ਪਾ ਕੇ ਮਾਲਾ ਫੇਰੀ ਜਾਏ ਤਾਂ ਕਈ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ। 'ਹਸਤ ਊਚ ਪ੍ਰੇਮ ਧਾਰਣੀ'— ਗੁੱਥਲੀ ਦੀ ਥਾਂ 'ਤੇ ਪਿਆਰ ਨੂੰ ਹਿਰਦੇ ਵਿਚ ਵਸਾ ਲੈ। ਪੂਰਨ ਪ੍ਰੀਤ ਅਤੇ ਪ੍ਰਤੀਤ ਸਹਿਤ ਕੀਤਾ ਪ੍ਰਭੂ ਦਾ ਸਿਮਰਨ ਹੀ ਸਹੀ ਜੀਵਨ ਮਾਰਗ ਹੈ, ਪਰ ਇਹ ਪ੍ਰਾਪਤ ਸਤਿਗੁਰੂ ਜੀ ਦੇ ਉਪਦੇਸ਼ ਵਿੱਚੋਂ ਹੀ ਹੁੰਦਾ ਹੈ। ਹੋਰ ਦਿਖਾਵੇ ਦੇ ਬਾਹਰਮੁਖੀ ਕਰਮ ਸਭ ਫੋਕਟ ਹੀ ਹਨ। ਇਸ ਬਰੀਕੀ ਨੂੰ ਸਮਝਣ ਲਈ

ਇਸ ਵਾਕ ਵੱਲ ਨਿਗਾਹ ਮਾਰਦੇ ਹਾਂ, ਜਿਸ ਵਿਚ ਮਾਲਾ ਨੂੰ ਬਾਹਰਮੁਖੀ ਕਰਮ ਦੱਸਿਆ ਹੈ :

ਗਲਿ ਮਾਲਾ ਤਿਲਕੁ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥
ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥
ਵਿਣੁ ਸਤਿਗੁਰ ਵਾਟ ਨ ਪਾਵੈ ॥ *(ਆਸਾ ਕੀ ਵਾਰ, ਮ: ੧, ਪੰਨਾ 470)*

ਲੋਕ-ਦਿਖਾਵੇ ਲਈ ਆਪਣੇ ਗਲ ਵਿਚ ਰੁਦ੍ਰਾਖ, ਲੋਹੇ ਜਾਂ ਸੂਤਰ ਦੀ ਲੰਬੀ ਮਾਲਾ ਪਾਉਂਦਾ ਏਂ, ਚੰਦਨ ਨੂੰ ਰਗੜ ਕੇ ਤਿਲਕ ਵੀ ਲਗਾਉਂਦਾ ਏਂ, ਕੱਪੜਿਆਂ ਦੀ ਸੁੱਚ ਨੂੰ ਤਰਜੀਹ ਦੇਂਦਿਆਂ ਦੋ ਧੋਤੀਆਂ ਵੀ ਰੱਖਦਾ ਏਂ ਤੇ ਸਿਰ ਉੱਤੇ ਕੱਪੜਾ ਵੀ ਰੱਖਦਾ ਏਂ, ਪਰ ਸਚਾਈ ਇਹ ਹੈ ਕਿ ਧਰਮ ਦੇ ਨਾਂ 'ਤੇ ਇਹ ਸਭ ਤੋਂ ਵੱਡੀ ਫੋਕਟ ਕਿਰਿਆ ਹੈ। ਕੀ ਇਨ੍ਹਾਂ ਤੁਕਾਂ ਦਾ ਸਿਰਫ਼ ਕੀਰਤਨ ਕਰਨਾ ਜਾਂ ਸੁਣਨਾ ਹੀ ਹੈ ? ਕੀ ਇਹ ਉਪਦੇਸ਼ ਸਾਡੇ ਲਈ ਨਹੀਂ ਹਨ ? ਹਕੀਕਤ ਕੁਝ ਹੋਰ ਹੀ ਹੈ—ਆਸਾ ਦੀ ਵਾਰ ਦਾ ਕੀਰਤਨ ਕਰਨ ਵਾਲਾ ਵੀ ਹੱਥ ਅਤੇ ਗਲ ਵਿਚ ਮਾਲਾ ਪਾਈ ਬੈਠਾ ਕੀਰਤਨ ਕਰਦਾ ਦਿਖਾਈ ਦੇਵੇਗਾ। ਜੇ ਪੰਡਤ ਜੀ ਮਹਾਰਾਜ ਨੂੰ ਗੁਰੂ ਸਾਹਿਬ ਜੀ ਫੋਕਟ ਦਾ ਕਰਮ ਦੱਸ ਰਹੇ ਹਨ ਤਾਂ ਨਹਾਇਤ ਸਾਡੇ ਲਈ ਵੀ ਇਹ ਫਿਰ ਫੋਕਟ ਕਰਮ ਹੀ ਹੈ। ਕਈ ਵੀਰਾਂ ਨੇ ਉਂਗਲਾਂ ਦਿਆਂ ਪੋਟਿਆਂ 'ਤੇ ਮਾਲਾ ਦਾ ਛੱਲਾ ਬਣਾ ਕੇ ਚਾੜ੍ਹਿਆ ਹੁੰਦਾ ਹੈ ਜੋ ਹਰ ਵੇਲੇ ਫੇਰਦੇ ਰਹਿੰਦੇ ਹਨ—ਦਰਅਸਲ ਇਹ ਉਨ੍ਹਾਂ ਦੀ ਲਾਈਫ਼ ਦਾ ਸੈੱਟਅਪ ਬਣ ਚੁੱਕਿਆ ਹੁੰਦਾ ਹੈ, ਜਿਸ ਨੂੰ ਉਹ ਛੱਡਣ ਲਈ ਤਿਆਰ ਨਹੀਂ ਹੁੰਦੇ। ਇਕ ਵੀਰ ਨੂੰ ਪੁੱਛਿਆ—ਭਰਾਵਾ, ਤੂੰ ਆਸਾ ਦੀ ਵਾਰ ਦਾ ਕੀਰਤਨ ਕਰਕੇ ਆਇਆ ਏਂ। ਕੀ ਆਸਾ ਦੀ ਵਾਰ ਵਿਚ ਮਾਲਾ ਫੇਰਨ ਦੀ ਗੁਰੂ ਸਾਹਿਬ ਆਗਿਆ ਦੇਂਦੇ ਹਨ। ਵੀਰ ਜੀ ਸਹਿਜ ਸੁਭਾਅ ਹੀ ਉੱਤਰ ਦੇਂਦੇ ਹਨ ਕਿ ਉਹ ਯਾਰ ! ਫ਼ਲਾਣੇ ਸਾਧ ਨੇ ਮੈਨੂੰ ਇਹ ਮਾਲਾ ਦਿੱਤੀ ਸੀ, ਬੱਸ ਉਸ ਤੋਂ ਬਾਅਦ ਮੈਂ ਇਹ ਮਾਲਾ ਲਾਹੀ ਹੀ ਨਹੀਂ, ਬਸ ਮਨ ਨੂੰ ਸਕੂਨਤਾ ਜਿਹੀ ਮਿਲਦੀ ਹੈ। ਕੀ ਇਹ ਸਕੂਨਤਾ ਗੁਰਬਾਣੀ ਵਿੱਚੋਂ ਨਹੀਂ ਮਿਲਦੀ ? ਓਹ ਵਾਹ ਮੇਰੇ ਵੀਰਿਆ ਵਾਹ! ਸਦਕੇ ਤੇਰੀ ਦਲੀਲ ਦੇ—ਸਤਿਗੁਰੂ ਜੀ ਤਾਂ ਸਾਫ਼ ਹੀ ਕਹਿ ਰਹੇ ਹਨ : "ਵਿਣੁ ਸਤਿਗੁਰ ਵਾਟ ਨ ਪਾਵੈ ॥" ਸੋ ਦਿਖਾਵੇ ਦੇ ਚਿੰਨ੍ਹਾਂ ਨੂੰ ਸਮੇਤ ਮਾਲਾ ਦੇ ਗੁਰਬਾਣੀ ਰੱਦ ਕਰਦੀ ਹੈ। ਸਤਿਗੁਰੂ ਦੇ ਉਪਦੇਸ਼ ਨੂੰ ਧਾਰਨ ਕਰਨ ਤੋਂ ਬਿਨਾਂ ਸਾਡਾ ਕਲਿਆਣ ਨਹੀਂ ਹੋ ਸਕਦਾ।

ਜਿਥੇ ਹਿੰਦੂ ਮਤ ਦੀ ਗੱਲ ਕੀਤੀ ਹੈ, ਉਥੇ ਮੁਸਲਮਾਨਾਂ ਦੇ ਧਾਰਮਿਕ ਆਗੂ ਕਾਜ਼ੀ ਨੂੰ ਵੀ ਸੰਬੋਧਨ ਹੁੰਦਿਆਂ, ਉਸ ਦੇ ਮਨ ਦੀ ਅਸਲੀਅਤ ਉਸ ਦੇ ਹੀ ਸਾਹਮਣੇ ਰੱਖੀ ਹੈ। ਐ ਕਾਜ਼ੀ! ਤੂੰ ਤਸਬੀ ਫੇਰ ਰਿਹਾ ਏਂ ਸਿਰਫ਼ ਲੋਕਾਂ ਨੂੰ ਦਿਖਾਲਣ ਲਈ, ਪਰ ਅੰਦਰਖ਼ਾਤੇ ਤਾਂ ਤੂੰ ਉਨ੍ਹਾਂ ਦੇ ਹੱਕ ਵਿਚ ਫ਼ੈਸਲਾ ਕਰਨ ਲਈ ਉਨ੍ਹਾਂ ਪਾਸੋਂ ਵੱਢੀ ਲਈ ਬੈਠਾ ਹੋਇਆ ਏਂ। ਹੈ ਕਿ ਨਹੀਂ, ਤੇਰੇ ਵੱਲੋਂ ਕੀਤੇ ਇਨਸਾਫ਼ ਦੇ ਰੰਗ ਨਿਆਰੇ, ਵਾਰੇ ਜਾਈਏ ਤੇਰੀ ਮੁਨਸਫ਼ੀ ਦੇ। ਗੁਰਵਾਕ ਹੈ :

ਕਾਜੀ ਹੋਇ ਕੈ ਬਹੈ ਨਿਆਇ॥
ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥
ਜੇ ਕੋ ਪੁਛੈ ਤਾ ਪੜਿ ਸੁਣਾਏ॥
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ॥

(ਸਲੋਕੁ ਮ: ੧, ਪੰਨਾ 951)

ਇਸ ਦਾ ਅਰਥ ਇਹ ਹੋਇਆ ਕਿ ਕਾਜ਼ੀ ਸਿਰਫ਼ ਤਸਬੀ ਲੋਕਾਂ ਉੱਤੇ ਧਰਮ ਦੀ ਠੁਕ ਬਣਾਉਣ ਲਈ ਹੀ ਫੇਰ ਰਿਹਾ ਹੈ। ਜਿਸ ਦੇ ਹੱਕ ਵਿਚ ਫ਼ੈਸਲਾ ਦੇ ਰਿਹਾ ਹੈ, ਉਸ ਪਾਸੋਂ ਤਾਂ ਇਸ ਨੇ ਵੱਢੀ ਦੀ ਮੋਟੀ ਰਕਮ ਲਈ ਹੋਈ ਹੈ। ਭਲਾ ਜੇ ਕੋਈ ਕਾਜ਼ੀ ਦੇ ਕੀਤੇ ਹੋਏ ਫ਼ੈਸਲੇ ਦੇ ਇਤਰਾਜ਼ ਦਰਜ ਕਰਾਉਂਦਾ ਹੈ ਤਾਂ ਕਾਜ਼ੀ ਸਾਹਿਬ ਜੀ ਉਸੇ ਵੇਲੇ ਹੀ ਸ਼ਰ੍ਹਾ ਦੀ ਗੱਲ ਪੜ੍ਹ ਕੇ ਉਸ ਨੂੰ ਸੁਣਾਉਂਦਾ ਹੈ ਤੇ ਫਿਰ ਉਹਦੀ ਸਦਾ ਲਈ ਬੋਲਤੀ ਬੰਦ ਕਰਾ ਦੇਂਦਾ ਹੈ। ਪਰ ਨਾਲ ਹੀ ਨਾਲ ਤੇਜ਼ੀ-ਤੇਜ਼ੀ ਵਿਚ ਤਸਬੀ ਫੇਰੀ ਜਾ ਰਿਹਾ ਹੈ ਤੇ ਖ਼ੁਦਾ-ਖ਼ੁਦਾ ਵੀ ਕਹੀ ਜਾ ਰਿਹਾ ਹੈ। ਪੁੱਠੀ ਤਸਬੀ ਫੇਰਿਆਂ ਕਦੇ ਵੀ ਧਰਮੀ ਨਹੀਂ ਹੋਇਆ ਜਾ ਸਕਦਾ। ਇੰਜ ਹੀ ਇਕ ਜਗ੍ਹਾ ਹੋਰ ਗੁਰੂ ਸਾਹਿਬ ਉਪਦੇਸ਼ ਦੇ ਰਹੇ ਹਨ :

ਸਭੇ ਵਖਤ ਸਭੇ ਕਰਿ ਵੇਲਾ॥
ਖਾਲਕੁ ਯਾਦਿ ਦਿਲੈ ਮਹਿ ਮਉਲਾ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ॥

(ਮਾਰੂ ਸੋਲਹੇ ਮਹਲਾ ੫, ਪੰਨਾ 1084)

ਹੇ ਖ਼ੁਦਾ ਦੇ ਬੰਦੇ! ਹਰ ਵੇਲੇ, ਹਰ ਵਕਤ ਖ਼ਾਲਕ ਨੂੰ, ਮੌਲਾ ਨੂੰ ਆਪਣੇ ਦਿਲ ਵਿਚ ਯਾਦ ਕਰਦੇ ਰਹੋ। ਹਰ ਵੇਲੇ ਖ਼ੁਦਾ ਨੂੰ ਯਾਦ ਕਰਦਾ ਰਹੁ, ਇਹ ਹੀ ਤੇਰੀ ਤਸਬੀ ਹੈ। ਉਹ ਖ਼ੁਦਾ ਹੀ ਦਸਾਂ ਇੰਦ੍ਰਿਆਂ ਨੂੰ ਵੱਸ ਵਿਚ ਲਿਆ

ਸਕਦਾ ਹੈ। ਹੇ ਖ਼ੁਦਾ ਦੇ ਬੰਦੇ! ਚੰਗਾ ਸੁਭਾਉ ਤੇ ਤਕੜਾ ਪ੍ਰਹੇਜ਼ ਧਾਰਨ ਕਰਨਾ ਹੀ ਸੁੰਨਤ ਸਮਝ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਮਾਲਾ ਦਾ ਖੰਡਨ ਕਰਦਿਆਂ ਬੜਾ ਪਿਆਰਾ ਜ਼ਿਕਰ ਕੀਤਾ ਹੈ ਜੋ ਕਿ ਉਨਤਾਲਵੀਂ ਵਾਰ ਦੀ ਗਿਆਰ੍ਹਵੀਂ ਪਉੜੀ ਵਿਚ ਅੰਕਤ ਹੈ:

ਅਮਲੀ ਖਾਸੇ ਮਜਲਸੀ ਪਿਰਮ ਪਿਆਲਾ ਅਲਖੁ ਲਖਾਇਆ॥
ਮਾਲਾ ਤਸਬੀ ਤੋੜਿ ਕੈ ਜਿਉ ਸਉ ਤਿਵੈ ਅਠੋਤਰੁ ਲਾਇਆ॥
ਮੇਰੁ ਇਮਾਮੁ ਰਲਾਇਕੈ ਰਾਮੁ ਰਹੀਮੁ ਨ ਨਾਉਂ ਗਣਾਇਆ॥

(ਭਾਈ ਗੁਰਦਾਸ ਜੀ, ਵਾਰ 39, ਪਉੜੀ 11)

ਪਉੜੀ ਦਾ ਭਾਵ-ਅਰਥ ਇਹ ਦੱਸਦਾ ਹੈ ਕਿ ਸਤਿਗੁਰੂ ਦੇ ਸਿੱਖ ਪਰਮਾਤਮਾ ਦੇ ਘਰ ਦੇ ਦਰਬਾਰੀ ਹਨ। ਉਨ੍ਹਾਂ ਨੇ ਪ੍ਰੇਮ ਨੂੰ ਪਿਆਲਾ ਬਣਾਇਆ ਹੋਇਆ ਹੈ। ਮੁਸਲਮਾਨਾਂ ਨੇ ਸੌ ਅਤੇ ਹਿੰਦੂਆਂ ਨੇ ਇਕ ਸੌ ਅੱਠ ਮਣਕਿਆਂ ਦੀ ਮਾਲਾ ਬਣਾ ਕੇ ਉੱਤੇ ਇਮਾਮ ਤੇ ਮੇਰੁ ਭਾਵ ਵੱਡਾ ਮਣਕਾ ਲਾਇਆ ਹੁੰਦਾ ਹੈ। ਦੋਵੇਂ ਮਾਲਾ ਫੇਰ ਕੇ ਰਹੀਮ ਅਤੇ ਰਾਮ ਚੰਦਰ ਦਾ ਜਾਪ ਜਪਦੇ ਹਨ, ਪਰ ਗੁਰਸਿੱਖਾਂ ਨੇ ਦੋਵੇਂ ਮਾਲਾ ਤਿਆਗ ਕੇ ਨਾਮ ਦਾ ਜਾਪ ਗਿਣਤੀ ਨਾਲ ਨਹੀਂ ਕੀਤਾ, ਕਹਿਣ ਦਾ ਅਰਥ ਵਾਹਿਗੁਰੂ ਜੀ ਨਾਲ ਸਿੱਖ ਨੇ ਵਹੀ-ਖ਼ਾਤਾ ਨਹੀਂ ਲਾਇਆ। ਉਹ ਤਾਂ ਸਵਾਸ-ਸਵਾਸ ਪਰਮਾਤਮਾ ਨੂੰ ਹਿਰਦੇ ਨਾਲ ਯਾਦ ਕਰਦੇ ਰਹਿੰਦੇ ਹਨ। ਉਸ ਦੇ ਗੁਣਾਂ ਨੂੰ ਸਮਝ ਕੇ ਆਪਣੇ ਜੀਵਨ ਦਾ ਅੰਗ ਬਣਾਉਣ ਨੂੰ ਤਰਜੀਹ ਦੇਂਦੇ ਹਨ, ਨਾ ਕਿ ਲੋਕ-ਵਿਖਾਵੇ ਲਈ ਮਾਲਾ ਘੁਮਾਉਣੀ। ਮਣਕਿਆਂ ਦੀ ਤਸਬੀ ਜਾਂ ਮਾਲਾ ਕਿਹੋ ਜਿਹੀ ਹੋਣੀ ਚਾਹੀਦੀ ਹੈ, ਇਹ ਗੁਰੂ ਅਰਜਨ ਪਾਤਿਸ਼ਾਹ ਜੀ ਤੋਂ ਪੁੱਛਦੇ ਹਾਂ:

ਹਰਿ ਹਰਿ ਅਖਰ ਦੁਇ ਇਹ ਮਾਲਾ॥
ਜਪਤ ਜਪਤ ਭਏ ਦੀਨ ਦਇਆਲਾ॥੧॥
ਕਰਉ ਬੇਨਤੀ ਸਤਿਗੁਰ ਅਪੁਨੀ॥
ਕਰਿ ਕਿਰਪਾ ਰਾਖਹੁ ਸਰਣਾਈ
ਮੋ ਕਉ ਦੇਹੁ ਹਰੇ ਹਰਿ ਜਪਨੀ॥੧॥ਰਹਾਉ॥
ਹਰਿ ਮਾਲਾ ਉਰ ਅੰਤਰਿ ਧਾਰੈ॥
ਜਨਮ ਮਰਣ ਕਾ ਦੂਖੁ ਨਿਵਾਰੈ॥੨॥
ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥
ਸੋ ਜਨੁ ਇਤ ਉਤ ਕਤਹਿ ਨ ਡੋਲੈ॥੩॥
ਕਹੁ ਨਾਨਕ ਜੋ ਰਾਚੈ ਨਾਇ॥
ਹਰਿ ਮਾਲਾ ਤਾ ਕੈ ਸੰਗਿ ਜਾਇ॥੪॥ *(ਆਸਾ ਮ: ੫, ਪੰਨਾ 388)*

ਰਹਾਉ ਦੀਆਂ ਤੁਕਾਂ ਵਿਚ ਗੁਰੂ ਸਾਹਿਬ ਜੀ ਨੇ ਪਰਮਾਤਮਾ ਦੀ ਸ਼ਰਨ ਵਿਚ ਰਹਿਣ ਦਾ ਸੰਕਲਪ ਦਿੱਤਾ ਹੈ, ਭਾਵ ਰੱਬੀ ਗੁਣਾਂ ਦੇ ਅਭਿਆਸ ਦੇ ਕਰਨ ਨੂੰ ਹੀ ਮਾਲਾ ਆਖਿਆ ਗਿਆ ਹੈ।

ਵਾਹਿਗੁਰੂ ਜੀ ਦਾ ਨਾਮ ਜਿਸ ਨੂੰ ਦੈਵੀ ਗੁਣਾਂ ਦਾ ਨਾਮ ਦਿੱਤਾ ਗਿਆ ਹੈ, ਮੈਂ ਇਸ ਨਾਮ ਦੀ ਮਾਲਾ ਜਪ ਰਿਹਾ ਹਾਂ। ਅਜੇਹੇ ਸ਼ੁਭ ਗੁਣਾਂ ਦੀ ਮਾਲਾ ਫੇਰਦਿਆਂ-ਫੇਰਦਿਆਂ ਪਰਮਾਤਮਾ ਦਇਆਵਾਨ ਹੋ ਜਾਂਦਾ ਹੈ।

ਦੂਸਰੇ ਬੰਦ ਵਿਚ ਗੁਰੂ ਜੀ ਕਹਿ ਰਹੇ ਹਨ ਕਿ ਜਿਹੜਾ ਮਨੁੱਖ ਹਰਿ ਨਾਮ ਦੀ ਮਾਲਾ ਨੂੰ ਹਿਰਦੇ ਵਿਚ ਟਿਕਾਅ ਕੇ ਰੱਖਦਾ ਹੈ, ਉਹ ਆਤਮਿਕ ਮੌਤੇ ਨਹੀਂ ਮਰਦਾ—ਮਾਨਸਿਕ ਤੌਰ 'ਤੇ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ।

ਇਸ ਸ਼ਬਦ ਵਿਚ ਕਿਤੇ ਵੀ ਨਹੀਂ ਲਿਖਿਆ ਮਿਲਦਾ ਕਿ ਇਹੋ ਜਿਹਾ ਧਾਗਾ ਲੈ ਕੇ ਇਸ ਪ੍ਰਕਾਰ ਦੀ ਮਾਲਾ ਬਣਾ ਕੇ ਆਪਣੇ ਗਲ ਵਿਚ ਪਾ ਲਉ ਜਾਂ ਤੁਹਾਡੇ ਹੱਥਾਂ ਦੇ ਪੋਟੇ ਇਸ ਸਟਾਈਲ ਨਾਲ ਘੁੰਮਦੇ ਰਹਿਣ, ਅਜਿਹਾ ਕੋਈ ਇਸ਼ਾਰਾ ਗੁਰਬਾਣੀ ਵਿੱਚੋਂ ਨਹੀਂ ਮਿਲਦਾ। ਗੁਰੂ ਸਾਹਿਬ ਜੀ ਤਾਂ ਕਹਿ ਰਹੇ ਹਨ ਕਿ ਹੇ ਮਨੁੱਖ! ਤੂੰ ਪਰਮਾਤਮਾ ਦੇ ਨਾਮ ਨੂੰ ਹੀ ਆਪਣੇ ਹਿਰਦੇ ਵਿਚ ਸੰਭਾਲਣ ਦਾ ਯਤਨ ਕਰਦਾ ਰਹੁ। ਅੰਦਰੋਂ ਤੇ ਬਾਹਰੋਂ ਤੈਨੂੰ ਹਮੇਸ਼ਾ ਅਡੋਲਤਾ ਮਿਲਦੀ ਰਹੇਗੀ।

ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਵਿਚ ਮੂਰਤੀ ਪੂਜਾ ਤੇ ਮਾਲਾ ਦਾ ਢੌਂਗ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਸੀ। ਗੁਰੂ ਸਾਹਿਬ ਜੀ ਨੇ ਕੁਝ ਉਦਾਹਰਣਾਂ ਦੇ ਕੇ ਧਰਮ ਦੇ ਠੇਕੇਦਾਰਾਂ ਨੂੰ ਰਾਹੇ ਪਾਉਣ ਦਾ ਯਤਨ ਕੀਤਾ ਸੀ। ਜਿਹਾ ਕਿ ਬਸੰਤ ਰਾਗ ਵਿਚ ਉਨ੍ਹਾਂ ਦਾ ਫ਼ੁਰਮਾਨ ਹੈ :

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥
ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥
ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥
ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ਰਹਾਉ॥

(ਰਾਗ ਬਸੰਤੁ ਮਹਲਾ ੧, ਪੰਨੇ 1170-71)

ਗੁਰੂ ਸਾਹਿਬ ਜੀ ਨੇ ਦੋ ਉਦਾਹਰਣਾਂ ਦਿੱਤੀਆਂ ਹਨ ਕਿ ਜਿਸ ਤਰ੍ਹਾਂ ਕਿਰਸਾਨ ਦੇ ਪਾਸ ਕਲਰਾਠੀ ਜ਼ਮੀਨ ਹੈ, ਜਿਸ ਵਿੱਚੋਂ ਫ਼ਸਲ ਦੀ ਕੋਈ ਆਸ ਨਹੀਂ ਹੈ। ਵਿਚਾਰਾ ਕਿਰਸਾਨ ਆਪਣੇ ਬਲਦਾਂ ਦੁਆਰਾ ਖੂਹ ਚਲਾ ਕੇ ਕਲਰਾਠੀ ਜ਼ਮੀਨ ਨੂੰ ਸਿੰਜਦਿਆਂ ਚੰਗੀ ਫ਼ਸਲ ਦੀ ਆਸ ਰੱਖੇ, ਇਹ ਉਸ ਦੀ ਵੱਡੀ ਭੁੱਲ ਹੋਏਗੀ। ਕਲਰਾਠੀ ਜ਼ਮੀਨ ਨੂੰ ਸਿੰਜਣਾ ਵਿਅਰਥ ਦਾ ਕੰਮ ਹੈ, ਕਿਉਂਕਿ ਉਹ ਜ਼ਮੀਨ ਫ਼ਸਲ ਨਹੀਂ ਦੇ ਸਕਦੀ। ਦੂਸਰਾ ਕੱਚੇ ਗਾਰੇ ਦੀ ਦੀਵਾਰ ਬਣਾ

ਕੇ ਉਸ ਉਪਰ ਚੂਨੇ, ਸੀਮੇਂਟ ਦਾ ਘੋਟ-ਘੋਟ ਕੇ ਪਲੱਸਤਰ ਲਾਇਆ ਜਾਏ ਪਰ ਕੱਚੀ ਦੀਵਾਰ 'ਤੇ ਕਦੇ ਵੀ ਪਲੱਸਤਰ ਨਹੀਂ ਖਲੋਏਗਾ, ਦੀਵਾਰ ਤਾਂ ਪਹਿਲਾ ਮੀਂਹ ਪੈਂਦਿਆਂ ਹੀ ਢਹਿ ਜਾਏਗੀ। ਕੱਚੀ ਕੰਧ ਨੂੰ ਵਧੀਆ ਸੀਮੈਂਟ ਦੀ ਚਿਣਾਈ ਦਾ ਕੋਈ ਵੀ ਲਾਭ ਨਹੀਂ ਹੈ। ਸਮੇਂ, ਪੈਸੇ ਦੀ ਬਰਬਾਦੀ ਤੋਂ ਵੱਧ ਕੁਝ ਵੀ ਦਿਖਾਈ ਨਹੀਂ ਦੇਂਦਾ। ਇਹ ਤਾਂ ਜਨਮ ਗਵਾਉਣ ਵਾਲੀ ਗੱਲ ਹੈ—ਵਾਕ ਨੂੰ ਧਿਆਨ ਵਿਚ ਲਿਆਉਣ ਦੀ ਜ਼ਰੂਰਤ ਹੈ—"ਕਾਹੇ ਕਲਰਾ ਸਿੰਚਹੁ, ਜਨਮੁ ਗਵਾਵਹੁ॥ ਕਾਚੀ ਢਹਗਿ ਦਿਵਾਲ, ਕਾਹੇ ਗਚੁ ਲਾਵਹੁ॥" ਦਾ ਭਾਵ-ਅਰਥ ਸਮਝਣ ਦੀ ਲੋੜ ਹੈ—ਐ ਬ੍ਰਾਹਮਣ! ਤੂੰ ਮਾਲਾ ਘੁਮਾ ਕੇ ਮੂਰਤੀ ਤੇ ਤੁਲਸੀ ਦੀ ਪੂਜਾ ਕਰ ਕੇ ਆਪਣਾ ਜਨਮ ਵਿਅਰਥ ਵਿਚ ਗਵਾ ਰਿਹਾ ਏਂ। ਇਹ ਦੋਵੇਂ ਗੱਲਾਂ ਕਲਰਾਠੀ ਜ਼ਮੀਨ ਸਿੰਜਣ ਤੇ ਕੱਚੀ ਕੰਧ ਉੱਤੇ ਪਲੱਸਤਰ ਕਰਨ ਵਾਂਗ ਹਨ। ਆਪਣੀ ਅਗਿਆਨਤਾ ਨੂੰ ਕਦੋਂ ਦੂਰ ਕਰੇਂਗਾ?

ਗੁਰੂ ਸਾਹਿਬ ਜੀ ਕਹਿ ਰਹੇ ਹਨ ਕਿ ਤੂੰ ਮੂਰਤੀ ਦੀ ਪੂਜਾ ਕਰਨ ਤੇ ਮਾਲਾ ਫੇਰਨ ਤੋਂ ਨਹੀਂ ਬਾਜ਼ ਆ ਸਕਦਾ ਤਾਂ ਫਿਰ ਆ ਤੈਨੂੰ ਮੈਂ ਸਹੀ ਮਾਲਾ ਤੇ ਅਸਲੀ ਮੂਰਤੀ-ਪੂਜਾ ਦਾ ਵਿਧੀ-ਵਿਧਾਨ ਦੱਸ ਦਿਆਂ। ਮੰਨ ਲਉ, ਸੰਸਾਰ ਇਕ ਭਿਆਨਕ ਸਮੁੰਦਰ ਹੈ, ਇਸ ਨੂੰ ਪਾਰ ਕਰਨ ਲਈ ਪਰਮਾਤਮਾ ਦੇ ਨਾਮ ਦਾ ਬੇੜਾ ਤਿਆਰ ਕਰੋ, ਭਾਵ ਰੱਬੀ ਸੂਝ ਗੁਰੂ ਜੀ ਦੇ ਗਿਆਨ ਵਿੱਚੋਂ ਲਉ, ਨੇਕ ਆਚਰਣ ਦੀ ਕਮਾਈ ਨੂੰ ਪੱਕੇ ਤੌਰ 'ਤੇ ਮਾਲਾ ਬਣਾਓ, ਸੁਭਾਅ ਵਿਚ ਦਇਆਲਤਾ ਲਿਆ ਕੇ ਮੂਰਤੀ ਦੀ ਪੂਜਾ ਬਣਾ ਲਉ ਤਾਂ ਜ਼ਿੰਦਗੀ ਦੀ ਸਫਲਤਾ ਦਾ ਇਹ ਕੀਮਤੀ ਰਾਜ਼ ਹੋਏਗਾ।

ਕਈ ਵਾਰੀ ਕਿਤੇ ਮਾਲਾ ਦੀ ਗੱਲ ਚੱਲੇ ਤਾਂ ਮਾਲਾ ਫੇਰਨ ਵਾਲਾ ਫਟਾ-ਫਟ ਇਹ ਤਰਕ ਪੇਸ਼ ਕਰ ਦੇਵੇਗਾ ਕਿ ਮਾਲਾ ਤਾਂ ਗੁਰੂ ਹਰਿਗੋਬਿੰਦ ਸਾਹਿਬ ਵੀ ਆਪਣੇ ਪਾਸ ਰੱਖਦੇ ਸਨ। ਦੇਖੋ ਨਾ, ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾ ਹੋਏ ਤਾਂ ਜਹਾਂਗੀਰ ਨੇ ਗੁਰੂ ਜੀ ਪਾਸੋਂ ਸੁੱਚੇ ਮੋਤੀਆਂ ਵਾਲੀ ਮਾਲਾ ਮੰਗ ਲਈ ਤਾਂ ਗੁਰੂ ਜੀ ਅੱਗੋਂ ਕਹਿਣ ਲੱਗੇ ਕਿ ਇਸ ਤੋਂ ਵਧੀਆ ਤਾਂ ਚੰਦੂ ਸ਼ਾਹ ਪਾਸ ਮਾਲਾ ਹੈ ਜੋ ਉਸ ਨੇ ਆਪਣੇ ਘਰ ਵਿਚ ਲੁਕਾ ਕੇ ਰੱਖੀ ਹੋਈ ਹੈ। ਜਦ ਗੁਰੂ ਸਾਹਿਬ ਜੀ ਨੇ ਮਾਲਾ ਰੱਖੀ ਹੋਈ ਸੀ ਫਿਰ ਅਸੀਂ ਵੀ ਤਾਂ ਮਾਲਾ ਹੀ ਰੱਖੀ ਹੋਈ ਐ। ਉਸ ਵੀਰ ਨੂੰ ਕਿਹਾ ਕਿ ਭਾਅ ਜੀ, ਇਤਿਹਾਸ ਲਿਖਿਆ ਹੈ ਬੇਗਾਨਿਆਂ ਨੇ ਤੇ ਗੁਰਬਾਣੀ ਲਿਖੀ ਹੈ ਗੁਰੂ ਸਾਹਿਬ ਜੀ ਨੇ। ਦੱਸੋ ਮਾਨਤਾ ਬੇਗਾਨਿਆਂ ਦੁਆਰਾ ਲਿਖੇ ਹੋਏ ਇਤਿਹਾਸ ਨੂੰ ਦੇਣੀ ਹੈ ਜਾਂ ਕਿ ਗੁਰਬਾਣੀ ਨੂੰ। ਤਰਕ ਕਰਨ ਵਾਲੇ ਵੀਰ ਪਾਸ ਸਿਵਾਏ ਖਿਝ ਦੇ ਹੋਰ ਕੋਈ ਵੀ ਉੱਤਰ ਨਹੀਂ ਸੀ।

ਇਕ ਮੁਸਲਮਾਨ ਪਰਿਵਾਰ ਨੇ ਗੰਗਾ ਸਾਗਰ ਦੁਆਰਾ ਦੇਸ਼ਾਂ-ਵਿਦੇਸ਼ਾਂ ਦੇ ਸਿੱਖਾਂ ਵਿਚ ਆਪਣੀ ਚੰਗੀ ਭੱਲ ਬਣਾ ਲਈ ਤੇ ਚਤੁਰ ਬਿਰਤੀਆਂ ਨੇ ਚੰਗਾ ਲਾਭ ਵੀ ਕਮਾਇਆ। ਜਦ ਕਿ ਅਜਿਹੀ ਕੀਮਤੀ ਵਸਤੂ ਨੂੰ ਸਿੱਖ ਅਜਾਇਬ-ਘਰ ਵਿਚ ਰੱਖਣਾ ਚਾਹੀਦਾ ਸੀ, ਨਾ ਕਿ ਸਿੱਖਾਂ ਪਾਸੋਂ ਗੰਗਾ ਸਾਗਰ ਨੂੰ ਮੱਥੇ ਟਿਕਾਉਣੇ। ਇਹ ਸਿੱਖਾਂ ਦੇ ਅਵੇਸਲੇ-ਪਨ ਦੀ ਨਿਸ਼ਾਨੀ ਹੀ ਕਹੀ ਜਾ ਸਕਦੀ ਹੈ। ਹੁਣ ਇਕ ਹੋਰ ਵਾਕਿਆ ਸੁਣਨ ਨੂੰ ਮਿਲ ਰਿਹਾ ਹੈ ਕਿ ਮਾਤਾ ਗੰਗਾ ਜੀ ਦਾ ਸੁੰਦਰ ਹਾਰ ਤੇ ਕੀਮਤੀ ਮੋਤੀਆਂ ਵਾਲੀ ਮਾਲਾ ਸਾਈਂ ਮੀਆਂ ਮੀਰ ਜੀ ਦੇ ਪਰਿਵਾਰ ਪਾਸ ਪਈ ਮਿਲੀ ਹੈ, ਜੋ ਮਾਤਾ ਗੰਗਾ ਜੀ ਨੇ ਆਪ ਇਹ ਵਸਤੂਆਂ ਸਾਈਂ ਜੀ ਨੂੰ ਦਿੱਤੀਆਂ ਸਨ। ਕੀ ਅਜਿਹੀਆਂ ਮਾਲਾਵਾਂ ਗੁਰਬਾਣੀ ਨਾਲੋਂ ਨਿਖੇੜ ਕੇ ਦੇਖੀਆਂ ਜਾਣ ? ਗੁਰਬਾਣੀ ਸਿੱਖ ਦੇ ਜੀਵਨ ਲਈ ਥੰਮ੍ਹੀ ਹੈ—ਇੰਜ ਨਹੀਂ ਹੋ ਸਕਦਾ ਕਿ ਗੁਰਬਾਣੀ ਕੁਝ ਹੋਰ ਕਹਿ ਰਹੀ ਹੋਵੇ ਤੇ ਗੁਰੂ ਸਾਹਿਬ ਜੀ ਦਾ ਜੀਵਨ ਕੁਝ ਹੋਰ ਹੋਵੇ। ਗੁਰਬਾਣੀ ਤੇ ਗੁਰੂ ਸਾਹਿਬ ਜੀ ਦਾ ਜੀਵਨ ਇਕ-ਮਿਕ ਹੈ। ਜਿਸ ਮਾਲਾ ਨੂੰ ਗੁਰੂ ਜੀ ਨੇ ਸਿਰਫ਼ ਲੋਕ-ਦਿਖਾਵਾ ਦੱਸਿਆ ਹੋਵੇ ਤੇ ਉਹ ਮਾਲਾ ਆਪ ਧਾਰਨ ਕੀਤੀ ਹੋਵੇ। ਮਾਲਾ ਸੰਬੰਧੀ ਹਰ ਕਿਸੇ ਡੇਰੇ ਦਾ ਆਪੋ-ਆਪਣਾ ਸੈੱਟਅਪ ਤਾਂ ਹੋ ਸਕਦਾ ਹੈ, ਪਰ ਸਮੁੱਚੀ ਕੌਮ ਦੀ ਇਹ ਮਰਯਾਦਾ ਨਹੀਂ ਹੋ ਸਕਦੀ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਸਿੱਖ, ਭਾਈ ਦਇਆ ਸਿੰਘ ਜੀ ਜੋ ਕਿ ਪੰਜਾਂ ਪਿਆਰਿਆਂ ਵਿੱਚੋਂ ਪਹਿਲੇ ਸੀਸ ਭੇਟ ਕਰਨ ਵਾਲੇ ਸਨ, ਆਪਣੇ 'ਰਹਿਤਨਾਮੇ' ਵਿਚ ਲਿਖਦੇ ਹਨ:

> ਤਿਲਕੁ, ਧਾਗਾ, ਕਾਠ ਕੀ ਮਾਲਾ ਧਾਰੇ, ਸੋ ਤਨਖਾਹੀਆ।

ਸੋ, ਇਹ ਗੱਲ ਚੰਗੀ ਤਰ੍ਹਾਂ ਸਪੱਸ਼ਟ ਹੈ ਕਿ ਸਿੱਖ ਧਰਮ ਵਿਚ ਭੇਖ ਧਾਰਨ ਕਰਨ ਨੂੰ ਕੋਈ ਥਾਂ ਨਹੀਂ ਹੈ। ਗੁਰਮਤਿ ਵਿਚ ਤਾਂ ਉੱਚਾ-ਸੁੱਚਾ ਜੀਵਨ ਧਾਰਨ ਕਰਨ ਦੀ ਜੁਗਤ ਨੂੰ ਹੀ ਪ੍ਰਵਾਨ ਕੀਤਾ ਗਿਆ ਹੈ। ਭਾਵੇਂ ਗੁਰੂ ਸਾਹਿਬ ਜੀ ਨੇ ਮੂਰਤੀ ਪੂਜਾ, ਤੁਲਸੀ ਦੀ ਮਾਲਾ ਆਦਿ ਪਾ ਕੇ ਵਿਖਾਵਾ ਕਰਨ ਨੂੰ ਆਪਣਾ ਕੀਮਤੀ ਜਨਮ ਗਵਾਉਣਾ ਹੀ ਦੱਸਿਆ ਹੈ। ਹਕੀਕਤ ਇਹ ਹੈ ਕਿ ਅਸਲੀ ਪੂਜਾ ਤੇ ਮਾਲਾ, ਉੱਚੇ ਆਚਰਣ ਤੇ ਸ੍ਰੇਸ਼ਟ ਕਰਣੀ ਨੂੰ ਕਿਹਾ ਗਿਆ ਹੈ। ਖੁੱਲ੍ਹੇ ਰੂਪ ਵਿਚ ਦੇਖਿਆ ਜਾਏ ਤਾਂ ਸਾਡੇ ਕਈ ਅਣਜਾਣ ਪ੍ਰਚਾਰਕ, ਭੇਖੀ, ਦੰਭੀ ਤੇ ਕੱਖੋਂ ਹੌਲੇ ਅਗਿਆਨੀ ਸੰਤ, ਸਿੱਖ ਸੰਗਤਾਂ ਨੂੰ ਮਾਲਾ ਫੇਰਨ 'ਤੇ ਲਾ ਰਹੇ ਹਨ। ਕਿੱਲ੍ਹ-ਕਿੱਲ੍ਹ ਕੇ ਇਸ ਨੂੰ ਨਾਮ ਸਿਮਰਨ ਦਾ ਦਰਜਾ ਦੇ ਰਹੇ ਹਨ ਜੋ ਉਨ੍ਹਾਂ ਦੇ ਮਨ ਦੀ ਗੁਰਮਤਿ ਵਿਰੋਧੀ ਕਾਢ ਹੈ। ਇਹ ਉਨ੍ਹਾਂ ਦੇ ਮਨੋਕਲਪਿਤ ਗਪੌੜਾਂ ਦੇ ਗਪੌੜ ਹਨ, ਜੋ ਸਰਾ-ਸਰ ਘੋਰ ਮਨਮੱਤਿ ਹੈ। ਸਾਰੀ ਗੁਰਬਾਣੀ

ਵਿਚ ਕਿਤੇ ਵੀ ਅਜਿਹਾ ਨਹੀਂ ਆਇਆ ਕਿ ਗਿਣਤੀ ਨਾਲ ਪਾਠ ਕਰ ਕੇ ਸਾਡਾ ਬੇੜਾ ਪਾਰ ਹੋ ਜਾਏਗਾ। ਇਕ ਹੋਰ ਪਿਆਰਾ ਵਾਕ ਕਬੀਰ ਜੀ ਦਾ ਸਮਝਣ ਵਾਲਾ ਹੈ:

ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥
ਲੋਗਨ ਰਾਮੁ ਖਿਲਉਨਾ ਜਾਨਾਂ ॥

(ਭੈਰਉ ਕਬੀਰ ਜੀ, ਪੰਨਾ 1158)

ਭਗਤ ਕਬੀਰ ਜੀ ਫ਼ੁਰਮਾ ਰਹੇ ਹਨ ਕਿ ਲੋਕਾਂ ਨੇ ਰਾਮ ਨੂੰ ਖਿਡੌਣਾ ਸਮਝ ਲਿਆ ਹੋਇਆ ਹੈ ਕਿ ਚਲੋ ਮੱਥੇ 'ਤੇ ਤਿਲਕ ਲਗਾ ਲਿਆ, ਹੱਥ ਵਿਚ ਮਾਲਾ ਫੜ; ਧਰਮੀ ਹੋਣ ਦਾ ਢੌਂਗ ਰਚ ਲਿਆ ਤੇ ਰੱਬ ਜੀ ਸਾਨੂੰ ਮਿਲ ਹੀ ਜਾਣਗੇ। ਹਕੀਕਤ ਇਹ ਹੈ ਕਿ ਇਨ੍ਹਾਂ ਗੱਲਾਂ ਦੇ ਨਾਲ ਰੱਬ ਜੀ ਨੂੰ ਪਰਚਾਇਆ ਨਹੀਂ ਜਾ ਸਕਦਾ। ਗੱਲੀਂ-ਬਾਤੀਂ ਕਦੀ ਵੀ ਵੜੇ ਨਹੀਂ ਪੱਕਦੇ ਹੁੰਦੇ।

ਇਕ ਵੀਰ ਨੇ ਫੋਕਟ ਵਿਚ ਘੁਮਾਈ ਜਾ ਰਹੀ ਮਾਲਾ ਦੇ ਸੰਬੰਧੀ ਬੜਾ ਪਿਆਰਾ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ, ਪਰ ਮਨੁੱਖ ਫਿਰ ਵੀ ਨਾ ਸਮਝੇ ਤਾਂ ਉਸ ਨੂੰ ਵਿਚਾਰਾ ਹੀ ਕਿਹਾ ਜਾ ਸਕਦਾ ਹੈ। ਕਹਿੰਦੇ ਹਨ, ਇਕ ਆਦਮੀ ਜੋ ਪੇਸ਼ੇ ਵਜੋਂ ਡਰਾਇਵਰ ਦਾ ਧੰਦਾ ਕਰਦਾ ਸੀ, ਪਰ ਉਸਦਾ ਕਾਰੋਬਾਰ ਕੋਈ ਚੜ੍ਹਦੀ ਕਲਾ ਵਾਲਾ ਨਹੀਂ ਸੀ। ਕਦੇ ਫੇਰਾ ਮਿਲ ਗਿਆ, ਕਦੇ ਫੇਰਾ ਨਾ ਮਿਲਿਆ। ਆਪਣੇ ਇਕ ਨਜ਼ਦੀਕੀ ਦੋਸਤ ਨਾਲ ਆਪਣਾ ਦੁੱਖੜਾ ਸਾਂਝਾ ਕਰਦਾ ਹੈ ਕਿ ਭਾਈ ਮੇਰਾ ਕੰਮ-ਕਾਰ ਨਹੀਂ ਚੱਲਦਾ। ਅੱਗੋਂ ਦੋਸਤ ਕਹਿਣ ਲੱਗਾ ਕਿ ਆਪਾਂ ਦਾ ਇਕ ਸਾਧ ਵਾਕਫ਼ਕਾਰ ਹੈ, ਕਿਉਂ ਨਾ ਆਪਾਂ ਉਸ ਪਾਸ ਜਾ ਕੇ ਕੋਈ ਉਪਾਅ ਕਰਵਾ ਲਈਏ। ਦੋਵੇਂ ਦੋਸਤ ਸਾਧ ਦੇ ਡੇਰੇ 'ਤੇ ਆ ਗਏ ਤੇ ਬਾਬਾ ਜੀ ਪਾਸ ਆਨ ਹਾਜ਼ਰ ਹੋਏ। ਬਾਬਾ ਜੀ ਨੇ ਕਦੇ ਨੈਣ ਮੁੰਦ ਲੈਣੇ ਤੇ ਕਦੇ ਨੈਣ ਅੱਧ ਖੋਹਲ ਲੈਣੇ ਤੇ ਆਈਆਂ ਸਾਮੀਆਂ ਦੀ ਛਿੱਲ ਉਧੇੜਨ ਲਈ ਦੇਖਣਾ ਕਿ ਇਹ ਕਿੰਨੀ ਕੁ ਮੇਰੀ ਮਾਰ ਸਹਿ ਸਕਦੇ ਹਨ। ਬਾਬਾ ਜੀ ਨੇ ਆਪਣੇ ਮੁਖ਼ਾਰਬਿੰਦ ਤੋਂ ਮਿੱਠੇ ਪ੍ਰਵਚਨ ਕਰਦਿਆਂ ਆਏ ਨਵੇਂ ਭਗਤਾਂ ਨੂੰ ਪੁੱਛਣਾ ਕੀਤਾ, "ਭਈ ਪਿਆਰਿਓ, ਕਿਵੇਂ ਆਉਣਾ ਹੋਇਐ।"—ਬਿੱਲੀ ਦੇ ਭਾਅ ਦਾ ਛਿੱਕਾ ਟੁੱਟਾ, ਲੋੜਵੰਦ ਡਰਾਈਵਰ ਵੀਰ ਬੋਲਿਆ ਕਿ ਬਾਬਾ ਜੀ, ਮੇਰਾ ਕੋਈ ਬਹੁਤਾ ਕਾਰੋਬਾਰ ਨਹੀਂ ਚੱਲਦਾ, ਇਸ ਲਈ ਕੋਈ ਰੇਖ ਵਿਚ ਮੇਖ ਮਾਰੋ, ਕੋਈ ਵਿਧੀ ਦੱਸੋ ਜਿਸ ਨਾਲ ਮੇਰਾ ਕੰਮ-ਕਾਰ ਚੱਲ ਪਏ।" ਬੂਬਨੇ ਬਾਬਾ ਜੀ ਨੇ ਖਚਰਾ ਜਿਹਾ ਹਾਸਾ ਹੱਸਦਿਆਂ ਆਪਣੇ ਕੋਲੋਂ ਮਾਲਾ ਕੱਢ ਕੇ ਦਿੱਤੀ ਤੇ ਕਿਹਾ, "ਭਗਤਾ, ਇਹ ਮਾਲਾ ਜਿੰਨੀ ਵਾਰ ਘੁਮਾਏਂਗਾ, ਤੇਰਾ ਉਤਨਾ ਹੀ ਜ਼ਿਆਦਾ ਧੰਦਾ ਵਧੇ ਫੁੱਲੇਗਾ, ਪਰ ਹਫ਼ਤੇ ਦੇ ਹਫ਼ਤੇ ਆਨ ਕੇ

ਹਾਜ਼ਰੀ ਵੀ ਜ਼ਰੂਰ ਭਰਨੀ ਊਂ।" ਸਤਿਬਚਨ ਕਹਿ ਦੋਵੇਂ ਦੋਸਤ ਆਪੋ-ਆਪਣੇ ਘਰਾਂ ਨੂੰ ਆ ਗਏ।

ਦੋ ਕੁ ਮਹੀਨੇ ਲੰਘ ਗਏ, ਕਾਰੋਬਾਰ ਤਾਂ ਚੱਲਿਆ ਕੋਈ ਨਾ। ਇਕ ਦਿਨ ਦੋਵੇਂ ਦੋਸਤ ਹਿੰਮਤ ਜਿਹੀ ਕਰਕੇ ਬਾਬਾ ਜੀ ਪਾਸ ਫਿਰ ਚਲੇ ਗਏ ਤੇ ਆਪਣਾ ਦੁਖੜਾ ਬਾਬਾ ਜੀ ਨਾਲ ਸਾਂਝਾ ਕਰਦਿਆਂ ਕਹਿਣ ਲੱਗੇ, "ਧੰਨ ਧੰਨ ਬਾਬਾ ਛੱਪੜੀ ਵਾਲੇ ਜੀਉ, ਸਾਡੇ 'ਤੇ ਕਿਰਪਾ ਨਹੀਂ ਹੋਈ, ਕਾਰੋਬਾਰ ਵਿਚ ਕੋਈ ਵਾਧਾ ਨਹੀਂ ਹੋਇਆ।" ਧੰਨ ਧੰਨ ਬਾਬਾ ਜੀ ਕਹਿਣ ਲੱਗੇ, "ਭਗਤਾ ਤੈਨੂੰ ਮਾਲਾ ਦਿੱਤੀ ਸੀ, ਉਸ ਨੂੰ ਫੇਰਿਆ ਈ ਕਿ ਨਹੀਂ।" ਅੱਗੋਂ ਨਵੇਂ ਬਣੇ ਸੇਵਕ-ਜਨ ਕਹਿਣ ਲੱਗੇ, "ਬਾਬਾ ਜੀ, ਮਾਲਾ ਘੁਮਾਉਣ ਵਿਚ ਤਾਂ ਕੋਈ ਕਸਰ ਨਹੀਂ ਛੱਡੀ। ਮਾਲਾ ਤਾਂ ਅੰਮ੍ਰਿਤਸਰ ਤੋਂ ਲੈ ਕੇ ਪੂਨੇ ਤੀਕ ਘੁਮਾ ਛੱਡੀ ਹੈ ਪਰ ਕੰਮ-ਕਾਰ ਨਹੀਂ ਜੇ ਚੱਲਿਆ। ਦੇਖੋ ਬਾਬਾ ਜੀਉ, ਕੋਈ ਭੁੱਲ ਤਾਂ ਨਹੀਂ ਰਹਿ ਗਈ।" ਬਾਬਾ ਜੀ ਕਹਿਣ ਲੱਗੇ, "ਭਗਤਾ, ਅਸੀਂ ਤਾਂ ਤੇਰੀ ਅੰਮ੍ਰਿਤਸਰ ਤੋਂ ਪੂਨੇ ਤਕ ਦੀ ਕਹਾਣੀ ਨਹੀਂ ਸਮਝੇ।" ਅੱਗੋਂ ਸੇਵਕ-ਜਨ ਜੀ ਬੋਲਦੇ ਹਨ, "ਬਾਬਾ ਜੀ, ਮਾਲ ਲੱਦ ਕੇ ਅਸੀਂ ਅੰਮ੍ਰਿਤਸਰ ਤੋਂ ਪੂਨੇ ਨੂੰ ਜਦੋਂ ਟਰੱਕ ਤੋਰਦੇ ਸੀ ਤਾਂ ਤੁਹਾਡੇ ਵੱਲੋਂ ਬਖ਼ਸ਼ੀ ਹੋਈ ਮਾਲਾ ਨੂੰ ਅਸੀਂ ਆਪਣੇ ਟਰੱਕ ਦੇ ਪਹੀਏ ਨਾਲ ਬੰਨ੍ਹ ਲੈਂਦੇ ਸੀ। ਜਿਵੇਂ ਜਿਵੇਂ ਟਰੱਕ ਚੱਲਦਾ, ਤਿਵੇਂ ਤਿਵੇਂ ਮਾਲਾ ਘੁੰਮਦੀ ਸੀ ਤਾਂ ਕਿ ਮਾਲਾ ਘੁੰਮਣ ਵਿਚ ਕੋਈ ਕੋਤਾਹੀ ਨਾ ਹੋ ਜਾਏ। ਇਸ ਲਈ ਬਾਬਾ ਜੀਉ, ਮਾਲਾ ਤਾਂ ਅਸੀਂ ਪੂਰੀ ਹੀ ਘੁਮਾਈ ਹੈ ਪਰ ਕੰਮ-ਕਾਰ ਨਹੀਂ ਜੇ ਚੱਲਿਆ।" ਜੇ ਇੰਜ ਮਾਲਾ ਘੁਮਾਇਆਂ ਕੰਮ ਚੱਲਣ ਲੱਗਣ 'ਤਾਂ ਸਾਰੀ ਦੁਨੀਆ ਆਪਣੀਆਂ-ਆਪਣੀਆਂ ਗੱਡੀਆਂ ਨਾਲ ਮਾਲਾ ਹੀ ਬੰਨ੍ਹ ਲੈਣ। ਕੀ ਲੋੜ ਹੈ ਦਸ-ਦਸ ਘੰਟੇ ਕੰਮ ਕਰ ਕੇ ਮਰਨ ਦੀ।

ਕਈਆਂ ਮਾਪਿਆਂ ਨੂੰ ਇਹ ਹਮੇਸ਼ਾ ਗਿਲ੍ਹਾ-ਸ਼ਿਕਵਾ ਰਿਹਾ ਹੈ ਕਿ ਸਾਡੇ ਬੱਚੇ ਧਰਮੀ ਨਹੀਂ ਹਨ, ਕਿਉਂਕਿ ਇਹ ਸਾਡੇ ਵਾਂਗ ਨਾ ਤਾਂ ਗੁਰਦੁਆਰੇ ਜਾਂਦੇ ਹਨ ਤੇ ਨਾ ਹੀ ਚੰਗੀ ਤਰ੍ਹਾਂ ਕਾਰ-ਵਿਹਾਰ ਕਰਦੇ ਹਨ। ਲੇਕਿਨ ਕਈ ਮਾਪੇ ਸਾਨੂੰ ਇਹੋ ਜਿਹੇ ਵੀ ਮਿਲਦੇ ਹਨ ਜੋ ਦੁਹਾਈ ਦੇਂਦੇ ਸੁਣਾਈ ਦੇਣਗੇ ਕਿ ਗਿਆਨੀ ਜੀ, ਸਾਡਾ ਬੱਚਾ ਹਰ ਵੇਲੇ ਗੁਰਦੁਆਰੇ ਹੀ ਬੈਠਾ ਰਹਿੰਦਾ ਹੈ, ਇਸ ਨੂੰ ਕੁਝ ਸਮਝਾਉ ਕਿ ਗੁਰਦੁਆਰੇ ਕੁਝ ਘੱਟ ਜਾਇਆ ਕਰੇ, ਇੰਜ ਦੁਕਾਨ ਦਾ ਕੀ ਬਣੇਗਾ। ਕਬੀਰ ਜੀ ਦੇ ਜੀਵਨ ਵਿੱਚੋਂ ਵੀ ਇਕ ਅਜਿਹੀ ਉਦਾਹਰਣ ਮਿਲਦੀ ਹੈ ਕਿ ਮੈਨੂੰ ਵੀ ਹਮੇਸ਼ਾ ਇਹੀ ਸੁਣਨ ਨੂੰ ਮਿਲਦਾ ਰਹਿੰਦਾ ਸੀ। ਕਬੀਰ ਜੀ ਨੇ ਜਦੋਂ ਦੀ ਮਾਲਾ ਲੈ ਲਈ ਹੈ, ਉਦੋਂ ਤੋਂ ਹੀ ਇਸ ਨੇ ਘਰ ਦਾ ਕੰਮ-ਕਾਰ ਛੱਡ ਦਿੱਤਾ ਹੈ। ਦਰਅਸਲ, ਇਹ ਇਕ ਮੁਹਾਵਰਾ ਹੈ ਨਾ ਕਿ ਮਾਲਾ

ਫੇਰਨ ਦਾ ਸੰਕੇਤ। ਕਈ ਵਾਰੀ ਬਜ਼ੁਰਗ ਅਕਸਰ ਹੀ ਇਹ ਕਹਿ ਦੇਂਦੇ ਸਨ ਕਿ ਜਾ ਕਿਤੇ ਜਾ ਕੇ ਮਾਲਾ ਫੇਰਿਆ ਕਰ, ਕੰਮ ਤਾਂ ਤੂੰ ਕਰਦਾ ਕੋਈ ਨਹੀਂ:

ਹਮਾਰੇ ਕੁਲ ਕਉਨੇ ਰਾਮੁ ਕਹਿਓ ॥
ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ ॥

(ਬਿਲਾਵਲੁ ਕਬੀਰ, ਪੰਨਾ 856)

ਪ੍ਰੋ਼ਫੈਸਰ ਸਾਹਿਬ ਸਿੰਘ ਜੀ ਗੁਰਬਾਣੀ ਦਾ ਟੀਕਾ ਕਰਦਿਆਂ ਆਪਣੀ ਸਵੈ-ਜੀਵਨੀ ਵਿੱਚੋਂ ਇਕ ਘਟਨਾ ਦਾ ਜ਼ਿਕਰ ਕਰਦੇ ਹਨ ਕਿ ਮੇਰਾ ਇਕ ਗ਼ਰੀਬ ਹਿੰਦੂ ਘਰ 'ਚ ਜਨਮ ਹੋਇਆ ਸੀ। ਨੌਂਵੀਂ ਜਮਾਤ ਵਿਚ ਅਪੜਨ ਤੋਂ ਪਹਿਲਾਂ ਮੈਂ ਸਿੱਖ ਬਣਿਆ ਸਾਂ। ਸਾਡੇ ਸਕੂਲ ਦਾ ਹੈੱਡ-ਮਾਸਟਰ ਇਕ ਵਹਿਮੀ ਜਿਹਾ ਸੱਜਣ ਸੀ। ਉਸ ਨੂੰ ਮੇਰੀ ਇਹ ਤਬਦੀਲੀ ਚੰਗੀ ਨਾ ਲੱਗੀ, ਪਰ ਸਾਰੀ ਜਮਾਤ ਵਿਚ ਚੂੰਕਿ ਮੈਂ ਇਕੱਲਾ ਹੀ ਵਜ਼ੀਫ਼ਾ ਲੈਣ ਵਾਲਾ ਮੁੰਡਾ ਸਾਂ, ਇਸ ਗੱਲ ਦਾ ਉਨ੍ਹਾਂ ਨੂੰ ਲਿਹਾਜ਼ ਸੀ। ਅਸੀਂ ਸਿੱਖ ਮੁੰਡੇ ਰਲ ਕੇ ਹਫ਼ਤੇ ਵਿਚ ਇਕ ਵਾਰੀ ਗੁਰਦੁਆਰੇ ਜਾ ਕੇ ਸ਼ਬਦ ਪੜ੍ਹਿਆ ਕਰਦੇ ਸਾਂ, ਇਹ ਗੱਲ ਹੈੱਡ-ਮਾਸਟਰ ਜੀ ਨੂੰ ਭਾਉਂਦੀ ਨਹੀਂ ਸੀ। ਇਕ ਵਾਰ ਰੋਕਿਓ ਨੇ, ਪਰ ਉਸ ਦਾ ਅਸਰ ਉਨ੍ਹਾਂ ਦੀ ਮਰਜ਼ੀ ਦੇ ਉਲਟ ਹੋਇਆ। ਸੋ ਰੋਕਣੋਂ ਤਾਂ ਹਟ ਗਏ, ਪਰ ਜੇ ਕਿਸੇ ਦਿਨ ਮੈਂ ਜਮਾਤ ਵਿਚ ਬਾਕੀ ਮੁੰਡਿਆਂ ਤੋਂ ਪਿੱਛੇ ਜਾ ਬੈਠਾਂ ਤਾਂ ਉਹ ਝੱਟ ਮੈਨੂੰ ਅੱਗੇ ਸੱਦ ਕੇ ਬਿਠਾ ਦੇਂਦੇ ਤੇ ਕਹਿੰਦੇ ਬੱਸ! ਤੈਨੂੰ ਹੋਰ ਕੀ ਕੰਮ ਐ ? ਤੂੰ ਧਰਮਸਾਲੇ ਜਾ ਕੇ ਢੋਲਕੀ ਵਜਾ ਤੇ ਮਾਲਾ ਫੇਰ। ਮੈਨੂੰ ਢੋਲਕੀ ਵਜਾਉਣੀ ਨਹੀਂ ਆਉਂਦੀ ਸੀ, ਨਾ ਮੈਨੂੰ ਉਨ੍ਹਾਂ ਕਦੇ ਵਜਾਉਂਦਿਆਂ ਦੇਖਿਆ ਸੀ, ਨਾ ਹੀ ਮੇਰੇ ਪਾਸ ਕੋਈ ਮਾਲਾ ਸੀ। ਇਹ ਲਫ਼ਜ਼ ਮਾਲਾ ਤੇ ਢੋਲਕੀ ਉਨ੍ਹਾਂ ਦੇ ਦਿਲ ਦੀ ਨਫ਼ਰਤ ਦਾ ਬਾਹਰਲਾ ਵਿਕਾਸ ਸੀ।

ਪ੍ਰੋ਼ਫੈਸਰ ਸਾਹਿਬ ਸਿੰਘ ਜੀ ਲਿਖਦੇ ਹਨ ਕਿ ਇਹ ਹੱਡ-ਬੀਤੀ ਏਥੇ ਇਹ ਦੱਸਣ ਲਈ ਲਿਖੀ ਗਈ ਹੈ ਕਿ ਜਦੋਂ ਕਿਸੇ ਦਾ ਵੇਖਣ ਨੂੰ ਦਿੱਸਦਾ ਧਾਰਮਿਕ ਕੰਮ ਪਸੰਦ ਨਾ ਆਵੇ, ਤਾਂ ਮੁਹਾਵਰੇ ਦੇ ਤੌਰ 'ਤੇ ਲਫ਼ਜ਼ 'ਮਾਲਾ' ਆਦਿਕ ਵਰਤਿਆ ਜਾਂਦਾ ਹੈ। ਸੋ ਕਬੀਰ ਜੀ ਵੀ ਏਸੇ ਤਰ੍ਹਾਂ ਦਾ ਖ਼ਿਆਲ ਦੇ ਰਹੇ ਹਨ ਕਿ ਜੇ ਰੋਟੀ ਦੀ ਅੰਦਰੋਂ ਤ੍ਰਿਸ਼ਨਾ ਖ਼ਤਮ ਹੀ ਨਹੀਂ ਹੋਈ ਤਾਂ ਬਾਹਰਲੀ ਭਗਤੀ ਕਰਨ ਦਾ ਕੀ ਲਾਭ ਹੈ ? ਇਹ ਸਿਰਫ਼ ਦਿਖਾਵੇ ਦੀ ਭਗਤੀ ਹੈ। ਜਿਹਾ ਕਿ ਵਾਕ ਹੈ:

ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥ *(ਪੰਨਾ 656)*

ਭਗਤਾਂ ਅਤੇ ਗੁਰੂਆਂ ਦੀ ਬਾਣੀ ਦੀ ਇਕਸਾਰਤਾ ਹੈ, ਇਸ ਲਈ ਸਮੁੱਚੇ ਤੌਰ 'ਤੇ ਗੁਰਬਾਣੀ ਦਾ ਜੋ ਸਿਧਾਂਤ ਹੈ, ਉਸ ਵਿਚ ਦਿਖਾਵੇ ਦੀ ਮਾਲਾ ਫੇਰਨੀ,

ਪੂਜਾ ਕਰਨੀ ਮੂਲੋਂ ਹੀ ਰੱਦ ਕਰ ਦਿੱਤਾ ਹੈ। ਮਾਲਾ ਦਾ ਬਹੁਤਾ ਪ੍ਰਚਾਰ ਗੁਰੂਆਂ ਦੀਆਂ ਜਾਂ ਭਗਤਾਂ ਦੀਆਂ ਬਣੀਆਂ ਹੋਈਆਂ ਫ਼ੋਟੋਆਂ ਕਰਕੇ ਹੋਇਆ ਹੈ, ਦੂਸਰਾ ਦੁਕਾਨਦਾਰਾਂ ਵੱਲੋਂ ਇਸ ਨੂੰ ਸਿੱਖਾਂ ਦੀ ਜ਼ਰੂਰੀ ਲੋੜ ਸਮਝ ਕੇ ਵੇਚਿਆ ਗਿਆ ਹੈ। ਲੋੜ ਤਾਂ ਸਿੱਖੀ ਸਿਧਾਂਤ ਨੂੰ ਸਮਝ ਕੇ ਅਪਣਾਉਣ ਦੀ ਹੈ, ਤਾਂ ਹੀ ਅਸੀਂ ਨਿਆਰੇ ਖ਼ਾਲਸੇ ਰਹਿ ਸਕਦੇ ਹਾਂ :

ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ ॥
ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ ॥
ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ ॥
ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥

(ਸਿਰੀਰਾਗੁ ਕੀ ਵਾਰ, ਮ: ੩, ਪੰਨਾ 86)

ਐਸੇ ਸੰਤ ਨ ਮੋ ਕਉ ਭਾਵਹਿ

ਮਨੁੱਖ ਨੇ ਜਦੋਂ ਦੀ ਹੋਸ਼ ਸੰਭਾਲੀ ਹੈ, ਓਦੋਂ ਤੋਂ ਹੀ ਮਾਨਸਿਕ ਕਮਜ਼ੋਰੀਆਂ ਨੇ ਇਸ ਦਾ ਪਿੱਛਾ ਨਹੀਂ ਛੱਡਿਆ। ਪਹਾੜਾਂ ਦੀਆਂ ਕੰਦਰਾਂ, ਸੰਘਣੇ ਰੁੱਖਾਂ ਦੀਆਂ ਝਾੜੀਆਂ ਨੂੰ ਘਰ ਬਣਾ ਕੇ ਰਹਿਣਾ ਤੇ ਜੰਗਲੀ ਫਲ ਪੱਤਿਆਂ ਨੂੰ ਖਾ ਕੇ ਗੁਜ਼ਾਰਾ ਕਰਨ ਵਾਲਾ ਹੌਲੀ-ਹੌਲੀ ਖ਼ੁਦਾਵੰਦ ਕਰੀਮ ਦਾ ਇਹ ਪੁੱਤਰ ਮਹਿਲਾਂ ਦਾ ਮਾਲਕ ਬਣਿਆ, ਸਪੇਸ ਵਿਚ ਸਰਦਾਰੀ ਕਾਇਮ ਕੀਤੀ। ਜਿਵੇਂ-ਜਿਵੇਂ ਜੰਗਲਾਂ ਵਿੱਚੋਂ ਵਿਕਾਸ ਕਰਦਾ ਹੋਇਆ ਅੱਗੇ ਵਧਿਆ, ਤਿਵੇਂ-ਤਿਵੇਂ ਇਸ ਨੇ ਆਪਣੀਆਂ ਸਰੀਰਕ ਤੇ ਆਤਮਿਕ ਲੋੜਾਂ ਦੀ ਜ਼ਰੂਰਤ ਮਹਿਸੂਸ ਕੀਤੀ। ਅੱਗ ਦੀ ਸਮਝ ਆ ਜਾਣ ਕਰਕੇ ਤਰੱਕੀ ਦੇ ਰਾਹ ਪੈ ਗਿਆ। ਕੁਦਰਤੀ ਸ਼ਕਤੀਆਂ ਦੇ ਲਾਭ ਨੂੰ ਨਿੱਤ ਵਰਤੋਂ ਵਿਚ ਲਿਆਉਣ ਲੱਗ ਪਿਆ। ਕੁਦਰਤੀ ਸ਼ਕਤੀਆਂ ਦੇ ਲਾਭ ਨੂੰ ਮੁੱਖ ਰੱਖ ਕੇ ਇਸ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਇਹ ਪੂਜਾ ਦੋ ਹਿੱਸਿਆਂ ਵਿਚ ਵੰਡੀ ਗਈ। ਇਕ ਤਾਂ ਇਹ ਕਿ ਜਿਸ ਕੁਦਰਤੀ ਸ਼ਕਤੀ ਤੋਂ ਇਸ ਨੂੰ ਕੁਝ ਲਾਭ ਪ੍ਰਾਪਤ ਹੋਇਆ ਤੇ ਦੂਜਾ, ਜਿਸ ਤੋਂ ਇਸ ਨੂੰ ਕੁਝ ਨੁਕਸਾਨ ਹੋਇਆ, ਇੰਜ ਡਰ ਤੇ ਲਾਲਚ ਵੱਸ ਹੋ ਕੇ ਇਸ ਨੇ ਦੋਹਾਂ ਦੀ ਹੀ ਪੂਜਾ ਆਰੰਭ ਕਰ ਦਿੱਤੀ।

ਮਨੁੱਖ ਦੀ ਵਿਕਾਸ ਬਿਰਤੀ ਵਿੱਚੋਂ ਪਰਿਵਾਰ, ਸਮਾਜ, ਪਿੰਡਾਂ ਤੇ ਸ਼ਹਿਰਾਂ ਨੇ ਜਨਮ ਲਿਆ। ਮਨੁੱਖੀ ਮਨ ਅੰਦਰ ਕੁਦਰਤੀ ਸ਼ਕਤੀਆਂ ਦਾ ਭੈਅ ਮੌਜੂਦ ਹੋਣ ਕਰਕੇ ਹਰ ਕਾਰਜ ਲਈ ਕਿਸੇ ਨਾ ਕਿਸੇ ਸ਼ਕਤੀ ਦੀ ਪੂਜਾ ਨੇ ਜਨਮ ਲੈ ਲਿਆ। ਜਿਸ ਤਰ੍ਹਾਂ ਅਗਨੀ ਤੋਂ ਕੁਝ ਲਾਭ ਪ੍ਰਾਪਤ ਹੋਇਆ ਤਾਂ ਇਸ ਨੇ ਨਾਂ ਰੱਖ ਲਿਆ ਬੈਸੰਤਰ ਦੇਵਤਾ; ਵਰਖਾ ਤੋਂ ਲਾਭ ਹੋਇਆ ਤਾਂ ਇਸ ਨੇ ਨਾਂ ਰੱਖ ਲਿਆ ਵਰੁਣ ਦੇਵਤਾ। ਦੇਵਤੇ ਦਾ ਭਾਵ ਹੈ ਕੁਝ ਦੇਣ ਵਾਲਾ। ਇਨ੍ਹਾਂ ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਤੇ ਇਨ੍ਹਾਂ ਦੀ ਕਰੋਪੀ ਤੋਂ ਬਚਣ ਲਈ ਆਪੋ-ਆਪਣੇ ਢੰਗ ਨਾਲ ਹਰ ਪਰਿਵਾਰ ਦੇ ਮੁਖੀਏ ਨੇ ਧਾਰਮਿਕ ਰਸਮਾਂ ਨਿਭਾਹੁਣੀਆਂ ਸ਼ੁਰੂ ਕਰ ਲਈਆਂ। ਪਰਿਵਾਰਕ ਮੁਖੀਆਂ ਤੋਂ ਉਪਰੰਤ ਪਿੰਡਾਂ ਵਿਚ ਇਕ-ਅੱਧਾ ਧਾਰਮਿਕ ਰਸਮਾਂ ਨਿਭਾਹੁਣ ਵਾਲਾ ਰਹਿ ਗਿਆ। ਆਮ ਲੋਕਾਈ ਇਹ ਸਮਝਣ ਲੱਗ ਪਈ ਕਿ ਧਾਰਮਿਕ ਰਸਮਾਂ ਨਿਭਾਹੁਣ ਵਾਲਾ

ਦੇਵਤੇ ਦੇ ਬਹੁਤ ਹੀ ਨਜ਼ਦੀਕ ਹੈ। ਇਹ ਪੱਥਰ ਦੀ ਲੀਕ ਵਾਂਗ ਸਦੀਵ ਕਾਲ ਸੱਚ ਮੰਨ ਲਿਆ ਗਿਆ ਕਿ ਪੁਜਾਰੀ ਦੇ ਕਹੇ ਵਿਚ ਦੇਵੀ ਦੇਵਤੇ ਰਹਿੰਦੇ ਹਨ। ਜਦੋਂ ਚਾਹੇ ਪੁਜਾਰੀ ਮੀਂਹ ਪੁਆ ਸਕਦਾ ਹੈ ਤੇ ਜਦੋਂ ਚਾਹੇ ਇਹ ਮੀਂਹ ਹਟਾ ਸਕਦਾ ਹੈ। ਗ਼ਰਜ਼ਾਂ ਦੀ ਮਾਰੀ ਹੋਈ ਵਿਚਾਰੀ ਭੋਲੀ ਖ਼ਲਕਤ ਨੇ ਇਨ੍ਹਾਂ ਦੇ ਅੱਗੇ ਆ ਕੇ ਅਰਦਾਸਾਂ ਕਰਨੀਆਂ ਕਿ ਸਾਡੀ ਫ਼ਲਾਣੇ ਦੇਵਤੇ ਦੇ ਅੱਗੇ ਅਰਦਾਸ ਕਰ ਦਿਉ ਜੀ, ਸਾਡਾ ਕਾਰਜ ਰਾਸ ਹੋ ਜਾਏ; ਜਾਂ ਫ਼ਲਾਣੇ ਦੇਵਤੇ ਅੱਗੇ ਸਾਡੀ ਮੰਨਤ ਮੰਨਣ ਦੀ ਅਰਜ਼ੋਈ ਕਰ ਦਿਉ ਜੀ। ਭੋਲੀ ਜਨਤਾ ਇਹ ਸਮਝਦੀ ਸੀ ਕਿ ਕੋਈ ਗ਼ੈਬੀ ਸ਼ਕਤੀ ਸਾਧਾਂ ਦੇ ਕਹੇ ਅਨੁਸਾਰ ਕੰਮ ਕਰਦੀ ਹੈ ਤੇ ਇਹ ਮੰਤ੍ਰ ਮਾਰ ਕੇ ਸਾਡਾ ਵਿਗੜਿਆ ਹੋਇਆ ਕੰਮ ਸੰਵਾਰ ਸਕਦੀ ਹੈ। ਕਈ ਸਿਆਣੇ ਲੋਕ ਵੀ ਅਜਿਹੇ ਚੁੰਗਲ ਜਾਲ ਵਿਚ ਫਸ ਗਏ। ਇਨ੍ਹਾਂ ਵਿਹਲੜ ਫਾਂਡਰੂ ਪੁਜਾਰੀਆਂ ਨੇ ਦੁਨੀਆ ਨੂੰ ਹੋਰ ਡਰਾ ਦਿੱਤਾ। ਇਹ ਡਰ ਇਤਨਾ ਵਧ ਗਿਆ ਕਿ ਮਨੁੱਖ ਸੱਪਾਂ, ਠੂੰਹਿਆਂ, ਪਿੱਪਲਾਂ, ਬੇਰੀਆਂ ਦੀ ਪੂਜਾ ਵੱਲ ਧੱਕਿਆ ਗਿਆ ਤੇ ਟੱਲੀਆਂ ਖੜਕਾ, ਧੂਪਾਂ ਧੁਖਾ ਤੇ ਫੁੱਲ ਚਾੜ੍ਹ ਕੇ ਅਨੋਖੇ ਢੰਗ ਦੀ ਪੂਜਾ ਕਰਨ ਲੱਗ ਪਿਆ।

ਇਨ੍ਹਾਂ ਵਿਹਲੜਾਂ ਦੀਆਂ ਗੋਗੜਾਂ ਵਧਦੀਆਂ ਦੇਖ ਕੇ ਕਈਆਂ ਹੋਰਾਂ ਦੀਆਂ ਲਾਲ੍ਹਾਂ ਵੀ ਵਗਣੀਆਂ ਸ਼ੁਰੂ ਹੋ ਗਈਆਂ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਅਜਿਹੇ ਮਖੱਟੂਆਂ ਦੀਆਂ ਡਾਰਾਂ ਦੀਆਂ ਡਾਰਾਂ ਸਾਉਣ ਭਾਦਰੋਂ ਦੀਆਂ ਖੁੰਭਾਂ ਵਾਂਗ ਵਧ ਗਈਆਂ। ਜੋਗੀਆਂ, ਸਿੱਧਾਂ ਨੇ ਹੀ ਹਿੰਦੁਸਤਾਨ ਦੇ ਰਾਜਿਆਂ ਨੂੰ ਕਹਿ ਦਿੱਤਾ ਸੀ ਕਿ ਤੁਸੀਂ ਆਰਾਮ ਨਾਲ ਬੈਠੋ, ਜਦੋਂ ਵੀ ਕੋਈ ਬਾਹਰਲਾ ਹਮਲਾਵਰ ਭਾਰਤ ਮਾਤਾ ’ਤੇ ਹਮਲਾ ਕਰਕੇ ਉਸ ਦੀ ਇੱਜ਼ਤ ਨਾਲ ਖਿਲਵਾੜ ਕਰੇਗਾ, ਅਸੀਂ ਉਸੇ ਵੇਲੇ ਹੀ ਆਪਣਿਆਂ ਵਧੀਆ ਮੰਤ੍ਰਾਂ ਰਾਹੀਂ ਐਸੀ ਕਰਾਮਾਤ ਦਿਖਾਵਾਂਗੇ ਕਿ ਸਾਰੀ ਦੀ ਸਾਰੀ ਫ਼ੌਜ ਅੰਨ੍ਹੀ ਹੋ ਜਾਏਗੀ। ਤੁਸੀਂ ਉਸੇ ਵੇਲੇ ਹੀ ਉਨ੍ਹਾਂ ਨੂੰ ਆਪਣੇ ਕਬਜ਼ੇ ਹੇਠ ਕਰ ਲੈਣਾ, ਪਰ ਸਾਡੇ ਲਈ ਤੁਸੀਂ ਇਕ ਕੰਮ ਕਰਿਆ ਜੇ ਕਿ ਰਸਦ ਪਾਣੀ ਸਮੇਂ ਅਨੁਸਾਰ ਭੇਜਦੇ ਰਹਿਣਾ ਤਾਂ ਕਿ ਸਾਡੇ ਪਾਠ ਪੂਜਾ ਵਿਚ ਵਿਘਨ ਨਾ ਪਏ। ਗੁਰੂ ਨਾਨਕ ਸਾਹਿਬ ਜੀ ਨੇ ਇਨ੍ਹਾਂ ਦੀਆਂ ਠੱਗੀਆਂ ਨੂੰ ਨੰਗਿਆਂ ਕੀਤਾ। ਪਿਆਰਾ ਵਾਕ ਹੈ :

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥

(ਰਾਗੁ ਆਸਾ ਮਹਲਾ ੧, ਪੰਨਾ 417)

ਇਸ ਲੜੀ ’ਤੇ ਆਧਾਰਤ ਜੋ ਸ਼ਬਦ ਲਿਆ ਗਿਆ ਹੈ, ਇਹ ਕਬੀਰ

ਜੀ ਦਾ ਰਾਗ ਆਸਾ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਰਾਹੀਂ ਕਬੀਰ ਜੀ ਨੇ ਉਸ ਸਮੇਂ ਦੇ ਪਾਖੰਡੀ ਸਾਧਾਂ ਸੰਤਾਂ ਦੀ ਪੂਰੀ ਅਸਲੀਅਤ ਸਾਡੇ ਸਾਹਮਣੇ ਰੱਖੀ ਹੈ। ਜਿਸ ਪਾਖੰਡੀ ਲਾਣੇ ਨੂੰ ਗੁਰਬਾਣੀ ਰੱਦ ਕਰਦੀ ਹੈ, ਅੱਜ ਓਹੋ ਹੀ ਪਾਖੰਡ ਮੱਕੜੀ ਦਾ ਜਾਲਾ ਬਣ ਕੇ ਕੌਮ ਨੂੰ ਚਿੰਬੜਿਆ ਹੋਇਆ ਹੈ। ਆਓ, ਕਬੀਰ ਜੀ ਦੇ ਇਸ ਸ਼ਬਦ ਰਾਹੀਂ ਉਸ ਸਮੇਂ ਤੇ ਅਜੋਕੇ ਸਮੇਂ ਦੇ ਸੰਤ ਲਾਣੇ ਦੇ ਹਾਲਾਤ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦਾ ਭਰਪੂਰ ਯਤਨ ਕਰੀਏ:

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥
ਐਸੇ ਸੰਤ ਨ ਮੋ ਕਉ ਭਾਵਹਿ ॥
ਡਾਲਾ ਸਿਉ ਪੇਡਾ ਗਟਕਾਵਹਿ ॥੧॥ਰਹਾਉ॥
ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥
ਬਸੁਧਾ ਖੋਦਿ ਕਰਹਿ ਦੁਇ ਚੂਲੇ੍ ਸਾਰੇ ਮਾਣਸ ਖਾਵਹਿ ॥੨॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥
ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥
ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥੪॥

(ਰਾਗੁ ਆਸਾ ਬਾਣੀ ਕਬੀਰ ਜੀ, ਪੰਨਾ 476)

ਰਹਾਉ ਦੀਆਂ ਤੁਕਾਂ ਵਿਚ ਇਕ ਪਾਖੰਡੀ ਸੰਤ ਦੇ ਕਿਰਦਾਰ ਨੂੰ ਮੁੱਢੋਂ ਹੀ ਰੱਦ ਕਰਦਿਆਂ ਮਨੁੱਖਤਾ ਨੂੰ ਚਿੰਬੜੇ ਹੋਏ ਕੋੜ੍ਹ ਦੀ ਅਸਲੀ ਤਸਵੀਰ ਸਾਡੇ ਸਾਹਮਣੇ ਰੱਖ ਦਿੱਤੀ ਹੈ। "ਐਸੇ ਸੰਤ ਨ ਮੋ ਕਉ ਭਾਵਹਿ" ਮਨੁੱਖੀ ਸੋਚ ਤੋਂ ਗਿਰੇ ਹੋਏ ਸੰਤ ਮੇਰੇ ਮਨ ਨੂੰ ਕਤਈ ਚੰਗੇ ਨਹੀਂ ਲੱਗਦੇ, ਕਿਉਂਕਿ ਇਨ੍ਹਾਂ ਦੇ ਕੁਕਰਮਾਂ ਨੇ ਪਰਿਵਾਰਾਂ ਦੇ ਪਰਿਵਾਰ ਸਮੂਲਚੇ ਤੌਰ 'ਤੇ ਖਾ ਲਏ ਹਨ। "ਡਾਲਾ ਸਿਉ ਪੇਡਾ ਗਟਕਾਵਹਿ॥" ਫਲਦਾਰ ਦਰੱਖ਼ਤ ਦੇ ਫਲ ਨੂੰ ਖਾਇਆਂ ਅਗਲੇ ਵਰ੍ਹੇ ਫਿਰ ਫਲ ਪੈਣ ਦੀ ਸੰਭਾਵਨਾ ਹੁੰਦੀ ਹੈ, ਪਰ ਜੇਕਰ ਫਲ ਖਾਣ ਵਾਲਾ ਟਾਹਣੀ ਤੇ ਤਣੇ ਨੂੰ ਵੀ ਖਾ ਜਾਏ ਤਾਂ ਅਗਲੇ ਵਰ੍ਹੇ ਉਹ ਨਾਦਾਨ ਜਿਥੇ ਫਲ ਨਹੀਂ ਖਾ ਸਕਦਾ ਉਥੇ ਦਰੱਖ਼ਤ ਦੀ ਸੰਘਣੀ ਛਾਂ ਥੱਲੇ ਵੀ ਨਹੀਂ ਬੈਠ ਸਕਦਾ। ਅੱਜ ਬਹੁਤ ਸਾਰੀਆਂ ਮਿਸਾਲਾਂ ਮਿਲ ਰਹੀਆਂ ਹਨ ਕਿ ਸੰਤ ਲਾਣੇ ਦੀਆਂ ਕਾਲੀਆਂ ਭੇਡਾਂ ਨੇ ਕਈਆਂ ਪਰਿਵਾਰਾਂ ਦੀਆਂ ਜ਼ਿੰਦਗੀਆਂ ਨਰਕ ਵਿਚ ਪਾ ਦਿੱਤੀਆਂ ਹਨ। ਬੱਚੀਆਂ ਦੀਆਂ ਇੱਜ਼ਤਾਂ ਨਾਲ ਇਨ੍ਹਾਂ ਨੇ ਖਿਲਵਾੜ ਕੀਤਾ ਹੈ। ਕਬੀਰ ਜੀ ਨੇ ਇਕ ਭਰਵੇਂ ਪਾਖੰਡ ਦਾ ਪਾਜ ਹੀ ਨਹੀਂ ਉਧੇੜਿਆ, ਸਗੋਂ

ਆਉਣ ਵਾਲੇ ਸਮੇਂ ਵਿਚ ਸਾਨੂੰ ਸੁਚੇਤ ਵੀ ਕੀਤਾ ਹੈ। ਆਪਣੀ ਮਾਇਆ ਦੀ ਲਾਲਸਾ ਕਰਕੇ ਕਈ ਵਾਰੀ ਪਰਿਵਾਰ ਦੇ ਜੀਆਂ ਨੂੰ ਜਾਨੋਂ ਵੀ ਮਾਰ ਮੁਕਾਉਂਦੇ ਹਨ ਤੇ ਉਨ੍ਹਾਂ ਦੀ ਜ਼ਮੀਨ ਜਾਇਦਾਦ ਨੂੰ ਦਿਨ-ਦੀਵੀਂ ਹੜੱਪ ਕਰ ਜਾਣ ਦੀ ਪੂਰੀ ਮੁਹਾਰਤ ਰੱਖਦੇ ਹਨ। ਏਸੇ ਲਈ ਕਬੀਰ ਜੀ ਨੇ ਕਹਿ ਦਿੱਤਾ ਹੈ ਕਿ "ਐਸੇ ਸੰਤ ਨ ਮੋ ਕਉ ਭਾਵਹਿ॥ ਡਾਲਾ ਸਿਉ ਪੇਡਾ ਗਟਕਾਵਹਿ॥" ਸਮੂਲਚੇ ਪਰਿਵਾਰ ਰਗੜ ਕੇ ਖਾਣ ਵਾਲਿਆਂ ਨੂੰ ਮੈਂ ਬਿਲਕੁਲ ਪਸੰਦ ਨਹੀਂ ਕਰਦਾ।

ਕਬੀਰ ਜੀ ਨੇ ਏਸੇ ਹੀ ਸ਼ਬਦ ਵਿਚ ਇਨ੍ਹਾਂ ਦੀਆਂ ਗ਼ਲੀਜ਼ ਹਰਕਤਾਂ, ਪਹਿਰਾਵੇ, ਠੱਗੀਆਂ ਮਾਰਨ ਦੀ ਮੁਹਾਰਤ, ਅਖੌਤੀ ਸੁੱਚ ਦਾ ਪਾਜ ਖੁੱਲ੍ਹੇ ਸ਼ਬਦਾਂ ਵਿਚ ਖੋਲ੍ਹਿਆ ਹੈ। ਪਹਿਲੇ ਬੰਦ ਵਿਚ ਤਰ੍ਹਾਂ-ਤਰ੍ਹਾਂ ਦੇ ਰੰਗ-ਬਰੰਗੇ ਚੋਲ਼ੇ ਤੇ ਇਨ੍ਹਾਂ ਚੋਲ਼ਿਆਂ 'ਤੇ ਫ਼ਿਲਮੀ ਐਕਟਰਾਂ ਵਾਲੀ ਕਢਾਈ ਤੇ ਉਪਰੋਂ ਦੀ ਪਾਈਆਂ ਹੋਈਆਂ ਲੰਬੀਆਂ-ਲੰਬੀਆਂ ਮਾਲਾਵਾਂ ਦਾ ਜ਼ਿਕਰ ਵਿਸਥਾਰ ਨਾਲ ਕੀਤਾ ਹੈ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥

ਕਬੀਰ ਜੀ ਦਾ ਜਨਮ ਬਨਾਰਸ ਵਿਚ ਹੋਣ ਕਰਕੇ, ਬ੍ਰਾਹਮਣ ਦੇਵਤੇ ਦੀ ਪੂਜਾ, ਧਰਮ ਦੇ ਨਾਂ 'ਤੇ ਕਰਮ-ਕਾਂਡ, ਕਿਰਤੀ ਮਨੁੱਖ ਦੀ ਹੁੰਦੀ ਲੁੱਟ ਨੂੰ ਨੇੜਿਉਂ ਹੋ ਕੇ ਤੱਕਿਆ ਸੀ। ਵਿਹਲੜ ਸਾਧਾਂ ਦੇ ਹਰਲ-ਹਰਲ ਕਰਦਿਆਂ ਹੋਇਆਂ ਵੱਗਾਂ ਨੂੰ ਲੋਕਾਂ ਵਿਚ ਵਿਚਰਦਿਆਂ ਗਹੁ ਨਾਲ ਦੇਖਿਆ। ਇਕ ਬੜੀ ਪਿਆਰੀ ਉਦਾਹਰਣ ਦੇਂਦਿਆਂ ਕਬੀਰ ਜੀ ਨੇ ਆਪਣੇ ਸਲੋਕ ਵਿਚ ਦੱਸਿਆ ਹੈ ਕਿ ਇਨ੍ਹਾਂ ਦਾ ਪਹਿਰਾਵਾ ਦੇਖੋ ਇਕਦਮ ਮਨ ਨੂੰ ਖਿੱਚ ਪਾਉਂਦਾ ਹੈ, ਪਰ ਇਹ ਮਾਈ ਦੇ ਲਾਲ ਅੰਦਰੋਂ ਲੂਸੇ ਪਏ ਹਨ। ਵਾਕ ਹੈ :

ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ॥
ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ॥

(ਸਲੋਕ ਕਬੀਰ ਜੀ, ਪੰਨਾ 1364)

ਜੋਗੀਆਂ ਨੇ ਸੋਨੇ ਦੇ ਵਾਲ਼ੇ ਬਣਾ ਕੇ ਕੰਨਾਂ ਵਿਚ ਪਾਏ ਹੁੰਦੇ ਹਨ ਤੇ ਉਨ੍ਹਾਂ ਵਾਲ਼ਿਆਂ ਦੀ ਹੋਰ ਸੋਹਣੀ ਦਿੱਖ ਬਣਾਉਣ ਲਈ ਉਪਰ ਲਾਲ ਜੜੇ ਹੁੰਦੇ ਹਨ। ਇੰਜ ਕਰਨ ਨਾਲ ਜੋਗੀ ਦੀ ਅਮੀਰੀ ਬਹੁਤ ਵਧੀਆ ਪ੍ਰਗਟ ਹੁੰਦੀ ਹੈ। ਜਿਸ ਤਰ੍ਹਾਂ ਬੇਲੇ ਵਿਚ ਸਰਕੜੇ ਨੂੰ ਅੱਗ ਲੱਗ ਜਾਏ ਤਾਂ ਕਾਨਾ ਦੇਖਣ ਨੂੰ ਪੂਰਾ ਲਿਸ਼ਕਦਾ ਹੋਇਆ ਨਜ਼ਰ ਆਏਗਾ, ਪਰ ਕਾਨੇ ਨੂੰ ਛਿੱਲ ਕੇ ਦੇਖੋ ਤਾਂ ਉਹ ਅੰਦਰੋਂ ਸੜਿਆ ਹੋਇਆ ਦਿੱਸੇਗਾ। ਇੰਜ ਹੀ ਇਹ ਜੋਗੀ ਬਾਹਰੋਂ

ਸਾਧੂ, ਧਰਮੀ ਤੇ ਰੱਬ ਜੀ ਦੇ ਖ਼ਾਸ ਦੂਤ ਲੱਗਦੇ ਸਨ, ਪਰ ਜੇ ਕਿਤੇ ਇਨ੍ਹਾਂ ਦੀ ਮਨਸਾ ਪੂਰੀ ਨਾ ਹੁੰਦੀ ਹੋਵੇ ਤਾਂ ਮਿੰਟ ਤੋਂ ਪਹਿਲਾਂ ਸਰਾਪ ਵਾਲੀ ਭਾਸ਼ਾ 'ਤੇ ਉੱਤਰ ਆਉਂਦੇ ਸਨ। ਬਾਹਰੋਂ ਧਰਮੀ ਤੇ ਅੰਦਰੋਂ ਈਰਖਾ, ਨਫ਼ਰਤ ਨਾਲ ਨੱਕੋ-ਨੱਕ ਭਰੇ ਹੋਏ ਸਨ। ਇਹੀ ਹਾਲ ਅੱਜ ਦੇ ਪਾਖੰਡੀ ਸੰਤਾਂ ਦਾ ਹੈ ਜੋ ਝੂਠੀ ਕਰਾਮਾਤ ਰਾਹੀਂ ਸਭ ਕੁਝ ਮਿੰਟਾਂ ਵਿਚ ਭਸਮਾ-ਭੂਤ ਕਰ ਦੇਣ ਦੇ ਹਮੇਸ਼ਾ ਹੀ ਡਰਾਵੇ ਦੇਂਦੇ ਰਹਿੰਦੇ ਹਨ। ਮਸਕਟ ਵਿਚ ਬੈਠਿਆਂ ਇਕ ਵੀਰ ਨੇ ਬਹੁਤ ਪਿਆਰੀ ਗੱਲ ਸੁਣਾਈ ਕਿ ਇਕ ਨਵੇਂ ਸਥਾਪਤ ਹੋਏ ਬਾਬਾ ਜੀ ਅੱਖਾਂ ਮੁੰਦ-ਮੁੰਦ ਕੇ ਪ੍ਰਵਚਨ ਪਏ ਕਰ ਰਹੇ ਸਨ, ਜੋ ਗੁਰਬਾਣੀ ਸਿਧਾਂਤ ਦੇ ਅਨੁਸਾਰ ਨਹੀਂ ਸਨ ਬਲਕਿ ਵਿਚੋਲੇ ਦੀ ਲੋੜ 'ਤੇ ਜ਼ਿਆਦਾ ਜ਼ੋਰ ਦੇ ਰਹੇ ਸਨ। ਚੱਲ ਰਹੇ ਪ੍ਰਵਚਨਾਂ ਵਿਚ ਉਸ ਵੀਰ ਨੇ ਨਿਮਰਤਾ ਨਾਲ ਇਤਨਾ ਕੁ ਹੀ ਕਿਹਾ ਕਿ ਬਾਬਾ ਜੀ, ਇਹ ਅਰਥ ਗੁਰਬਾਣੀ ਦੇ ਅਨੁਸਾਰ ਨਹੀਂ ਹਨ। ਬਾਬਾ ਜੀ ਦੇ ਧੀਰਜ ਦਾ ਭਰਿਆ ਹੋਇਆ ਪਿਆਲਾ ਡੋਲਣ ਲੱਗ ਪਿਆ ਤੇ ਆਪੇ ਤੋਂ ਬਾਹਰ ਹੋ ਕੇ ਕਹਿਣ ਲੱਗੇ, "ਮਹਾਂਪੁਰਸ਼ਾਂ ਦੇ ਅੱਗੇ ਪਹਿਲਾਂ ਕਦੇ ਵੀ ਇੰਜ ਨਹੀਂ ਬੋਲਿਆ ਜਾਂਦਾ ਸੀ ਜਿਸ ਤਰ੍ਹਾਂ ਹੁਣ ਤੁਸੀਂ ਬੋਲ ਰਹੇ ਹੋ, ਮੈਂ ਅੱਗੇ ਤੋਂ ਪ੍ਰਵਚਨ ਨਹੀਂ ਕਰਾਂਗਾ, ਤੁਸੀਂ ਬ੍ਰਹਮ ਗਿਆਨੀਆਂ ਦੀ ਬੇ-ਅਦਬੀ ਕਰ ਰਹੇ ਹੋ।" ਕੋਲ ਬੈਠੇ ਹੋਏ ਸੰਗੀ-ਜਨ ਬਾਬਾ ਜੀ ਦੀ ਕਰੋਪੀ ਤੋਂ ਡਰਦਿਆਂ ਹੋਇਆਂ ਹੀ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਪਏ ਤੇ ਸਾਰਿਆਂ ਉਸ ਨੂੰ ਕੌੜੀ ਮਿੱਠੀ ਝਾੜ ਪਾ ਕੇ ਚੁੱਪ ਕਰਾ ਦਿੱਤਾ। ਹੈ ਕਿ ਨਹੀਂ—ਧੰਨ ਸਿੱਖੀ ਤੇ ਧੰਨ ਸਿੱਖ!

ਸਮਾਜ ਨੂੰ ਜੋਕਾਂ ਵਾਂਗ ਚਿੰਬੜੇ ਸੰਤਾਂ ਦੇ ਲਿਬਾਸ ਦੀ ਗੱਲ ਕਰਦਿਆਂ ਦੱਸਿਆ ਹੈ ਕਿ ਇਨ੍ਹਾਂ ਦੀਆਂ ਤਿੰਨ-ਤਿੰਨ ਗਜ਼ ਲੰਬੀਆਂ ਧੋਤੀਆਂ, ਤਿਹਰੇ ਧਾਗਿਆਂ ਦੇ ਜਨੇਊ ਤੇ ਗਲਾਂ ਵਿਚ ਪਾਈਆਂ ਹੋਈਆਂ ਲੰਬੀਆਂ-ਲੰਬੀਆਂ ਮਾਲਾਂ, ਇਨ੍ਹਾਂ ਦੇ ਧਰਮੀ ਹੋਣ ਦਾ ਪ੍ਰਗਟਾਵਾ ਕਰਦੀਆਂ ਹਨ। ਪਰ ਇਹ ਤਾਂ ਲੋਕਾਂ ਨੂੰ ਫਸਾਉਣ ਦਾ ਵਧੀਆ ਢੌਂਗ ਹੈ, ਜੋ ਅੱਜ ਵੀ ਲੰਬੇ ਚੋਲ਼ੇ ਤੇ ਚੋਲ਼ਿਆਂ ਦੇ ਉਪਰ ਦੀ ਚੋਲ਼ੇ ਪਾਈ ਮਹਾਂਪੁਰਸ਼ ਦੇਖਣ ਨੂੰ ਮਿਲ ਰਹੇ ਹਨ। ਕਈ ਤਾਂ ਹਵਾਈ ਜਹਾਜ਼ ਵਿਚ ਬੈਠਿਆਂ ਵੀ ਚੋਲ਼ੇ ਉਪਰਲਾ ਚੋਲ਼ਾ ਨਹੀਂ ਉਤਾਰਦੇ, ਜਿਵੇਂ ਬ੍ਰਹਮ ਗਿਆਨਤਾ ਇਨ੍ਹਾਂ ਦੇ ਏਸੇ ਚੋਲ਼ੇ ਵਿਚ ਪਈ ਹੋਵੇ:

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥

ਗਲ ਵਿਚ ਪਈ ਮਾਲਾ, ਲਿਸ਼ਕਦਾ ਹੋਇਆ ਗੜਵਾ, ਗਿੱਟਿਆਂ ਨੂੰ ਖਹਿੰਦੇ ਹੋਏ ਚੋਲ਼ੇ, ਪੰਜ-ਸਤ ਨਾਲ ਫਿਰਦੇ ਹੋਏ ਟੁੱਕੜ ਬੋਚ ਜੋ ਸੰਤ ਘੱਟ ਤੇ

ਬਦਮਾਸ਼ ਵੱਧ ਲੱਗਦੇ ਹਨ; ਹਰ ਪਿੰਡ, ਸ਼ਹਿਰ ਤੇ ਕਸਬੇ ਵਿੱਚ ਦੇਖੇ ਜਾ ਸਕਦੇ ਹਨ ਜੋ ਥੋਕ ਵਿਚ ਪੁੱਤਰਾਂ ਦੀਆਂ ਦਾਤਾਂ ਢੇਰਾਂ ਦੇ ਢੇਰ ਰੂਪ ਵਿਚ ਦੇ ਰਹੇ ਹਨ। ਇਹ ਬਿਮਾਰੀ ਜਿਥੇ ਕਬੀਰ ਜੀ ਦੇ ਜ਼ਮਾਨੇ ਵਿਚ ਪੂਰੀ ਤਰ੍ਹਾਂ ਪ੍ਰਫੁੱਲਤ ਸੀ, ਉਥੇ ਅੱਜ ਵੀ ਇਸ ਬਿਮਾਰੀ ਦੇ ਖੁੱਲ੍ਹੇ ਰੂਪ ਵਿਚ ਦਰਸ਼ਨ-ਦੀਦਾਰੇ ਕੀਤੇ ਜਾ ਸਕਦੇ ਹਨ। ਐਸੇ ਪੁਰਸ਼ ਜੋ ਧਰਮੀ ਹੋਣ ਦਾ ਦਿਖਾਵਾ ਕਰ ਰਹੇ ਸਨ, ਕਬੀਰ ਜੀ ਇਨ੍ਹਾਂ ਨੂੰ ਮੁਕੰਮਲ ਠੱਗਾਂ ਦਾ ਸਰਟੀਫ਼ਿਕੇਟ ਦੇ ਰਹੇ ਹਨ। ਪੱਕੇ ਤੌਰ 'ਤੇ ਇਨ੍ਹਾਂ ਨੇ ਠੱਗੀਆਂ ਮਾਰਨ ਦੀਆਂ ਦੁਕਾਨਾਂ ਕਾਇਮ ਕਰ ਲਈਆਂ ਹਨ। ਸਿੱਖ ਧਰਮ ਅੰਦਰ ਵੀ ਅਜੀਬ ਕਿਸਮ ਦੇ ਅਜੇਹੇ ਪਹਿਰਾਵਿਆਂ ਵਾਲੇ ਸੰਤੜੂ ਪੈਦਾ ਹੋ ਗਏ ਹਨ। ਕਈਆਂ ਨੇ ਤਿੰਨ ਕੁ ਮੀਟਰ ਦਾ ਚਿੱਟੇ ਰੰਗ ਦਾ ਪਤਲਾ ਜਿਹਾ ਗੋਲ ਪਰਨਾ ਸਿਰ 'ਤੇ ਬੱਧਾ ਹੁੰਦਾ ਹੈ ਤੇ ਕਈਆਂ ਨੇ ਗਿੱਚੀ 'ਤੇ ਝਾਲਰ ਸੁੱਟ ਕੇ ਫਿਰ ਗੋਲ ਸਾਫ਼ਾ ਬੰਨ੍ਹਿਆ ਹੁੰਦਾ ਹੈ। ਕਈਆਂ-ਨੇ ਲੱਤਾਂ ਨੰਗੀਆਂ ਰੱਖੀਆਂ ਹੁੰਦੀਆਂ ਹਨ ਤੇ ਕਈਆਂ ਕੱਸ ਕੇ ਚੂੜੀਦਾਰ ਪਜਾਮੀ ਪਾਈ ਹੁੰਦੀ ਹੈ। ਕਬੀਰ ਜੀ ਨੇ ਅਜਿਹੇ ਦਿਖਾਵੇ ਦੇ ਪਹਿਰਾਵੇ ਨੂੰ ਮੂਲੋਂ ਹੀ ਰੱਦ ਕੀਤਾ ਹੈ। ਗਉੜੀ ਰਾਗ ਵਿਚ ਇਕ ਪਿਆਰਾ ਵਾਕ ਹੈ:

ਕਿਆ ਨਾਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮ ਰਾਮ ॥

(ਗਉੜੀ ਕਬੀਰ ਜੀ, ਪੰਨਾ 324)

ਕਈ ਗਲ ਵਿਚ ਪਾਏ ਹੋਏ ਪਰਨੇ ਦੇ ਅੰਦਰ ਹੱਥ ਲੁਕਾ ਕੇ ਮਾਲਾ ਫੇਰਨ ਦੇ ਪੂਰੇ ਮਾਹਰ ਹੁੰਦੇ ਹਨ। ਕਦੇ ਅੱਖਾਂ ਮੁੰਦ ਲਈਆਂ, ਕਦੇ ਖੋਹਲ ਲਈਆਂ, ਬੁੱਲ੍ਹਾਂ ਨੂੰ ਸਟਾਈਲ ਨਾਲ ਹਿਲਾਈ ਜਾਣਾ, ਭਗਤੀ ਦਾ ਪੂਰਾ ਡਰਾਮਾ ਕੀਤਾ ਜਾਂਦਾ ਹੈ। ਕਬੀਰ ਜੀ ਨੇ ਕੋਈ ਲੁਕਾਅ ਨਾ ਰੱਖਦਿਆਂ ਸਿੱਧ ਪੱਧਰੇ ਸ਼ਬਦਾਂ ਵਿਚ ਕਹਿ ਦਿੱਤਾ ਹੈ ਕਿ ਐਸੇ ਪਾਖੰਡੀ ਸਾਧੜੇ ਮੈਨੂੰ ਚੰਗੇ ਨਹੀਂ ਲੱਗਦੇ। ਇਨ੍ਹਾਂ ਦੀਆਂ ਨੀਅਤਾਂ ਖੋਟ ਨਾਲ ਭਰੀਆਂ ਹਨ, ਜੋ ਕਿਰਤੀਆਂ ਦੇ ਪਰਿਵਾਰਾਂ 'ਤੇ ਬੋਝ ਬਣੇ ਹੋਏ ਹਨ। ਦੁਨੀਆ ਚੰਦਰਮਾ 'ਤੇ ਘਰ ਪਾਉਣ ਦੀ ਤਿਆਰੀ ਕਰ ਰਹੀ ਹੈ, ਇਹ ਵਿਚਾਰੇ ਲੱਕੜੀਆਂ ਧੋ ਕੇ ਰੋਟੀਆਂ ਪਕਾਉਣ ਦੇ ਕਰਮ ਵਿਚ ਉਲਝੇ ਫਿਰਦੇ ਹਨ। ਆਓ ਦੇਖੀਏ, ਕਬੀਰ ਜੀ ਨੇ ਅੱਗੇ ਇਨ੍ਹਾਂ ਸੰਬੰਧੀ ਕੀ ਵਿਚਾਰ ਦਿੱਤੇ ਹਨ:

ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥
ਬਸੁਧਾ ਖੋਦਿ ਕਰਹਿ ਦੁਇ ਚੂਲ੍ੇ ਸਾਰੇ ਮਾਣਸ ਖਾਵਹਿ ॥

(ਰਾਗੁ ਆਸਾ, ਪੰਨਾ 476)

ਇਨ੍ਹਾਂ ਪਾਖੰਡੀਆਂ ਨੇ ਜਿਥੇ ਰੋਟੀ ਤਿਆਰ ਕਰਨੀ ਹੋਵੇ, ਉਥੇ ਧਰਤੀ

ਪੁੱਟ ਕੇ ਚੁੱਲ੍ਹਾ ਤਿਆਰ ਕਰਦੇ ਹਨ ਤੇ ਗਊ ਮਾਤਾ ਦੇ ਗੋਹੇ ਦਾ ਪੋਚਾ ਫੇਰਦੇ ਹਨ। ਜਿਨ੍ਹਾਂ ਲੱਕੜੀਆਂ ਨੂੰ ਬਾਲਣਾ ਹੋਵੇ, ਉਨ੍ਹਾਂ ਨੂੰ ਪਹਿਲਾਂ ਚੰਗੀ ਤਰ੍ਹਾਂ ਧੋ ਲਿਆ ਜਾਂਦਾ ਹੈ, ਫਿਰ ਚੁੱਲ੍ਹੇ ਵਿਚ ਡਾਹ ਕੇ ਅੱਗ ਬਾਲੀ ਜਾਂਦੀ ਹੈ। ਕਿੱਡਾ ਮੂਰਖਤਾ ਭਰਿਆ ਭਰਮ ਹੈ, ਜਿਹੜੀਆਂ ਲੱਕੜੀਆਂ ਨੇ ਬਲ ਹੀ ਜਾਣਾ ਹੈ, ਉਨ੍ਹਾਂ ਨੂੰ ਧੋਣ ਦੀ ਕੀ ਜ਼ਰੂਰਤ ਹੈ। ਸਾਧਾਰਨ ਮਨੁੱਖ ਵਿਚਾਰਾ ਇਹ ਸਮਝ ਲੈਂਦਾ ਹੈ ਕਿ ਸ਼ਾਇਦ ਰੱਬ ਨਾਲ ਇਸ ਤਰ੍ਹਾਂ ਹੀ ਮਿਲਿਆ ਜਾ ਸਕਦਾ ਹੈ। ਮਾਂਜੇ ਹੋਏ ਭਾਂਡਿਆਂ ਨੂੰ ਮੁੜ-ਮੁੜ ਮਾਂਜੀ ਜਾਣਾ ਉਜੱਡਾਂ ਵਾਲਾ ਕਰਮ ਹੀ ਹੈ; ਇਸ ਤੋਂ ਵੱਧ ਹੋਰ ਕੁਝ ਨਹੀਂ। ਦਾਅ ਲੱਗਣ 'ਤੇ ਪਰਿਵਾਰ ਦੇ ਕਿਸੇ ਜੀਅ ਨੂੰ ਵੀ ਇਹ ਬਖ਼ਸ਼ਦੇ ਨਹੀਂ ਹਨ। 'ਸਾਰੇ ਮਾਣਸ ਖਾਵਹਿ'—ਪਰਿਵਾਰ, ਜ਼ਮੀਨ ਤੇ ਹਰੇਕ ਪ੍ਰਕਾਰ ਦੀ ਜਾਇਦਾਦ ਨੂੰ ਵੀ ਖਾ ਜਾਂਦੇ ਹਨ।

ਅਜੋਕੇ ਆਪੇ ਬਣੇ ਸੰਤ, ਮਹੰਤ, ਮਹਾਂਪੁਰਸ਼ ਬਨਾਵਟੀ ਸੁੱਚ-ਭਿੱਟ ਨੂੰ ਬਰਕਰਾਰ ਰੱਖਦਿਆਂ ਰੋਟੀ ਖਾਣ ਲਈ ਬਰਤਨ ਵੀ ਆਪਣੇ ਨਾਲ ਆਪ ਹੀ ਚੁੱਕੀ ਫਿਰਦੇ ਹਨ। ਅਜੇਹੇ ਦੰਭੀ ਸੰਗਤ ਪੰਗਤ ਵਿਚ ਵੀ ਬੈਠਣ ਲਈ ਤਿਆਰ ਨਹੀਂ ਹੁੰਦੇ—ਕੜਾਹ ਪ੍ਰਸ਼ਾਦ ਲੈਣਾ ਇਨ੍ਹਾਂ ਦੇ ਵੱਸ ਦਾ ਰੋਗ ਨਹੀਂ ਹੈ। ਇੱਕੀਵੀਂ ਸਦੀ ਦੇ ਵਸਨੀਕ ਹੋਣ ਦਾ ਦਾਅਵਾ ਕਰਨ ਵਾਲੇ ਅਜੇ ਵੀ ਰੇਤ, ਮਿੱਟੀ ਤੇ ਸੁਆਹ ਨਾਲ ਹੱਥ ਮਾਂਜਣ ਨੂੰ ਹੀ ਤਰਜੀਹ ਦੇਂਦੇ ਹਨ। ਸਫ਼ਾਈ ਹੋਣੀ ਚਾਹੀਦੀ ਹੈ ਪਰ ਵਹਿਮ ਤੇ ਪਾਖੰਡ ਪ੍ਰਸਤ ਵਾਲੀ ਸੁੱਚ-ਭਿੱਟ ਤੋਂ ਬਾਹਰ ਨਿਕਲਣਾ ਚਾਹੀਦਾ ਹੈ, ਜਿਸ ਦਾ ਸਿੱਖੀ ਵਿਚ ਕੋਈ ਥਾਂ ਨਹੀਂ ਹੈ। ਕਈ ਥਾਵਾਂ 'ਤੇ ਲੰਗਰ ਵਰਤਾਉਣ ਵਾਲੇ ਸੱਜਣ ਪਰਸ਼ਾਦਾ ਉਪਰੋਂ ਜ਼ੋਰ ਨਾਲ ਸੁੱਟਣਗੇ ਕਿਉਂਕਿ ਉਨ੍ਹਾਂ ਨੂੰ ਵਹਿਮ ਹੈ ਕਿ ਜੇ ਪਰਸ਼ਾਦਾ ਹੱਥ ਨਾਲ ਛੋਹ ਗਿਆ ਤਾਂ ਸਾਰਾ ਲੰਗਰ ਹੀ ਜੂਠਾ ਹੋ ਜਾਣਾ ਹੈ। ਐਸੇ ਪਾਜੀਆਂ ਦੇ ਪਾਜ ਕਬੀਰ ਜੀ ਨੇ ਅਗਲੀਆਂ ਤੁਕਾਂ ਵਿਚ ਉਧੇੜੇ ਹਨ। ਕਰੋ ਦਰਸ਼ਨ ਲਿਸ਼ਕਦੀਆਂ ਹੋਈਆਂ ਗੋਗੜਾਂ, ਰੰਗ-ਬਰੰਗੇ ਚੋਲ਼ਿਆਂ ਤੇ ਤੰਬੀਆਂ ਵਾਲੇ ਸਾਧੜਿਆਂ ਦੇ :

ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥

ਪ੍ਰੋਫ਼ੈਸਰ ਸਾਹਿਬ ਸਿੰਘ ਜੀ ਸੁੰਦਰ ਤਰੀਕੇ ਨਾਲ ਅਰਥ ਕਰਦਿਆਂ ਹੋਇਆਂ ਸਮਝਾ ਰਹੇ ਹਨ—ਇਹੋ ਜਿਹੇ ਮੰਦ-ਕਰਮੀਂ ਮਨੁੱਖ ਸਦਾ ਵਿਕਾਰਾਂ ਵਿਚ ਹੀ ਖੱਚਤ ਫਿਰਦੇ ਹਨ, ਉਂਜ ਮੂੰਹੋਂ ਅਖਵਾਂਦੇ ਹਨ ਕਿ ਅਸੀਂ ਮਾਇਆ ਦੇ ਨੇੜੇ ਨਹੀਂ ਜਾਂਦੇ। ਸਦਾ ਹੀ ਹੰਕਾਰ ਵਿਚ ਮੱਤੇ ਫਿਰਦੇ ਹਨ। ਇਹ ਆਪ ਤਾਂ ਡੁੱਬਦੇ ਹੀ ਹਨ, ਨਾਲ ਆਪਣੇ ਸਾਥੀਆਂ ਨੂੰ ਵੀ ਮੰਦ-ਕਰਮਾਂ ਵਿਚ ਡੋਬਦੇ ਹਨ। 'ਮੁਖਹੁ ਅਪਰਸ ਕਹਾਵਹਿ'—ਆਪਣੇ ਆਪ ਨੂੰ ਕਹਿਣਾ ਕਿ ਅਸੀਂ ਕਿਸੇ

ਵਸਤੂ ਨੂੰ ਹੱਥ ਵੀ ਨਹੀਂ ਲਗਾਂਦੇ, ਸਾਡਾ ਤਾਂ ਪ੍ਰਹੇਜ਼ ਹੀ ਇਤਨਾ ਹੈ ਕਿ ਕਿਸੇ ਦੇ ਹੱਥ ਦੀ ਬਣੀ ਹੋਈ ਰੋਟੀ ਨਹੀਂ ਖਾਂਦੇ; ਇਹ ਤਾਂ ਮਨੂੰ ਸਿਮ੍ਰਿਤੀ ਦੇ ਕਰਮ-ਕਾਂਡ ਨੂੰ ਵੀ ਪਿੱਛੇ ਛੱਡ ਗਏ ਹਨ। ਬ੍ਰਾਹਮਣ ਦੇਵਤੇ ਦਾ ਇਕ ਸਿਧਾਂਤ ਬਣਾਇਆ ਹੋਇਆ ਹੈ ਕਿ ਜੇਕਰ ਸੌ ਊਠਾਂ ਦੇ ਕਾਫ਼ਲੇ ਨੂੰ ਹਿੱਕਣ ਵਾਲਾ ਸ਼ੂਦਰ ਹੋਵੇ ਤਾਂ ਰੋਟੀ ਸ਼ੂਦਰ ਨੂੰ ਨਹੀਂ ਫੜਾਉਣੀ, ਕਿਉਂਕਿ ਸ਼ੂਦਰ ਦੁਆਰਾ ਫੜੀ ਹੋਈ ਰੋਟੀ ਭਿੱਟੀ ਜਾਏਗੀ। ਉਹ ਰੋਟੀ ਸਭ ਤੋਂ ਮੂਹਰਲੇ ਊਠ ਦੇ ਗਲ ਨਾਲ ਬੰਨ੍ਹ ਦੇਣੀ ਚਾਹੀਦੀ ਹੈ—ਪਰ, ਜੇਕਰ ਸ਼ੂਦਰ ਦਾ ਹੱਥ ਸਭ ਤੋਂ ਮਗਰਲੇ ਊਠ ਨੂੰ ਕਿਤੇ ਭੁਲੇਖੇ ਨਾਲ ਵੀ ਲੱਗ ਜਾਏ; ਭਾਵੇਂ ਉਸ ਊਠ ਦਾ ਸੌਵਾਂ ਨੰਬਰ ਹੀ ਕਿਉਂ ਨਾ ਹੋਵੇ ਤਾਂ ਸ਼ੂਦਰ ਦੇ ਲੱਗੇ ਹੋਏ ਹੱਥ ਕਾਰਨ ਸ਼ੂਦਰ ਦਾ ਤਿੱਖਾ ਕਰੰਟ ਸਭ ਤੋਂ ਅਗਲੇ ਊਠ ਦੇ ਗਲ ਨਾਲ ਬੰਨ੍ਹੀ ਹੋਈ ਰੋਟੀ ਵਿਚ ਆ ਜਾਂਦਾ ਹੈ। ਉਹ ਰੋਟੀ ਬ੍ਰਾਹਮਣ ਦੇਵਤੇ ਦੇ ਕੰਮ ਦੀ ਨਹੀਂ ਰਹਿੰਦੀ। ਬ੍ਰਾਹਮਣ ਕਹਿੰਦਾ ਹੈ ਕਿ ਜੇ ਮੈਂ ਦਰਖ਼ਤ ਦੀ ਉੱਚੀ ਟਹਿਣੀ 'ਤੇ ਬੈਠਾ ਹੋਵਾਂ, ਵਿਚਾਰੇ ਸ਼ੂਦਰ ਦਾ ਉਸ ਦਰਖ਼ਤ ਦੀ ਜੜ੍ਹ ਨੂੰ ਹੱਥ ਲੱਗ ਜਾਏ, ਬ੍ਰਾਹਮਣ ਭਾਊ ਉਪਰ ਬੈਠਾ ਹੀ ਭਿੱਟਿਆ ਜਾਂਦਾ ਹੈ। ਬੰਦੇ ਦੇ ਪਰਛਾਵੇਂ ਤੋਂ ਬਹੁਤ ਡਰ ਲੱਗਦਾ ਹੈ, ਪਰ ਜੇ ਰੁਪਏ ਪੈਸੇ ਭੇਟਾ ਦੇ ਰੂਪ ਵਿਚ ਕੋਈ ਦੇ ਦੇਵੇ ਤਾਂ ਉਹ ਚੱਲ ਰਹੀ ਕਾਰ-ਸੇਵਾ ਦੇ ਬਹਾਨੇ ਆਰਾਮ ਨਾਲ ਸੇਵਕ-ਜਨ ਬਾਬਾ ਜੀ ਦੀ ਜੇਬ ਵਿਚ ਪਾ, ਪੱਕੇ ਤੌਰ 'ਤੇ ਸੰਭਾਲ ਦੇਂਦੇ ਹਨ। ਪ੍ਰਸਿੱਧ ਪੱਤਰਕਾਰ ਸਰਦਾਰ ਦਲਬੀਰ ਸਿੰਘ ਆਪਣੀ ਪੁਸਤਕ *ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ* ਦੇ ਪੰਨਾ 55-56 'ਤੇ ਲਿਖਦੇ ਹਨ:

> ਤਿੰਨ ਘੰਟੇ ਦੀ ਵਾਰਤਾ ਤੋਂ ਪਿੱਛੋਂ ਕਹਿਣ ਲੱਗੇ, ਆਉ ਲੰਗਰ ਵਿਚ ਪ੍ਰਸ਼ਾਦਾ ਛਕੀਏ। ਵਿਛੇ ਹੋਏ ਟਾਟਾਂ 'ਤੇ ਬੈਠ ਗਏ ਤੇ ਵਰਤਾਵੇ ਨੇ ਲਗਭਗ ਤਿੰਨ ਫ਼ੁੱਟ ਦੀ ਉਚਾਈ ਤੋਂ ਪ੍ਰਸ਼ਾਦਾ ਸੁੱਟਿਆ, ਜੋ ਮੈਨੂੰ ਠੀਕ ਨਾ ਜਾਪਿਆ। ਮੈਂ ਕਹਿ ਦਿੱਤਾ ਕਿ ਇਹ ਛੂਤ-ਛਾਤ ਦੀ ਪ੍ਰੰਪਰਾ ਦਾ ਰੂਪ ਹੈ। ਕਹਿਣ ਲੱਗੇ, 'ਨਹੀਂ, ਸਾਡੇ ਇਹ ਰਿਵਾਜ ਹੀ ਹੈ।' ਜਦ ਅਗਲੀ ਵਾਰ ਉਥੇ ਜਾਣ ਦਾ ਅਵਸਰ ਮਿਲਿਆ ਤਾਂ ਸਰਬਲੋਹ ਦੇ ਬਾਟੇ ਵਿਚ ਵਰਤਾਵੇ ਨੇ ਦੁੱਧ ਪਾਇਆ ਤੇ ਮੈਂ ਛੇਤੀ ਨਾਲ ਆਪਣੇ ਹੱਥ ਨਾਲ ਉਹਦੇ ਜੱਗ ਨੂੰ ਰੋਕਿਆ ਤੇ ਕਿਹਾ, 'ਬੱਸ-ਬੱਸ।' ਉਹ ਕਹਿਣ ਲੱਗਾ, 'ਹੁਣ ਇਹ ਦੁੱਧ ਸਾਡੇ ਕੰਮੋਂ ਤਾਂ ਗਿਆ।' ਕਿਉਂਕਿ ਜੱਗ ਨੂੰ ਮੇਰਾ ਹੱਥ ਲੱਗ ਗਿਆ ਸੀ। ਮੇਰਾ ਇਹ ਵਿਸ਼ਵਾਸ ਹੋਰ ਪੱਕਾ ਹੋ ਗਿਆ ਕਿ ਇਹ ਪਹੁੰਚ ਇਕ ਬ੍ਰਾਹਮਣਵਾਦੀ ਰੁਚੀ ਸੀ।

ਜਾਣੇ-ਅਣਜਾਣੇ ਹੀ ਅਸੀਂ ਬ੍ਰਾਹਮਣੀ ਰੀਤਾਂ ਨੂੰ ਕਿੰਨਾ ਪਿਆਰ ਕਰੀ ਜਾ ਰਹੇ ਹਾਂ! ਧੰਨ ਗੁਰੂ ਨਾਨਕ ਸਾਹਿਬ ਜੀ ਜੋ ਮਰਦਾਨੇ ਦੇ ਹੱਥੋਂ ਵੀ ਪ੍ਰਸ਼ਾਦਾ ਛਕਦੇ ਰਹੇ ਹੋਣਗੇ। ਧੰਨ ਸਿੱਖੀ ਤੇ ਧੰਨ ਸਿੱਖੀ ਦੇ ਇਹ ਥੰਮ੍ਹ—ਬਲਿਹਾਰ! ਬਲਿਹਾਰ! ਬਲਿਹਾਰ!

ਲੁਧਿਆਣੇ ਬਸੰਤ ਪਾਰਕ ਵਿਚ ਇਨ੍ਹਾਂ ਮੂੰਹ-ਫਟੇ ਚਿਮਟਾ ਪਹਿਲਵਾਨਾਂ ਦੇ ਦੀਵਾਨ ਅਕਸਰ ਹੀ ਲੱਗਦੇ ਰਹਿੰਦੇ ਹਨ। ਚੌਵੀ ਕੁ ਸਾਲ ਪਹਿਲੇ ਇਕ ਪ੍ਰਾਪਰਟੀ ਡੀਲਰ ਮੇਰਾ ਮਿੱਤਰ ਸੀ ਜੋ ਕਿ ਅਕਾਲੀ ਦਲ ਦਾ ਸਿਰਕਰਦਾ ਮੈਂਬਰ ਸੀ। ਮੈਂ ਇਹ ਸਮਝਦਾ ਸੀ ਕਿ ਇਸ ਵੀਰ ਨੂੰ ਗੁਰਬਾਣੀ ਬਹੁਤ ਆਉਂਦੀ ਹੋਵੇਗੀ, ਦੇਖਣ ਨੂੰ ਦਰਸ਼ਨੀ ਪਹਿਲਵਾਨ, ਸਿੱਖੀ ਦਾ ਪਹਿਰਾਵਾ ਡੁੱਲ੍ਹ ਡੁੱਲ੍ਹ ਪੈਂਦਾ ਸੀ। ਕੁਦਰਤੀ ਇਕ ਦਿਨ ਮੈਂ ਇਨ੍ਹਾਂ ਨੂੰ ਮਿਲਣ ਵਾਸਤੇ ਗਿਆ ਤਾਂ ਇਹ ਵੀਰ ਮੈਨੂੰ ਕਹਿਣ ਲੱਗੇ, "ਇਕ ਬਾਬਾ ਜੀ ਬਹੁਤ ਹੀ ਪਹੁੰਚੇ ਹੋਏ ਹਨ, ਉਹ ਅੱਜਕੱਲ੍ਹ ਏਥੇ ਆਏ ਹੋਏ ਹਨ; ਬਸੰਤ ਪਾਰਕ ਵਿਚ ਆਪਾਂ ਉਨ੍ਹਾਂ ਨੂੰ ਮਿਲਣ ਲਈ ਚੱਲਣਾ ਹੈ। ਉਂਜ ਤਾਂ ਉਹ ਹਾਈਂ-ਮਾਈਂ ਕਿਸੇ ਨੂੰ ਮਿਲਦੇ ਨਹੀਂ, ਪਰ ਆਪਣੀ ਫੁੱਲ ਬਟਾ ਫੁੱਲ ਬਾਬਾ ਜੀ ਨਾਲ ਸਿੱਧੀ ਗੱਲਬਾਤ ਏ, ਤੁਹਾਨੂੰ ਦਰਸ਼ਨ ਕਰਾ ਲਿਆਵਾਂ, ਮੇਰੇ ਨਾਲ ਤੁਸਾਂ ਜ਼ਰੂਰ ਚੱਲਣਾ ਹੈ।" ਮਨ ਨਾ ਮੰਨਦਿਆਂ ਹੋਇਆਂ ਵੀ ਸ਼ਾਮ ਨੂੰ ਉਨ੍ਹਾਂ ਦੇ ਨਾਲ ਚਲਾ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦਾ ਉੱਚੇ ਅਸਥਾਨ 'ਤੇ ਪ੍ਰਕਾਸ਼ ਕੀਤਾ ਹੋਇਆ ਸੀ, ਇਹ ਭੁਲੇਖਾ ਪਾਉਣ ਲਈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਬਹੁਤ ਜ਼ਿਆਦਾ ਕਰਦੇ ਹਾਂ। ਇੰਨਾ ਸਤਿਕਾਰ ਤਾਂ ਸ਼੍ਰੋਮਣੀ ਕਮੇਟੀ ਵੀ ਨਹੀਂ ਕਰਦੀ ਤੇ ਨਾਲ ਹੀ ਇਕ ਹੋਰ ਤੰਬੂ ਲਗਾਇਆ ਹੋਇਆ ਸੀ ਜਿਸ ਵਿਚ ਬਾਬਾ ਜੀ ਵਧੀਆ ਗੱਦਾ ਲਗਾਈ ਬੀਬੀਆਂ ਬੀਬਿਆਂ ਦੇ ਝੁਰਮਟ ਵਿਚ ਕਾਨ੍ਹ ਬਣ ਕੇ ਬੈਠੇ ਹੋਏ ਸਨ। ਜੋ ਵੀ ਸੱਜਣ ਮੱਥਾ ਟੇਕਦਾ, ਬਾਬਾ ਜੀ ਲਾਪਰਵਾਹੀ ਨਾਲ ਸੇਬ ਝੋਲੀ ਵਿਚ ਪਾਈ ਜਾਂਦੇ ਤੇ ਸੇਬ ਲੈਣ ਵਾਲਾ ਗ਼ੈਬੀ ਕਰਾਮਾਤ ਸਮਝਦਾ ਹੋਇਆ, ਧੰਨ ਬਾਬਾ ਜੀ, ਧੰਨ ਬਾਬਾ ਜੀ ਆਖਦਾ ਹੋਇਆ ਚਰਨਾਂ 'ਤੇ ਨਮਸਕਾਰ ਕਰਦਾ ਬਾਹਰ ਲੱਗੇ ਹੋਏ ਦੀਵਾਨ ਵਿਚ ਬੈਠ ਕੇ ਬਾਬਾ ਜੀ ਦੇ ਨਾਲ ਜੁੜੀਆਂ ਕਰਾਮਾਤ ਦੀਆਂ ਸ਼ਕਤੀਆਂ ਦੇ ਅਦਭੁੱਤ ਨਜ਼ਾਰੇ ਸਾਖੀਆਂ ਦੇ ਰੂਪ ਵਿਚ ਸੁਣਦਾ ਅਸ਼-ਅਸ਼ ਕਰ ਉੱਠਦਾ। ਕੁਝ ਕੁ ਵਿਹਲ ਜਿਹੀ ਦੇਖ ਕੇ ਸਿਆਣੇ ਬਿਆਣੇ ਅਕਾਲੀ ਵੀਰ ਨੇ ਆਪਣੀ ਉਮਰ ਨਾਲੋਂ ਅੱਧੀ ਉਮਰ ਵਾਲੇ ਸੰਤ ਮਹਾਰਾਜ ਜੀ ਦੇ ਚਰਨਾਂ 'ਤੇ ਚਿਰਾਂ ਤੋਂ ਵਿਛੜੇ ਹੋਏ ਸਾਊ ਪੁੱਤ ਵਾਂਙੂੰ ਅਜੀਬ ਢੰਗ ਨਾਲ ਮੱਥਾ ਟੇਕ ਦਿੱਤਾ। ਬਾਬਾ ਜੀ ਨੇ ਘੁੱਟ ਕੇ ਥਾਪੀ ਦਿੱਤੀ, ਅਸੀਸਾਂ ਦੀ ਝੜੀ ਲਗਾ ਦਿੱਤੀ। ਸਾਹਮਣੇ ਹੋ ਕੇ ਮੈਂ ਵੀ ਗੁਰੂ ਫ਼ਤਹਿ ਬੁਲਾ ਦਿੱਤੀ, ਬਾਬਾ ਜੀ ਦਾ ਪਾਰਾ ਇਕਦਮ ਸਿਖਰ 'ਤੇ ਪਹੁੰਚ ਗਿਆ। ਬਨਾਵਟੀ ਜਿਹੀ ਬਣੀ ਹੋਈ ਸ਼ਾਂਤੀ ਮਾਲਾ ਦੇ ਮਣਕਿਆਂ ਵਾਂਗ ਬਿਖਰਨੀ ਸ਼ੁਰੂ ਹੋ ਗਈ ਤੇ ਤਤਕਾਲ ਹੀ ਫਟਾ-ਫਟ ਪੁਲਸੀਏ ਲਹਿਜੇ ਵਿਚ ਪੁੱਛਿਆ—'ਓਏ ਕੀ ਕਰਦਾ ਹੁੰਦਾ ਏਂ?' ਮੇਰੇ ਦੱਸਣ ਤੋਂ ਪਹਿਲਾਂ ਹੀ ਨਾਮ ਦੇ ਅਕਾਲੀ ਵੀਰ ਕਹਿਣ ਲੱਗੇ ਕਿ ਬਾਬਾ ਜੀ ਇਹ ਮਿਸ਼ਨਰੀ ਹੈ ਤੇ ਅੱਜ ਕੱਲ੍ਹ ਪੜ੍ਹਾਉਣ ਦੀ ਸੇਵਾ ਕਰ ਰਹੇ ਹਨ। ਬਾਬਾ

ਜੀ ਕਹਿਣ ਲੱਗੇ—ਮਿਸ਼ਨਰੀ ਬਹੁਤ ਖ਼ਰਾਬ ਹੁੰਦੇ ਹਨ, ਇਹ ਤਾਂ ਗੁਰੂ ਅਰਜਨ ਜੀ ਦੀ ਬਾਣੀ ਦੀ ਘੋਰ ਬੇਅਦਬੀ ਕਰਦੇ ਹਨ, ਇਹ ਤਾਂ ਗੁਰਬਾਣੀ ਹੀ ਬਦਲੀ ਜਾਂਦੇ ਹਨ। ਜੋ ਉਸ ਭੂਤਰੇ ਹੋਏ ਸਾਧ ਨੇ ਹੋਰ ਸ਼ਬਦ ਗੁਰੂ ਪ੍ਰਤੀ ਕਹੇ, ਉਹ ਲਿਖਣ ਲੱਗਿਆਂ ਵੀ ਰੂਹ ਕੰਬਦੀ ਹੈ। 'ਕਿਉਂ ਓਏ ਤੂੰ ਵੀ ਇਸ ਤਰ੍ਹਾਂ ਹੀ ਕਰਦਾ ਹੁੰਦਾ ਏਂ।' ਕੋਲ ਬੈਠੇ ਇਕਦਮ ਡਰ ਗਏ ਤੇ ਵਾਹਿਗੁਰੂ ਵਾਹਿਗੁਰੂ ਕਰਨ ਲੱਗ ਪਏ। ਮੈਂ ਕਿਹਾ, "ਬਾਬਾ ਜੀ, ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ।" ਮੇਰੀ ਗੱਲ ਸੁਣਦਿਆਂ ਹੋਇਆਂ ਵੀ ਨਾ ਸੁਣੀ। ਇਕਦਮ ਹਾਕਮੀ ਲਹਿਜੇ ਵਿਚ ਗੜਗੜਾਏ ਤੇ ਕਿਹਾ, "ਚਲੋ ਚਲੋ ਜਾਉ, ਨਾਮ ਜਪਿਆ ਕਰੋ ਤੇ ਸੇਵਾ ਕਰਿਆ ਕਰੋ।" ਦਰਅਸਲ ਬਹੁਤ ਛੇਤੀ ਮੈਨੂੰ ਉਹ ਉਥੋਂ ਬਾਹਰ ਕੱਢਣਾ ਚਾਹੁੰਦਾ ਸੀ। ਗੁਰੂ ਫ਼ਤਹਿ ਬੁਲਾਉਣ ਕਰਕੇ ਤੇ ਮੱਥਾ ਨਾ ਟੇਕਣ ਕਰਕੇ ਬਾਬਾ ਜੀ ਨੂੰ ਖਿੱਝ ਜਿਹੀ ਚੜ੍ਹ ਗਈ ਸੀ। ਉਂਜ ਕਹਿੰਦੇ ਹਨ, ਸੰਤ ਮਹਾਂਪੁਰਸ਼ ਮਾਇਆ ਨੂੰ ਹੱਥ ਨਹੀਂ ਲਗਾਉਂਦੇ ਪਰ ਮਾਇਆ ਦੇ ਢੇਰ ਵੀ ਲੱਗਦੇ ਜਾ ਰਹੇ ਸਨ। ਭੋਲੀਆਂ ਸੰਗਤਾਂ ਧੜਾ-ਧੜ ਆਪਣੀ ਕੀਤੀ ਕਿਰਤ ਵਿੱਚੋਂ ਬੁੱਕ ਭਰ-ਭਰ ਕੇ ਲੁਟਾਈ ਜਾਣ ਵਿਚ ਸਵਰਗ ਦੀ ਪ੍ਰਾਪਤੀ ਸਮਝੀ ਬੈਠੀਆਂ ਸਨ। ਕਬੀਰ ਜੀ ਨੇ ਸਾਫ਼ ਕਹਿ ਦਿੱਤਾ ਹੈ ਕਿ ਜਿਥੇ ਇਹ ਆਪ ਡੁੱਬੇ ਪਏ ਨੇ, ਉਥੇ ਇਨ੍ਹਾਂ ਦੇ ਸੰਗੀ ਸਾਥੀ ਵੀ ਹੰਕਾਰ ਵਿਚ ਡੁੱਬੇ ਪਏ ਹਨ। ਇਸ ਸ਼ਬਦ ਦੇ ਅਖ਼ੀਰਲੇ ਬੰਦ ਵਿਚ ਇਕ ਬੜਾ ਪਿਆਰਾ ਸੁਝਾਅ ਦਿੱਤਾ ਹੈ—ਐ ਭੇਖੀ ਤੇ ਬਾਨਾਰਸੀ ਠੱਗੋ, ਤੁਸੀਂ ਇਕ ਨਵਾਂ ਜਨਮ ਲਉ ਗੁਰੂ ਦੇ ਗਿਆਨ ਵਿੱਚੋਂ ਤਾਂ ਕਿ ਤੁਹਾਡਾ ਜਨਮ ਵੀ ਸਫਲ ਹੋ ਸਕੇ :

ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥

ਕਈ ਦਫ਼ਾ ਇਨਸਾਨ ਜੋ ਕਰਮ ਕਰ ਰਿਹਾ ਹੁੰਦਾ ਹੈ ਉਸ ਦੇ ਹਾਣ ਲਾਭ ਦਾ ਪਤਾ ਨਹੀਂ ਚੱਲਦਾ। ਮਿਸਾਲ ਦੇ ਤੌਰ 'ਤੇ ਇਕ ਬੱਚਾ ਟਾਫ਼ੀਆਂ ਖਾਣ ਨੂੰ ਪਹਿਲ ਦੇਂਦਾ ਹੈ, ਸਿਆਣੇ ਮਾਪੇ ਕਹਿੰਦੇ ਹਨ—ਬੱਚਿਆ ਟਾਫ਼ੀਆਂ ਨਾ ਖਾਇਆ ਕਰ, ਕਿਉਂਕਿ ਇਸ ਨਾਲ ਤੇਰੇ ਦੰਦ ਖ਼ਰਾਬ ਹੋ ਜਾਣਗੇ। ਬੱਚੇ ਨੂੰ ਇਸ ਕਰਮ ਸੰਬੰਧੀ ਕੋਈ ਗਿਆਨ ਨਹੀਂ ਹੈ। ਜਿਹੜਾ ਕੰਮ ਕਰ ਰਿਹਾ ਹੈ, ਉਹ ਉਸੇ ਤਰ੍ਹਾਂ ਹੀ ਕਰੀ ਜਾਣ ਨੂੰ ਭਲਾ ਸਮਝੀ ਬੈਠਾ ਹੈ। ਸੂਰਜ ਦੀ ਰੌਸ਼ਨੀ ਵਿਚ ਭਾਵੇਂ ਕੋਈ ਪਾਪ ਕਰੇ ਜਾਂ ਪੁੰਨ, ਸੂਰਜ ਨੇ ਕਦੇ ਕਿਸੇ ਨੂੰ ਕੁਝ ਨਹੀਂ ਕਹਿਣਾ। ਕੋਈ ਵੀ ਮਨੁੱਖ ਸਦੀਵ ਕਾਲ ਨਿਯਮਾਵਲੀ ਦੇ ਅਧੀਨ ਕਰਮ ਕਰ ਰਿਹਾ ਹੈ ਤਾਂ ਉਸ ਦਾ ਉਸ ਨੂੰ ਉਹੋ ਜਿਹਾ ਹੀ ਫਲ ਮਿਲੇਗਾ। ਖਿੜੇ ਹੋਏ ਗੁਲਾਬ ਦੀ ਸੁਗੰਧੀ ਵਾਂਗ ਇਸ ਵਾਕ ਵਿੱਚੋਂ ਬੁਨਿਆਦੀ ਨੁਕਤਾ ਗੁਰੂ ਦੇ ਗਿਆਨ ਦਾ ਮਹਿਕ ਮਾਰਦਾ ਹੋਇਆ ਨਜ਼ਰ ਆਉਂਦਾ ਹੈ। 'ਜਿਸੁ ਸਤਿਗੁਰੁ

ਭੇਟੈ ਪੁਨਰਪਿ ਜਨਮਿ ਨ ਆਵੈ' ਸਤਿਗੁਰੂ ਜੀ ਦੇ ਰੱਬੀ ਗਿਆਨ ਨੂੰ ਅਪਣਾਇਆਂ ਪਾਖੰਡਾਂ ਵਾਲੇ ਜੀਵਨ ਤੋਂ ਛੁਟਕਾਰਾ ਹੋ ਜਾਂਦਾ ਹੈ ਤੇ ਮੁੜ ਉਸ ਪਾਖੰਡ ਵਾਲੇ ਜੀਵਨ ਵਿਚ ਨਹੀਂ ਜਾਂਦਾ। ਐਸਾ ਮਨੁੱਖ ਆਪਣੇ ਤੇ ਗੁਰੂ ਵਿੱਚੋਂ ਵਿਚੋਲੇ ਦੀ ਲੋੜ ਨੂੰ ਖ਼ਤਮ ਕਰ ਲੈਂਦਾ ਹੈ।

ਇਤਿਹਾਸਕ ਤੱਥਾਂ ਵੱਲ ਵੀ ਜ਼ਰਾ ਕੁ ਨਜ਼ਰ ਮਾਰਨ ਵਿਚ ਕੋਈ ਹਰਜ ਨਹੀਂ ਹੈ। ਕੀ ਗੁਰੂ ਕਾਲ ਸਮੇਂ ਵਿਚ ਵੀ ਕੋਈ ਸਿੱਖ ਮਿਲਦਾ ਹੈ ਜਿਸ ਦੇ ਨਾਂ ਨਾਲ 'ਸੰਤ' ਸ਼ਬਦ ਲੱਗਿਆ ਹੋਵੇ ? ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਸਾਨੂੰ ਇਕ ਵੀ ਅਜਿਹਾ ਸਿੱਖ ਨਹੀਂ ਮਿਲਦਾ, ਜਿਸ ਨਾਲ 'ਸੰਤ' ਸ਼ਬਦ ਦੀ ਵਰਤੋਂ ਕੀਤੀ ਗਈ ਹੋਵੇ। ਭਾਈ ਮਰਦਾਨਾ, ਭਾਈ ਜੋਧ, ਭਾਈ ਪਾਰੋ, ਭਾਈ ਬਿਧੀ ਚੰਦ, ਭਾਈ ਮਨੀ ਸਿੰਘ, ਭਾਈ ਜੈਤਾ ਜੀ ਇਤਿਆਦਿਕ ਸਿੱਖਾਂ ਦੇ ਨਾਂ ਨਾਲ 'ਭਾਈ' ਸ਼ਬਦ ਹੀ ਲੱਗਿਆ ਹੋਇਆ ਮਿਲਦਾ ਹੈ ਜਾਂ ਬੁੱਢਾ ਜੀ ਨਾਲ 'ਬਾਬਾ' ਸ਼ਬਦ ਵਰਤਿਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਭਾਗ ਤਕ ਇਕ ਵੀ ਅਜਿਹਾ ਸਿੱਖ ਨਹੀਂ ਮਿਲਦਾ ਜਿਸ ਦੇ ਨਾਂ ਨਾਲ 'ਸੰਤ' ਸ਼ਬਦ ਜੁੜਿਆ ਹੋਇਆ ਹੋਵੇ। ਭਾਈ ਤਾਰੂ ਸਿੰਘ, ਬਾਬਾ ਦੀਪ ਸਿੰਘ, ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਦਾ ਨਾਂ ਤਾਂ ਮਿਲ ਸਕਦਾ ਹੈ ਪਰ ਇਸ ਇਤਿਹਾਸ ਵਿੱਚੋਂ ਸਾਨੂੰ ਕਿਸੇ ਐਸੇ ਸਿੱਖ ਦੇ ਦਰਸ਼ਨ-ਦੀਦਾਰੇ ਨਹੀਂ ਹੋਣਗੇ, ਜਿਸ ਨੇ ਆਪਣੇ ਨਾਂ ਨਾਲ 'ਸੰਤ' ਸ਼ਬਦ ਨੂੰ ਜੋੜ ਲਿਆ ਹੋਵੇ। ਫਿਰ ਅੰਗਰੇਜ਼ਾਂ ਦਾ ਰਾਜ ਆ ਗਿਆ, ਤਦ ਵੀ 'ਸੰਤ' ਸ਼ਬਦ ਦੀ ਵਰਤੋਂ ਆਮ ਮਨੁੱਖਾਂ ਨਾਲ ਨਹੀਂ ਕੀਤੀ ਗਈ। ਬਾਬਾ ਅਤਰ ਸਿੰਘ ਜੀ ਦੇ ਨਾਮ ਨਾਲ ਇਹ ਸ਼ਬਦ ਪਹਿਲੀ ਵਾਰ ਜੋੜਿਆ ਗਿਆ। ਇਸ ਤੋਂ ਉਪਰੰਤ ਟਾਵੇਂ-ਟਾਵੇਂ ਸਿੱਖਾਂ ਨੇ ਆਪਣੇ ਨਾਂ ਨਾਲ ਇਸ ਸ਼ਬਦ ਦੀ ਵਰਤੋਂ ਕਰਨ ਦੀ ਖੁੱਲ੍ਹ ਜਿਹੀ ਲੈ ਲਈ। 1947 ਤਾਈਂ ਸਿੱਖੀ ਵਿਚ ਸੰਤਾਂ ਦੇ ਵਾਹਵਾ ਨਾਂ ਆਉਣ ਲੱਗ ਪਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੰਤ ਪ੍ਰਧਾਨ ਬਣਨ ਨਾਲ ਇਸ ਸ਼ਬਦ ਦੀ ਖੁੱਲ੍ਹੇਆਮ ਵਰਤੋਂ ਹੋਣ ਲੱਗ ਪਈ ਤੇ ਇਹ ਛੋਟ ਆਮ ਡੇਰੇਦਾਰਾਂ ਨੇ ਵੀ ਲੈ ਲਈ। ਹਿੰਦੋਸਤਾਨ ਵਿਚ ਡੈਮੋਕ੍ਰੇਸੀ ਹੋਣ ਕਰਕੇ ਹਰ ਰਾਜਨੀਤਿਕ ਲੀਡਰ ਆਪਣੀਆਂ ਵੋਟਾਂ ਦੀ ਗਿਣਤੀ ਪੱਕੀ ਕਰਨ ਦੇ ਚੱਕਰ ਅੰਦਰ ਡੇਰੇਦਾਰ ਸੰਤਾਂ ਦੀ ਸ਼ਰਣ ਵਿਚ ਆਉਣ ਲੱਗ ਪਏ। ਦੇਸ਼ ਦੀ ਆਜ਼ਾਦੀ ਦੇ ਉਪਰੰਤ ਥੋਕ ਰੂਪ ਵਿਚ ਸੰਤ ਮਹਾਤਮਾਵਾਂ ਦਾ ਦਿਨਾਂ ਵਿਚ ਵਾਧਾ ਹੋਣ ਲੱਗ ਪਿਆ ਤੇ ਸਿੱਖ ਧਰਮ ਅੰਦਰ ਸਭ ਤੋਂ ਵੱਧ ਵਾਧਾ ਹੋਇਆ। 1984 ਤੀਕ ਇਨ੍ਹਾਂ ਵਿਹਲੜ ਪੁਰਸ਼ਾਂ ਦੀਆਂ ਕਈ ਜਮਾਤਾਂ

ਪੈਦਾ ਹੋ ਗਈਆਂ। ਅਕਾਲ ਤਖ਼ਤ ਢਹਿ-ਢੇਰੀ ਹੋ ਗਿਆ, ਪਰ ਇਨ੍ਹਾਂ ਦੇ ਕੰਨ 'ਤੇ ਭੋਰਾ ਜੂੰ ਨਾ ਸਰਕੀ। 1984 ਤੋਂ ਲੈ ਕੇ 1994 ਦੇ ਸਮੇਂ ਵਿਚ ਪੰਜਾਬ ਦੀ ਧਰਤੀ ਸੰਤਾਂ ਤੋਂ ਵਿਰਵੀ ਹੋ ਗਈ, ਭਾਵ ਸੰਤ ਗੁਪਤ ਰਹਿਣ ਵਿਚ ਹੀ ਭਲਾ ਸਮਝਣ ਲੱਗ ਪਏ।

1994 ਦੇ ਉਪ੍ਰੰਤ ਮੁਲਕ ਦੀ ਆਬਾਦੀ ਏਨੀ ਤੇਜ਼ੀ ਨਾਲ ਨਹੀਂ ਵਧੀ, ਜਿੰਨੀ ਤੇਜ਼ੀ ਨਾਲ ਸੰਤਾਂ ਦੀਆਂ ਵਹੀਰਾਂ ਪੈਦਾ ਹੋ ਗਈਆਂ। ਜਨ-ਸਾਧਾਰਨ 'ਤੇ ਆਪਣਾ ਦਬਦਬਾ ਕਾਇਮ ਰੱਖਣ ਲਈ ਚੇਲਾ ਕਲਚਰ ਨੇ ਸੰਤ-ਸਮਾਜ ਦੇ ਨਾਂ ਦੀ ਜਥੇਬੰਦੀ ਖੜੀ ਕਰਕੇ ਇਸ ਦੀ ਨੀਂਹ ਰੱਖੀ ਤੇ ਰਾਜਨੀਤਕ ਆਗੂਆਂ ਨੇ ਇਨ੍ਹਾਂ ਰਾਹੀਂ ਆਪਣੇ ਮੰਡੇ ਸੇਕਣੇ ਸ਼ੁਰੂ ਕਰ ਦਿੱਤੇ। ਚੋਟੀ ਦੇ ਵਿਦਵਾਨ ਲੋਕ, ਮਰ ਰਹੇ ਸੰਤ ਸਮਾਜ ਵਿਚ ਜਾਨ ਪਾਉਣ ਲਈ ਇਨ੍ਹਾਂ ਦੇ ਸਰਪ੍ਰਸਤ ਜਾ ਬਣੇ, ਇਸ ਅਧਮੋਈ ਲਾਸ਼ ਨੂੰ ਜਿਊਂਦਿਆਂ ਕਰਨ ਲਈ ਆਪਣੀਆਂ ਸੇਵਾਵਾਂ ਦਾ ਦਿਲ ਖੋਲ੍ਹ ਕੇ ਵਿਦਵਤਾ ਦੇ ਖ਼ੂਨ ਦਾ ਦਾਨ ਦਿੱਤਾ। ਨਤੀਜਾ ਇਹ ਨਿਕਲਿਆ ਕਿ ਜਿਸ ਮੁੰਡੂ ਸਾਧ ਦੀ ਉਮਰ ਸਤਾਈ ਸਾਲ ਦੀ ਸੀ, ਉਸ ਨੇ ਆਪਣੀ ਕੁਟੀਆ ਦੇ ਬਾਹਰ ਬੋਰਡ ਪੈਂਤੀ ਸਾਲ ਦੀ ਤਪੱਸਿਆ ਦਾ ਲਗਾ ਲਿਆ। ਰੋਮ ਸੜ ਰਿਹਾ ਹੈ, ਨੀਰੂ ਬਾਹਰ ਬੰਸਰੀ ਵਜਾ ਰਿਹਾ ਹੈ—ਭਾਵ ਪੰਜਾਬ ਦਾ ਜਵਾਨ ਨਸ਼ਿਆਂ ਵੱਲ ਨੂੰ ਵਧ ਗਿਆ ਤੇ ਇਹ ਭੋਰਿਆਂ ਵਿਚ ਬੈਠ ਕੇ ਬੰਦਗੀ ਕਰਕੇ ਸੰਤਗੀਰੀ ਦਿਖਾ ਰਹੇ ਹਨ।

ਗੁਰਬਾਣੀ ਵਿਚ 'ਸੰਤ' ਸ਼ਬਦ ਦੀ ਵਰਤੋਂ ਕਈ ਪੱਖਾਂ ਵਿਚ ਆਈ ਹੈ। ਸ਼ਬਦ ਦਾ ਵਿਸ਼ਾ-ਵਸਤੂ ਦੇਖ ਕੇ ਹੀ ਸ਼ਬਦ ਦੇ ਅਰਥ ਕੀਤੇ ਜਾਂਦੇ ਹਨ। ਕਈਆਂ ਤੁਕਾਂ ਵਿਚ 'ਸੰਤ' ਸ਼ਬਦ ਪਰਮਾਤਮਾ ਲਈ ਵਰਤਿਆ ਗਿਆ ਹੈ। ਜਿਹਾ ਕਿ "ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥" ਗੁਰੂ ਜੀ ਨੇ ਸੰਤ ਰੂਪੀ ਪਰਮਾਤਮਾ ਨੂੰ ਮਿਲਾ ਦਿੱਤਾ। ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸੰਤ' ਸ਼ਬਦ ਗੁਰੂ ਵਾਸਤੇ ਵੀ ਆਇਆ ਹੋਇਆ ਹੈ। ਜਿਹਾ ਕਿ "ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥" ਏਥੇ 'ਸੰਤ' ਸ਼ਬਦ ਹੁਣ ਗੁਰੂ ਵਾਸਤੇ ਆਇਆ ਹੈ। 'ਸੰਤ ਕਾ ਮਾਰਗੁ' ਦਾ ਭਾਵ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸਾਏ ਹੋਏ ਮਾਰਗ ਤੋਂ ਹੈ। ਜਦੋਂ 'ਸੰਤ' ਸ਼ਬਦ ਬਹੁਵਚਨ ਦੇ ਰੂਪ ਵਿਚ ਆਉਂਦਾ ਹੈ ਤਾਂ ਉਦੋਂ ਸਮੁੱਚੀ ਸਾਧ ਸੰਗਤ ਤੇ ਆਮ ਕਰਕੇ ਜਾਗੇ ਹੋਏ ਜਗਿਆਸੂ ਲਈ ਇਸ ਸ਼ਬਦ ਦੀ ਵਰਤੋਂ ਕੀਤੀ ਹੁੰਦੀ ਹੈ। ਜਿਹਾ ਕਿ ਅਨੰਦੁ ਸਾਹਿਬ ਜੀ ਦੀ ਬਾਣੀ ਵਿਚ ਆਇਆ ਹੈ: "ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ॥" ਅਤੇ "ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ॥"

ਗੁਰਬਾਣੀ ਵਿਚ ਚੌਥੀ ਪ੍ਰਕਾਰ ਦੇ ਪਾਖੰਡੀ ਸਾਧੜਿਆਂ ਦਾ ਜ਼ਿਕਰ ਤਾਂ ਵਿਸਥਾਰ ਸਹਿਤ ਗੁਰਬਾਣੀ ਵਿਚ ਆਇਆ ਹੈ। ਹਥਲੇ ਸ਼ਬਦ ਵਿਚ ਹੀ ਕਬੀਰ ਜੀ ਨੇ ਅਜਿਹੇ ਭੇਖੀ ਸੰਤੜਿਆਂ ਨੂੰ ਲੰਬੇ ਹੱਥੀਂ ਲੈਂਦਿਆਂ ਹੋਇਆਂ ਕਿਹਾ ਹੈ: "ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥"

ਜਿਥੇ ਬਾਕੀ ਦੁਨੀਆ ਤੁਰੀ ਫਿਰਦੀ ਹੈ ਉਥੇ ਇਹ ਵੀ ਸੰਤ ਪਏ ਫਿਰਨ, ਸਾਨੂੰ ਇਨ੍ਹਾਂ ਦਾ ਕੀ ਦੁਖ ਹੋ ਸਕਦਾ ਹੈ ? ਸੰਸਾਰ ਵਿਚ ਹੋਰ ਵੀ ਬਹੁਤ ਸਾਰੇ ਧਰਮ ਹਨ ਜੋ ਆਪਣੇ ਆਪਣੇ ਢੰਗ ਅਨੁਸਾਰ ਜ਼ਿੰਦਗੀ ਜੀਊ ਰਹੇ ਹਨ। ਸਿੱਖ ਧਰਮ ਤਾਂ ਸਾਰਿਆਂ ਦਾ ਸਤਿਕਾਰ ਕਰਦਾ ਹੈ। ਹਾਂ, ਇਨ੍ਹਾਂ ਸੰਤਾਂ ਦਾ ਇਕ ਦੁਖ ਹੈ ਕਿ ਇਨ੍ਹਾਂ ਨੇ ਜਾਣ-ਬੁਝ ਕੇ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤਾ ਹੈ। ਇਹ ਚਲਾਕ ਉਸਤਾਦ ਗਰੁੜ ਪੁਰਾਣ ਦੇ ਗਪੌੜ, ਕਰਾਮਾਤੀ ਸਾਖੀਆਂ, ਸਿਧਾਂਤ ਤੋਂ ਹੀਣੇ ਗੁਰਮਤਿ ਵਿਚਾਰ ਪੇਸ਼ ਕਰ ਰਹੇ ਹਨ। ਬਹੁਤ ਮੁਸ਼ਕਲਾਂ ਵਿੱਚੋਂ ਸਿੱਖ ਰਹਿਤ ਮਰਯਾਦਾ ਦਾ ਜਨਮ ਹੋਇਆ ਸੀ, ਪਰ ਇਨ੍ਹਾਂ ਨਾਮ-ਧਰੀਕ ਚੋਲ਼ਿਆਂ ਵਾਲੇ ਬਾਬਿਆਂ ਨੇ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੋਇਆ ਹੈ। ਕੌਮ ਨੂੰ ਏਕੇ ਵਿਚ ਪਰੋਣ ਦੀ ਬਜਾਏ ਵੰਡੀਆਂ ਪਾ ਕੇ ਆਪਣੇ ਮੰਡੇ ਸੇਕ ਰਹੇ ਹਨ। ਗੁਰੂ ਨਾਨਕ ਸਾਹਿਬ ਜੀ ਨੇ ਇਕ ਨਿਆਰਾ ਪੰਥ ਚਲਾਇਆ ਸੀ, ਜਿਸ ਵਿਚ ਖੋਟ ਦਾ ਕੋਈ ਕੰਮ ਨਹੀਂ ਹੈ। ਸਾਧ ਬਾਬਿਆਂ ਨੇ ਸਿੱਖ ਪੰਥ ਨੂੰ ਨਿਆਰਾ ਰਹਿਣ ਨਹੀਂ ਦਿੱਤਾ। ਇਨ੍ਹਾਂ ਦੇ ਗੂੜ੍ਹ ਗਿਆਨ ਦੇ ਪ੍ਰਚਾਰ ਸਦਕਾ ਕਈ ਪ੍ਰਕਾਰ ਦੇ ਕਰਮ-ਕਾਂਡਾਂ ਦੀਆਂ ਵੰਨਗੀਆਂ ਪੰਥ ਵਿੱਚੋਂ ਦੇਖਣ ਨੂੰ ਮਿਲ ਰਹੀਆਂ ਹਨ। ਚਾਲੀਹੇ ਕੱਟਣੇ, ਨਿਰੰਤਰ ਅਖੰਡਪਾਠਾਂ ਦੀਆਂ ਲੜੀਆਂ, ਪੂਰਨਮਾਸ਼ੀ ਦੀ ਚੌਂਕੀ, ਧਾਗੇ-ਤਵੀਤ ਕਰ ਕੇ ਦੇਣੇ, ਭੋਲੀ ਜਨਤਾ ਦੇ ਹੱਥਾਂ ਦੀਆਂ ਰੇਖਾਵਾਂ ਦੇਖਣੀਆਂ, ਲਾਚੀਆਂ-ਲੌਂਗ ਦੇ ਕੇ ਪੁੱਤਰਾਂ ਦੀਆਂ ਦਾਤਾਂ ਦੇਣੀਆਂ, ਮਨ-ਭਾਉਂਦੇ ਇਨ੍ਹਾਂ ਦੇ ਸ਼ੌਕ ਹਨ। ਦੇਖਿਆ ਜਾਏ ਤਾਂ ਇਨ੍ਹਾਂ ਸਾਧਾਂ ਕਰਕੇ ਸਿੱਖ ਧਰਮ ਦਾ ਨਿਆਰਾ-ਪਨ ਖ਼ਤਮ ਹੋ ਰਿਹਾ ਹੈ। ਕਹਿਣ ਨੂੰ ਅਸੀਂ ਨਿਆਰੇ ਖ਼ਾਲਸੇ ਹਾਂ, ਪਰ ਪੂਜਾ ਸਾਧ-ਲਾਣੇ ਦੀ ਕਰ ਰਹੇ ਹਾਂ। ਗੁਰੂ ਨਾਨਕ ਸਾਹਿਬ ਜੀ ਨੇ ਅਜਿਹੇ ਰੰਗ-ਬਰੰਗੇ ਉਦਾਸੀਆਂ ਸਾਧਾਂ ਦੇ ਅਖੌਤੀ ਖਾਣ-ਪੀਣ ਤੇ ਅੰਦਰਲੀ ਤ੍ਰਿਸ਼ਨਾ ਦੀ ਮਾਨਸਿਕ ਕਮਜ਼ੋਰੀ ਨੂੰ ਸੋਹਣੇ ਢੰਗ ਨਾਲ ਬਿਆਨ ਕੀਤਾ ਹੈ:

ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥

(ਮਾਝ ਕੀ ਵਾਰ ਮ: ੧, ਪਉੜੀ, ਪੰਨਾ 140)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੋਈ ਗੁਰਮਤਿ ਦਾ ਫ਼ੈਸਲਾ ਕਰਨਾ ਹੈ ਤਾਂ ਧਾਰਮਿਕ ਜਥੇਬੰਦੀਆਂ ਦੇ ਨਾਮ ਹੇਠ ਨਿਗੂਣੀਆਂ ਵੋਟਾਂ ਦੀ ਖ਼ਾਤਰ ਇਸ ਸਾਧ-ਲਾਣੇ ਨੂੰ ਪੂਰੀ ਚੌਧਰ ਦੇ ਦੇਂਦੇ ਹਨ, ਕਿਉਂਕਿ ਗੁਰਮਤਿ ਨੂੰ ਨਾ ਮੰਨਣ ਵਾਲੇ ਇਹ ਡੇਰੇ ਇਨ੍ਹਾਂ ਨੂੰ ਦਿਲ ਖੋਹਲ ਕੇ ਸਿਰੋਪਾਉ ਦੇਂਦੇ ਹਨ। ਕਿਸੇ ਵੀ ਸਾਧ ਦੇ ਡੇਰੇ 'ਤੇ ਸਿੱਖ ਰਹਿਤ ਮਰਯਾਦਾ ਦੀ ਇਕ ਵੀ ਮਦ ਲਾਗੂ ਨਹੀਂ ਹੈ। ਹਰ ਡੇਰੇ ਨੇ ਆਪਣੀਆਂ ਗ਼ਰਜ਼ਾਂ ਦੀ ਪੂਰਤੀ ਲਈ ਆਪਣੀ ਮਰਜ਼ੀ ਨਾਲ ਸਿੱਖ ਰਹਿਤ ਮਰਯਾਦਾ ਬਣਾਈ ਹੋਈ ਹੈ। ਗੁਰੂਆਂ ਦੇ ਅਵਤਾਰ ਪੁਰਬਾਂ, ਜੋਤੀ ਜੋਤਿ ਸਮਾਉਣ ਦੀ ਤਰਜ਼ 'ਤੇ ਇਨ੍ਹਾਂ ਡੇਰਿਆਂ ਨੇ ਹੋ ਚੁੱਕੇ ਨਾਮ-ਧਰੀਕ ਮਹਾਂਪੁਰਸ਼ਾਂ ਦੇ ਜਨਮ ਦਿਹਾੜੇ ਤੇ ਬਰਸੀਆਂ ਮਨਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਤਿਹਾਸਕ ਗੁਰਦੁਆਰਿਆਂ ਦੇ ਨਜ਼ਦੀਕ ਹੀ ਕਈਆਂ ਨੇ ਆਪਣੇ ਡੇਰੇ ਸਥਾਪਤ ਕਰ ਲਏ ਹਨ। ਇਹ ਤਾਂ ਹੁਣ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਜੋ ਵੀ ਬਾਬਾ ਸਿੱਖ ਰਹਿਤ ਮਰਯਾਦਾ ਨੂੰ ਨਹੀਂ ਮੰਨਦਾ, ਉਸ ਦੇ ਲਾਣੇ ਨੂੰ ਮਾਨਤਾ ਨਾ ਦੇਵੇ, ਸਗੋਂ ਆਪ ਵਿਸ਼ਾ ਮਾਹਰ ਵਿਦਵਾਨਾਂ ਦੀਆਂ ਕਮੇਟੀਆਂ ਬਣਾ ਕੇ ਖ਼ੁਦ ਫ਼ੈਸਲੇ ਲਏ।

ਸ਼ਤਾਬਦੀਆਂ—ਆਮ ਸਿੱਖ ਤੇ ਵਪਾਰੀ ਪ੍ਰਬੰਧ

ਬਹੁਤ ਕੁਝ ਬਦਲ ਗਿਆ ਹੈ। ਤਕਰੀਬਨ ਪੰਜਾਹ ਕੁ ਸਾਲ ਪਹਿਲਾਂ ਸਾਡਿਆਂ ਪਿੰਡਾਂ ਵਿਚ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਗੁਰਪੁਰਬ ਉੱਤੇ ਰਾਤ ਨੂੰ ਦੀਵਾਨ ਲੱਗਦਾ ਹੁੰਦਾ ਸੀ। ਲੋਕਾਂ ਨੇ ਯਥਾ-ਸ਼ਕਤ ਉਗਰਾਹੀ ਦੇਣੀ, ਉਸ ਦਾ ਲੰਗਰ ਤੇ ਕੜਾਹ ਪ੍ਰਸ਼ਾਦ ਬਣਾ ਲੈਣਾ। ਫਿਰ ਦੀਵਿਆਂ ਦੀ ਲੋਅ ਵਿਚ ਧਾਰਨਾ ਨਾਲ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਕਰਨਾ, ਬਜ਼ੁਰਗਾਂ ਦੇ ਕਹਿਣ ਅਨੁਸਾਰ ਵੱਧ ਤੋਂ ਵੱਧ ਗੁਰਬਾਣੀ ਦੇ ਸ਼ਬਦ ਢੋਲਕੀ ਨਾਲ ਪੜ੍ਹਨੇ। ਇਹ ਸ਼ਬਦ ਆਮ ਲੋਕਾਂ ਨੂੰ ਜ਼ਬਾਨੀ ਯਾਦ ਹੀ ਹੁੰਦੇ ਸਨ। ਫਿਰ ਪਿੰਡ ਦੇ ਸਿਆਣੇ ਆਦਮੀ ਨੇ ਗੁਰੂ ਨਾਨਕ ਜੀ ਦੇ ਜੀਵਨ ਵਿੱਚੋਂ ਕੋਈ ਸਾਖੀ ਸੁਣਾਉਣੀ ਤੇ ਨਾਲ-ਨਾਲ ਰਹਿਤ ਮਰਯਾਦਾ ਦੇ ਨੁਕਤਿਆਂ 'ਤੇ ਝਾਤ ਵੀ ਮਰਵਾਈ ਜਾਣੀ। ਕਈ-ਕਈ ਦਿਨ ਪਿੰਡ ਦੇ ਲੋਕਾਂ ਨੇ ਖੁੰਡਾਂ 'ਤੇ ਬੈਠ ਕੇ ਬਾਬੇ ਨਾਨਕ ਦੀਆਂ ਬਾਤਾਂ ਪਾਉਂਦੇ ਰਹਿਣਾ। ਫਿਰ ਵਿਸਾਖੀ ਤੇ ਛਬੀਲਾਂ ਵਾਲਾ ਗੁਰਪੁਰਬ ਹੀ ਮਨਾਇਆ ਜਾਂਦਾ ਸੀ। ਵੱਡਿਆਂ ਪਿੰਡਾਂ ਵਿਚ ਆਮ ਕਰਕੇ ਗ੍ਰੰਥੀ ਸਾਹਿਬਾਨ ਹੁੰਦੇ ਸਨ, ਜਿਸ ਕਰਕੇ ਉਥੇ ਹੋਰ ਗੁਰਪੁਰਬ ਵੀ ਮਨਾਏ ਜਾਂਦੇ ਸਨ ਤੇ ਸਮੇਂ-ਸਮੇਂ ਯੋਗ ਪ੍ਰਚਾਰਕ, ਰਾਗੀ ਤੇ ਢਾਡੀ ਸਿੰਘਾਂ ਨੂੰ ਬੁਲਾ ਕੇ ਸਿੱਖੀ ਦਾ ਪ੍ਰਚਾਰ ਕਰਵਾਇਆ ਜਾਂਦਾ ਸੀ। ਗੁਰਦੁਆਰੇ ਵਿਚ ਕੋਈ ਵੀ ਅਖੰਡਪਾਠ ਨਹੀਂ ਹੁੰਦਾ ਸੀ ਤੇ ਨਿਸ਼ਾਨ ਸਾਹਿਬ ਗੁਰਦੁਆਰੇ ਦੇ ਉੱਚੇ ਥਾਂ 'ਤੇ ਲੱਗਾ ਹੁੰਦਾ ਸੀ। ਫਿਰ ਗੁਰਪੁਰਬਾਂ ਉੱਤੇ ਸਾਡਿਆਂ ਪਿੰਡਾਂ ਵਿਚ ਸ੍ਰੀ ਅਖੰਡਪਾਠ ਕਰਨ ਦਾ ਰਿਵਾਜ ਚੱਲ ਪਿਆ। ਬਿਨਾਂ ਸਪੀਕਰ ਤੋਂ ਸਾਰੇ ਪਿੰਡ ਨੇ ਸ਼ਰਧਾ ਭਾਵਨਾ ਨਾਲ ਸ੍ਰੀ ਅਖੰਡਪਾਠ ਸੁਣਨਾ। ਗੁਰਦੁਆਰੇ ਰਾਤ ਰਹਿਣ ਦਾ ਚਾਅ ਹੀ ਵੱਖਰਾ ਹੁੰਦਾ ਸੀ। ਸ਼ਹਿਰਾਂ ਵਿਚ ਪਿੰਡਾਂ ਨਾਲੋਂ ਜ਼ਿਆਦਾ ਗੁਰਪੁਰਬ ਮਨਾਏ ਜਾਂਦੇ ਸਨ।

ਗੁਰਪੁਰਬ ਮਨਾਉਣੇ ਕਿਉਂ ਜ਼ਰੂਰੀ ਹਨ ? ਇਸ ਲਈ ਕਿ ਸਾਡੀ ਨਵੀਂ ਪੀੜ੍ਹੀ ਨੂੰ ਗੁਰਮਤਿ ਸਿਧਾਂਤ ਸੰਬੰਧੀ ਮੁਕੰਮਲ ਜਾਣਕਾਰੀ ਮਿਲ ਸਕੇ। ਅਸੀਂ ਮਿਲ ਬੈਠ ਕੇ ਇਹ ਵਿਚਾਰ ਕਰ ਸਕੀਏ ਕਿ ਪਿਛਲੇ ਸਮੇਂ ਵਿਚ ਕੀ ਖੱਟਿਆ ਤੇ ਕੀ ਗਵਾਇਆ ਹੈ। ਉਂਜ ਵੀ ਗੁਰੂਆਂ ਦੀਆਂ ਕਥਾ-ਕਹਾਣੀਆਂ ਸਾਨੂੰ ਪੁੱਤਰਾਂ ਤੋਂ ਸਪੁੱਤਰ ਬਣਾ ਦੇਂਦੀਆਂ ਹਨ। ਗੁਰੂ ਅਮਰਦਾਸ ਜੀ ਦਾ ਪਿਆਰਾ ਵਾਕ ਹੈ:

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥
ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ ॥

(ਸਲੋਕ ਮ: ੩, ਪੰਨਾ 951)

ਕਿਸੇ ਸ਼ਾਇਰ ਦੇ ਬਹੁਤ ਹੀ ਖ਼ੂਬਸੂਰਤ ਵਿਚਾਰ ਹਨ ਕਿ ਹੇ ਬੰਦੇ ! ਜੇਕਰ ਤੂੰ ਆਪਣੀ ਜ਼ਿੰਦਗੀ ਵਿਚ ਤਰੱਕੀ ਦੀਆਂ ਮੰਜ਼ਲਾਂ ਨੂੰ ਛੂਹਣਾ ਚਾਹੁੰਦਾ ਏਂ ਤਾਂ ਕਦੇ-ਕਦੇ ਪਿਛਲੇ ਇਤਿਹਾਸ ਨੂੰ ਧਿਆਨ ਨਾਲ ਵਿਚਾਰ ਕੇ, ਆਪਣੇ ਜੀਵਨ ਵਿਚ ਆਈਆਂ ਕਮਜ਼ੋਰੀਆਂ ਨੂੰ ਦੂਰ ਕਰ ਲਿਆ ਕਰ :

ਤਾਜ਼ਾ ਖ਼ਾਹੀ ਦਾਸਤਾਨ ਗਰ ਦਾਗ਼ ਹਾਏ ਸੀਨਾ ਰਾ।
ਗਾਹੇ ਬਾਜ਼ ਖ਼ਾਂ ਈਂ ਕਿੱਸਾ ਹਾਏ ਪਾਰੀਨਾ ਰਾ।

ਵੱਡੀਆਂ ਨਹਿਰਾਂ ਵਿੱਚੋਂ ਜਦੋਂ ਛੋਟੀਆਂ ਨਹਿਰਾਂ ਦੂਰ ਪਾਣੀ ਦੇਣ ਲਈ ਨਿਕਲਦੀਆਂ ਹਨ ਤਾਂ ਉਨ੍ਹਾਂ ਦੇ ਪਾਣੀ ਦੀ ਗਤੀ ਧੀਮੀ ਹੋ ਜਾਂਦੀ ਹੈ। ਉਸ ਪਾਣੀ ਦੀ ਗਤੀ ਤੇਜ਼ ਕਰਨ ਲਈ ਛੋਟੀਆਂ ਨਹਿਰਾਂ ਵਿਚ ਠੋਕਰਾਂ ਬਣਾਈਆਂ ਜਾਂਦੀਆਂ ਹਨ, ਜਿਸ ਨਾਲ ਪਾਣੀ ਪਿੱਛੇ ਜਮ੍ਹਾ ਹੋ ਜਾਂਦਾ ਹੈ ਤੇ ਪਾਣੀ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ। ਸ਼ਤਾਬਦੀਆਂ ਜਾਂ ਗੁਰਪੁਰਬ ਮਨਾਉਣ ਦਾ ਅਰਥ ਤਾਂ ਇਹ ਹੀ ਹੈ ਕਿ ਸਾਡੇ ਜੀਵਨ ਵਿਚ ਵੀ ਗੁਰਮਤਿ ਪ੍ਰਤੀ ਪੂਰੀ ਚੇਤਨਤਾ ਆ ਜਾਏ ਤੇ ਕਰਮ-ਕਾਂਡ, ਅਗਿਆਨਤਾ, ਸਮਾਜਿਕ ਕੁਰੀਤੀਆਂ ਤੇ ਧਰਮ ਦੀਆਂ ਕਮਜ਼ੋਰੀਆਂ ਤੋਂ ਬਚਿਆ ਜਾ ਸਕੇ।

2003 ਦੀ 20 ਜਨਵਰੀ ਨੂੰ ਕੈਲੇਫ਼ੋਰਨੀਆ ਦੇ ਗੁਰਦੁਆਰਾ ਐਲਸਬ੍ਰਾਂਡਾ ਵਿਖੇ ਗੁਰਦੁਆਰਾ ਪ੍ਰਬੰਧ ਸੰਬੰਧੀ ਇਕ ਸੈਮੀਨਾਰ ਹੋਇਆ, ਜਿਸ ਵਿਚ ਮੇਰੇ ਪਰਮ ਮਿੱਤਰ ਵੀਰ ਜਸਵਿੰਦਰ ਸਿੰਘ ਜੀ ਨੇ ਇਕ ਬਹੁਤ ਵਧੀਆ ਨੁਕਤਾ ਦਿੱਤਾ। ਕੋਈ ਘਰ ਜਾਂ ਸਭਾ ਸੁਸਾਇਟੀ ਹੋਵੇ, ਉਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਚਾਰ ਅਹਿਮ ਨੁਕਤਿਆਂ ਦੀ ਜ਼ਰੂਰਤ ਹੈ। ਪਹਿਲਾ, ਚੱਲ ਰਿਹਾ ਕੰਮ; ਦੂਸਰਾ, ਉਸ ਵਿਚ ਆਈ ਕਮਜ਼ੋਰੀ ਨੂੰ ਲੱਭਣਾ; ਤੀਸਰਾ, ਉਸ ਕਮਜ਼ੋਰੀ ਨੂੰ ਦੂਰ ਕਰਨਾ; ਚੌਥਾ, ਚੰਗਾ ਨਤੀਜਾ ਦੇਖਣ ਦੀ ਆਸ ਰੱਖਣੀ। ਇੰਜ ਹੀ ਸ਼ਤਾਬਦੀਆਂ ਜਾਂ ਗੁਰਪੁਰਬ ਮਨਾਉਣੇ, ਇਨ੍ਹਾਂ ਨੂੰ ਨਵੇਂ ਸਿਰੇ ਤੋਂ ਸੋਚਣ ਦੀ ਲੋੜ ਹੈ। ਕੀ ਏਦਾਂ ਸ਼ਤਾਬਦੀਆਂ ਜਾਂ ਗੁਰਪੁਰਬ ਮਨਾਇਆਂ ਸਿੱਖੀ ਵਿਚ ਪ੍ਰਪੱਕਤਾ ਆਈ ਹੈ ਜਾਂ ਕਿ ਅੱਗੇ ਨਾਲੋਂ ਵੀ ਜ਼ਿਆਦਾ ਨਿਘਾਰ ਆਇਆ ਹੈ ?

ਜਦੋਂ ਦੀਆਂ ਸ਼ਤਾਬਦੀਆਂ ਮਨਾਈਆਂ ਜਾ ਰਹੀਆਂ ਹਨ, ਓਦੋਂ ਤੋਂ ਲੈ ਕੇ ਹੁਣ ਤਕ ਬਹੁਤ ਕੁਝ ਬਦਲ ਚੁੱਕਾ ਹੈ। ਵੋਟਾਂ ਦੀ ਰਾਜਨੀਤੀ ਕਰਕੇ ਇਨ੍ਹਾਂ ਸ਼ਤਾਬਦੀਆਂ ਵਿੱਚੋਂ ਬੌਧਿਕਤਾ ਨਾਂ ਦੀ ਚੀਜ਼ ਹੀ ਖ਼ਤਮ ਹੋ ਚੁੱਕੀ ਹੈ। ਗੁਰੂ

ਸਿਧਾਂਤ ਅਲੋਪ ਹੋ ਗਿਆ ਹੈ ਤੇ ਧੜੇਬੰਦੀ ਉਭਰ ਕੇ ਸਾਹਮਣੇ ਆਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਕ ਸਿੱਖ ਦੂਸਰੇ ਸਿੱਖ 'ਤੇ ਸ਼ਰਮ ਹਯਾ ਦਾ ਪਰਦਾ ਲਾਹ ਕੇ ਘਟੀਆ ਰਾਜਨੀਤੀ ਦਾ ਗੰਦਾ ਚਿੱਕੜ ਸੁੱਟ ਰਿਹਾ ਹੈ।

ਸਮੇਂ ਨਾਲ ਬਹੁਤ ਕੁਝ ਬਦਲ ਚੁੱਕਾ ਹੈ। ਧਰਮ ਪ੍ਰਚਾਰ ਦੇ ਢੰਗ ਤਰੀਕੇ ਲੋਕ-ਦਿਖਾਵੇ ਵਿਚ ਬਦਲ ਗਏ ਹਨ। ਧਰਮ ਨੂੰ ਲਾਹੇਵੰਦਾ ਸੌਦਾ ਸਮਝ ਕੇ ਇਸ ਦਾ ਪੂਰਾ ਵਪਾਰੀਕਰਨ ਹੋ ਗਿਆ ਹੈ। ਸ਼ਤਾਬਦੀਆਂ ਮਨਾਉਣ ਦੀਆਂ ਕੁਝ ਵੰਨਗੀਆਂ ਦੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਨਾਲ ਆਮ ਸਿੱਖ ਨੂੰ ਤਾਂ ਕੁਝ ਵੀ ਲਾਭ ਨਹੀਂ ਹੋਇਆ, ਪਰ ਧਰਮ ਦਾ ਵਪਾਰੀਕਰਨ ਹੋਣ ਕਰਕੇ ਚਲਾਕ ਲੋਕਾਂ ਨੂੰ ਥੋਕ ਵਿਚ ਲਾਭ ਪ੍ਰਾਪਤ ਹੋਇਆ ਹੈ।

ਇਕ ਸਾਧ ਨੇ 1999 ਵਿਚ ਇੰਗਲੈਂਡ ਜਾ ਕੇ ਸੰਗਤ ਨੂੰ ਕਿਹਾ ਕਿ ਸਤਸੰਗੀ ਜਨੋਂ, ਸ਼ਤਾਬਦੀਆਂ ਰੋਜ਼ ਰੋਜ਼ ਨਹੀਂ ਆਉਂਦੀਆਂ, ਕਿਸੇ ਭਾਗਾਂ ਵਾਲੇ ਦੇ ਜੀਵਨ ਵਿਚ ਹੀ ਸ਼ਤਾਬਦੀਆਂ ਵਾਲਾ ਸੁਭਾਗਾ ਸਮਾਂ ਆਉਂਦਾ ਹੈ, ਸੋ ਦਿਲ ਖੋਹਲ ਕੇ ਆਪਾਂ ਸਾਰਿਆਂ ਨੇ ਇਹ ਮਹਾਨ ਸ਼ਤਾਬਦੀਆਂ ਮਨਾਉਣੀਆਂ ਹਨ ਤੇ ਆਪਾਂ ਨਾਲ ਦੀ ਨਾਲ ਕਿਰਤ ਕਮਾਈਆਂ ਨੂੰ ਵੀ ਸਫਲ ਬਣਾ ਕੇ ਹੀਰੇ ਵਰਗੇ ਜੀਵਨ ਨੂੰ ਸਫਲ ਕਰਨਾ ਹੈ। ਅਸਾਂ ਸੋਚਿਆ ਹੈ ਕਿ ਤਿੰਨ ਸੌ ਸਾਲਾ ਖ਼ਾਲਸਾ ਪੰਥ ਦੀ ਸਿਰਜਣਾ ਦਾ ਦਿਨ ਹੈ, ਇਸ ਲਈ ਆਪਾਂ ਨੇ ਵੀ ਤਿੰਨ ਸੌ ਹੀ ਸ੍ਰੀ ਅਖੰਡਪਾਠ ਕਰਾਉਣੇ ਸੋਚੇ ਹਨ ਤਾਂ ਕਿ ਸਰਬੱਤ ਦਾ ਭਲਾ ਹੋ ਸਕੇ, ਕਿਉਂਕਿ ਸੰਸਾਰ 'ਤੇ ਅੱਗ ਵਰ੍ਹ ਰਹੀ ਹੈ। ਬਾਬਾ ਜੀ ਦਾ ਤੀਰ ਟਿਕਾਣੇ ਲੱਗਿਆ ਤੇ ਬਣੀ ਹੋਈ ਵਿਉਂਤ ਅਨੁਸਾਰ ਸ਼ਰਧਾਲੂ ਸੇਵਕ ਨੇ ਫਟਾ-ਫੱਟ ਜੈਕਾਰੇ ਗੁੰਜਾ ਦਿੱਤੇ। ਇਕ ਅਖੰਡਪਾਠ ਦੀ ਭੇਟਾ ਸਤਸੰਗੀ ਜਨੋਂ ਕੇਵਲ ਸੌ ਪੌਂਡ ਹੈ ਪਰ ਕੋਈ ਵੱਧ ਵੀ ਦੇ ਸਕਦਾ ਹੈ। ਸਾਧ ਸੰਗਤ ਜੀ, ਇਹ ਵੇਲਾ ਬਾਰ-ਬਾਰ ਹੱਥ ਨਹੀਂ ਆਉਣਾ। ਪਹਿਲਾਂ ਨਾਮ ਲਿਖਾਉਣ ਵਾਲੇ ਦੀ ਵਾਰੀ ਵੀ ਪਹਿਲਾਂ ਹੀ ਆ ਜਾਏਗੀ। ਇਕ ਸੌ ਪੌਂਡ ਦੀ ਕੀਮਤ ਉਸ ਵੇਲੇ ਤਕਰੀਬਨ ਸਾਢੇ ਸੱਤ ਹਜ਼ਾਰ ਦੇ ਕਰੀਬ ਬਣਦੀ ਸੀ। ਦੇਖਦਿਆਂ-ਦੇਖਦਿਆਂ ਹੀ ਸ੍ਰੀ ਅਖੰਡਪਾਠ ਦੀ ਲਿਸਟ ਲੰਬੀ ਹੋ ਗਈ। ਕੀ ਬਾਬਾ ਜੀ ਨੂੰ ਪੁੱਛਿਆ ਜਾ ਸਕਦਾ ਹੈ ਕਿ ਇਸ ਤਰ੍ਹਾਂ ਸ੍ਰੀ ਅਖੰਡਪਾਠ ਕਰਾਇਆਂ ਆਮ ਸਿੱਖ ਨੂੰ ਕੀ ਲਾਭ ਹੋਏਗਾ ? ਘੜਿਆ ਘੜਾਇਆ ਉੱਤਰ ਮਿਲੇਗਾ—ਭਾਈ ਬ੍ਰਹਮ ਗਿਆਨੀਆਂ ਅੱਗੇ ਨਹੀਂ ਬੋਲੀਦਾ, ਮਹਿੰਗਾ ਪੈਂਦਾ ਏ, ਭਾਵ ਸਰਾਪ ਦੇ ਦੇਂਦੇ ਨੇ, ਇਨ੍ਹਾਂ ਦੀ ਵੱਡੇ ਮਹਾਰਾਜ ਜੀ ਨਾਲ ਸਿੱਧੀ ਗੱਲਬਾਤ ਹੁੰਦੀ ਹੈ।

ਇਕ ਬਾਬਾ ਅਮਰੀਕਾ ਜਾ ਕੇ ਕਹਿ ਰਿਹਾ ਹੈ ਕਿ ਸਤਸੰਗੀ ਜਨੋਂ, ਇਸ ਆ ਰਹੀ ਸ਼ਤਾਬਦੀ 'ਤੇ ਸ੍ਰੀ ਅਨੰਦਪੁਰ ਸਾਹਿਬ ਸੰਗਤਾਂ ਦਾ ਬਹੁਤ ਵੱਡਾ ਇਕੱਠ

ਹੋ ਰਿਹਾ ਹੈ, ਇਸ ਲਈ ਲੰਗਰਾਂ ਦੇ ਪ੍ਰਬੰਧ ਦੀ ਸੇਵਾ ਸਾਡੀ ਵੀ ਲੱਗੀ ਹੋਈ ਹੈ। ਆਪਣਾ ਜੀਵਨ ਤੇ ਕਮਾਈ ਨੂੰ ਸਫਲ ਕਰਨ ਲਈ ਦਿਲ ਖੋਹਲ ਕੇ ਮਾਇਆ ਭੇਟ ਕਰਾਉ। ਵੇਖਦਿਆਂ-ਵੇਖਦਿਆਂ ਡਾਲਰਾਂ ਦੇ ਢੇਰ ਲੱਗ ਗਏ। ਪਰ ਪੰਜਾਬ ਦੇ ਸ਼ਰਧਾਵਾਨ ਲੋਕਾਂ ਦੀ ਸਥਿਤੀ ਹੋਰ ਹੈ। ਅਨੰਦਪੁਰ ਨੂੰ ਜਾਂਦਿਆਂ ਹੋਲੇ ਮਹੱਲੇ ’ਤੇ ਹਰ ਪਿੰਡ ਦੇ ਬਾਹਰ ਸੰਗਤ ਵੱਲੋਂ ਸ਼ਰਧਾ ਭਾਵਨਾ ਨਾਲ ਲੰਗਰ ਲਗਾਏ ਜਾਂਦੇ ਹਨ, ਪਰ ਇਸ ਬਾਬਾ ਜੀ ਵੱਲੋਂ ਲਗਾਏ ਲੰਗਰ ਦਾ ਆਮ ਸਿੱਖ ਨੂੰ ਕੀ ਲਾਭ ਹੋ ਸਕਦਾ ਹੈ ? ਇਹ ਤਾਂ ਬਾਬਾ ਜੀ ਹੀ ਦੱਸ ਸਕਦੇ ਹਨ।

ਸਾਡੀ ਹੋਸ਼ ਵਿਚ ਕੀਰਤਨ ਤਾਂ ਹੁੰਦਾ ਸੀ, ਪਰ ਕੀਰਤਨ ਦਰਬਾਰ ਨਹੀਂ ਹੁੰਦੇ ਸਨ। ਕਵੀ ਦਰਬਾਰ ਜ਼ਰੂਰ ਹੁੰਦੇ ਸਨ, ਕਵੀਆਂ ਨੂੰ ਸਮਾਜਿਕ ਪੰਥ-ਪ੍ਰੇਮ ਤੇ ਇਤਿਹਾਸਕ ਸਮੱਸਿਆਵਾਂ ਦਿੱਤੀਆਂ ਜਾਂਦੀਆਂ ਸਨ। ਵਿਅੰਗਾਤਮਿਕ ਤੇ ਉਸਾਰੂ ਢੰਗ ਨਾਲ ਕਈ ਸਿੱਖੀ ਦਾ ਪ੍ਰਚਾਰ ਕਰ ਜਾਂਦੇ ਸਨ। ਹੁਣ ਸ਼ਤਾਬਦੀਆਂ ਦੇ ਨਾਂ ’ਤੇ ਚਮਕ ਦਮਕ, ਹਲਕੇ ਕਿਸਮ ਦੀ ਡੈਕੋਰੇਸ਼ਨ ਵਿਚ ਕੀਰਤਨ ਦਰਬਾਰ ਸਜਾਏ ਜਾ ਰਹੇ ਹਨ। ਪਰ ਅੱਜ ਮੇਰੇ ਪਿੰਡ ਵਿਚ ਹੀ ਦਸ ਕੁ ਪ੍ਰਤੀਸ਼ਤ ਨੌਜਵਾਨਾਂ ਦੇ ਸਿਰਾਂ ’ਤੇ ਦਸਤਾਰਾਂ ਰਹਿ ਗਈਆਂ ਹਨ। ਅਸੀਂ ਕੀਰਤਨ ਦੇ ਵਿਰੋਧ ਵਿਚ ਨਹੀਂ ਹਾਂ, ਕੀਰਤਨ ਤਾਂ ਰੂਹ ਦੀ ਖ਼ੁਰਾਕ ਹੈ ਜੋ ਹੋਣਾ ਚਾਹੀਦਾ ਹੈ, ਪਰ ਨਾਟਕ ਖੇਲਣ ਵਾਂਙੂ ਰੰਗ-ਬਰੰਗੀਆਂ ਚਮਕ ਦਮਕ ਵਾਲੀਆਂ ਲੜੀਆਂ ਵਿਚ ਕਰਾਏ ਕੀਰਤਨ ਦਰਬਾਰ ਦਾ ਆਮ ਸਿੱਖ ਨੂੰ ਕੀ ਲਾਭ ਹੈ ? ਇਕ ਹੋਰ ਨਵਾਂ ਨਾਂ ਵੀ ਆ ਗਿਆ ਹੈ—ਆਤਮ-ਰਸ ਕੀਰਤਨ ਦਰਬਾਰ, ਹੈ ਨਾ ਖ਼ਾਲਸੇ ਦੇ ਨਿਆਰੇ ਰੰਗ।

ਪਹਿਲਾਂ ਪਹਿਲ ਇਹ ਕਿਹਾ ਜਾਂਦਾ ਸੀ ਕਿ ਇਸ ਦਿਨ ਇਸ ਪਾਰਟੀ ਵੱਲੋਂ ਜਲੂਸ ਕੱਢਿਆ ਜਾ ਰਿਹਾ ਹੈ। ਉਂਜ ਜਲੂਸ ਦੇ ਅੱਖਰੀ ਅਰਥ *ਮਹਾਨ ਕੋਸ਼* ਵਿਚ ਇਸ ਤਰ੍ਹਾਂ ਆਏ ਹਨ—ਸੰ. ਬੈਠਣਾ, ਰਾਜ ਸਿੰਘਾਸਨ ਪੁਰ ਬੈਠਣਾ, ਕਚਹਿਰੀ ਕਰਨ ਬੈਠਣਾ, ਸੱਜ-ਧੱਜ ਦੀ ਸਵਾਰੀ ਅਤੇ ਇਕੱਠ। ਧਾਰਮਿਕ ਮੌਕਿਆਂ ’ਤੇ ਨਿਕਲਣ ਵਾਲੇ ਜਲੂਸ ਦਾ ਨਾਮ ਰੱਖਿਆ ਗਿਆ—ਨਗਰ ਕੀਰਤਨ। ਇਸ ਦਾ ਅਰਥ ਇਹ ਹੁੰਦਾ ਸੀ ਕਿ ਸਾਰੇ ਪਿੰਡ ਵਿਚ ਕੀਰਤਨ ਕਰਦਿਆਂ ਫਿਰਿਆ ਜਾਂਦਾ ਸੀ ਤੇ ਚੁਰਾਹਿਆਂ ਵਿਚ ਉਚੇਚੇ ਤੌਰ ’ਤੇ ਦੀਵਾਨ ਸਜਾ ਕੇ ਧਰਮ ਪ੍ਰਚਾਰ; ਗੁਰਮਤਿ ਸਿਧਾਂਤ ਤੇ ਸਿੱਖ ਇਤਿਹਾਸ ਦੀ ਗੱਲ ਸਮਝਾਈ ਜਾਂਦੀ ਸੀ। ਮਾਲਵੇ ਦੇ ਪਿੰਡਾਂ ਵਿਚ ਅੱਜ ਵੀ ਇਸ ਤਰ੍ਹਾਂ ਦੇ ਨਗਰ ਕੀਰਤਨ ਦੇਖਣ ਨੂੰ ਮਿਲ ਜਾਂਦੇ ਹਨ। ਸ਼ਤਾਬਦੀਆਂ ਦੇ ਇਸ ਚੱਲੇ ਦੌਰ ਵਿਚ ਹੁਣ ਚੇਤਨਾ-ਮਾਰਚ ਤੇ ਵਿਰਸਾ-ਸੰਭਾਲ-ਮਾਰਚ ਵੀ ਸ਼ੁਰੂ ਹੋ ਗਏ ਹਨ। ਸਾਡੇ ਵਿਚ ਵੇਖਾ-ਵੇਖੀ ਦਾ ਜ਼ਿਆਦਾ ਬੋਲ-ਬਾਲਾ ਹੈ, ਜਿਹੜਾ ਕੰਮ ਇਕ ਨੇ ਕੀਤਾ, ਉਸ ਕੰਮ ਦੇ ਪਿੱਛੇ ਸਾਰੀ ਕੌਮ ਹੱਥ ਧੋ ਕੇ ਪਿੱਛੇ ਪੈ ਜਾਂਦੀ ਹੈ। ਇਕ ਨੇ ਨਗਰ

ਕੀਰਤਨ ਕੱਢਿਆ, ਬੱਸ ਫਿਰ ਕੀ ਹੈ, ਹਰ ਗਲੀ ਮੁਹੱਲਾ, ਕੀ ਪਿੰਡ, ਕੀ ਸ਼ਹਿਰ, ਹਰ ਗੁਰਦੁਆਰੇ ਦੇ ਪ੍ਰਬੰਧਕ ਇਸ ਦੌੜ ਵਿਚ ਇਕ ਦੂਜੇ ਨਾਲੋਂ ਅੱਗੇ ਨਿਕਲਣ ਦੀ ਹੋੜ ਵਿਚ ਲੱਗੇ ਹੋਏ ਹਨ। ਸੜਕਾਂ ਦੇ ਕਿਨਾਰਿਆਂ 'ਤੇ ਲੱਗੇ ਹੋਏ ਵੱਡੇ ਵੱਡੇ ਬੋਰਡ, ਬਣਾਏ ਗੇਟ, ਝੰਡੀਆਂ, ਕੰਨ ਪਾੜਵੇਂ ਬੈਂਡ, ਬੇ-ਲੋੜੇ ਖ਼ਰਚੇ ਦੀ ਮੂੰਹ-ਬੋਲਦੀ ਤਸਵੀਰ ਸਾਡੇ ਸਭ ਦੇ ਸਾਹਮਣੇ ਖੜੀ ਹੈ, ਜਿਸ ਦਾ ਆਮ ਸਿੱਖ ਨੂੰ ਕੋਈ ਲਾਭ ਨਹੀਂ ਹੈ; ਸਗੋਂ ਸਿੱਖ ਦੀ ਆਰਥਿਕਤਾ ਨੂੰ ਬਰਬਾਦ ਜ਼ਰੂਰ ਕੀਤਾ ਜਾ ਰਿਹਾ ਹੈ।

ਹਾਂ, ਕਦੇ ਕਦਾਈਂ ਸਾਲ ਵਿਚ ਇਕ ਅੱਧ ਵਾਰੀ ਅਮਰੀਕਾ ਦੇ ਗੁਰਦੁਆਰਿਆਂ ਵਾਂਗ ਨਗਰ ਕੀਰਤਨ ਕੱਢਿਆ ਜਾਏ ਤਾਂ ਕੁਦਰਤੀ ਉਤਸ਼ਾਹ ਬਣਦਾ ਹੈ। ਬਾਹਰਲੀਆਂ ਕੌਮਾਂ ਨੂੰ ਵੀ ਸਿੱਖ ਕੌਮ ਦੀ ਹੋਂਦ ਦਾ ਪਤਾ ਲੱਗਦਾ ਹੈ, ਪਰ ਪੰਜਾਬ ਵਿਚ ਤਾਂ ਇੰਜ ਲੱਗ ਰਿਹਾ ਹੈ ਜਿਵੇਂ ਕੀਰਤਨ ਦਰਬਾਰ ਤੇ ਨਗਰ ਕੀਰਤਨ ਹੀ ਧਰਮ ਦਾ ਪ੍ਰਚਾਰ ਰਹਿ ਗਏ ਹੋਣ। ਹੁਣ ਤਾਂ ਚੜ੍ਹਾਵੇ ਦੇ ਅਲੋਪ ਹੋਣ ਦੀਆਂ ਖ਼ਬਰਾਂ ਵੀ ਪੜ੍ਹਨ ਸੁਣਨ ਨੂੰ ਮਿਲ ਰਹੀਆਂ ਹਨ। ਸ਼ਤਾਬਦੀਆਂ ਰਾਹੀਂ ਤਾਂ ਆਪਣੀ ਤੇ ਆਪਣੀ ਕੌਮ ਦੀ ਸਵੈ-ਵਿਚਾਰ ਕਰਨ ਦਾ ਇਕ ਸੁਨਹਿਰੀ ਅਵਸਰ ਹੈ। ਸਮਾਜਿਕ ਕੁਰੀਤੀਆਂ, ਗੁਰਮਤਿ ਸਿਧਾਂਤ ਨੂੰ ਸਮਝਣ ਦਾ ਕੀਮਤੀ ਸਮਾਂ ਹੈ। ਅਸੀਂ ਇਨ੍ਹਾਂ ਕੀਮਤੀ ਸ਼ਤਾਬਦੀਆਂ ਨੂੰ ਸੜਕਾਂ 'ਤੇ ਭੱਜ-ਭੱਜ ਕੇ, ਗਾ-ਗਾ ਕੇ ਜਾਂ ਇਸ਼ਤਿਹਾਰਬਾਜ਼ੀ ਕਰ ਕਰ ਕੇ ਘੱਟੇ ਕੌਡੀਆਂ ਗਵਾ ਰਹੇ ਹਾਂ। ਜਿਸ ਢੰਗ ਤਰੀਕੇ ਨਾਲ ਅਸੀਂ ਇਹ ਸ਼ਤਾਬਦੀਆਂ ਮਨਾ ਰਹੇ ਹਾਂ, ਇਸ ਦਾ ਆਮ ਸਿੱਖ ਨੂੰ ਕੋਈ ਲਾਭ ਨਹੀਂ ਹੈ। ਹਾਂ, ਪ੍ਰਬੰਧਕਾਂ ਦੀ ਹਉਮੈ ਨੂੰ ਪੱਠੇ ਜ਼ਰੂਰ ਪੈ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਜੀ ਦੇ ਨਿਰਮਲ ਪੰਥ ਵਿਚ ਕਰਮ-ਕਾਂਡ ਨੂੰ ਕੋਈ ਥਾਂ ਨਹੀਂ ਸੀ। ਅਤਿ ਆਧੁਨਿਕ, ਸਿਧਾਂਤਕ ਤੇ ਸਮੇਂ ਦਾ ਹਾਣੀ ਹੁੰਦਾ ਹੋਇਆ ਵੀ ਇਹ ਧਰਮ ਸਨਾਤਨੀ ਰੀਤਾਂ ਤੇ ਧਰਮ ਦੇ ਠੇਕੇਦਾਰਾਂ ਦਾ ਹੱਥ ਠੋਕਾ ਬਣ ਕੇ ਰਹਿ ਗਿਆ ਹੈ। ਇਕ ਪਾਸੇ ਤਾਂ ਅਸੀਂ ਸ਼ਤਾਬਦੀਆਂ ਬਹੁਤ ਹੀ ਧੂਮ-ਧੜੱਕੇ ਨਾਲ ਮਨਾ ਰਹੇ ਹਾਂ, ਦੂਜੇ ਪਾਸੇ ਆਮ ਸਿੱਖ ਸਨਾਤਨੀ ਮਤ ਵਾਲੇ ਓਹੀ ਰੀਤੀ ਰਿਵਾਜ ਕਰ ਰਿਹਾ ਹੈ, ਜਿਸ ਤੋਂ ਗੁਰੂ ਨਾਨਕ ਸਾਹਿਬ ਜੀ ਨੇ ਸਾਨੂੰ ਬਾਹਰ ਕੱਢਿਆ ਸੀ। ਇਨ੍ਹਾਂ ਸ਼ਤਾਬਦੀਆਂ ਦਾ ਬੌਧਿਕ ਲਾਭ ਆਮ ਸਿੱਖ ਨੂੰ ਪਹੁੰਚਣਾ ਚਾਹੀਦਾ ਸੀ, ਜਿਸ ਤੋਂ ਅਸੀਂ ਬੁਰੀ ਤਰ੍ਹਾਂ ਫ਼ੇਲ੍ਹ ਹੋਏ ਹਾਂ।

ਅੱਜ ਸਿੱਖ ਕੌਮ ਡੇਰਾਵਾਦ, ਸੰਤਵਾਦ ਤੇ ਕਈ ਪ੍ਰਕਾਰ ਦੇ ਕਰਮ-ਕਾਂਡਾਂ ਵਿਚ ਉਲਝੀ ਪਈ ਹੈ, ਕਿਉਂਕਿ ਗੁਰਬਾਣੀ ਵਿਚਾਰ ਨੂੰ ਆਪਣੀ ਜ਼ਿੰਦਗੀ ਦਾ ਅੰਗ ਨਹੀਂ ਬਣਾ ਸਕੇ। ਗੁਰਬਾਣੀ ਨੂੰ ਗੁਰੂ ਸਾਹਿਬ ਜੀ ਨੇ ਉਚਾਰਨ ਕੀਤਾ ਹੈ ਜਦ ਕਿ ਇਤਿਹਾਸ ਬੇਗਾਨੇ ਲਿਖਾਰੀਆਂ ਨੇ ਲਿਖਿਆ ਹੈ, ਪਰ ਸਾਡਾ ਜੀਵਨ

ਕਿਸੇ ਹੋਰ ਸ਼ੈਲੀ ਵਿਚ ਢਲਿਆ ਹੋਇਆ ਹੈ। ਚਾਹੀਦਾ ਤਾਂ ਇਹ ਸੀ ਕਿ ਅਰਬਾਂ ਦੇ ਬਜਟ ਵਾਲੀ ਸ਼੍ਰੋਮਣੀ ਕਮੇਟੀ ਗੁਰਬਾਣੀ ਦੀ ਵਿਚਾਰ ਨੂੰ ਆਮ ਸਿੱਖ ਤਕ ਪਹੁੰਚਾਉਣ ਦਾ ਯਤਨ ਕਰਦੀ। ਗੁਰਬਾਣੀ ਦੀ ਵਿਚਾਰ ਤੋਂ ਪੂਰਾ ਲਾਭ ਨਾ ਲੈ ਸਕਣ ਕਰਕੇ ਅਸੀਂ ਕਈ ਪ੍ਰਕਾਰ ਦੇ ਕਰਮ-ਕਾਂਡਾਂ ਦੀ ਦਲਦਲ ਵਿਚ ਫਸ ਕੇ ਰਹਿ ਗਏ ਹਾਂ। ਜ਼ਰਾ ਦੇਖੀਏ, ਸ਼ਤਾਬਦੀਆਂ ਦਾ ਸ਼ੋਰ-ਸ਼ਰਾਬਾ ਤੇ ਆਮ ਸਿੱਖ ਦੀ ਰੋਜ਼ਮੱਰਾ ਦੀ ਜ਼ਿੰਦਗੀ, ਕਿਹੋ ਜਿਹਾ ਤਾਲ-ਮੇਲ ਹੈ।

ਚਾਹੀਦਾ ਤਾਂ ਇਹ ਸੀ ਕਿ ਇਨ੍ਹਾਂ ਸ਼ਤਾਬਦੀਆਂ ਰਾਹੀਂ ਆਮ ਸਿੱਖ ਨੂੰ ਗੁਰਮਤਿ ਦੇ ਬੁਨਿਆਦੀ ਨੁਕਤਿਆਂ ਦਾ ਪਤਾ ਲੱਗਦਾ, ਕੌਮ ਨੂੰ ਡੇਰਾਵਾਦ ਤੋਂ ਮੁਕਤੀ ਮਿਲਦੀ। ਜਿਹੜੇ ਡੇਰੇ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਤੇ ਨਾਨਕਸ਼ਾਹੀ ਕੈਲੰਡਰ ਨੂੰ ਮੁੱਢਲੇ ਤੌਰ ’ਤੇ ਨਹੀਂ ਮੰਨਦੇ, ਪਰ ਸਾਡੇ ਸਤਿਕਾਰਯੋਗ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੀ ਉਨ੍ਹਾਂ ਡੇਰਿਆਂ ’ਤੇ ਜਾ ਕੇ ਉਨ੍ਹਾਂ ਨੂੰ ਗੁਰਮਤਿ ਦਾ ਸਰਟੀਫ਼ਿਕੇਟ ਦੇਣ ਤਾਂ ਆਮ ਸਿੱਖ ਫਿਰ ਉਨ੍ਹਾਂ ਡੇਰਿਆਂ ਦੀ ਲੁੱਟ ਦਾ ਸ਼ਿਕਾਰ ਹੋਏਗਾ ਹੀ ਹੋਏਗਾ।

ਮਨੁੱਖ ਚੜ੍ਹਾਈ ਕਰ ਜਾਏ ਤਾਂ ਸਿੱਖ ਰਹਿਤ ਮਰਯਾਦਾ ਅਨੁਸਾਰ ਉਸ ਮਨੁੱਖ ਦੀ ਅੰਤਮ ਰਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਅਰਦਾਸ ਕਰ ਕੇ ਸੰਪੰਨ ਕੀਤੀ ਜਾਂਦੀ ਹੈ। ਇਸ ਦੇ ਉਪ੍ਰੰਤ ਮ੍ਰਿਤਕ ਪ੍ਰਾਣੀ ਦੀ ਕੋਈ ਵੀ ਰਸਮ ਬਾਕੀ ਨਹੀਂ ਰਹਿ ਜਾਂਦੀ। ਪ੍ਰਚਾਰ ਦੀ ਘਾਟ ਕਰਕੇ ਆਮ ਸਿੱਖ ਵਰ੍ਹੀਣੇ ਤੇ ਸਾਲਾਨਾ ਬਰਸੀਆਂ ਬਹੁਤ ਹੀ ਧੂਮ-ਧਾਮ ਨਾਲ ਮਨਾ ਰਿਹਾ ਹੈ। ਸਾਧ-ਲਾਣਾ ਤਾਂ ਵੱਡੇ ਮਹਾਰਾਜ ਕਹਿ-ਕਹਿ ਕੇ ਉਨ੍ਹਾਂ ਦੀਆਂ ਬਰਸੀਆਂ ਮਨਾ ਰਿਹਾ ਹੈ। ਮ੍ਰਿਤਕ ਪ੍ਰਾਣੀ ਦੇ ਫੁੱਲ ਚੁੱਗ ਕੇ, ਕੋਈ ਹਰਿਦੁਆਰ ਲਿਜਾ ਰਿਹਾ ਹੈ ਤੇ ਕੋਈ ਕੀਰਤਪੁਰ ਨੂੰ ਹੀ ਮੁਕਤੀ ਦਾ ਘਰ ਸਮਝ ਕੇ ਫੁੱਲ ਤਾਰੀ ਜਾ ਰਿਹਾ ਹੈ। ਕੀ ਅਸੀਂ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਤਾਂ ਨਹੀਂ ਕਿਤੇ ਕਰ ਰਹੇ ? ਕਈ ਥਾਵਾਂ ’ਤੇ ਮ੍ਰਿਤਕ ਪ੍ਰਾਣੀ ਨੂੰ ਗੁਰਦੁਆਰੇ ਲਿਆ ਕੇ ਮੱਥਾ ਟਿਕਾਇਆ ਜਾਂਦਾ ਹੈ, ਇਸ ਲਈ ਕਿ ਗੁਰੂ ਦੀ ਗੋਲਕ ਵਿਚ ਵਾਧਾ ਹੁੰਦਾ ਹੈ। ਇਸ ਵਿਚ ਆਮ ਸਿੱਖ ਦਾ ਕੋਈ ਕਸੂਰ ਨਹੀਂ ਹੈ, ਕਿਉਂਕਿ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਕਦੇ ਵੀ ਗੁਰਮਤਿ ਦੇ ਬੁਨਿਆਦੀ ਨੁਕਤੇ ਦੱਸਣ ਦਾ ਯੋਗ ਪ੍ਰਬੰਧ ਹੀ ਨਹੀਂ ਕੀਤਾ।

ਲੁਧਿਆਣੇ ਤੋਂ ਅੰਮ੍ਰਿਤਸਰ ਨੂੰ ਆਉਂਦਿਆਂ ਜਾਂ ਜਾਂਦਿਆਂ ਬਿਆਸ ਤੇ ਸਤਲੁਜ ਦਰਿਆਵਾਂ ਦੇ ਪੁਲਾਂ ’ਤੇ ਆਮ ਅੰਮ੍ਰਿਤਧਾਰੀ ਸਿੱਖ ਨਾਰੀਅਲ ਜਾਂ ਕੁਝ ਹੋਰ ਸਮੱਗਰੀ ਜੋ ਕਿਸੇ ਜੋਤਸ਼ੀ ਨੇ ਦੱਸੀ ਹੁੰਦੀ ਹੈ, ਰੋੜ੍ਹਦੇ ਦਿਖਾਈ ਦੇਣਗੇ, ਪਰ ਸ਼ਤਾਬਦੀਆਂ ਧੂਮ-ਧਾਮ ਨਾਲ ਮਨਾਈਆਂ ਜਾ ਰਹੀਆਂ ਹਨ। ਸ਼ਨੀਵਾਰ ਨੂੰ ਆਮ ਸਿੱਖ ਸ਼ਨੀ ਦੇਵਤੇ ਦੀ ਪੂਜਾ ਕਰਦਾ ਦਿਖਾਈ ਦੇਵੇਗਾ। ਇਸ ਪੂਜਾ ਦਾ ਪ੍ਰਭਾਵ ਹੁਣ ਵੱਡੇ ਗੁਰਦੁਆਰਿਆਂ ਵਿਚ ਵੀ ਦੇਖਿਆ ਜਾ ਸਕਦਾ ਹੈ।

ਸ਼ਨੀਵਾਰ ਨੂੰ ਕਾਲੇ ਛੋਲਿਆਂ ਦਾ ਚੜ੍ਹਾਵਾ ਤੇ ਮੰਗਲਵਾਰ ਨੂੰ ਪੀਲਾ ਪ੍ਰਸ਼ਾਦ ਗੁਰਦੁਆਰਿਆਂ ਦੀ ਸ਼ਾਨ ਬਣਦਾ ਜਾ ਰਿਹਾ ਹੈ ਤੇ ਕਈ ਭੋਲੇ ਸਿੱਖਾਂ ਦੇ ਕੜੇ ਨਾਲ ਜਾਂ ਦੂਜੀ ਬਾਂਹ ਦੇ ਗੁਟ 'ਤੇ ਲਾਲ ਰੰਗ ਦਾ ਧਾਗਾ ਵੀ ਬੰਨ੍ਹਿਆ ਮਿਲ ਜਾਏਗਾ।

ਪਹਿਲਾਂ ਪੰਡਤ ਜੀ ਮਹਾਰਾਜ ਪਾਸੋਂ ਮਹੀਨੇ ਦਾ ਨਾਂ ਸੁਣਿਆ ਜਾਂਦਾ ਸੀ, ਹੁਣ ਗ੍ਰੰਥੀ ਜੀ ਪਾਸੋਂ ਮਹੀਨੇ ਦਾ ਨਾਂ ਸੁਣ ਕੇ ਆਮ ਸਿੱਖ ਏਸੇ ਨੂੰ ਹੀ ਸਿੱਖੀ ਸਮਝੀ ਬੈਠਾ ਹੈ। ਆਮ ਡੇਰੇ ਵਾਲੇ ਪੂਰਨਮਾਸ਼ੀ ਦੀ ਕਥਾ ਰਾਹੀਂ, ਭੋਲੇ ਸਿੱਖਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਤੋਰੀ ਫੁਲਕਾ ਤੋਰਨ ਵਿਚ ਮਸਤ ਹਨ ਤਾਂ ਫਿਰ ਨਿਆਰੇ ਖ਼ਾਲਸਾ ਕਿੱਦਾਂ ਹੋਏ ?

ਸਿੱਖੀ ਧੀ ਤੇ ਪੁੱਤਰ ਵਿਚ ਕੋਈ ਅੰਤਰ ਨਹੀਂ ਸਮਝਦੀ, ਪਰ ਜੋ ਦੇਖਣ ਵਿਚ ਆ ਰਿਹਾ ਹੈ, ਉਹ ਹਕੀਕਤ ਦੇ ਬਿਲਕੁਲ ਉਲਟ ਦਿਸ਼ਾ ਵਿਚ ਹੈ। ਪੁੱਤਰਾਂ ਦੀ ਲਾਲਸਾ ਪਿੱਛੇ ਆਮ ਸਿੱਖ ਪਾਖੰਡੀ ਸਾਧਾਂ ਪਾਸੋਂ ਅਰਦਾਸਾਂ ਕਰਵਾ ਰਿਹਾ ਹੈ। ਆਮ ਸਿੱਖ ਸੁੱਖਣਾ ਸੁੱਖ ਕੇ ਅਖੰਡਪਾਠਾਂ ਰਾਹੀਂ ਸੁੱਖਣਾ ਲਾਹ ਰਿਹਾ ਹੈ, ਜਦ ਕਿ ਗੁਰਮਤਿ ਦਾ ਨਿਰਮਲ ਸਿਧਾਂਤ ਪਰਮਾਤਮਾ ਦੇ ਹੁਕਮ ਵਿਚ ਚੱਲਣ ਦਾ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਸਭਿਆਚਾਰਕ ਪ੍ਰੋਗਰਾਮ ਦੇ ਨਾਮ ਹੇਠ ਕਬਰਾਂ ਦੀ ਪੂਜਾ ਦਾ ਰੁਝਾਨ ਵੀ ਵਧਿਆ ਹੈ। ਇਨ੍ਹਾਂ ਕਬਰਾਂ 'ਤੇ ਹਰੇ ਰੰਗ ਦੀਆਂ ਚਾਦਰਾਂ ਚੜ੍ਹਾਈਆਂ ਜਾਂਦੀਆਂ ਹਨ, ਅਸ਼ਲੀਲ ਗਾਣੇ ਗਾ ਕੇ ਸਭਿਆਚਾਰ ਦਾ ਨਾਂ ਦਿੱਤਾ ਜਾ ਰਿਹਾ ਹੈ। ਇਹ ਸਾਰਾ ਕੁਝ ਕਰ ਰਿਹਾ ਹੈ ਆਮ ਸਿੱਖ; ਕਿਉਂਕਿ ਉਸ ਨੂੰ ਸਿੱਖੀ ਦੇ ਬੁਨਿਆਦੀ ਨੁਕਤਿਆਂ ਦਾ ਪਤਾ ਹੀ ਨਹੀਂ ਹੈ। ਸਿੱਖ ਦਾ ਸਭਿਆਚਾਰ ਸਰਹੰਦ ਦੀ ਦੀਵਾਰ, ਚਮਕੌਰ ਦੀ ਜੂਹ ਤੇ ਮਾਈ ਭਾਗੋ ਦਾ ਹੈ।

ਧਰਮ ਦੇ ਨਾਂ 'ਤੇ ਸਿੱਖੀ ਵਿਚ ਕਈ ਪ੍ਰਕਾਰ ਦੀਆਂ ਵੰਡੀਆਂ ਪੈ ਗਈਆਂ ਹਨ। ਕੋਈ ਸਿੱਖ ਆਖਦਾ ਹੈ ਕਿ ਮੈਂ ਸਿਰਫ਼ ਕੀਰਤਨ ਹੀ ਸੁਣਦਾ ਹਾਂ, ਕੋਈ ਕਹਿੰਦਾ ਹੈ ਮੈਂ ਕਥਾ ਸੁਣਦਾ ਹਾਂ, ਕੋਈ ਸਿਰਫ਼ ਨਾਮ ਜਪਣ ਦੀ ਹੀ ਗੱਲ 'ਤੇ ਜ਼ੋਰ ਦੇ ਰਿਹਾ ਹੈ। ਕੋਈ ਸਿਰਫ਼ ਸੁਖਮਨੀ ਦੇ ਪਾਠ ਦੀ ਹੀ ਮਹਾਨਤਾ ਦੱਸ ਰਿਹਾ ਹੈ। ਕੋਈ ਸਾਂਝੇ ਲੰਗਰ ਦਾ ਪ੍ਰਸ਼ਾਦਾ ਛਕਣ ਲਈ ਤਿਆਰ ਨਹੀਂ ਤੇ ਕੋਈ ਕੜਾਹ ਪ੍ਰਸ਼ਾਦ ਦੀ ਦੇਗ ਲੈਣ ਲਈ ਤਿਆਰ ਨਹੀਂ ਹੈ। ਕਿਤੇ ਦਲਿਤ ਵੀਰਾਂ ਦੀਆਂ ਵੱਖਰੀਆਂ ਪੰਗਤਾਂ ਲੱਗਦੀਆਂ ਹਨ; ਸ਼ਤਾਬਦੀਆਂ ਧੂਮ-ਧਾਮ ਨਾਲ ਮਨਾਈਆਂ ਜਾ ਰਹੀਆਂ ਹਨ। ਵਾਹ! ਸਿੱਖ ਜੀ ਵਾਹ!

ਰੱਖੜੀਆਂ ਦੀਆਂ ਦੁਕਾਨਾਂ ਸਿੱਖਾਂ ਦੀਆਂ ਤੇ ਰੱਖੜੀਆਂ ਬੰਨ੍ਹਣ ਵਾਲੇ ਸਿੱਖ। ਕੀ ਸਿੱਖੀ ਵਿਚ ਰੱਖੜੀ ਨੂੰ ਮਾਨਤਾ ਹੈ ? ਸਾਰੇ ਗੁਰੂ ਗ੍ਰੰਥ ਸਾਹਿਬ ਜੀ

ਵਿਚ ਇਕ ਵੀ ਸ਼ਬਦ ਮਾਲਾ ਫੇਰਨ ਦਾ ਨਹੀਂ ਆਇਆ, ਪਰ ਗੁਰਬਾਣੀ ਸੂਝ ਦੀ ਕਮੀ ਕਰਕੇ ਆਮ ਸਿੱਖ ਆਪਣੇ ਹੱਥ ਵਿਚ ਮਾਲਾ ਪਾਈ ਫਿਰਦਾ ਨਜ਼ਰ ਆਏਗਾ। ਕੀ ਸਿੱਖੀ ਵਿਚ ਮਾਲਾ ਫੇਰਨ ਦੀ ਮਹਾਨਤਾ ਹੈ ? ਜੇ ਨਹੀਂ ਤਾਂ ਹਰ ਗੁਰਦੁਆਰਿਆਂ ਦੇ ਬਾਹਰ ਇਹ ਮਾਲਾ ਕਿਉਂ ਵਿਕਦੀਆਂ ਹਨ ? ਸਿਧਾਂਤ ਦੀ ਗੱਲ ਨਹੀਂ, ਸਗੋਂ ਕਿਹਾ ਇਹ ਜਾਂਦਾ ਹੈ ਕਿ ਸਿੱਖੀ ਤਾਂ ਮਨ ਵਿਚ ਹੋਣੀ ਚਾਹੀਦੀ ਹੈ।

ਸਿੱਖ ਧਰਮ ਵਿਚ ਮੂਰਤੀ ਜਾਂ ਮੂਰਤੀ ਪੂਜਾ ਦੀ ਕੋਈ ਥਾਂ ਨਹੀਂ ਹੈ, ਪਰ ਜੇਕਰ ਗੁਰੂ ਸਾਹਿਬਾਨ ਦੀਆਂ ਮੂਰਤੀਆਂ ਸ਼੍ਰੋਮਣੀ ਕਮੇਟੀ ਦੇ ਸਿੱਖ ਅਜਾਇਬ ਘਰ ਵਿਚ ਹੀ ਲੱਗੀਆਂ ਹੋਣ ਤਾਂ ਆਮ ਸਿੱਖ ਵਿਚਾਰਾ ਕੀ ਕਰੇ। ਸਾਡੇ ਆਮ ਇਤਿਹਾਸਕ ਗੁਰਦੁਆਰਿਆਂ ਵਿਚ ਪੱਥਰਾਂ, ਕਾਗਜ਼ਾਂ, ਕੱਪੜਿਆਂ ਤੇ ਹੋਰ ਕਈ ਪ੍ਰਕਾਰ ਦੀਆਂ ਮੂਰਤੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਜਥੇਦਾਰਾਂ ਦੇ ਨੱਕ ਹੇਠ ਵਿਕ ਰਹੀਆਂ ਹਨ ਤੇ ਘਰਾਂ ਵਿਚ ਵੀ ਲੱਗੀਆਂ ਹੋਈਆਂ ਹਨ। ਪੁੱਛਣ ਵਾਲਾ ਹੀ ਕੋਈ ਨਹੀਂ। ਫਿਰ ਆਮ ਸਿੱਖ ਨੂੰ ਏਡੇ ਵੱਡੇ ਅਡੰਬਰ ਰਚ ਕੇ ਮਨਾਈਆਂ ਸ਼ਤਾਬਦੀਆਂ ਦਾ ਕੀ ਲਾਭ ਹੈ ?

ਮਾਲਵੇ ਦਾ ਇਕ ਸਾਧ ਪ੍ਰਚਾਰਕ ਗੁਰੂ ਨਾਨਕ ਸਾਹਿਬ ਜੀ ਤੇ ਗੋਰਖ ਦੀ ਲੁਕਣ-ਮੀਟੀ ਖੇਡਦਿਆਂ ਦੀ ਕਥਾ ਸੁਣਾਉਂਦਿਆਂ ਕਹਿ ਰਿਹਾ ਸੀ ਕਿ ਗੁਰੂ ਨਾਨਕ ਜੀ ਗੋਰਖ ਨੂੰ ਲੱਭਣ ਚੜ੍ਹੇ ਤਾਂ ਗੋਰਖ ਅੱਗੇ ਇਕ ਮੱਗਰਮੱਛ ਦੇ ਪੇਟ ਵਿਚ ਬੈਠ ਕੇ ਵਾਹਿਗੁਰੂ ਵਾਹਿਗੁਰੂ ਦਾ ਉੱਚੀ ਉੱਚੀ ਨਾਮ ਜਪ ਰਿਹਾ ਸੀ। ਸਤਸੰਗੀ ਜਨੋਂ, ਉਹ ਮੱਗਰਮੱਛ ਸਤਾਈ ਕੋਹ ਲੰਬਾ ਸੀ। ਬੋਲੋ ਵਾਹਿਗੁਰੂ—ਕੀ ਅਜਿਹੇ ਕੱਚੇ ਪ੍ਰਚਾਰ ਨਾਲ ਆਮ ਸਿੱਖ ਦਾ ਜੀਵਨ ਬਦਲ ਸਕਦਾ ਹੈ ?

ਕੁਝ ਸੰਤਾਂ ਨੇ ਭੋਲੇ ਸਿੱਖਾਂ ਨੂੰ ਸੰਪਟ ਪਾਠ ਦੀ ਨਵੀਂ ਰਸਮ ਦੇ ਦਿੱਤੀ ਹੈ ਜਿਸ 'ਤੇ ਹਜ਼ਾਰਾਂ ਰੁਪਏ ਖ਼ਰਚ ਆਉਂਦਾ ਹੈ। ਕੀ ਇਸ ਤਰ੍ਹਾਂ ਦੇ ਜੰਤ੍ਰ ਮੰਤ੍ਰ ਕਰਨ ਨਾਲ ਸਿੱਖੀ ਦੇ ਮੁੱਢਲੇ ਸਿਧਾਂਤ 'ਤੇ ਸੱਟ ਨਹੀਂ ਵੱਜ ਰਹੀ ?

ਆਮ ਪਿੰਡਾਂ ਵਿਚ ਆਮ ਸਿੱਖ ਅੱਜ ਵੀ ਜਠੇਰਿਆਂ ਦੀਆਂ ਕਬਰਾਂ 'ਤੇ ਮੇਲੇ ਲਾ ਰਹੇ ਹਨ। ਆਮ ਸਿੱਖ ਹੇਮਕੁੰਟ ਤੇ ਮਨੀਕਰਨ ਦੀਆਂ ਯਾਤਰਾਵਾਂ ਨੂੰ ਅਸਲੀ ਧਰਮ ਸਮਝੀ ਬੈਠਾ ਹੈ।

ਗੁਰਮਤਿ ਦੇ ਬੁਨਿਆਦੀ ਨੁਕਤਿਆਂ ਦਾ ਪ੍ਰਚਾਰ ਨਾ ਹੋਣ ਕਰਕੇ ਆਮ ਸਿੱਖ ਅਜਿਹੀਆਂ ਬੇਲੋੜੀਆਂ ਰਸਮਾਂ ਵਿਚ ਫਸਿਆ ਪਿਆ ਹੈ। ਹੈਰਾਨਗੀ ਤਾਂ ਓਦੋਂ ਹੁੰਦੀ ਹੈ ਜਦੋਂ ਸਿੱਖ ਸਿਧਾਂਤਾਂ ਦੀ ਰਾਖੀ ਕਰਨ ਵਾਲੇ ਪਹਿਰੇਦਾਰ ਹੀ ਮੁਕਟ ਬੰਨ੍ਹ, ਮੱਥੇ 'ਤੇ ਤਿਲਕ ਲਗਾ ਆਪਣੀ ਸਾੜ੍ਹ-ਸਤੀ ਦੂਰ ਕਰਨ ਲਈ ਹਵਨ ਕਰ ਰਹੇ ਹੋਣ ਤੇ ਪੰਜ-ਪੰਜ ਸੌ ਪਾਠ ਰਾਮਾਇਣ ਦੇ ਕਰਾਉਣ ਤਾਂ ਕਹਿਣਾ

ਪਏਗਾ, ਇਹ ਸ਼ਤਾਬਦੀਆਂ ਮਨਾਉਣੀਆਂ ਹਵਾ ਵਿਚ ਡਾਂਗਾਂ ਮਾਰਨ ਵਾਲੀ ਗੱਲ ਹੈ।

ਪੁਖ਼ਤਾ ਪ੍ਰਚਾਰ ਦੀ ਘਾਟ ਕਰਕੇ ਆਮ ਸਿੱਖ ਜੋਤਾਂ ਜਗਾਉਣ, ਨਾਰੀਅਲ ਚੜ੍ਹਾਉਣ ਵਿਚ ਰੁੱਝਾ ਪਿਆ ਹੈ। ਤਰਨ ਤਾਰਨ ਜਿਥੇ ਸੰਸਾਰ ਪੱਧਰ 'ਤੇ ਗੁਰੂ ਅਰਜਨ ਪਾਤਿਸ਼ਾਹ ਜੀ ਦੀ ਚੌਥੀ ਸ਼ਤਾਬਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨਾਈ ਜਾ ਰਹੀ ਹੈ, ਉਸ ਦੇ ਨੇੜੇ ਹੀ ਸ਼ੇਖ਼ ਪੱਤੇ ਦੀ ਕਬਰ ਹੈ ਜਿਥੇ ਸਿੱਖ ਖੀਰਾਂ ਚੜ੍ਹਾਅ ਕੇ ਮੰਨਤਾਂ ਪੂਰੀਆਂ ਕਰ ਰਹੇ ਹਨ। ਇਸ ਸ਼ਤਾਬਦੀ 'ਤੇ ਸਿੱਖਾਂ ਨੂੰ ਕਬਰਾਂ ਦੀ ਪੂਜਾ ਤੋਂ ਗੁਰਬਾਣੀ ਪ੍ਰਚਾਰ ਦੁਆਰਾ ਮੁਕਤ ਕਰਾਇਆ ਜਾਏ ਤਾਂ ਸਮਝਿਆ ਜਾਏਗਾ ਕਿ ਸ਼ਤਾਬਦੀ ਮਨਾਈ ਸਹੀ ਦਿਸ਼ਾ ਵੱਲ ਨੂੰ ਗਈ ਹੈ, ਪਰ ਅਜਿਹੀਆਂ ਕਬਰਾਂ ਦੀ ਪੂਜਾ ਦਾ ਤਾਂ ਏਥੇ ਜ਼ਿਕਰ ਵੀ ਨਹੀਂ ਹੋਣਾ। ਸਦਕੇ ਜਾਈਏ ਉਨ੍ਹਾਂ ਆਗੂਆਂ ਦੇ ਜੋ ਸਿਧਾਂਤ ਛੱਡ ਕੇ ਸ਼ਤਾਬਦੀਆਂ ਮਨਾ ਰਹੇ ਹਨ।

ਇੰਜ ਲੱਗ ਰਿਹਾ ਹੈ ਕਿ ਇਹ ਸ਼ਤਾਬਦੀ ਵੀ ਪਿਛਲੀਆਂ ਸ਼ਤਾਬਦੀਆਂ ਵਾਂਗ ਢੋਲ-ਢਮੱਕੇ ਵਿਚ ਗਵਾਚ ਕੇ ਰਹਿ ਜਾਏਗੀ, ਕਿਉਂਕਿ ਇਹ ਸਾਰਾ ਕੁਝ ਲੋਕ-ਦਿਖਾਵੇ ਤੇ ਹਉਮੈ ਦੀ ਖ਼ਾਤਰ ਹੀ ਹੋ ਰਿਹਾ ਹੈ। ਜੇ ਪ੍ਰਬੰਧਕ ਆਪਣੇ ਫ਼ਰਜ਼ ਦੀ ਪਹਿਚਾਣ ਕਰਦਿਆਂ ਗੁਰਬਾਣੀ ਪ੍ਰਚਾਰ ਤੇ ਸਿੱਖ ਰਹਿਤ ਮਰਯਾਦਾ ਨੂੰ ਸਿਧਾਂਤਕ ਤਰੀਕੇ ਨਾਲ ਆਪਣੇ-ਆਪਣੇ ਗੁਰਦੁਆਰਿਆਂ ਵਿਚ ਲਾਗੂ ਕਰ ਲੈਣ ਤਾਂ ਸ਼ਤਾਬਦੀਆਂ ਸਹੀ ਦਿਸ਼ਾ ਵੱਲ ਨੂੰ ਜਾਣਗੀਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕੌਮ ਦੇ ਜਥੇਦਾਰ ਇਤਿਹਾਸਕ ਗੁਰਦੁਆਰਿਆਂ ਵਿਚ ਸਿੱਖ ਰਹਿਤ ਮਰਯਾਦਾ ਲਾਗੂ ਕਰਾਉਣ।

ਬਹੁਤ ਸਾਰੇ ਪ੍ਰਬੰਧਕਾਂ ਲਈ ਇਹ ਸ਼ਤਾਬਦੀਆਂ ਵਰਦਾਨ ਸਾਬਤ ਹੁੰਦੀਆਂ ਹਨ। ਇਸ ਲਈ ਇਨ੍ਹਾਂ ਸ਼ਤਾਬਦੀਆਂ ਦਾ ਕਈ ਥਾਵਾਂ 'ਤੇ ਵਪਾਰੀਕਰਣ ਹੋ ਚੁੱਕਾ ਹੈ। 'ਪ੍ਰਚਾਰ ਘੱਟ, ਵਪਾਰ ਵੱਧ' ਵਾਲੀ ਗੱਲ 'ਤੇ ਪੂਰਾ ਉਤਰਦਿਆਂ ਨਗਰ ਕੀਰਤਨ, ਕੀਰਤਨ ਦਰਬਾਰ ਵੱਡੀ ਪੱਧਰ 'ਤੇ ਕਰਾਏ ਜਾ ਰਹੇ ਹਨ, ਪਰ ਆਮ ਸਿੱਖਾਂ ਨੂੰ ਇਨ੍ਹਾਂ ਦਾ ਕੋਈ ਬਹੁਤਾ ਲਾਭ ਨਹੀਂ ਹੈ:

> ਉਠੋ, ਵਗਰਨਾ ਮਹਸ਼ਰ ਨਾ ਹੋਗਾ ਫਿਰ ਕਭੀ,
> ਦੌੜੋ ਜ਼ਮਾਨਾ ਚਾਲ ਕਿਆਮਤ ਕੀ ਚਲ ਗਿਆ।

ਕੀ ਅਸੀਂ ਨਿਆਰੇ ਖ਼ਾਲਸਾ ਹਾਂ ?

ਕਿਰਸਾਨ ਨੇ ਖੇਤ ਦਾ ਵੱਤਰ ਦੇਖਿਆ ਤੇ ਤਿਲਾਂ ਦੀ ਫ਼ਸਲ ਬੀਜ ਦਿੱਤੀ; ਇੱਕੋ ਜਿਹੇ ਤਿਲਾਂ ਦੇ ਦਾਨਿਆਂ ਵਿੱਚੋਂ ਇੱਕੋ ਜਿਹੇ ਬੂਟਿਆਂ ਨੇ ਜਨਮ ਲਿਆ ਤੇ ਬੂਟੇ ਫਲ ਤੀਕ ਪਹੁੰਚ ਗਏ। ਤਿਲਾਂ, ਚਨਿਆਂ ਤੇ ਮਸਰਾਂ ਦੀਆਂ ਫ਼ਸਲਾਂ ਬਹੁਤ ਹੀ ਨਾਜ਼ੁਕ ਗਿਣੀਆਂ ਗਈਆਂ ਹਨ। ਇਹ ਫ਼ਸਲਾਂ ਜਦੋਂ ਦਾਨਿਆਂ 'ਤੇ ਆਉਂਦੀਆਂ ਹਨ ਤਾਂ ਇਨ੍ਹਾਂ ਨੂੰ ਬੱਦਲ ਦੀ ਲਿਸ਼ਕ ਦਾ ਹਮੇਸ਼ਾ ਖ਼ਤਰਾ ਬਣਿਆ ਰਹਿੰਦਾ ਹੈ। ਤਿਲਾਂ ਦੀ ਅੱਧ ਪੱਕੀ ਫ਼ਸਲ 'ਤੇ ਜਦੋਂ ਬੱਦਲਾਂ ਦੀ ਲਿਸ਼ਕ ਪੈਂਦੀ ਹੈ, ਉਹ ਕਈ ਥਾਵਾਂ ਤੋਂ ਸੜ ਜਾਂਦੀ ਹੈ। ਸਿਆਣਾ ਜ਼ਿਮੀਂਦਾਰ ਉਨ੍ਹਾਂ ਬੂਟਿਆਂ ਨੂੰ ਕੱਟ ਲੈਂਦਾ ਹੈ, ਜਿਨ੍ਹਾਂ ਵਿਚ ਦਾਣੇ ਭਰੇ ਪਏ ਹੁੰਦੇ ਹਨ ਤੇ ਉਨ੍ਹਾਂ ਬੂਟਿਆਂ ਨੂੰ ਖੇਤ ਵਿਚ ਹੀ ਰਹਿਣ ਦੇਂਦਾ ਹੈ ਜਿਨ੍ਹਾਂ ਵਿਚ ਦਾਨਿਆਂ ਦੀ ਥਾਂ 'ਤੇ ਸਵਾਹ ਭਰ ਜਾਂਦੀ ਹੈ, ਕਿਉਂਕਿ ਅਜਿਹੇ ਬੂਟੇ ਤਾਂ ਪਸ਼ੂਆਂ ਦੇ ਖਾਣ ਦੇ ਕੰਮ ਵੀ ਨਹੀਂ ਆਉਂਦੇ। ਹੁਣ ਦੇਖਣ ਨੂੰ ਤਿਲਾਂ ਦੇ ਬੂਟੇ ਇੱਕੋ ਜਿਹੇ ਲੱਗਦੇ ਹਨ, ਇਕ ਵਿਚ ਦਾਣੇ ਹਨ ਤੇ ਦੂਜੇ ਵਿਚ ਦਾਨਿਆਂ ਦੀ ਥਾਂ 'ਤੇ ਲਿਸ਼ਕ ਕਰਕੇ ਸਵਾਹ ਭਰੀ ਹੁੰਦੀ ਹੈ। ਸਵਾਹ ਨਾਲ ਭਰੇ 'ਹੋਏ ਬੂਟਿਆਂ ਨੂੰ ਪਿੰਡਾਂ ਦੇ ਗ਼ਰੀਬ ਲੋਕ ਬਾਲਣ ਲਈ ਆਪਣੀ-ਆਪਣੀ ਲੋੜ ਮੁਤਾਬਿਕ ਖੇਤ ਵਿੱਚੋਂ ਲੈ ਆਉਂਦੇ ਹਨ। ਇਸ ਦਾ ਅਰਥ ਇਹ ਹੋਇਆ ਕਿ ਜਿਨ੍ਹਾਂ ਵਿਚ ਦਾਣੇ ਹਨ, ਉਨ੍ਹਾਂ ਦਾ ਮਾਲਕ ਇਕ ਹੈ ਤੇ ਜਿਨ੍ਹਾਂ ਵਿਚ ਸਵਾਹ ਹੈ, ਉਨ੍ਹਾਂ ਬੂਟਿਆਂ ਦੇ ਮਾਲਕ ਸੌ ਬਣ ਜਾਂਦੇ ਹਨ। ਤਿਲਾਂ ਦੇ ਬੂਟੇ, ਦਾਣੇ ਤੇ ਸਵਾਹ ਇਕ ਪ੍ਰਤੀਕ ਵਜੋਂ ਆਏ ਹਨ। ਗੁਰੂ ਨਾਨਕ ਸਾਹਿਬ ਜੀ ਦਾ ਆਸਾ ਦੀ ਵਾਰ ਵਿਚ ਪਿਆਰਾ ਵਾਕ ਹੈ:

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥

(ਆਸਾ ਕੀ ਵਾਰ, ਮ: ੧, ਪੰਨਾ 463)

ਹੇ ਨਾਨਕ! ਜੋ ਮਨੁੱਖ ਗੁਰੂ ਨੂੰ ਚੇਤੇ ਨਹੀਂ ਕਰਦੇ, ਆਪਣੇ ਆਪ ਵਿਚ

ਚਤੁਰ ਬਣੇ ਹੋਏ ਹਨ, ਉਹ ਇਉਂ ਹਨ ਜਿਵੇਂ ਕਿਸੇ ਸੁੰਞੀ ਪੈਲੀ ਵਿਚ ਅੰਦਰੋਂ ਸੜੇ ਤਿਲ ਨਿਖ਼ਸਮੇ ਪਏ ਹੋਏ ਹਨ। ਹੇ ਨਾਨਕ ! ਬੇਸ਼ੱਕ ਆਖ ਕਿ ਪੈਲੀ ਵਿਚ ਨਿਖ਼ਸਮੇ ਪਏ ਹੋਏ ਉਨ੍ਹਾਂ ਬੂਆੜ ਤਿਲਾਂ ਦੇ ਸੌ ਖ਼ਸਮ ਹਨ, ਉਹ ਵਿਚਾਰੇ ਫੁੱਲਦੇ ਵੀ ਹਨ, ਭਾਵ, ਉਨ੍ਹਾਂ ਨੂੰ ਫੁੱਲ ਵੀ ਲੱਗਦੇ ਹਨ; ਫਲਦੇ ਵੀ ਹਨ, ਫੇਰ ਵੀ ਉਨ੍ਹਾਂ ਦੇ ਤਨ ਵਿਚ, ਭਾਵ, ਉਨ੍ਹਾਂ ਦੀ ਫਲੀ ਵਿਚ ਤਿਲਾਂ ਦੀ ਥਾਂ 'ਤੇ ਸੁਆਹ ਭਰੀ ਹੁੰਦੀ ਹੈ। ਦੇਖਣ ਨੂੰ ਸਾਰੇ ਮਨੁਖ ਇੱਕੋ ਜਿਹੇ ਲੱਗਦੇ ਹਨ, ਪਰ ਵਰਤਣ 'ਤੇ ਗੁਣਾਂ ਔਗੁਣਾਂ ਦਾ ਪਤਾ ਲੱਗਦਾ ਹੈ। ਜਿਨ੍ਹਾਂ ਨੇ ਪਰਮਾਤਮਾ ਦੇ ਸ਼ੁਭ ਗੁਣਾਂ ਨੂੰ ਆਪਣੀ ਜ਼ਿੰਦਗੀ ਦਾ ਅੰਗ ਬਣਾ ਲਿਆ ਹੈ, ਉਹ ਵਿਕਾਰਾਂ ਵਾਲੀ ਜ਼ਿੰਦਗੀ ਤੋਂ ਬਚ ਜਾਂਦੇ ਹਨ, ਪਰ ਜੋ ਮਨੁੱਖ ਆਪਣੇ ਮਨ ਦੇ ਪਿੱਛੇ ਚੱਲ ਕੇ ਵਿਕਾਰਾਂ ਵੱਲ ਨੂੰ ਤੁਰਦੇ ਹਨ, ਉਨ੍ਹਾਂ ਮਨੁੱਖਾਂ ਦੇ ਸੌ ਪ੍ਰਕਾਰ ਦੇ ਵਿਕਾਰ ਮਾਲਕ ਬਣ ਜਾਂਦੇ ਹਨ।

ਤਿਲਾਂ ਦੇ ਬੂਟਿਆਂ ਵਾਂਗ ਅਸੀਂ ਸਾਰੇ ਦੇਖਣ ਨੂੰ ਇੱਕੋ ਜਿਹੇ ਖ਼ਾਲਸੇ ਲੱਗਦੇ ਹਾਂ, ਪਰ ਅੰਦਰੂਨੀ ਖ਼ਾਲਸਾ ਪੰਥ ਵਾਲੀ ਰਹਿਤ ਮਰਯਾਦਾ ਨਾ ਹੋਣ ਕਰਕੇ ਕੋਈ ਕਿਸੇ ਡੇਰੇ ਨਾਲ ਜੁੜ ਗਿਆ ਹੈ ਤੇ ਕਿਸੇ ਨੇ ਆਪਣੀ ਵੱਖਰੀ ਜਥੇਬੰਦੀ ਕਾਇਮ ਕਰਕੇ ਆਪਣੀ ਵੱਖਰੀ ਰਹਿਤ ਮਰਯਾਦਾ ਬਣਾ ਲਈ ਹੈ। ਵੱਖ-ਵੱਖ ਰਾਹਾਂ 'ਤੇ ਤੁਰਨ ਕਰਕੇ ਸਮੁੱਚੇ ਤੌਰ 'ਤੇ ਸਿੱਖ ਪੰਥ ਦੇ ਨਿਆਰੇ-ਪਨ ਨੂੰ ਢਾਹ ਲੱਗੀ ਹੈ। ਸਿੱਖ ਦਾ ਆਦਰਸ਼ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ ਤੇ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਹੈ।

ਸ੍ਰ. ਕਿਰਪਾਲ ਸਿੰਘ ਜੀ 'ਚੰਦਨ' ਸਿੱਖੀ ਜੀਵਨ ਜਾਚ ਬਾਰੇ ਬਹੁਤ ਹੀ ਪਿਆਰਾ ਲਿਖਦੇ ਹਨ : "ਹਰ ਜੀਵਨ ਜਾਚ ਕਿਸੇ ਨਾ ਕਿਸੇ ਫ਼ਿਲਾਸਫ਼ੀ ਉੱਤੇ ਆਧਾਰਿਤ ਹੁੰਦੀ ਹੈ। ਜਿਵੇਂ ਇਕ ਸੱਚਾ ਮੁਸਲਮਾਨ ਅਜਿਹਾ ਜੀਵਨ ਜਿਊਣ ਦਾ ਯਤਨ ਕਰਦਾ ਹੈ ਜੋ ਕੁਰਾਨ ਦੇ ਉਪਦੇਸ਼ਾਂ ਦੇ ਮੁਤਾਬਿਕ ਹੋਵੇ। ਈਸਾਈ ਇਕ ਬਾਈਬਲ ਨੂੰ ਆਧਾਰ ਮੰਨ ਕੇ, ਈਸਾ ਦੇ ਚਰਿੱਤ੍ਰ ਨੂੰ ਧਿਆਨ ਵਿਚ ਰੱਖ ਕੇ ਜੀਵਨ ਜਿਊਂਦਾ ਹੈ। ਹਿੰਦੂਆਂ ਵਿਚ ਭਾਵੇਂ ਬਹੁਤ ਫ਼ਿਰਕੇ ਹਨ ਤਾਂ ਵੀ ਖ਼ਾਸ ਫ਼ਿਰਕੇ ਖ਼ਾਸ-ਖ਼ਾਸ ਪੁਸਤਕਾਂ ਨੂੰ ਮੰਨਣ ਕਰਕੇ ਉਸ ਅਨੁਸਾਰ ਜੀਵਨ ਜਿਊਂਦੇ ਹਨ। ਏਥੇ ਹੀ ਬੱਸ ਨਹੀਂ, ਕਮਿਊਨਿਸਟ ਲੋਕ ਵੀ ਮਾਰਕਸ, ਲੈਨਿਨ ਤੇ ਮਾਉ ਦੇ ਸਿਧਾਂਤਾਂ ਨੂੰ ਠੀਕ ਵਿਗਿਆਨਕ ਮੰਨ ਕੇ ਜੀਵਨ ਨੂੰ ਉਸ ਅਨੁਸਾਰ ਜਿਊਂਦੇ ਹਨ। ਠੀਕ ਏਸੇ ਤਰ੍ਹਾਂ ਗੁਰਸਿੱਖ ਵੀ ਦਸਾਂ ਗੁਰੂਆਂ ਦੁਆਰਾ ਪ੍ਰਚਾਰੀ ਗਈ ਗੁਰਮਤਿ ਅਨੁਸਾਰ ਆਪਣਾ ਜੀਵਨ ਜਿਊਂਦੇ ਹਨ। ਸਿੱਖ ਗੁਰੂਆਂ ਦੀ ਆਤਮਾ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਅੱਜ ਸਿੱਖਾਂ ਦੀ ਅਗਵਾਈ ਕਰ ਰਹੀ ਹੈ। ਸੋ, ਸਿੱਖ ਜੀਵਨ ਜਾਚ ਨੂੰ ਨਿਰਧਾਰਤ ਕਰਨ ਵੇਲੇ ਕੋਈ ਔਖਿਆਈ ਮਹਿਸੂਸ ਨਹੀਂ ਹੁੰਦੀ, ਕਿਉਂਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਵਿਚ ਸਿੱਖੀ ਜੀਵਨ ਨੂੰ ਥਾਂ-ਥਾਂ 'ਤੇ ਬਿਆਨਿਆ ਗਿਆ ਹੈ ਕਿ ਸਿੱਖ ਨੇ ਵਾਹਿਗੁਰੂ ਜੀ ਦੇ ਲੜ ਕਿਵੇਂ ਲੱਗਣਾ ਹੈ ਅਤੇ ਸਿੱਖ ਨੇ ਆਪਣੇ ਜੀਵਨ ਦੇ ਧਾਰਮਿਕ, ਸਮਾਜਿਕ, ਭਾਈਚਾਰਕ ਤੇ ਸਿਆਸੀ ਖੇਤਰਾਂ ਵਿਚ ਕਿਵੇਂ ਵਿਚਰਨਾ ਹੈ, ਆਦਿ ਨੂੰ ਗੁਰਬਾਣੀ ਵਿਚ ਬਹੁਤ ਸਪੱਸ਼ਟ ਕਰਕੇ ਬਿਆਨਿਆ ਗਿਆ ਹੈ।

ਤਿਲਾਂ ਦੇ ਬੂਟੇ ਦੇਖਣ ਨੂੰ ਇੱਕੋ ਜਿਹੇ ਲੱਗਦੇ ਹਨ, ਪਰ ਨੇੜੇ ਗਿਆਂ ਪਤਾ ਲੱਗਦਾ ਹੈ ਇਕਨਾਂ ਵਿਚ ਸਵਾਹ ਹੈ ਤੇ ਇਕਨਾਂ ਵਿਚ ਦਾਨੇ ਭਰੇ ਪਏ ਹਨ, ਇੰਜ ਹੀ ਦੇਖਣ ਨੂੰ ਅਸੀਂ ਸਾਰੇ ਸਿੱਖ ਸਰੂਪ ਇੱਕੋ ਜਿਹੇ ਹੀ ਲੱਗਦੇ ਹਾਂ, ਪਰ ਕਰਮ ਸਾਡੇ ਉਹ ਹਨ, ਜੋ ਵੱਖ-ਵੱਖ ਧਰਮਾਂ ਦੇ ਹਨ; ਜਾਂ ਇੰਜ ਕਹਿ ਲਿਆ ਜਾਏ ਕਿ ਜਿਥੋਂ ਸਾਨੂੰ ਗੁਰਬਾਣੀ ਨੇ ਬਾਹਰ ਕੱਢਿਆ ਹੈ ਅੱਜ ਉਹ ਹੀ ਕਰਮ-ਕਾਂਡ ਜ਼ਿੰਦਗੀ ਦਾ ਹਿੱਸਾ ਬਣ ਗਏ ਹਨ। ਜੇ ਸਾਡਾ ਜੀਵਨ ਗੁਰਬਾਣੀ, ਪੰਥ ਪ੍ਰਵਾਨਿਤ ਰਹਿਤ ਮਰਯਾਦਾ ਅਨੁਸਾਰ ਨਹੀਂ ਹੈ ਤਾਂ ਫਿਰ ਅਸੀਂ ਨਿਆਰੇ ਕਿਵੇਂ ਹੋਏ ? ਖ਼ਾਲਸਾ ਪੰਥ ਦੀ ਤਾਂ ਆਪਣੀ ਹੋਂਦ ਹੈ, ਆਪਣੀ ਵੱਖਰੀ ਹਸਤੀ ਹੈ, ਵੱਖਰੀ ਪਹਿਚਾਣ ਤੇ ਵੱਖਰੀ ਕੌਮ ਹੈ। ਗੁਰਦੁਆਰਿਆਂ ਵਿਚ, ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ, ਕੀ ਸਿੱਖ ਸਮਾਜ ਤੇ ਕੀ ਧਾਰਮਿਕ ਜੀਵਨ, ਸਭ ਵਿਚ ਉਹ ਕੁਝ ਹੋ ਰਿਹਾ ਹੈ ਜੋ ਕੁਝ ਬਾਕੀ ਧਰਮਾਂ ਵਾਲੇ ਕਰ ਰਹੇ ਹਨ, ਫਿਰ ਨਿਆਰੇ ਕਿੱਦਾਂ ਹੋਏ ?

ਜੇ ਗੁਰਦੁਆਰਿਆਂ ਅੰਦਰ ਅੱਜ ਦੇ ਯੁੱਗ ਵਿਚ ਵੀ ਜੋਤਾਂ ਜਗਦੀਆਂ ਹੋਣ, ਸ੍ਰੀ ਅਖੰਡਪਾਠ ਦੇ ਮੌਕਿਆਂ 'ਤੇ ਦੇਸੀ ਘਿਉ ਨੂੰ ਦੇਵਤਾ ਮੰਨ ਕੇ ਪੂਜਾ ਕੀਤੀ ਜਾ ਰਹੀ ਹੋਵੇ, ਆਰਤੀਆਂ ਉਤਾਰੀਆਂ ਜਾਂਦੀਆਂ ਹੋਣ ਤਾਂ ਫਿਰ ਅਸੀਂ ਨਿਆਰੇ ਕਿੰਜ ਹੋਏ ? ਗੁਰਬਾਣੀ ਤਾਂ ਕਹਿ ਰਹੀ ਹੈ :

ਸਰਬ ਜੋਤਿ ਤੇਰੀ ਪਸਰਿ ਰਹੀ ॥
ਜਹ ਜਹ ਦੇਖਾ ਤਹ ਨਰਹਰੀ ॥ *(ਪੰਨਾ 876)*

ਜੇ ਅੰਮ੍ਰਿਤਧਾਰੀ ਸਿੱਖ ਹਰ ਸ਼ਨੀਵਾਰ ਦੀ ਉਡੀਕ ਇਸ ਲਈ ਕਰ ਰਿਹਾ ਹੋਵੇ ਕਿ ਮੈਂ ਸ਼ਨੀਵਾਰ ਨੂੰ ਤੇਲ, ਲੋਹਾ, ਕਾਲੇ ਮਾਂਹ ਦਾਨ ਦੇ ਕੇ ਸ਼ਨੀ ਗ੍ਰਹਿ ਨੂੰ ਦੂਰ ਕਰਕੇ ਬਲਾ ਟਾਲਣੀ ਹੈ ਤਾਂ ਫਿਰ ਅਸੀਂ ਨਿਆਰੇ ਕਿਵੇਂ ਹੋਏ ? ਜ਼ਰਾ ਸੋਚੀਏ ਇਹ ਵਾਕ ਕੀ ਕਹਿ ਰਿਹਾ ਹੈ :

ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥
(ਭੈਰਉ ਮਹਲਾ ੫, ਪੰਨਾ 1138)

ਸਾਰੀ ਗੁਰਬਾਣੀ ਇਕ ਪਰਮਾਤਮਾ ਦੀ ਹੋਂਦ 'ਤੇ ਜ਼ੋਰ ਦੇ ਰਹੀ ਹੈ, ਪਰ ਕਈ ਭੋਲੇ ਸਿੱਖ ਮਨੋ-ਕਲਪਿਤ ਦੇਵੀ ਦੇਵਤਿਆਂ ਦੀ ਪੂਜਾ ਦੇ ਸ਼ਿਕਾਰ ਹੋਏ

ਮਿਲ ਰਹੇ ਹਨ। ਕਈ ਵਿਚਾਰੇ ਗੁਰਬਾਣੀ ਸੂਝ ਤੋਂ ਕੋਰੇ ਹੋਣ ਕਰਕੇ ਜਿਊਂਦੇ ਸਾਧਾਂ ਦੀਆਂ ਤਸਵੀਰਾਂ ਨੂੰ ਰੱਬ ਸਮਝ ਕੇ ਹੀ ਮੱਥਾ ਟੇਕੀ ਤੁਰੇ ਜਾ ਰਹੇ ਹਨ, ਕੀ ਨਿਆਰੇ-ਪਨ ਦੀਆਂ ਇਹ ਨਿਸ਼ਾਨੀਆਂ ਹਨ?

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥
(ਸੋਰਠਿ ਮਹਲਾ ੧, ਪੰਨਾ 637)

ਗੁਰਬਾਣੀ ਲੋਅ ਵਿਚ ਬਣੀ ਸਿੱਖ ਰਹਿਤ ਮਰਯਾਦਾ ਅਨੁਸਾਰ ਮੂਰਤੀ ਪੂਜਾ ਨੂੰ ਬਿਲਕੁਲ ਸਿੱਖੀ ਵਿਚ ਥਾਂ ਨਹੀਂ ਹੈ, ਪਰ ਆਮ ਘਰਾਂ ਵਿਚ ਵੱਖ-ਵੱਖ ਕਲਾਕਾਰਾਂ ਦੀਆਂ ਬਣਾਈਆਂ ਹੋਈਆਂ ਮੂਰਤਾਂ, ਚਿੱਤਰ, ਤਸਵੀਰਾਂ ਉੱਤੇ ਚੜ੍ਹਾਏ ਹੋਏ ਹਾਰ ਤੇ ਉਨ੍ਹਾਂ ਅੱਗੇ ਧੁੱਖ ਰਹੀਆਂ ਧੂਪਾਂ, ਪੂਜਾ ਦੇ ਰੂਪ ਵਿਚ ਦੇਖੀਆਂ ਜਾ ਸਕਦੀਆਂ ਹਨ। ਗੱਲ ਕੀ, ਸਿੱਖ ਕੌਮ ਮੂਰਤੀ ਕਲਚਰ ਦੀ ਸ਼ਿਕਾਰ ਹੋ ਗਈ ਹੈ। ਜ਼ਿਆਦਾ ਨਹੀਂ ਤਾਂ ਘੱਟੋ-ਘੱਟ ਵਿਸ਼ਕਰਮਾ ਦਿਵਸ 'ਤੇ ਇਹ ਕੁਝ ਦੇਖਿਆ ਜਾ ਸਕਦਾ ਹੈ। ਪੱਥਰ, ਲੋਹੇ, ਸ਼ੀਸ਼ੇ, ਕਾਗਜ਼ ਤੇ ਪਲਾਸਟਿਕ ਦੀਆਂ ਬਣੀਆਂ ਹੋਈਆਂ ਤਸਵੀਰਾਂ ਆਮ ਸਿੱਖਾਂ ਦੀਆਂ ਮੋਟਰ ਗੱਡੀਆਂ ਤੇ ਘਰਾਂ ਵਿੱਚੋਂ ਥੋਕ ਰੂਪ ਵਿਚ ਮਿਲ ਜਾਣਗੀਆਂ ਤੇ ਵਿਕ ਰਹੀਆਂ ਹਨ, ਸਾਡੇ ਸਿਰਮੌਰ ਧਾਰਮਿਕ ਅਸਥਾਨਾਂ ਉੱਤੇ। ਵਾਹ! ਨਿਆਰੇ ਖ਼ਾਲਸਾ ਜੀ, ਜੋੜਿਆ ਸੀ ਤੈਨੂੰ ਸ਼ਬਦ-ਗੁਰੂ ਨਾਲ ਪਰ ਤੂੰ ਜੁੜ ਗਇਓਂ ਪੱਥਰ ਯੁੱਗ ਦੀਆਂ ਕਲਾਕਾਰਾਂ ਦੁਆਰਾ ਬਣਾਈਆਂ ਹੋਈਆਂ ਮੂਰਤੀਆਂ ਨਾਲ। ਕਲਾਕਾਰ ਦੀ ਕਲਾ ਦੁਆਰਾ ਪੂਜਾ ਤੇ ਸ਼ਬਦ-ਗੁਰੂ ਨੂੰ ਪਿੱਠ; ਤੇ ਕਹਿਣ ਨੂੰ ਹਾਂ ਜੀ, ਤੁਹਾਨੂੰ ਪਤਾ ਜੇ ਕਿ ਮੈਂ ਨਿਆਰਾ ਖ਼ਾਲਸਾ ਹਾਂ! ਕਰੋ ਖਾਂ ਗੁਰਬਾਣੀ ਦੇ ਇਸ ਪਵਿੱਤਰ ਵਾਕ ਦੇ ਦਰਸ਼ਨ, ਕੀ ਸੁਨੇਹਾ ਦੇਂਦੇ ਹਨ:

ਜੋ ਪਾਥਰ ਕਉ ਕਹਤੇ ਦੇਵ ॥
ਤਾ ਕੀ ਬਿਰਥਾ ਹੋਵੈ ਸੇਵ ॥ *(ਭੈਰਉ ਮਹਲਾ ੫, ਪੰਨਾ 1160)*

ਗੁਰਬਾਣੀ ਨੇ ਮਾਲਾ ਦੇ ਸਿਧਾਂਤ ਨੂੰ ਮੂਲੋਂ ਹੀ ਰੱਦ ਕੀਤਾ ਹੈ, ਪਰ ਅਸੀਂ ਵੀ ਨਿਆਰੇ ਕੀ ਹੋਏ ਜੇ ਮਾਲਾ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਨਾ ਬਣਾਇਆ। ਕੋਈ ਤੁਲਸੀ ਦੀ, ਕੋਈ ਲੋਹੇ ਦੀ, ਕੋਈ ਸੂਤਰ ਦੀ ਤੇ ਕੋਈ ਭੋਲਾ ਸਿੱਖ ਪੱਥਰ ਦੀ ਮਾਲਾ ਪਾਈ ਫਿਰਦਾ ਹੈ:

ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ *(ਭੈਰਉ ਮਹਲਾ ੪, ਪੰਨਾ 1134)*

ਨਿਆਰੇ ਖ਼ਾਲਸੇ ਦੀ ਇਹ ਨਿਸ਼ਾਨੀ ਨਹੀਂ ਹੈ ਕਿ ਉਹ ਥਾਈਂ-ਥਾਈਂ ਪੰਡਿਤਾਂ ਨੂੰ ਆਪਣਾ ਹੱਥ ਦਿਖਾ ਕੇ ਆਪਣੀ ਕਿਸਮਤ ਸੰਬੰਧੀ ਪੁੱਛਦਾ ਫਿਰੇ ਕਿ ਮੇਰੀ ਕਿਸਮਤ ਵਿਚ ਕੀ ਲਿਖਿਆ ਹੋਇਆ ਹੈ। ਗੁਰਬਾਣੀ ਸੂਝ ਦੀ ਘਾਟ

ਕਰਕੇ ਆਮ ਸਿੱਖ ਇਨ੍ਹਾਂ ਦੇ ਦੁਆਰਿਆਂ 'ਤੇ ਦਸਤਕ ਦੇ ਰਿਹਾ ਹੈ ਤੇ ਉਨ੍ਹਾਂ ਪਾਸੋਂ ਆਏ ਸੰਕਟ ਦੇ ਬਚਾਵੀ ਉਪਾਓ ਪੁੱਛ ਰਿਹਾ ਹੈ। ਅਸਲੀਅਤ ਇਹ ਹੈ ਕਿ ਉਹ ਵਿਚਾਰੇ ਆਪ ਸੰਕਟਾਂ ਦੇ ਮਾਰੇ ਹੋਏ ਪਏ ਫਿਰ ਰਹੇ ਹਨ:

ਸਤਿਗੁਰ ਬਾਝਹੁ ਅੰਧੁ ਗੁਬਾਰੁ ॥
ਥਿਤੀ ਵਾਰ ਸੇਵਹਿ ਮੁਗਧ ਗਵਾਰ ॥

(ਬਿਲਾਵਲੁ ਮਹਲਾ ੩, ਪੰਨਾ 843)

ਮੱਸਿਆ, ਸੰਗਰਾਂਦ, ਪੂਰਨਮਾਸ਼ੀ ਤੇ ਕਈ ਵਾਰਾਂ ਦੀ ਮਹਾਨਤਾ ਨੂੰ ਮੁੱਖ ਰੱਖ ਕੇ ਆਮ ਗੁਰਦੁਆਰਿਆਂ ਵਿਚ ਸਿੱਖਾਂ ਦੇ ਬਹੁਤ ਵੱਡੇ ਇਕੱਠ ਦੇਖਣ ਨੂੰ ਮਿਲ ਜਾਣਗੇ। ਕੋਈ ਕਹਿ ਰਿਹਾ ਹੈ ਕਿ ਅੱਜ ਅਸੀਂ ਪੂਰਨਮਾਸ਼ੀ ਦੀ ਕਥਾ ਸੁਣਨ ਲਈ ਆਏ ਹਾਂ ਤੇ ਇਹ ਕਥਾ ਸੁਣਨ ਕਰਕੇ ਸਾਡੇ ਸਾਰੇ ਪਾਪ ਕੱਟੇ ਜਾਣੇ ਹਨ ਤੇ ਕਈ ਪ੍ਰਕਾਰ ਦੇ ਫਲਾਂ ਦੀ ਪ੍ਰਾਪਤੀ ਹੋਣੀ ਹੈ। ਹੈ ਕਿ ਨਹੀਂ, ਪਿਆਰੇ ਖ਼ਾਲਸੇ ਦੇ ਨਿਆਰੇ ਰੰਗ, ਵਿਚਾਰੀਏ ਇਸ ਪਵਿੱਤਰ ਵਾਕ ਨੂੰ:

ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ ॥

(ਸਲੋਕ ਮਹਲਾ ੫, ਪੰਨਾ 318)

ਕਈਆਂ ਧਰਮਾਂ ਨੇ ਮੰਤਰਾਂ ਦੇ ਜਾਪ ਉੱਤੇ ਜ਼ੋਰ ਦਿੱਤਾ ਹੈ ਕਿ ਇਸ ਮੰਤਰ ਦਾ ਇਤਨੀ ਵਾਰੀ ਜਾਪ ਕੀਤਿਆਂ ਇਸ ਫਲ ਦੀ ਪ੍ਰਾਪਤੀ ਹੋ ਜਾਏਗੀ ਯਾਨਿ ਕਿ ਰਿਧੀਆਂ ਸਿਧੀਆਂ ਆਪਣੇ ਆਪ ਹੀ ਕੋਲ ਆ ਜਾਣਗੀਆਂ। ਆਪਾਂ ਕਿਹੜੇ ਕਿਸੇ ਤੋਂ ਘੱਟ ਹਾਂ, ਫਟਾ-ਫਟ ਨਕਲ ਮਾਰੀ ਤੇ ਗੁਰਬਾਣੀ ਜੀਵਨ ਦੀ ਜਾਚ ਛੱਡ ਕੇ ਵੱਖੋ-ਵੱਖਰੇ ਸ਼ਬਦਾਂ ਨੂੰ ਇਕੱਠਾ ਕਰਕੇ ਸੰਕਟ-ਮੋਚਨ ਦੀਆਂ ਪੁਸਤਕਾਂ ਬਣਾ ਕੇ ਸੰਗਤ ਵਿਚ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਾਰੀ ਗੁਰਬਾਣੀ ਪੜ੍ਹਨ ਜਾਂ ਵਿਚਾਰਨ ਦੀ ਕੀ ਜ਼ਰੂਰਤ ਹੈ, ਸਿਰਫ਼ ਇਸ ਸ਼ਬਦ ਦਾ ਏਨੀ ਵਾਰ ਜਾਪ ਕੀਤਿਆਂ ਹੀ ਮਸਲਾ ਹੱਲ ਹੋ ਜਾਏਗਾ। ਤੇ ਜੇ ਨਿਆਰਾ ਖ਼ਾਲਸਾ ਵੀ ਆਮ ਲੋਕਾਂ ਦੀ ਤਰਜ਼ 'ਤੇ ਕੁਝ ਚੋਣਵੇਂ ਸ਼ਬਦਾਂ ਦਾ ਹੀ ਜਾਪ ਕਰ ਰਿਹਾ ਹੈ ਤਾਂ ਫਿਰ ਇਹ ਨਿਆਰਾ ਕਿਸ ਤਰ੍ਹਾਂ ਹੋਇਆ:

ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥

(ਸੂਹੀ ਮਹਲਾ ੧, ਪੰਨਾ 766)

ਵੱਖ-ਵੱਖ ਧਰਮਾਂ ਦੇ ਪੁਜਾਰੀਆਂ ਨੇ ਆਪਣੇ-ਆਪਣੇ ਖ਼ਿਆਲ ਅਨੁਸਾਰ ਸਵਰਗ ਤੇ ਨਰਕ ਦਾ ਸੋਹਣੇ ਢੰਗ ਨਾਲ ਚਿਤਰਨ ਚਿਤਰਿਆ ਹੈ; ਤੇ ਨਰਕ ਸਵਰਗ ਦੇ ਆਧਾਰ 'ਤੇ ਹੀ ਉਨ੍ਹਾਂ ਦੀ ਪੂਜਾ ਚੱਲਦੀ ਹੈ। ਏਸੇ ਨਰਕ ਸਵਰਗ ਦੀ ਸਿੱਖ ਵੀ ਆਸ ਲਾ ਕੇ ਬੈਠਾ ਹੈ ਤਾਂ ਫਿਰ ਸੱਚ ਇਹ ਹੈ ਕਿ ਇਹ ਨਿਆਰਾ

ਨਹੀਂ ਹੋ ਸਕਦਾ। ਨਿਆਰਾ ਖ਼ਾਲਸਾ ਤਾਂ ਇਨ੍ਹਾਂ ਦੋਨਾਂ ਨੂੰ ਹੀ ਰੱਦ ਕਰਦਾ ਹੈ, ਜਿਹਾ ਕਿ ਗੁਰਵਾਕ ਹੈ:

ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥

(ਰਾਮਕਲੀ ਕਬੀਰ ਜੀ, ਪੰਨਾ 969)

ਮ੍ਰਿਤਕ ਸਰੀਰ ਨੂੰ ਮੱਥਾ ਟਿਕਾਉਣ ਲਈ ਗੁਰਦੁਆਰੇ ਲਿਆਉਣਾ, ਮਰ ਚੁੱਕੇ ਸਰੀਰ 'ਤੇ ਬੇਲੋੜੀਆਂ ਵੇਖੋ-ਵੇਖੀ ਚਾਦਰਾਂ ਚੜ੍ਹਾਈ ਜਾਣੀਆਂ ਗੁਰਮਤਿ ਨਹੀਂ, ਸਗੋਂ ਹੋਰ ਧਰਮਾਂ ਦੇ ਦਿਖਾਵੇ ਵਿਚ ਨਿਆਰਾ ਖ਼ਾਲਸਾ ਫਸ ਗਿਆ ਹੈ, ਸਮਝੀਏ ਇਸ ਵਾਕ ਨੂੰ:

ਜੇ ਮਿਰਤਕ ਕਉ ਚੰਦਨੁ ਚੜਾਵੈ॥
ਉਸ ਤੇ ਕਹਹੁ ਕਵਨ ਫਲ ਪਾਵੈ॥

(ਭੈਰਉ ਬਾਣੀ ਭਗਤਾ ਕੀ, ਪੰਨਾ 1160)

ਸਿੱਖ ਧਰਮ ਵਿਚ ਤਿਲਕ, ਗਾਨਾ, ਮੌਲੀ, ਰੱਖੜੀ, ਮੁਕਟ ਆਦਿ ਬੰਨ੍ਹਣੇ ਮਨਾਹੀ ਵਿਚ ਆਉਂਦੇ ਹਨ ਤੇ ਜੇ ਅਜਿਹਾ ਸਿੱਖ ਕਰ ਰਿਹਾ ਹੈ ਤਾਂ ਕੀ ਇਸਦਾ ਨਿਆਰਾਪਨ ਕਾਇਮ ਰਹਿ ਸਕਦਾ ਹੈ ? ਭਾਈ ਗੁਰਦਾਸ ਜੀ ਇਸ ਪ੍ਰਥਾਏ ਕੀ ਕਹਿਣਾ ਚਾਹੁੰਦੇ ਹਨ, ਜ਼ਰਾ ਸੁਣੀਏ ਉਨ੍ਹਾਂ ਦੇ ਵਿਚਾਰ:

ਬਾਰਹ ਤਿਲਕ ਮਿਟਾਇਕੈ, ਗੁਰਮੁਖਿ ਤਿਲਕੁ ਨੀਸਾਣਿ ਚੜਾਇਆ॥

(ਵਾਰ 7, ਪਉੜੀ 12)

ਵਰ੍ਹੀਣੇ; ਬਰਸੀਆਂ ਮਨਾਉਣੀਆਂ ਤੇ ਸਿੱਖਾਂ ਨੂੰ ਘਰ ਸੱਦ ਕੇ ਸ਼ਰਾਧ ਛਕਾਉਣੇ ਇਹ ਸਿੱਖੀ ਦਾ ਸਭਿਆਚਾਰ ਨਹੀਂ ਸੀ ਤੇ ਜੇ ਇਹ ਵੀ ਕਿਰਿਆ ਸਿੱਖੀ ਵਿਚ ਆ ਗਈ ਹੈ ਤਾਂ ਫਿਰ ਨਿਆਰੇ ਤਾਂ ਨਾ-ਨਾ ਹੋਏ। ਇਸ ਪ੍ਰਥਾਏ ਗੁਰੂ ਸਾਹਿਬ ਜੀ ਨੇ ਸਾਨੂੰ ਕੀ ਸਮਝਾਇਆ ਹੈ:

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥

(ਰਾਗ ਗਉੜੀ ਬਾਣੀ ਕਬੀਰ ਜੀਉ, ਪੰਨਾ 332)

ਡਾਕਟਰਾਂ ਦਾ ਖ਼ਿਆਲ ਹੈ ਕਿ ਜੇ ਆਦਮੀ ਭੁੱਖ ਰੱਖ ਕੇ ਰੋਟੀ ਖਾਏ ਤਾਂ ਉਹ ਕਦੇ ਵੀ ਪੇਟ ਦੀ ਬਿਮਾਰੀ ਦਾ ਸ਼ਿਕਾਰ ਨਹੀਂ ਹੁੰਦਾ ਪਰ ਅਸਾਂ ਤਾਂ ਦੂਸਰਿਆਂ ਦੀ ਨਕਲ ਕਰਕੇ ਇਹ ਵਹਿਮ ਪੂਰੀ ਤਰ੍ਹਾਂ ਪਾਲ ਲਿਆ ਹੈ ਕਿ ਅੰਨ ਛੱਡਣ ਨਾਲ ਤੇ ਹੋਰ ਕਈ ਪ੍ਰਕਾਰ ਦੇ ਵਰਤ ਰੱਖਿਆਂ ਰੱਬ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਸ ਨੂੰ ਗੁਰਬਾਣੀ ਸਿਧਾਂਤ ਨੇ ਰੱਦ ਕੀਤਾ ਹੈ ਪਰ ਸਾਡੇ ਬਹੁਤ ਸਾਰੇ ਵੀਰਾਂ ਭੈਣਾਂ ਨੇ ਵਰਤ ਨੂੰ ਜ਼ਰੂਰੀ ਕਰਾਰ ਦਿੱਤਾ ਹੋਇਆ ਹੈ ਜੋ ਸਿੱਖੀ ਦੇ ਨਿਆਰੇਪਨ ਦੀ ਨਿਸ਼ਾਨੀ ਨਹੀਂ ਹੈ:

ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥
ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥

(ਰਾਮਕਲੀ ਮਹਲਾ ੧, ਪੰਨਾ 905)

ਗੁਰੂ ਨਾਨਕ ਸਾਹਿਬ ਜੀ ਦੇ ਸਥਾਪਤ ਕੀਤੇ ਨਿਰਮਲ ਪੰਥ ਵਿਚ ਜਾਤ-ਪਾਤ ਨੂੰ ਕੋਈ ਥਾਂ ਨਹੀਂ ਦਿੱਤੀ ਗਈ; ਬਲਕਿ ਸਾਰੇ ਮਨੁੱਖਾਂ ਨੂੰ ਇਕ ਪਰਮੇਸ਼ਰ ਦੇ ਬੱਚੇ ਆਖਿਆ ਗਿਆ ਹੈ। ਸਿੱਖ ਕੌਮ ਵਿਚ ਵਿਸ਼ਾਲ ਹਿਰਦੇ ਨਾਲ ਦੇਖਿਆ ਜਾਏ ਤਾਂ ਅਸੀਂ ਇਸ ਬਿਮਾਰੀ ਦੇ ਬੁਰੀ ਤਰ੍ਹਾਂ ਸ਼ਿਕਾਰ ਹੋ ਚੁੱਕੇ ਹਾਂ—ਕੀ ਅਸੀਂ ਕਿਤੇ ਦਲਿਤ ਵੀਰਾਂ ਨੂੰ ਚੌਥਾ ਪਉੜਾ ਤਾਂ ਨਹੀਂ ਕਹਿ ਰਹੇ, ਕੀ ਅਸਾਂ ਆਪਣੀ-ਆਪਣੀ ਬਰਾਦਰੀ ਦੇ ਨਾਂ 'ਤੇ ਗੁਰਦੁਆਰੇ ਤਾਂ ਨਹੀਂ ਸਥਾਪਤ ਕਰ ਲਏ ? ਜੇ ਕੀਤੇ ਹਨ ਤਾਂ ਫਿਰ ਨਿਆਰੇ ਤੇ ਨਾ-ਨਾ ਹੋਏ, ਜ਼ਰਾ ਸੋਚਣ ਵਾਲੀ ਗੱਲ ਹੈ। ਵੱਖ-ਵੱਖ ਜਥੇਬੰਦੀਆਂ ਨਾਲ ਜੁੜ ਕੇ ਇਕ ਨਿਰਮਲ ਪੰਥ ਦੇ ਪਾਂਧੀ ਨਹੀਂ ਰਹੇ :

ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥ *(ਵਾਰ ਸਿਰੀਰਾਗੁ, ਮ: ੧, ਪੰਨਾ 83)*

ਦੁਨੀਆ ਦਾ ਹਰ ਸਿਆਣਾ ਧਰਮ ਕੋਈ ਵੀ ਨਸ਼ਾ ਵਰਤਣ ਦੀ ਆਗਿਆ ਨਹੀਂ ਦੇਂਦਾ। ਸਿੱਖ ਧਰਮ ਵਿਚ ਤਾਂ ਇਸ ਦੀ ਸਖ਼ਤ ਮਨਾਹੀ ਹੈ; ਤੇ ਜੇ ਫਿਰ ਵੀ ਨਸ਼ਾ ਪੀਣ ਨੂੰ ਤਰਜੀਹ ਦੇਵੇ ਤਾਂ ਕਹਿਣਾ ਪਏਗਾ ਇਹ ਨਿਆਰਾ ਨਹੀਂ ਰਿਹਾ। ਗੁਰੂ ਨਾਨਕ ਸਾਹਿਬ ਜੀ ਦੇ ਨਿਰਮਲ ਪੰਥ ਦੇ ਪਾਂਧੀ ਲਈ ਹਰ ਪ੍ਰਕਾਰ ਦੇ ਨਸ਼ਾ ਵਰਤਣ ਦੀ ਸਖ਼ਤ ਮਨਾਹੀ ਹੈ। ਪੰਜਾਬ ਨੂੰ ਗੁਰੂਆਂ ਪੀਰਾਂ ਦੀ ਧਰਤੀ ਕਿਹਾ ਜਾਂਦਾ ਹੈ, ਪਰ ਨਸ਼ਿਆਂ ਦੇ ਜੋ ਅੰਕੜੇ ਰੋਜ਼ ਦੀਆਂ ਅਖ਼ਬਾਰਾਂ ਵਿਚ ਆ ਰਹੇ ਹਨ, ਉਹ ਬਹੁਤ ਹੈਰਾਨ ਕਰਨ ਵਾਲੇ ਹਨ। ਉਹ ਕਿਹੜਾ ਨਸ਼ਾ ਹੈ ਜੋ ਪੰਜਾਬ ਦੀ ਧਰਤੀ 'ਤੇ ਨਹੀਂ ਵਰਤਿਆ ਜਾ ਰਿਹਾ। ਆਇਓ ਡੈਕਸ ਬ੍ਰੈੱਡ 'ਤੇ ਲਗਾ ਕੇ ਖਾਣਾ, ਕੈਪਸੂਲ, ਅਫ਼ੀਮ, ਭੁੱਕੀ, ਪੋਸਤ-ਗਾਂਜਾ, ਜ਼ਰਦਾ ਤਮਾਕੂ, ਭੰਗ-ਸੁੱਖਾ ਤੇ ਹੋਰ ਘਟੀਆ ਤੋਂ ਘਟੀਆ ਨਸ਼ੇ ਸਾਡੀ ਨੌਜਵਾਨ ਪੀੜ੍ਹੀ ਬੜੇ ਸ਼ੌਕ ਨਾਲ ਵਰਤਦਿਆਂ ਕਹਿ ਰਹੀ ਹੈ ਕਿ ਅਸੀਂ ਨਵੇਂ ਯੁੱਗ ਦੇ ਵਾਸੀ ਹਾਂ ਤੇ ਇਹ ਸਾਡਾ ਸਭਿਆਚਾਰ ਹੈ। ਸਭ ਤੋਂ ਹੈਰਾਨੀ ਵਾਲੀ ਗੱਲ ਹੈ ਕਿ ਜੇ ਸਿੱਖ ਹੋ ਕੇ ਇਹ ਘਟੀਆ ਕਰਮ ਕਰ ਰਿਹਾ ਹੈ ਤਾਂ ਇਹ ਨਿਆਰਾ ਕਿਸੇ ਤਰ੍ਹਾਂ ਵੀ ਨਹੀਂ ਹੋ ਸਕਦਾ :

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥

(ਵਾਰ ਬਿਹਾਗੜਾ, ਮਹਲਾ ੩, ਪੰਨਾ 554)

ਸਿੱਖੀ ਦੀ ਪਹਿਚਾਣ ਕੇਸ, ਦਸਤਾਰ ਤੇ ਕਛਹਿਰੇ ਕਰਕੇ ਹੈ;

ਗੁਰਦੁਆਰਿਆਂ ਵਿਚ ਦੇਖਣ ਨੂੰ ਰੁਮਾਲਾਂ ਵਾਲੇ ਸਿੱਖ ਦਿਖਾਈ ਦੇਂਦੇ ਹਨ; ਕੀ ਸਿਰ 'ਤੇ ਰੁਮਾਲ ਬੰਨ੍ਹਣ ਕਰਕੇ ਨਿਆਰੇ ਖ਼ਾਲਸੇ ਹਾਂ ?

ਕਲਚਰਲ ਪ੍ਰੋਗਰਾਮ ਹੇਠ ਪੰਜਾਬ ਦੀ ਨੌਜਵਾਨ ਪੀੜ੍ਹੀ ਬੁਰੀ ਤਰ੍ਹਾਂ ਫਸ ਗਈ ਹੈ; ਕੀ ਵਿਆਹ-ਸ਼ਾਦੀ; ਕੀ ਜੰਮਣਾ ਮਰਨਾ, ਗੱਲ ਕੀ ਹਰ ਪ੍ਰੋਗਰਾਮ ਵਿਚ ਘਟੀਆ ਦਰਜੇ ਦਾ ਅਰਧ-ਲਿਬਾਸ ਪਹਿਨ ਕੇ ਨੱਚਣਾ ਗਾਉਣਾ, ਇੰਜ ਲੱਗਦਾ ਹੈ ਜਿਵੇਂ ਸਿਰਫ਼ ਪੰਜਾਬ ਦੇ ਹੀ ਹਿੱਸੇ ਵਿਚ ਆਇਆ ਹੋਵੇ। ਆਮ ਸਿੱਖ ਪਰਿਵਾਰ ਇਸ ਸਭਿਆਚਾਰ ਦੀ ਮਾਰ ਹੇਠ ਬੁਰੀ ਤਰ੍ਹਾਂ ਆ ਗਏ ਹਨ। ਨਿਆਰੇ ਖ਼ਾਲਸੇ ਦਾ ਤਾਂ ਸਰਹੰਦ ਦੀ ਦੀਵਾਰ, ਚਮਕੌਰ ਦੀ ਜੂਹ, ਅਨੰਦਪੁਰ ਦੀਆਂ ਉੱਚੀਆਂ ਠੇਰੀਆਂ, ਨਨਕਾਣੇ ਦੀ ਜ਼ਮੀਨ, ਰਾਵੀ ਦੇ ਬੇਲਿਆਂ (ਕਰਤਾਰਪੁਰ) ਦਾ ਸਭਿਆਚਾਰ ਹੈ।

ਘਰਾਂ ਦੀਆਂ ਕਮਜ਼ੋਰੀਆਂ ਕਰਕੇ ਕਈ ਦਫ਼ਾ ਮਨੁੱਖ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ; ਇਨ੍ਹਾਂ ਸਾਰੀਆਂ ਬਿਮਾਰੀਆਂ ਵਿੱਚੋਂ ਭਿਆਨਕ ਰੋਗ ਭੂਤਾਂ-ਪ੍ਰੇਤਾਂ ਦਾ ਹੈ। ਜਿਸ ਤਰ੍ਹਾਂ ਘਰ ਵਿਚ ਅਚਾਨਕ ਬਿਮਾਰੀ ਨੇ ਹਮਲਾ ਕਰ ਦਿੱਤਾ ਹੈ, ਇਲਾਜ ਲਈ ਪੈਸੇ ਨਹੀਂ ਹਨ, ਫਿਰ ਬੰਦਾ ਸਿਆਣਿਆਂ ਦੇ ਪਿੱਛੇ ਦੌੜਦਾ ਹੈ। ਸਿਆਣਾ ਦੱਸਦਾ ਹੈ ਕਿ ਤੈਨੂੰ ਬਹੁਤ ਭਿਆਨਕ ਭੂਤ ਚੰਬੜਿਆ ਹੋਇਆ ਹੈ ਜੋ ਤੇਰੀ ਗੁਆਂਢਣ ਨੇ ਤੇਰੇ ਤੇ ਤੇਰੇ ਪਰਿਵਾਰ 'ਤੇ ਕੁਝ ਕਰ ਦਿੱਤਾ ਹੈ। ਬਸ ਫਿਰ ਕੀ, ਅਸੀਂ ਉਸੇ ਵੇਲੇ ਹੀ ਭੂਤ ਕੱਢਣ ਵਾਲਿਆਂ ਦੇ ਪਿੱਛੇ ਤੁਰ ਪੈਂਦੇ ਹਾਂ। ਦੇਖਣ ਨੂੰ ਤਾਂ ਅਸੀਂ ਪੂਰੇ ਗੁਰਸਿੱਖ ਲੱਗਦੇ ਹਾਂ; ਪਰ ਭੂਤਾਂ ਤੋਂ ਖਹਿੜਾ ਛੁਡਾਉਣ ਲਈ ਪਹਾੜਾਂ ਵਿਚ ਮੱਥਾ ਮਾਰਨ ਲਈ ਤੇ ਚੌਂਕੀਆਂ ਭਰਨ ਲਈ ਤੁਰੇ ਜਾ ਰਹੇ ਹਾਂ। ਗੁਰਬਾਣੀ ਤਾਂ ਕਹਿ ਰਹੀ ਹੈ :

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥੧੯੨॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1374)

ਤੀਰਥਾਂ ਦੀ ਯਾਤਰਾ ਕਰ ਕੇ ਸਵਰਗ ਫਲ ਦੀ ਪ੍ਰਾਪਤੀ ਜਾਂ ਮਨ ਦੀ ਇੱਛਾ ਪੂਰੀ ਹੋਣ ਦੀ ਚਾਹਨਾ ਨਿਆਰੇ ਖ਼ਾਲਸੇ ਦੀ ਨਿਸ਼ਾਨੀ ਨਹੀਂ ਹੈ। ਅੱਜ ਆਮ ਗੁਰਦੁਆਰਿਆਂ ਵਿੱਚੋਂ ਇਹ ਆਵਾਜ਼ਾਂ ਆ ਰਹੀਆਂ ਹਨ ਕਿ ਫਲਾਣੇ ਤੀਰਥ ਧਾਮ ਦੇ ਦਰਸ਼ਨ ਕੀਤਿਆਂ ਕਈ ਫਲਾਂ ਦੀ ਪ੍ਰਾਪਤੀ ਹੋਣੀ ਹੈ। ਇਸ ਲਈ ਪਿਆਰਿਓ ! ਆਪਣਾ ਜਨਮ ਸਫਲਾ ਕਰੋ, ਸਾਡੀਆਂ ਬੱਸਾਂ ਜਾ ਰਹੀਆਂ ਹਨ, ਜਲਦੀ ਤੋਂ ਪਹਿਲਾਂ ਆਪਣੇ-ਆਪਣੇ ਨਾਂ ਲਿਖਾ ਦਿਓ। ਗੁਰੂ ਸਾਹਿਬਾਨ ਦੀ ਪਾਵਨ ਚਰਨ-ਛੁਹ ਪ੍ਰਾਪਤ ਅਸਥਾਨਾਂ ਦੇ ਦਰਸ਼ਨ ਕਰ ਕੇ ਜੀਵਨ-ਪ੍ਰੇਰਨਾ ਲੈਣੀ ਤਾਂ ਮੁਬਾਰਕ ਹੈ, ਪਰ ਫਲਾਂ ਦੀ ਪ੍ਰਾਪਤੀ ਦੀ ਆਸ ਅਧੀਨ ਤੀਰਥ

ਯਾਤਰਾਵਾਂ ਕਰ ਕੇ ਅਸੀਂ ਕਿਵੇਂ ਨਿਆਰੇ ਹੋ ਸਕਦੇ ਹਾਂ ? ਜਦ ਕਿ ਨਿਆਰੇ ਖ਼ਾਲਸੇ ਲਈ ਤਾਂ ਬਹੁਤ ਹੀ ਸੁੰਦਰ ਗੁਰਬਾਣੀ ਉਪਦੇਸ਼ ਹੈ:

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥

(ਧਨਾਸਰੀ ਮਹਲਾ ੧, ਪੰਨਾ 687)

ਰੰਗ-ਬਰੰਗੇ ਕੱਪੜੇ ਪਹਿਨ ਲਏ ਜਾਂ ਸਾਬਣ ਛੱਡ ਕੇ ਮਿੱਟੀ ਨਾਲ ਹੱਥ ਸਾਫ਼ ਕਰ ਲਏ ਤੇ ਇਹ ਕਹਿ ਲਿਆ ਅਸੀਂ ਨਿਆਰੇ ਖ਼ਾਲਸੇ ਹਾਂ, ਏਦਾਂ ਅਸੀਂ ਕਦੇ ਵੀ ਨਿਆਰੇ ਨਹੀਂ ਹੋ ਸਕਦੇ। ਦਰਅਸਲ ਨਿਆਰਾ ਖ਼ਾਲਸਾ ਉਹ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿੱਤਰ ਉਪਦੇਸ਼ਾਂ ਨੂੰ ਤੇ ਸਿਖ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਨੂੰ ਮਨ ਕਰਕੇ ਮੰਨਦਾ ਹੋਇਆ ਚੱਲਦਾ ਹੈ, ਉਹ ਨਿਆਰਾ ਖ਼ਾਲਸਾ ਹੈ ਤੇ ਉਸ ਦੀ ਤਾਰੀਫ਼ ਸਿੱਖ ਰਹਿਤ ਮਰਯਾਦਾ ਵਿਚ ਲਿਖੀ ਹੋਈ ਮਿਲਦੀ ਹੈ :

"ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"

ਨਿਆਰੇ ਸਿੱਖ ਦੀ ਨਿਆਰੀ ਗੁਰਮਤਿ ਰਹਿਣੀ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਪੰਨਾ 19 ਉੱਤੇ ਇਸ ਤਰ੍ਹਾਂ ਅੰਕਤ ਹੈ :

ਸਿੱਖ ਦੀ ਆਮ ਰਹਿਣੀ, ਕਿਰਤ, ਵਿਰਤ ਗੁਰਮਤਿ ਅਨੁਸਾਰ ਹੋਵੇ।

ਗੁਰਮਤਿ ਇਹ ਹੈ :

(ੳ) ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇੱਕੋ ਜੋਤ ਦਾ ਪ੍ਰਕਾਸ਼ ਰੂਪ ਕਰਕੇ ਮੰਨਣਾ।

(ਸ) ਜਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤਰ, ਖਿਆਹ, ਪਿੰਡ, ਪਤਲ, ਦੀਵਾ, ਕਿਰਿਆ, ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉੱਤੇ ਨਿਸ਼ਚਾ ਨਹੀਂ ਕਰਨਾ। ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਗੁਰ-ਅਸਥਾਨ ਨਹੀਂ ਮੰਨਣਾ।

ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਸ਼ੀਰਨੀ, ਵੇਦ-ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉੱਤੇ ਨਿਸ਼ਚਾ ਨਹੀਂ ਕਰਨਾ। ਹਾਂ, ਆਮ ਵਾਕਫ਼ੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।

(ਹ) ਖ਼ਾਲਸਾ ਸਾਰੇ ਮਤਾਂ ਤੋਂ ਨਿਆਰਾ ਹੈ ਪਰ ਕਿਸੇ ਅਨਮਤੀ ਦਾ ਦਿਲ ਨਾ ਦੁਖਾਵੇ।

(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ।

(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਵੀ ਪੜ੍ਹੇ।

(ਗ) ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫ਼ਰਜ਼ ਹੈ।

(ਘ) ਕੇਸ ਲੜਕੇ ਕੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ, ਕੇਸ ਉਹੀ ਰੱਖੇ, ਨਾਮ ਸਿੰਘ ਰੱਖੇ। ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ।

(ਙ) ਸਿੱਖ ਭੰਗ, ਅਫ਼ੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।

(ਚ) ਸਿੱਖ ਮਰਦ ਅਥਵਾ ਇਸਤਰੀ ਨੂੰ ਨੱਕ, ਕੰਨ, ਛੇਦਣਾ ਮਨ੍ਹਾ ਹੈ।

(ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ-ਮਾਰ ਨਾਲ ਨਾ ਵਰਤੇ।

(ਜ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰ ਕੇ ਨਿਰਬਾਹ ਕਰੇ।

(ਝ) ਗੁਰੂ ਕਾ ਸਿੱਖ ਗ਼ਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।

(ਞ) ਚੋਰੀ ਯਾਰੀ ਨਾ ਕਰੇ, ਜੂਆ ਨਾ ਖੇਲੇ।

ਨਿਆਰੇ ਖ਼ਾਲਸੇ ਦੇ ਇਹ ਸੁਨਹਿਰੀ ਅਸੂਲ ਹਨ।

ਗੁਰੂ ਨਾਨਕ ਸਾਹਿਬ ਜੀ ਦਾ ਚਲਾਇਆ ਹੋਇਆ ਨਿਰਮਲ ਪੰਥ ਜਿਸ ਨੂੰ ਅਦਬ-ਸਤਿਕਾਰ ਨਾਲ ਨਿਆਰਾ ਖ਼ਾਲਸਾ ਕਿਹਾ ਗਿਆ ਹੈ, ਇਸ ਦੀ ਹੋਰ ਮਹਾਨਤਾ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ *ਗੁਰਮਤਿ ਮਾਰਤੰਡ* ਦੇ ਪੰਨਾ 335 ਵਿਚ ਵਿਸਥਾਰ ਸਹਿਤ ਲਿਖੀ ਮਿਲਦੀ ਹੈ ਜੋ ਭਾਈ ਚੌਪਾ ਸਿੰਘ ਜੀ ਦੇ 'ਰਹਿਤਨਾਮੇ' ਵਿਚ ਆਉਂਦੀ ਹੈ:

ਗੁਰੂ ਕਾ ਸਿੱਖ ਸ਼ਰਾਬ ਕਦੀ ਨਾ ਪੀਵੇ—ਭਾਵ ਕਿਸੇ ਨਸ਼ੇ ਦਾ ਵੀ ਸੇਵਨ ਨਾ ਕਰੇ—ਸਾਖੀ—"ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥"

ਗੁਰੂ ਕਾ ਸਿੱਖ ਕੰਨਿਆ ਨਾ ਮਾਰੇ; ਕੁੜੀ-ਮਾਰ ਨਾਲ ਨਾ ਵਰਤੇ; ਕੰਨਿਆਂ ਕਾ ਪੈਸਾ ਨਾ ਖਾਇ; ਨਾਤਾ ਗੁਰੂ ਕੇ ਸਿੱਖ ਨਾਲ ਕਰੇ।

ਗੁਰੂ ਕਾ ਸਿੱਖ ਜੰਞੂ ਟਿੱਕੇ ਦੀ ਕਾਣ ਨਾ ਕਰੇ। ਗੁਰੂ ਕਾ ਸਿੱਖ ਗ਼ਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।

ਗੁਰੂ ਕਾ ਸਿੱਖ ਧਰਮ ਕਿਰਤ ਦੇ ਨਫ਼ੇ ਵਿੱਚੋਂ ਦਸਵੰਧ ਦੀ ਰਕਮ ਕੱਢੇ।

ਆਗਿਆ ਗੁਰੂ ਗ੍ਰੰਥ ਸਾਹਿਬ ਜੀ ਦੀ ਮੰਨਣੀ; ਅਮਲ ਪ੍ਰਸ਼ਾਦੇ ਦਾ ਰੱਖਣਾ; ਸ਼ਸਤਰ ਰੱਖਣੇ।

ਗੁਰੂ ਕਾ ਸਿੱਖ ਗੋਰ, ਮੜ੍ਹੀ, ਸਤੀ, ਮਸੀਤ, ਮੁੱਲਾਂ, ਕਾਜ਼ੀ ਨੂੰ ਨਾ ਮੰਨੇ। ਮਸੰਦਾਂ ਤਥਾ ਸਾਧਾਂ ਨੂੰ ਨਾ ਮੰਨੇ।

ਰਣ ਮੇਂ ਪਿੱਠ ਨਹੀਂ ਦੇਣੀ।

ਗੁਰੂ ਕਾ ਸਿੱਖ—ਮਟ, ਬੁੱਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ-ਜੰਤ੍ਰ, ਪੀਰ, ਪੁੱਛਣਾ, ਸੁੱਖਣਾ, ਤਰਪਨ, ਗਾਇਤ੍ਰੀ ਕਿਤੇ ਵੱਲ ਚਿੱਤ ਦੇਵੇ ਨਾਹੀਂ।

ਨਿਆਰਾ ਖ਼ਾਲਸਾ ਸੋ ਜਿਨ ਤਨ, ਮਨ, ਧਨ, ਅਕਾਲ ਪੁਰਖ ਨੂੰ ਸੌਂਪਿਆ ਹੈ, ਕਿਸੀ ਕਾ ਕਾਰਜ ਹੋਵੇ ਉਸ ਨੂੰ ਸਵਾਰੇ।

ਸਿੰਘੋਂ ਕੋ ਬਰਾਬਰ ਕਾ ਭਾਈ ਜਾਣੇ।

ਭਾਈ ਕਾਨ੍ਹ ਸਿੰਘ ਜੀ ਨਾਭਾ ਦੁਆਰਾ ਲਿਖੇ *ਮਹਾਨ ਕੋਸ਼* ਵਿਚ ਖ਼ਾਲਸਾ ਦੇ ਅਰਥ ਇਸ ਪ੍ਰਕਾਰ ਹਨ : ਖ਼ਾਲਿਸ—ਬਿਨਾਂ ਮਿਲਾਵਟ, ਨਿਰੋਲ ਸ਼ੁੱਧ। ਇਸੇ ਭਾਵ ਨੂੰ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤੀਏ ਸਿੱਖਾਂ (ਸਿੰਘਾਂ) ਦਾ ਨਾਉਂ ਖ਼ਾਲਸਾ ਰੱਖਿਆ ਹੈ, ਜੋ ਨਿਰਮਲ ਸ਼ਬਦ ਦਾ ਅਨੁਵਾਦ ਹੈ। ਕਬੀਰ ਜੀ ਦਾ ਸੋਰਠਿ ਰਾਗ ਵਿਚ ਪਿਆਰਾ ਵਾਕ ਹੈ—"ਕਹੁ ਕਬੀਰ ਜਨ ਭਏ ਖਾਲਸੇ, ਪ੍ਰੇਮ ਭਗਤਿ ਜਿਹ ਜਾਨੀ॥" ਪੰਨਾ 654—ਹੇ ਕਬੀਰ! ਇਹ ਆਖ, ਜਿਨ੍ਹਾਂ ਨੇ ਪ੍ਰੇਮਾ-ਭਗਤੀ ਦੇ ਮਾਰਗ ਨੂੰ ਸਮਝ ਲਿਆ ਹੈ, ਉਹ ਮੌਤ ਦੇ ਸਹਿਮ ਤੋਂ ਦੂਰ ਹੋ ਗਏ ਹਨ। ਖ਼ਾਲਸੇ ਦਾ ਇਕ ਹੋਰ ਵੀ ਅਰਥ *ਮਹਾਨ ਕੋਸ਼* ਵਿਚ ਲਿਖਿਆ ਹੋਇਆ ਹੈ—ਉਹ ਮੁਲਕ ਜਾਂ ਜ਼ਮੀਨ ਜੋ ਬਾਦਸ਼ਾਹ ਦਾ ਸਿੱਧਾ ਹੈ, ਜਿਸ ਪੁਰ ਕਿਸੇ ਜਗੀਰਦਾਰ ਜਾਂ ਜ਼ਿਮੀਂਦਾਰ ਦਾ ਕੋਈ ਕਬਜ਼ਾ ਨਹੀਂ ਹੈ। ਖ਼ਾਲਸੇ ਦੀ ਅੱਗੇ ਵਿਆਖਿਆ ਕਰਦਿਆਂ ਭਾਈ ਸਾਹਿਬ ਜੀ ਲਿਖਦੇ ਹਨ—ਅਕਾਲੀ ਧਰਮ, ਵਾਹਿਗੁਰੂ ਜੀ ਕਾ ਖ਼ਾਲਸਾ, ਸਿੱਖ ਪੰਥ ਅਥਵਾ ਖ਼ਾਲਸਾ ਧਰਮਧਾਰੀ ਗੁਰੂ ਨਾਨਕ ਦਾ ਪੰਥ। ਤੇਤੀ ਸਵੈਯਾਂ ਵਿਚ ਨਿਆਰੇ ਖ਼ਾਲਸੇ ਪ੍ਰਤੀ ਇਕ ਖ਼ਿਆਲ ਬਹੁਤ ਕੀਮਤੀ ਆਇਆ ਹੈ :

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨ.ਖ਼ਾਲਸ ਜਾਨੈ॥


(ਦਸਮ ਗ੍ਰੰਥ, ਪੰਨਾ 712)

ਸਿੱਖ ਪੰਥ ਵਿਚ ਅੱਜ ਕਈ ਪ੍ਰਕਾਰ ਦੀ ਰਹਿਤ ਮਰਯਾਦਾ ਦੇਖਣ ਨੂੰ

ਮਿਲ ਰਹੀ ਹੈ। ਆਮ ਸਿੱਖਾਂ ਦੇ ਜੀਵਨ ਵਿੱਚੋਂ ਵੀ ਕਈ ਪ੍ਰਕਾਰ ਦੀਆਂ ਵੰਨ-ਸੁਵੰਨੀਆਂ ਵੰਨਗੀਆ ਦੇਖਣ ਨੂੰ ਮਿਲ ਰਹੀਆਂ ਹਨ ਤੇ ਇਨ੍ਹਾਂ ਵੰਨਗੀਆਂ ਨੂੰ ਧਾਰਨ ਵਾਲੇ ਨੂੰ ਅਸੀਂ ਨਿਆਰਾ ਖ਼ਾਲਸਾ ਨਹੀਂ ਕਹਿ ਸਕਦੇ। ਨਿਆਰਾ ਤਾਂ ਅਸਲ ਵਿਚ ਉਹ ਸਿੱਖ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਮਾਰਗ ਨੂੰ ਅਪਣਾ ਕੇ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਅਨੁਸਾਰ ਜੀਵਨ ਢਾਲਦਾ ਹੈ:

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥

(ਧਨਾਸਰੀ ਮਹਲਾ 4, ਪੰਨਾ 667)



ਲੇਖਕ

SATVIC
BOOKS

ISBN 978-81-87526-20-3
9 788187 526209